**Reo-Bankowned Properties**
From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Fourteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 36, September 7th, 2013
20451 N Plum Grove Rd., Palatine, IL 60074
Ph:847-359-0746, Fax:847-705-9388

## ਸੀਰੀਆ ਕਾਰਨ ਸੰਸਾਰ ਭਰ ਵਿਚ ਤਣਾਅ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਵੱਲੋਂ ਸੀਰੀਆ 'ਤੇ ਇਕਤਰਫ਼ਾ ਫ਼ੌਜੀ ਕਾਰਵਾਈ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਸ ਕਾਰਨ ਸੰਸਾਰ ਭਰ ਵਿਚ ਤਣਾਅ ਵਧ ਰਿਹਾ ਹੈ। ਭਾਰਤ, ਰੂਸ, ਚੀਨ, ਜਰਮਨ ਤੇ ਖਾੜੀ ਮੁਲਕਾਂ ਵੱਲੋਂ ਅਮਰੀਕਾ ਦੀ ਸੰਭਾਵੀ ਕਾਰਵਾਈ ਦਾ ਵਿਰੋਧ ਕਰਨ ਨਾਲ ਹਾਲਤ ਹੋਰ ਪੇਚੀਦਾ ਬਣ ਗਈ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਕਾਰਵਾਈ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਇਹ ਹਮਲਾ ਬਹੁਤ ਸੀਮਤ ਰੂਪ ਵਿਚ ਕੀਤਾ ਜਾਵੇਗਾ ਤੇ ਸੀਰੀਆ ਦੀ ਸਰਹੱਦ ਵਿਚ ਅਮਰੀਕੀ ਫ਼ੌਜੀ ਦਾਖ਼ਲ ਨਹੀਂ ਹੋਣਗੇ।

ਉਧਰ, ਅਮਰੀਕਾ ਦੇ ਕੁਝ ਨਾਮੀ ਕਾਂਗਰਸੀ ਪ੍ਰਤੀਨਿਧਾਂ ਨੇ ਬਰਾਕ ਓਬਾਮਾ ਨੂੰ ਚੇਤੇ ਕਰਾਇਆ ਕਿ ਸੀਰੀਆ ਖ਼ਿਲਾਫ਼ ਕਿਸੇ ਵੀ ਫੌਜੀ ਕਾਰਵਾਈ ਲਈ ਉਨ੍ਹਾਂ ਨੂੰ ਪਹਿਲਾਂ ਕਾਂਗਰਸ ਦੀ ਪ੍ਰਵਾਨਗੀ ਲੈਣੀ ਹੋਵੇਗੀ।

*(ਬਾਕੀ ਸਫਾ 6 'ਤੇ)*



ਤਸਵੀਰ: ਏਸ਼ੀਅਨ ਮੀਡੀਆ

*ਸ਼ੇਰੇ ਪੰਜਾਬ ਸਪੋਰਟਸ ਅਤੇ ਕਲਚਰਲ ਕਲੱਬ ਸ਼ਿਕਾਗੋ ਵਲੋਂ ਲੇਬਰ ਡੇ ਵੀਕਐਂਡ 'ਤੇ ਕਰਵਾਏ ਗਏ 'ਸ਼ਿਕਾਗੋ ਕਬੱਡੀ ਕੱਪ' ਦੀ ਜੇਤੂ ਟੀਮ ਫਤਿਹ ਕਲੱਬ-ਕੈਲੀਫੋਰਨੀਆ ਦੇ ਮੈਕਸੀਕਨ ਮੂਲ ਦੇ ਦੋ ਖਿਡਾਰੀ ਡੌਲੇ ਫਰਕਾਉਂਦੇ ਹੋਏ ਜਿੱਤੇ ਹੋਏ ਕੱਪ ਦੇ ਨਾਲ। ਸਕੇ ਭਰਾ ਸਟਾਪਰ ਹੈਰੋ ਸ਼ਾਵੇਜ਼ (ਖੱਬੇ) ਅਤੇ ਰੇਡਰ ਹਸੂਸ (ਸੱਜੇ) ਸ਼ਾਇਦ ਇਹ ਕਹਿ ਰਹੇ ਹਨ ਕਿ ਪੰਜਾਬੀਓ ਕਬੱਡੀ ਵਿਚ ਅਸੀਂ ਵੀ ਕਿਸੇ ਗੱਲੋਂ ਘੱਟ ਨਹੀਂ। ਫਿਰ ਆਪਾਂ ਤਾਂ ਹੈ ਵੀ ਇਕੋ ਮੂਲ ਦੇ, ਜੇ ਤੁਹਾਡਾ ਦੋ (2) ਹੈ ਤਾਂ ਸਾਡਾ ਦੋਏਸ ਹੈ, ਤ੍ਰੈ ਹੈ ਤਾਂ ਸਾਡਾ ਤਰੇਸ। ਜੇ ਤੁਹਾਡੀ ਰੋਟੀ ਹੈ ਤਾਂ ਸਾਡਾ ਟੋਰਟੀਆ ਹੈ। ਉਂਜ ਇਹ ਮੇਲਾ ਬਹੁਤ ਭਰਵਾਂ ਰਿਹਾ ਤੇ ਕਬੱਡੀ ਦੇ ਮੈਚ ਵੀ ਬਹੁਤ ਦਿਲਚਸਪ ਰਹੇ। (ਰਿਪੋਰਟ ਅਗਲੇ ਅੰਕ ਵਿਚ)*

# ਅਕਾਲੀ ਦਲ ਦੀ ਡੋਰ ਫਿਰ ਸੁਖਬੀਰ ਬਾਦਲ ਦੇ ਹੱਥ

### ਦੂਜੀ ਵਾਰ ਪ੍ਰਧਾਨ ਬਣੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸੁਖਬੀਰ ਸਿੰਘ ਬਾਦਲ ਬਿਨਾਂ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ (ਬ) ਦੇ ਦੂਜੀ ਵਾਰ ਪ੍ਰਧਾਨ ਬਣ ਗਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਲ ਦਾ ਮੁੜ ਸਰਪ੍ਰਸਤ ਥਾਪ ਦਿੱਤਾ ਗਿਆ ਹੈ। ਇਸ ਤਰ੍ਹਾਂ ਇਕ ਵਾਰ ਫਿਰ ਬਾਦਲ ਪਰਿਵਾਰ ਪਾਰਟੀ ਦੀ ਕਮਾਨ ਆਪਣੇ ਹੱਥ ਰੱਖਣ ਵਿਚ ਸਫਲ ਰਿਹਾ ਹੈ। ਅਹੁਦੇਦਾਰ ਤੇ ਵਰਕਿੰਗ ਕਮੇਟੀ ਮੈਂਬਰ ਚੁਣਨ ਦੇ ਅਧਿਕਾਰ ਵੀ ਸੁਖਬੀਰ ਬਾਦਲ ਨੂੰ ਸੌਂਪ ਦਿੱਤੇ ਗਏ ਹਨ। ਇਜਲਾਸ ਵਿਚ ਕੁੱਲ 445 ਡੈਲੀਗੇਟਾਂ ਵਿਚੋਂ ਤਕਰੀਬਨ 430 ਹਾਜ਼ਰ ਸਨ। ਜਥੇਬੰਦਕ ਚੋਣ ਲਈ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਦਿੱਲੀ, ਉਤਰ ਪ੍ਰਦੇਸ਼ ਸਮੇਤ ਵਿਦੇਸ਼ਾਂ ਤੋਂ ਡੈਲੀਗੇਟ ਚੁਣੇ ਗਏ ਸਨ।

ਉਂਜ, ਜਮਹੂਰੀਅਤ ਨੂੰ ਅਸਲ ਅਰਥਾਂ ਵਿਚ ਲਾਗੂ ਕਰਨ ਦੀ ਵਕਾਲਤ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਮਹਿਜ਼ ਰਸਮ ਹੀ ਸਾਬਤ ਹੋਈ। ਤਕਰੀਬਨ ਸਵਾ ਘੰਟੇ ਦੇ ਡੈਲੀਗੇਟ ਇਜਲਾਸ ਦੌਰਾਨ ਆਖ਼ਰੀ ਪੰਜ ਮਿੰਟਾਂ ਵਿਚ ਪ੍ਰਧਾਨ ਦੀ ਚੋਣ ਦਾ ਕੰਮ ਨਿੱਬੜ ਗਿਆ ਤੇ ਕਿਸੇ ਪਾਸਿਓਂ ਕੋਈ ਕਿੰਤੂ-ਪ੍ਰੰਤੂ ਵੀ ਸਾਹਮਣੇ ਨਹੀਂ ਆਈ। ਜ਼ਿਕਰਯੋਗ ਹੈ ਕਿ ਸੁਖਬੀਰ ਬਾਦਲ ਪਹਿਲੀ ਵਾਰ 2008 ਵਿਚ ਪ੍ਰਧਾਨ ਬਣੇ ਸਨ ਤੇ ਇਸ ਤੋਂ ਬਾਅਦ ਉਨ੍ਹਾਂ ਵੱਲੋਂ ਅਪਨਾਈਆਂ ਗਈਆਂ ਨੀਤੀਆਂ ਕਰ ਕੇ ਸ਼੍ਰੋਮਣੀ ਅਕਾਲੀ ਦਲ 'ਤੇ ਪੰਥਕ ਪੈਂਤੜੇ ਤੋਂ ਖਿੜਕਣ ਦੇ ਦੋਸ਼ ਲੱਗਦੇ ਰਹੇ ਹਨ। ਸੁਖਬੀਰ ਦੀ ਅਗਵਾਈ ਵਿਚ ਅਕਾਲੀ ਦਲ ਨੇ ਭਾਵੇਂ ਕਈ ਜਿੱਤਾਂ ਹਾਸਲ ਕੀਤੀਆਂ, ਪਰ ਇਸ ਦੌਰਾਨ ਪਾਰਟੀ ਦਾ ਮੂੰਹ-ਮੁਹਾਂਦਰਾ ਹੀ ਬਦਲ ਗਿਆ। ਪਾਰਟੀ ਵਿਚ ਨੌਜਵਾਨ ਵਰਗ ਦਾ ਉਭਾਰ ਹੋਇਆ ਤੇ ਟਕਸਾਲੀ ਆਗੂ ਹਾਸ਼ੀਏ 'ਤੇ ਧੱਕ ਦਿੱਤੇ ਗਏ।

ਅਸਲ ਵਿਚ ਬਾਦਲ ਪਰਿਵਾਰ ਦੇ ਇਸ ਤੇਜ਼-ਤਰਾਰ ਆਗੂ ਨੇ ਆਪਣੀ ਪਕੜ ਇੰਨੀ ਮਜ਼ਬੂਤ ਕਰ ਲਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਹੁਣ ਕੋਈ ਖੁੱਲ੍ਹ ਕੇ ਸਾਹ ਲੈਣ ਦੀ ਵੀ ਹਿੰਮਤ ਨਹੀਂ ਕਰ ਰਿਹਾ। ਇਹੋ ਕਾਰਨ ਹੈ ਕਿ ਦਲ ਦੀਆਂ ਜਥੇਬੰਦੀ ਚੋਣਾਂ ਵੀ ਮਹਿਜ਼ ਖਾਨਾਪੂਰਤੀ ਬਣ ਕੇ ਰਹਿ ਗਈਆਂ ਹਨ। ਚੋਣ ਕਮਿਸ਼ਨ ਦੇ ਨਿਯਮਾਂ ਮੁਤਾਬਕ ਸੂਬੇ ਦੀ ਇਸ ਖੇਤਰੀ ਪਾਰਟੀ ਵੱਲੋਂ ਚੋਣ ਪ੍ਰਕਿਰਿਆ ਦਾ ਮੁੱਢ ਤਾਂ ਬੰਨ੍ਹਿਆ ਗਿਆ ਸੀ, ਪਰ ਮੁਢਲੇ ਤੌਰ 'ਤੇ ਮੁਕੰਮਲ ਹੋਏ ਜਥੇਬੰਦਕ ਚੋਣਾਂ ਦੇ ਅਮਲ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਹ ਰਸਮ ਹੀ ਹੈ।

ਪਾਰਟੀ ਦੀ ਮੈਂਬਰਸ਼ਿਪ ਲਈ ਭਾਵੇਂ ਵਰਕਰਾਂ ਨੇ ਦਿਨ-ਰਾਤ ਇਕ ਕੀਤਾ, ਪਰ ਡੈਲੀਗੇਟਾਂ ਦੀ ਚੋਣ ਵਿਚ ਵੀ ਵੱਡੇ ਆਗੂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਹੀ ਭਾਰੂ ਰਹੇ। ਸ਼੍ਰੋਮਣੀ ਅਕਾਲੀ ਦਲ ਦੀ ਇਸ ਭਰਤੀ ਪ੍ਰਕਿਰਿਆ ਦੌਰਾਨ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਰਹੀ ਕਿ ਜ਼ਿਲ੍ਹਾ ਪੱਧਰ 'ਤੇ ਹੋਈਆਂ ਮੀਟਿੰਗਾਂ ਦੌਰਾਨ ਡੈਲੀਗੇਟਾਂ ਦੀ ਚੋਣ ਦੇ ਅਧਿਕਾਰ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੇ ਗਏ ਜਿਸ ਨਾਲ ਹਾਸੋਹੀਣੀ ਹਾਲਤ ਬਣ ਗਈ ਕਿਉਂਕਿ ਡੈਲੀਗੇਟਾਂ ਨੇ ਪਾਰਟੀ ਪ੍ਰਧਾਨ ਦੀ ਚੋਣ ਕਰਨੀ ਸੀ ਤੇ ਉਸ ਤੋਂ ਪਹਿਲਾਂ ਡੈਲੀਗੇਟਾਂ ਦੀ ਚੋਣ ਪ੍ਰਧਾਨ ਨੇ ਕੀਤੀ।

ਕੌਮੀ ਪੱਧਰ 'ਤੇ ਪਾਰਟੀ ਵੱਲੋਂ ਅਕਸਰ ਚੋਣ ਕਮੇਟੀ ਬਣਾਈ ਜਾਂਦੀ ਹੈ ਜੋ ਜਥੇਬੰਦਕ

*(ਬਾਕੀ ਸਫਾ 6 'ਤੇ)*



## ਅਕਾਲੀ ਦਲ ਵੱਲੋਂ 10 ਮਤੇ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟ ਇਜਲਾਸ ਵਿਚ ਦੇਸ਼ ਦੀ ਮੌਜੂਦਾ ਆਰਥਿਕ ਹਾਲਤ ਨੂੰ ਮੁੱਖ ਰੱਖਦੇ ਹੋਏ ਮਤੇ ਰਾਹੀਂ ਦੇਸ਼ ਅੰਦਰ ਸੰਘੀ ਢਾਂਚਾ ਲਾਗੂ ਕਰਨ ਦੀ ਮੰਗ ਕਰਦਿਆਂ ਕਿਹਾ ਗਿਆ ਕਿ ਜੇ ਦੇਸ਼ ਨੂੰ ਤਾਕਤਵਰ ਬਣਾਉਣਾ ਹੈ ਤਾਂ ਇਸ ਲਈ ਰਾਜਾਂ ਦਾ ਸ਼ਕਤੀਸ਼ਾਲੀ ਹੋਣਾ ਬੇਹੱਦ ਜ਼ਰੂਰੀ ਹੈ। ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਡੈਲੀਗੇਟ ਇਜਲਾਸ ਵਿਚ ਵੱਖ-ਵੱਖ ਆਗੂਆਂ ਵੱਲੋਂ 10 ਮਤੇ ਪੇਸ਼

*(ਬਾਕੀ ਸਫਾ 6 'ਤੇ)*

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA · SFR · CDPE
Century 21 M&M and Associates
209.918.6464
ahundal@c21mm.com
605 Standiford Ave, Ste D · Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਗੁਰਦੁਆਰਾ ਸੈਨ ਹੋਜ਼ੇ ਦੀਆਂ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਸੈਨ ਹੋਜ਼ੇ (ਬਿਊਰੋ):** ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸੈਨ ਹੋਜ਼ੇ ਦੀਆਂ ਸੰਗਤਾਂ ਨੇ ਲੰਘੇ ਐਤਵਾਰ ਸ਼ਰਧਾ ਭਾਵਨਾ ਨਾਲ ਮਨਾਇਆ। ਇਸ ਦਿਹਾੜੇ ਨੂੰ ਮੁੱਖ ਰੱਖ ਕੇ 22 ਅਗਸਤ ਤੋਂ 31 ਅਗਸਤ ਤੱਕ ਹਰ ਰੋਜ਼ ਤੜਕੇ ਪ੍ਰਭਾਤ ਫੇਰੀ ਕੱਢੀ ਗਈ। 31 ਅਗਸਤ ਨੂੰ ਅੰਮ੍ਰਿਤ ਸੰਚਾਰ ਕੀਤਾ ਗਿਆ ਜਿਸ ਦਾ ਲਾਭ ਉਠਾ ਕੇ ਬਹੁਤ ਸਾਰੇ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਪਹਿਲੀ ਸਤੰਬਰ ਐਤਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਨੀ ਹੇਠ ਗੁਰੂ ਘਰ ਦੀ ਹਦੂਦ ਅੰਦਰ ਨਗਰ ਕੀਰਤਨ ਸਜਾਇਆ ਗਿਆ।

ਇਨ੍ਹਾਂ ਸਮਾਗਮਾਂ ਦੌਰਾਨ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਰੋਜ਼ਾਨਾ ਸ਼ਬਦ ਕੀਰਤਨ ਦੇ ਦੀਵਾਨ ਸਜਾਏ ਜਾਂਦੇ ਰਹੇ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਪਹੁੰਚ ਕੇ ਸ਼ਬਦ ਕੀਰਤਨ ਸਰਵਣ ਕੀਤਾ।



ਐਤਵਾਰ ਦੇ ਦੀਵਾਨ ਵਿਚ ਗੁਰੂ ਗ੍ਰੰਥ ਸਾਹਿਬ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਤਾਜਵਿੰਦਰ ਸਿੰਘ, ਭਾਈ ਜਗਤਾਰ ਸਿੰਘ, ਭਾਈ ਰਛਪਾਲ ਸਿੰਘ ਅਤੇ ਭਾਈ ਸੁਬੇਗ ਸਿੰਘ ਦੇ ਜਥਿਆਂ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਭਾਈ ਨਰਿੰਦਰ ਸਿੰਘ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਇਸ ਸਮੇਂ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਨਗਰ ਕੀਰਤਨ ਲਈ ਪਾਲਕੀ ਤਿਆਰ ਕਰਨ ਵਾਲੇ ਫਤਿਹਗੜ੍ਹ ਸਾਹਿਬ ਦੀ ਸੰਗਤ ਨਾਲ ਸਬੰਧਤ ਭਾਈ ਬਲਵਿੰਦਰ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਰੋਬਨ ਸਿੰਘ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੱਥ ਲਿਖਤ ਬੀੜ ਤਿਆਰ ਕਰਨ ਵਾਲੀ ਬੀਬੀ ਗੁਰਬਚਨ ਕੌਰ ਦਾ ਗੁਰੂ ਘਰ ਦੀ ਤਰਫੋਂ ਮਾਣ-ਸਨਮਾਨ ਕੀਤਾ ਗਿਆ।



*ਨਗਰ ਕੀਰਤਨ ਵਿਚ ਹਾਜ਼ਰ ਸੰਗਤਾਂ*

# ਯੂਨਾਈਟਿਡ ਸਪੋਰਟਸ ਕਲੱਬ ਵਲੋਂ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਨੂੰ ਵਧਾਈ

**ਫਰੀਮਾਂਟ (ਬਿਊਰੋ):** ਰਾਸ਼ਟਰਪਤੀ ਐਵਾਰਡ ਜੇਤੂ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਅਤੇ ਓਲੰਪੀਅਨ ਹਾਕੀ ਖਿਡਾਰੀ ਸੁਰਿੰਦਰ ਸਿੰਘ ਸੋਢੀ ਨੂੰ ਪੰਜਾਬ ਸਰਕਾਰ ਵਲੋਂ ਤਰੱਕੀ ਦੇ ਕੇ ਇੰਸਪੈਕਟਰ ਜਨਰਲ ਬਣਾਉਣ 'ਤੇ ਯੂਨਾਈਟਿਡ ਸਪਰੋਟਸ ਕਲੱਬ, ਕੈਲੀਫੋਰਨੀਆ ਨੇ ਵਧਾਈ ਦਿੱਤੀ ਹੈ। ਇਥੇ ਜ਼ਿਕਰਯੋਗ ਹੈ ਕਿ ਸ. ਸੋਢੀ ਨੂੰ ਓਲੰਪਿਕ ਖੇਡਾਂ ਦੌਰਾਨ ਸਭ ਤੋਂ ਵੱਧ ਗੋਲ ਕਰਨ ਦਾ ਮਾਣ ਪ੍ਰਾਪਤ ਹੈ। ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਸ. ਸੋਢੀ ਨੂੰ ਦਿੱਤੀ ਗਈ ਤਰੱਕੀ ਨੇ ਖੇਡਾਂ ਦਾ ਮਾਣ ਵਧਾਇਆ ਹੈ।

ਯੂਨਾਈਟਿਡ ਸਪੋਰਟਸ ਕਲੱਬ ਨਾਲ ਖੁਸ਼ੀ ਸਾਂਝੀ ਕਰਦਿਆਂ ਸ. ਸੋਢੀ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ ਕਿਉਂਕਿ ਨਸ਼ਿਆਂ ਅਤੇ ਖੇਡਾਂ ਦਾ ਆਪਸ ਵਿਚ ਵਿਰੋਧ ਦਾ ਰਿਸ਼ਤਾ ਹੈ। ਉਨ੍ਹਾਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਨਸ਼ਿਆਂ ਵਿਰੁਧ ਜਾਗਰੂਕਤਾ ਪੈਦਾ ਕਰਨ ਲਈ ਵਿੱਢੀ ਗਈ ਮੁਹਿੰਮ ਦੀ ਉਚੇਚੀ ਸ਼ਲਾਘਾ ਕੀਤੀ।



*ਕਲੱਬ ਦੀ ਕਬੱਡੀ ਟੀਮ ਦੀ ਓਲੰਪੀਅਨ ਸ. ਸੋਢੀ ਨਾਲ ਇਕ ਪੁਰਾਣੀ ਤਸਵੀਰ*

# ਆਸਾਰਾਮ ਨੂੰ ਦਿੱਤੀ ਸੁਰੱਖਿਆ ਤੋਂ ਸੁਪਰੀਮ ਕੋਰਟ ਨਾਖੁਸ਼

**ਨਵੀਂ ਦਿੱਲੀ:** ਨਾਬਾਲਗ ਲੜਕੀ ਦੇ ਜਿਣਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰੇ ਬਾਪੂ ਆਸਾਰਾਮ ਨੂੰ ਪ੍ਰਾਪਤ ਵੱਡੀ ਗਿਣਤੀ ਸੁਰੱਖਿਆ ਜਵਾਨਾਂ ਉਤੇ ਹੈਰਾਨੀ ਜ਼ਾਹਿਰ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਕਿਸੇ ਮੁਲਜ਼ਮ ਨੂੰ ਇੰਨੀ ਸੁਰੱਖਿਆ ਦਿੱਤੇ ਜਾਣ ਦੀ ਕੋਈ ਲੋੜ ਨਹੀਂ ਹੈ।

ਜਸਟਿਸ ਜੀ.ਐਸ. ਸਿੰਘਵੀ ਅਤੇ ਜਸਟਿਸ ਵੀ. ਗੋਪਾਲਾ ਗੌੜਾ ਉਤੇ ਆਧਾਰਤ ਬੈਂਚ ਨੇ ਕਿਹਾ, "ਬੀਤੇ ਚਾਰ-ਪੰਜ ਦਿਨਾਂ ਤੋਂ ਇਲੈਕਟ੍ਰਾਨਿਕ ਮੀਡੀਆ ਉਤੇ ਦੇਖਣ ਨੂੰ ਮਿਲ ਰਿਹਾ ਹੈ ਕਿ ਇਕ ਮੁਲਜ਼ਮ ਨੂੰ ਵੱਡੀ ਗਿਣਤੀ ਸੁਰੱਖਿਆ ਜਵਾਨਾਂ ਨੇ ਘੇਰਿਆ ਹੁੰਦਾ ਹੈ। ਅਜਿਹੀ ਸੁਰੱਖਿਆ ਦੀ ਕੋਈ ਲੋੜ ਨਹੀਂ ਹੈ।" ਅਦਾਲਤ ਨੇ ਇਹ ਟਿੱਪਣੀਆਂ ਲਾਲ ਬੱਤੀਆਂ ਤੇ ਵੀ.ਆਈ.ਪੀ. ਸੁਰੱਖਿਆ ਦੀ ਦੁਰਵਰਤੋਂ ਸਬੰਧੀ ਪਟੀਸ਼ਨ ਦੀ ਸੁਣਵਾਈ ਦੌਰਾਨ ਕੀਤੀਆਂ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਕਈ ਵਾਰ ਨਸ਼ਿਆਂ ਦੇ ਸਮਗਲਰ ਜਾਂ ਤਾਂ ਧਾਰਮਿਕ ਆਗੂ ਬਣ ਜਾਂਦੇ ਹਨ ਜਾਂ ਸਿਆਸਤਦਾਨ।





Soft Touch Dental Practice
A reason to smile . . .
Call us Today! (510) 952-9395

State of the art Dental Facility in your neighborhood.

General Dentistry Including
Periodontal Care, Cosmetic Dentistry
Root-Canals, Invisalign, Crowns
Most Insurances Accepted
0% Finance Options
Promotional Rate For New Patients

$69.99
Cleaning Exam X-Rays

www.soft touch dental practice.com



ਅਸੀਂ ਮੁਸਕਰਾਹਟਾਂ ਵੰਡਦੇ ਹਾਂ

Special Rates For New Patients.



ਡਾ. ਅੰਮ੍ਰਿਤਪਾਲ ਕੌਰ

Call us Today (510) 952-9395

email: amrit@drakaur.com

People Like Us On Yelp!
facebook.com/softtouchdentalpractice
Parking in the back.

2701 Decoto Road, 1A, Union City, CA 94587
Conveniently Located Near Union City BART
From San Jose, Northbound 880, Exit Decoto, Make A Right, Left On Royal Ann.
From Oakland, Southbound 880, Exit Decoto, Make A Left, Left On Royal Ann.

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤ ॥
ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤ ॥



ਸ਼ਹੀਦ ਭਾਈ ਦਿਲਾਵਰ ਸਿੰਘ



ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ



ਸ਼ਹੀਦ ਸ. ਜਸਵੰਤ ਸਿੰਘ ਖਾਲੜਾ

## 8 ਸਤੰਬਰ 2013 ਨੂੰ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ

# ਭਾਈ ਦਿਲਾਵਰ ਸਿੰਘ, ਸ. ਜਸਵੰਤ ਸਿੰਘ ਖਾਲੜਾ

## ਜੀ ਦੀ ਸ਼ਹੀਦੀ ਨੂੰ ਸਿਜਦਾ ਕਰਨ ਲਈ

# ਸ਼ਹੀਦੀ ਸਮਾਗਮ



ਸ. ਸਿਮਰਨਜੀਤ ਸਿੰਘ ਮਾਨ

ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਮਹਾਨ ਸ਼ਹੀਦ ਭਾਈ ਦਿਲਾਵਰ ਸਿੰਘ ਅਤੇ ਸ. ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਨ ਲਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਦਇਆ ਸਿੰਘ ਲਾਹੌਰੀਆ, ਸ. ਲਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ, ਭਾਈ ਗੁਰਮੀਤ ਸਿੰਘ, ਅਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਅਤੇ ਸੈਂਕੜੇ ਸਿੱਖ ਨੌਜਵਾਨ, ਜੋ ਜੇਲ੍ਹਾਂ ਵਿੱਚ ਨਰਕ ਵਰਗੀ ਜ਼ਿੰਦਗੀ ਭੋਗ ਰਹੇ ਹਨ, ਇਹਨਾਂ ਸਭ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਵਾਸਤੇ ਗੁਰਦੁਆਰਾ ਸਟਾਕਟਨ ਦੀ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਭਰਵੇਂ ਸਹਿਯੋਗ ਨਾਲ ਇਹ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਯੂਥ ਆਫ ਅਮਰੀਕਾ ਅਤੇ ਕੌਮ ਦੀ ਅਜ਼ਾਦੀ ਦਾ ਸੰਘਰਸ਼ ਲੜ ਰਹੀਆਂ ਸਮੂਹ ਪੰਥਕ ਜਥੇਬੰਦੀਆਂ ਦੇ ਭਰਵੇਂ ਹੁੰਗਾਰੇ ਨਾਲ ਇਹ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ।

ਸਾਲ 1992 ਵਿੱਚ 8% ਵੋਟਾਂ ਲੈ ਕੇ ਬਣੀ ਬੇਅੰਤੇ ਦੀ ਸਰਕਾਰ ਵਲੋਂ ਢਾਈ ਸਾਲ ਸਿੱਖਾਂ ਉੱਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ। ਹਰ ਰੋਜ਼ ਦਰਜਨਾਂ ਦੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਨੂੰ, ਜਿਹਨਾਂ ਦੀ ਉਮਰ 15 ਤੋਂ 45 ਸਾਲ ਦੀ ਸੀ, ਚੁਣ-ਚੁਣ ਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਗਿਆ। ਸਿੱਖਾਂ ਨੂੰ ਜ਼ਲੀਲ ਕਰਨ ਵਾਸਤੇ ਉਹਨਾਂ ਦੇ ਬੱਚਿਆਂ ਦੇ ਬਲਦੇ ਸਿਵਿਆਂ ਉਤੇ ਸੱਭਿਆਚਾਰ ਦੇ ਨਾਂ ਥੱਲੇ ਲੱਚਰ ਪ੍ਰੋਗਰਾਮ ਕਰਵਾਏ ਗਏ। ਇਸ ਜ਼ੁਲਮ ਦੀ ਦਾਸਤਾਨ ਨੂੰ ਦੁਨੀਆਂ ਨਾਲ ਸਾਂਝਾ ਕਰਨ ਵਾਲੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੇ ਨੂੰ ਵੀ ਗੰਦੀ ਸਰਕਾਰੀ ਫੋਰਸਾਂ ਵਲੋਂ ਕੋਹ-ਕੋਹ ਸ਼ਹੀਦ ਕਰ ਦਿੱਤਾ ਗਿਆ। ਇਸ ਪਾਪੀ ਦਾ ਅੰਤ ਕਰਨ ਵਾਸਤੇ ਭਾਈ ਦਿਲਾਵਰ ਸਿੰਘ ਵਲੋਂ ਆਪਣੇ ਸਰੀਰ ਦੀ ਆਹੂਤੀ ਦੇਣੀ ਪਈ। ਉਸ ਸਮੇਂ ਦੇ ਹਾਲਾਤ ਅਤੇ ਅੱਜ ਦੀਆਂ ਸਿੱਖ ਮਾਰੂ ਨੀਤੀਆਂ 'ਤੇ ਵੀਚਾਰ ਕਰਨ ਲਈ ਆਪ ਸਭ ਸੰਗਤਾਂ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

### ਮੀਟਿੰਗ ਵਿੱਚ ਪਹੁੰਚ ਰਹੇ ਅਹੁਦੇਦਾਰ ਅਤੇ ਮੈਂਬਰ:

ਸ. ਜੀਤ ਸਿੰਘ ਆਲੋਅਰਖ ਫਰਿਜ਼ਨੋ, ਸ. ਰੇਸ਼ਮ ਸਿੰਘ ਬੇਕਰਸਫੀਲਡ, ਕੁਲਜੀਤ ਸਿੰਘ ਨਿੱਝਰ ਸਟਾਕਟਨ, ਸ. ਦਰਸ਼ਨ ਸਿੰਘ ਫਰੀਮੌਂਟ, ਜਸਵੀਰ ਸਿੰਘ ਤੱਖਰ ਫਰੀਮੌਂਟ, ਬਲਵਿੰਦਰ ਸਿੰਘ ਮਿੰਠੂ, ਜੋਗਾ ਸਿੰਘ ਬਾਠ ਟਰੇਸੀ, ਭੁਪਿੰਦਰ ਸਿੰਘ ਚੀਮਾ ਸੈਨਹੋਜ਼ੇ, ਤਰਸੇਮ ਸਿੰਘ ਟੁਲੇਰੀ, ਕਸ਼ਮੀਰ ਸਿੰਘ ਫਰਿਜ਼ਨੋ, ਜਗਤਾਰ ਸਿੰਘ ਫਰਿਜ਼ਨੋ, ਪਰਦੀਪ ਸਿੰਘ ਮਾਨ ਫਰਿਜ਼ਨੋ, ਨਿਸ਼ਾਨ ਸਿੰਘ ਫਰਿਜ਼ਨੋ, ਪਰਮਿੰਦਰ ਸਿੰਘ ਫਰਿਜ਼ਨੋ, ਹਰਜੀਤ ਸਿੰਘ ਟਿਵਾਣਾ, ਕੁਲਬੀਰ ਸਿੰਘ ਫਰਿਜ਼ਨੋ, ਗੁਰਨਾਮ ਸਿੰਘ ਫੰਨਟਾਨਾ, ਗੁਰਨਾਮ ਸਿੰਘ ਦਲਜੀਤ ਸਿੰਘ ਸਟਾਕਟਨ, ਸਤਨਾਮ ਸਿੰਘ ਲੈਥਰੋਪ, ਇਕਬਾਲ ਸਿੰਘ ਸਟਾਕਟਨ, ਮਨਜੀਤ ਸਿੰਘ ਟੁਲੇਰੀ, ਜਸਵਿੰਦਰ ਸਿੰਘ ਟੁਲੇਰੀ, ਇਕਬਾਲ ਸਿੰਘ ਬੇਕਰਸਫੀਲਡ, ਯਾਦਵਿੰਦਰ ਸਿੰਘ ਬੇਕਰਸਫੀਲਡ, ਜਗਤਾਰ ਸਿੰਘ ਬੇਕਰਸਫੀਲਡ, ਹਰਜਿੰਦਰ ਸਿੰਘ ਲਾਡੀ ਬੇਕਰਸਫੀਲਡ, ਸੁਖਪਾਲ ਸਿੰਘ ਬੇਕਰਸਫੀਲਡ, ਸਤਪਾਲ ਸਿੰਘ ਬੇਕਰਸਫੀਲਡ, ਅਵਤਾਰ ਸਿੰਘ ਐਲ ਏ, ਮਨਜੀਤ ਸਿੰਘ ਐਲ ਏ, ਬਲਬੀਰ ਸਿੰਘ ਬੇਕਰਸਫੀਲਡ, ਰਣਜੀਤ ਸਿੰਘ ਮੱਲ੍ਹੀ ਫਰਿਜ਼ਨੋ, ਮਿੱਠੂ ਸੰਧੂ।

### ਪੰਥਕ ਬੁਲਾਰੇ

ਡਾ. ਅਮਰਜੀਤ ਸਿੰਘ, ਸ. ਜੀਤ ਸਿੰਘ ਆਲੋਅਰਖ, ਭਾਈ ਜਸਵੰਤ ਸਿੰਘ ਹੋਠੀ, ਡਾ. ਪ੍ਰਿਤਪਾਲ ਸਿੰਘ, ਢਾਡੀ ਜਥਾ ਸਰਵਣ ਸਿੰਘ ਅਤੇ ਭਾਈ ਜਸਵਿੰਦਰ ਸਿੰਘ

**ਹੋਰ ਜਾਣਕਾਰੀ ਲਈ ਫੋਨ ਕਰੋ:ਦਲਜੀਤ ਸਿੰਘ ਸਕੱਤਰ 209-373-7000 ਰੇਸ਼ਮ ਸਿੰਘ 661-209-0118 ਕੁਲਜੀਤ ਸਿੰਘ ਨਿੱਝਰ 510-774-4191**

## ਜਾਰੀ ਕਰਤਾ: ਸ਼੍ਰੋਮਣੀ ਅਕਾਲੀ ਦਲ (ਅ) ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਸਟਾਕਟਨ

ਨੋਟ: ਪਾਰਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਮੀਟਿੰਗ 7 ਸਤੰਬਰ ਨੂੰ 5 ਵਜੇ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਹੋਵੇਗੀ, ਜਿਸ ਵਿੱਚ ਪੰਥਕ ਵੀਚਾਰਾਂ ਅਤੇ ਨਵੇਂ ਅਹੁਦੇਦਾਰਾਂ ਦੀ ਚੋਣ ਹੋਵੇਗੀ

# ਮਾਂ ਬੋਲੀ ਪੰਜਾਬੀ ਦੀ ਬੇਕਦਰੀ ਵਿਰੁਧ ਆਵਾਜ਼ ਬੁਲੰਦ

**ਚੰਡੀਗੜ੍ਹ:** ਮਾਂ ਬੋਲੀ ਪੰਜਾਬੀ ਦੀ ਪੰਜਾਬ, ਚੰਡੀਗੜ੍ਹ ਤੇ ਦਿੱਲੀ ਯੂਨੀਵਰਸਿਟੀ ਵਿਚ ਹੋ ਰਹੀ ਬੇਕਦਰੀ ਦੇ ਮੁੱਦੇ ਨੂੰ ਲੈ ਕੇ ਪੰਜਾਬੀ ਹਿਤੈਸ਼ੀ ਸੜਕਾਂ 'ਤੇ ਨਿਕਲ ਆਏ ਹਨ ਤੇ ਅਗਲੇ ਦਿਨੀਂ ਇਹ ਸੰਘਰਸ਼ ਤਿੱਖਾ ਰੂਪ ਅਖਤਿਆਰ ਕਰ ਸਕਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਪ੍ਰਗਤੀਸ਼ੀਲ ਲੇਖਕ ਸੰਘ ਸਮੇਤ ਛੇ ਸਤੰਬਰ ਨੂੰ ਚੰਡੀਗੜ੍ਹ ਵਿਚ ਸਾਂਝਾ ਧਰਨਾ ਮਾਰ ਕੇ ਭੁੱਖ-ਹੜਤਾਲ ਤੇ ਮਰਨ ਵਰਤ ਦੀ ਧਮਕੀ ਦੇ ਕੇ ਇਹ ਮੁੱਦਾ ਰਾਜ ਭਰ ਵਿਚ ਭਖਾ ਦਿੱਤਾ ਹੈ।

ਪੰਜਾਬੀ ਦੇ ਮੁੱਦੇ 'ਤੇ ਪੰਥਕ ਵਿਚਾਰ ਮੰਚ ਦੇ ਆਗੂ ਬਲਜੀਤ ਸਿੰਘ ਖਾਲਸਾ ਨੇ ਪਹਿਲਾਂ ਹੀ ਅੰਗਰੇਜ਼ੀ ਵਿਚ ਲਿਖੇ ਸਾਈਨ ਬੋਰਡਾਂ 'ਤੇ ਕਾਲਖ ਪੋਚਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਲੰਘੇ ਦਿਨੀਂ 19 ਸਾਲਾ ਨੌਜਵਾਨ ਰਣਜੋਧ ਸਿੰਘ ਨੇ ਆਪਣੀ ਹੀ ਧਰਤੀ ਉਪਰ ਪੰਜਾਬੀ ਭਾਸ਼ਾ ਦੀ ਹੋ ਰਹੀ ਬੇਕਦਰੀ ਨਾ ਸਹਾਰਦਿਆਂ ਸੰਗਰੂਰ ਤੋਂ ਚੰਡੀਗੜ੍ਹ ਤੱਕ ਪੈਦਲ ਮਾਰਚ ਕੀਤਾ ਹੈ। ਦੂਜੇ ਪਾਸੇ ਚੰਡੀਗੜ੍ਹ ਦੀਆਂ ਸਿੱਖ




ਜਥੇਬੰਦੀਆਂ, ਲੇਖਕ ਸਭਾਵਾਂ, ਖੱਬੀਆਂ ਧਿਰਾਂ ਤੇ ਹੋਰ ਸਿਆਸੀ ਪਾਰਟੀਆਂ ਨੇ ਵੀ ਧਰਨਿਆਂ ਤੇ ਰੋਸ ਪ੍ਰਦਰਸ਼ਨਾਂ ਦਾ ਦੌਰ ਸ਼ੁਰੂ ਕਰ ਦਿੱਤਾ ਹੈ।

ਦਰਅਸਲ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਵਿਚ ਦਸਵੀਂ ਕਰਨ ਵਾਲੇ ਨੌਜਵਾਨ ਨੂੰ ਕੰਡਕਟਰ ਦੇ ਲਾਇਸੈਂਸ ਤੋਂ ਵੀ ਅਯੋਗ ਕਰਾਰ ਦੇਣ ਕਾਰਨ ਪੰਜਾਬ ਤੇ ਚੰਡੀਗੜ੍ਹ ਭਰ ਵਿਚ ਪੰਜਾਬੀਆਂ ਨੂੰ ਵੱਡਾ ਝਟਕਾ ਲੱਗਿਆ ਹੈ। ਪੰਜਾਬ ਸਰਕਾਰ ਵੱਲੋਂ ਰਾਜ ਵਿਚ ਮੁਕੰਮਲ ਤੌਰ 'ਤੇ ਮਾਂ ਬੋਲੀ ਨੂੰ ਲਾਗੂ ਕਰਨ ਲਈ ਬਣਾਇਆ 'ਰਾਜ ਭਾਸ਼ਾ ਸੋਧਿਆ ਕਾਨੂੰਨ-2008' ਵੀ ਪੰਜਾਬੀ ਨੂੰ ਅਣਗੌਲਿਆ ਕਰਨ ਵਾਲੇ ਸਰਕਾਰੀ ਅਧਿਕਾਰੀਆਂ ਤੇ ਮੁਲਾਜ਼ਮਾਂ ਲਈ ਖੋਖਲਾ ਸਾਬਤ ਹੋਇਆ ਹੈ। ਇਸ ਕਾਨੂੰਨ ਤਹਿਤ ਪੰਜਾਬ ਦੇ ਸਰਕਾਰੀ ਦਫਤਰਾਂ ਵਿਚ ਪੰਜਾਬੀ ਭਾਸ਼ਾ ਵਿਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸਜ਼ਾ ਦੇਣ ਦੀ ਕੋਈ ਮੱਦ ਨਹੀਂ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਲੰਮੇ ਸਮੇਂ ਤੋਂ ਮੰਗ ਕਰਦੀ ਆ ਰਹੀ ਹੈ ਕਿ ਰਾਜ ਭਾਸ਼ਾ ਸੋਧਿਆ ਕਾਨੂੰਨ-2008 ਦੀ ਧਾਰਾ 8ਡੀ (1) ਵਿਚੋਂ 'ਲਗਾਤਾਰ' ਸ਼ਬਦ ਹਟਾਇਆ ਜਾਵੇ ਤੇ ਧਾਰਾ 8ਬੀ ਤੇ 8ਸੀ ਜਿਨ੍ਹਾਂ ਦਾ ਸਬੰਧ ਰਾਜ ਤੇ ਜ਼ਿਲ੍ਹਾ ਪੱਧਰ ਦੀਆਂ ਭਾਸ਼ਾ ਵਿਭਾਗੀ ਕਮੇਟੀਆਂ ਨਾਲ ਹੈ, ਉਨ੍ਹਾਂ ਨੂੰ ਖਤਮ ਕਰਕੇ ਪੰਜਾਬ ਸਰਕਾਰ ਦੀ ਸਹਾਇਤਾ ਨਾਲ ਚੱਲਣ ਵਾਲੇ ਹਰੇਕ ਅਦਾਰੇ ਦੇ ਪੰਜਾਬੀ ਵਿਚ ਦਫਤਰੀ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨ ਲਈ ਪੰਜਾਬੀ ਰਾਜ ਭਾਸ਼ਾ ਟ੍ਰਿਬਿਊਨਲ ਸਥਾਪਿਤ ਕੀਤਾ ਜਾਵੇ।

ਸਭਾ ਵੱਲੋਂ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਜ਼ਾ ਵਜੋਂ ਪਹਿਲੀ ਵਾਰ ਉਨ੍ਹਾਂ ਦੀ ਇਕ ਤਰੱਕੀ ਰੋਕਣ, ਦੂਜੀ ਵਾਰ ਤਿੰਨ ਤਰੱਕੀਆਂ ਰੋਕਣ, ਤੀਜੀ ਵਾਰ ਮੁਅੱਤਲ ਕਰਨ ਤੇ ਚੌਥੀ ਵਾਰ ਨੌਕਰੀ ਤੋਂ ਬਰਖਾਸਤ ਕਰਨ ਦਾ ਟ੍ਰਿਬਿਊਨਲ ਨੂੰ ਅਧਿਕਾਰ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਕਈ ਸਾਲਾਂ ਤੋਂ ਇਸ ਮੰਗ ਵੱਲ ਕੋਈ ਧਿਆਨ ਨਹੀਂ ਦੇ ਰਹੀ।

ਇਸੇ ਤਰ੍ਹਾਂ ਦਿੱਲੀ ਯੂਨੀਵਰਸਿਟੀ ਵੱਲੋਂ ਸਿਲੇਬਸ ਵਿਚੋਂ ਪੰਜਾਬੀ ਭਾਸ਼ਾ ਬਾਹਰ ਕਰਨ ਤੇ ਚੰਡੀਗੜ੍ਹ ਵਿਚ ਪ੍ਰਸ਼ਾਸਨ ਵੱਲੋਂ ਸਰਕਾਰੀ ਭਾਸ਼ਾ ਅੰਗਰੇਜ਼ੀ ਥੋਪਣ ਕਾਰਨ ਪੰਜਾਬੀ ਹਿਤੈਸ਼ੀਆਂ ਵਿਚ ਰੋਸ ਦੀ ਭਾਵਨਾ ਪੈਦਾ ਹੋ ਗਈ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਭਾਸ਼ਾ ਐਕਟ, ਮਾਂ ਬੋਲੀ ਨੂੰ ਪੂਰੀ ਤਰ੍ਹਾਂ ਮਾਨਤਾ ਦੇਣ ਵਿਚ ਕਾਮਯਾਬ ਨਹੀਂ ਹੋਇਆ ਤੇ ਦੂਜੇ ਪਾਸੇ ਚੰਡੀਗੜ੍ਹ ਪ੍ਰਸ਼ਾਸਨ ਤੇ ਦਿੱਲੀ ਯੂਨੀਵਰਸਿਟੀ ਨੇ ਵੀ ਪੰਜਾਬੀ ਭਾਸ਼ਾ ਨਾਲ ਧ੍ਰੋਹ ਕਮਾਇਆ।

# ਹਾਈ ਕੋਰਟ ਵੱਲੋਂ ਚੀਫ ਸੈਕਟਰੀ ਤੇ ਪੁਲਿਸ ਮੁਖੀ ਤਲਬ

**ਚੰਡੀਗੜ੍ਹ:** ਗੁਰਦਾਸਪੁਰ ਪੁਲਿਸ ਫਾਇਰਿੰਗ ਮਾਮਲੇ ਵਿਚ ਕਾਰਵਾਈ ਨਾ ਹੋਣ ਕਾਰਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਖਫ਼ਾ ਹੈ। ਅਦਾਲਤ ਨੇ ਰਾਜ ਸਰਕਾਰ ਦੇ ਪ੍ਰਮੁੱਖ ਸਕੱਤਰ ਤੇ ਡਾਇਰੈਕਟਰ ਜਨਰਲ ਆਫ ਪੁਲਿਸ ਨੂੰ ਬੈਂਚ ਸਾਹਮਣੇ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ। ਚੀਫ ਜਸਟਿਸ ਕਿਸ਼ਨ ਕੌਲ ਤੇ ਜਸਟਿਸ ਅਗਸਟਿਨ ਜੌਰਜ ਮਸੀਹ ਦੇ ਬੈਂਚ ਵੱਲੋਂ ਇਹ ਆਦੇਸ਼ ਐਨ.ਜੀ.ਓ. ਵੱਲੋਂ ਪਾਈ ਜਨਹਿੱਤ ਪਟੀਸ਼ਨ ਦੀ ਸੁਣਵਾਈ ਦੌਰਾਨ ਦਿੱਤਾ ਗਿਆ।

ਲਾਇਰਜ਼ ਫਾਰ ਹਿਊਮਨ ਰਾਈਟਸ ਨਾਂ ਦੀ ਐਨਜੀਓ ਨੇ ਘਟਨਾ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਪਟੀਸ਼ਨਰ ਨੇ ਮਾਮਲੇ ਬਾਰੇ ਅਦਾਲਤ ਨੂੰ ਦੱਸਿਆ ਕਿ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦਾ ਦਿਨ ਮੁਕਰਰ ਹੋਣ ਖ਼ਿਲਾਫ਼ ਕੀਤੇ ਰੋਸ ਪ੍ਰਦਰਸ਼ਨ ਦੌਰਾਨ ਇਹ ਘਟਨਾ ਵਾਪਰੀ। ਪਟੀਸ਼ਨਰ ਨੇ ਦੱਸਿਆ ਕਿ ਗੁਰਦਾਸਪੁਰ ਦੀ ਤਿੱਬੜੀ ਰੋਡ 'ਤੇ ਪੈਂਦੇ ਗੁਰਦੁਆਰਾ ਰਾਮਗੜ੍ਹੀਆ ਦੇ ਬਾਹਰ ਕਰੀਬ 20-50 ਸਿੱਖ ਨੌਜਵਾਨ ਰੋਸ ਪ੍ਰਦਰਸ਼ਨ ਕਰ ਰਹੇ ਸਨ। ਇਸ ਦੌਰਾਨ ਕਰੀਬ 100 ਪੁਲੀਸ ਮੁਲਾਜ਼ਮ ਮੌਕੇ 'ਤੇ ਪੁੱਜੇ ਤੇ ਬਿਨਾਂ ਚਿਤਾਵਨੀ ਦਿੱਤੇ ਪਹਿਲਾਂ ਹਵਾ ਵਿਚ ਫਾਇਰਿੰਗ ਕੀਤੀ ਤੇ ਬਾਅਦ ਵਿਚ ਸ਼ਾਂਤੀ ਨਾਲ ਰੋਸ ਪ੍ਰਗਟਾਵਾ ਕਰ ਰਹੇ ਨੌਜਵਾਨਾਂ ਵੱਲ ਗੋਲੀ ਚਲਾਈ। ਇਸ ਫਾਇਰਿੰਗ ਵਿਚ ਨੌਜਵਾਨ ਜਸਪਾਲ ਸਿੰਘ ਦੀ



ਮੌਤ ਹੋ ਗਈ ਸੀ ਤੇ ਰਣਜੀਤ ਸਿੰਘ ਜ਼ਖ਼ਮੀ ਹੋ ਗਿਆ ਸੀ। ਪਟੀਸ਼ਨ ਦੀ ਪਿਛਲੀ ਸੁਣਵਾਈ ਦੌਰਾਨ ਅਦਾਲਤ ਨੇ ਸਰਕਾਰ ਨੂੰ ਆਦੇਸ਼ ਦਿੱਤਾ ਸੀ ਕਿ ਫਾਇਰਿੰਗ ਦੌਰਾਨ ਮਾਰੇ ਗਏ ਨੌਜਵਾਨ ਜਸਪਾਲ ਸਿੰਘ ਤੇ ਜ਼ਖ਼ਮੀ ਹੋਏ ਰਣਜੀਤ ਸਿੰਘ 'ਤੇ ਗੋਲੀ ਚਲਾਉਣ ਲਈ ਵਰਤੇ ਹਥਿਆਰਾਂ ਨੂੰ ਜਾਂਚ ਲਈ ਮੁਹਾਲੀ ਦੀ ਫੋਰੈਂਸਿਕ ਲੈਬ ਭੇਜਿਆ ਜਾਵੇ ਤੇ ਇਸ ਦੀ ਰਿਪੋਰਟ ਹਾਈ ਕੋਰਟ ਵਿਚ ਇਕ ਮਹੀਨੇ ਦੇ ਅੰਦਰ ਸੌਂਪੀ ਜਾਵੇ। ਅਦਾਲਤ ਨੇ ਮਾਮਲੇ ਵਿਚ ਦਰਜ ਐਫ.ਆਈ.ਆਰ. ਦੇ ਵੇਰਵੇ ਵੀ ਮੰਗੇ ਸਨ। ਰਾਜ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਕਾਰਨ ਹੁਣ ਬੈਂਚ ਨੇ ਪ੍ਰਮੁੱਖ ਸਕੱਤਰ ਤੇ ਡੀ.ਜੀ.ਪੀ. ਨੂੰ 10 ਸਤੰਬਰ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਹੈ। ਇਸ ਮਾਮਲੇ ਵਿਚ ਐਫਆਈਆਰ ਬੀਤੇ ਵਰ੍ਹੇ 29 ਮਾਰਚ ਨੂੰ ਦਰਜ ਕੀਤੀ ਗਈ ਸੀ।

# ਕਤਲੇਆਮ ਕੇਸ ਸਬੰਧੀ ਸੀ.ਬੀ.ਆਈ. ਨੇ ਅਦਾਲਤ ਤੋਂ ਮੰਗੀ ਮੋਹਲਤ

**ਨਵੀਂ ਦਿੱਲੀ:** ਸੀਬੀਆਈ ਨੇ ਕਾਂਗਰਸ ਆਗੂ ਸੱਜਣ ਕੁਮਾਰ ਤੇ ਤਿੰਨ ਹੋਰ ਮੁਲਜ਼ਮਾਂ ਵੱਲੋਂ 1984 ਦੇ ਕਤਲੇਆਮ ਕੇਸ ਵਿਚ ਏਜੰਸੀ ਦੇ ਨੌਂ ਗਵਾਹ ਹਟਾਉਣ ਬਾਰੇ ਪਾਈ ਅਪੀਲ ਦਾ ਜਵਾਬ ਦੇਣ ਲਈ ਦਿੱਲੀ ਦੀ ਅਦਾਲਤ ਤੋਂ ਮੋਹਲਤ ਮੰਗੀ ਹੈ। ਜ਼ਿਲ੍ਹਾ ਜੱਜ ਜੇ.ਆਰ. ਆਰੀਅਨ ਨੇ ਸੀਬੀਆਈ ਨੂੰ 30 ਸਤੰਬਰ ਤਕ ਜਵਾਬ ਦੇਣ ਲਈ ਕਿਹਾ ਤੇ ਉਸੇ ਦਿਨ ਕੇਸ ਦੀ ਅਗਲੀ ਸੁਣਵਾਈ ਤੈਅ ਕੀਤੀ ਹੈ। ਅਦਾਲਤ ਨੇ ਮੁਲਜ਼ਮਾਂ ਵੱਲੋਂ ਪਾਈ ਇਕ ਹੋਰ ਅਪੀਲ 'ਤੇ ਸੁਣਵਾਈ ਲਈ ਵੀ 30 ਸਤੰਬਰ ਦੀ ਤਰੀਕ ਤੈਅ ਕੀਤੀ ਹੈ।

ਇਸ ਅਪੀਲ ਵਿਚ ਕਤਲੇਆਮ ਦੇ ਦੋ ਹੋਰ ਕੇਸਾਂ ਦਾ ਰਿਕਾਰਡ ਤਲਬ ਕਰਨ ਦੀ ਮੰਗ ਕੀਤੀ ਗਈ ਹੈ। ਸੀਬੀਆਈ ਦੇ ਸਰਕਾਰੀ ਵਕੀਲ ਡੀ.ਪੀ. ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਮੋਹਲਤ ਦੀ ਲੋੜ ਹੈ ਕਿਉਂਕਿ ਪੁਰਾਣੇ ਕੇਸਾਂ ਦੀਆਂ ਫਾਈਲਾਂ ਦੇਖਣੀਆਂ ਪੈਣਗੀਆਂ। ਇਨ੍ਹਾਂ ਕੇਸਾਂ ਦਾ ਕਾਫੀ ਸਮਾਂ ਪਹਿਲਾਂ ਹੋਰ ਅਦਾਲਤਾਂ ਦਾ ਫੈਸਲਾ ਕੀਤਾ ਗਿਆ ਸੀ। ਅਦਾਲਤ ਵੱਲੋਂ ਪਹਿਲਾਂ ਕੁਮਾਰ, ਬ੍ਰਹਮਾਨੰਦ ਗੁਪਤਾ, ਪੀਰੂ, ਖੁਸ਼ਹਾਲ ਸਿੰਘ ਤੇ ਵੇਦ ਪ੍ਰਕਾਸ਼ ਖਿਲਾਫ ਸੁਲਤਾਨਪੁਰ ਇਲਾਕੇ ਵਿਚ ਕਤਲੇਆਮ ਦੇ ਕੇਸ ਸਬੰਧੀ ਹੱਤਿਆ ਤੇ ਦੰਗੇ ਦੇ ਦੋਸ਼ ਆਇਦ ਕੀਤੇ ਸਨ। ਮੁਲਜ਼ਮ ਖੁਸ਼ਹਾਲ ਸਿੰਘ ਦੀ ਮੌਤ ਹੋ ਚੁੱਕੀ ਹੈ।



ਸੀਬੀਆਈ ਨੇ ਪਹਿਲਾਂ ਕਿਹਾ ਸੀ ਕਿ ਭਾਵੇਂ ਇਹ ਚਾਰਜਸ਼ੀਟ ਛੇ ਵਿਅਕਤੀਆਂ ਦੇ ਕਤਲ ਨਾਲ ਸਬੰਧਤ ਹੈ ਪਰ ਉਹ ਇਹ ਦੋਸ਼ ਸੁਰਜੀਤ ਸਿੰਘ ਦੇ ਕਤਲ ਤਕ ਹੀ ਸੀਮਤ ਰੱਖਣਾ ਚਾਹੁੰਦੀ ਹੈ। ਸੱਜਣ ਕੁਮਾਰ ਦੇ ਵਕੀਲ ਨੇ ਅਪੀਲ ਵਿਚ ਕਿਹਾ ਸੀ ਕਿ ਸੀਬੀਆਈ ਨੇ ਤਿੰਨ ਵੱਖ-ਵੱਖ ਐਫ.ਆਈ.ਆਰਜ਼ ਸਬੰਧੀ ਇਕਜੁੱਟ ਚਾਰਜਸ਼ੀਟ ਦਾਖਲ ਕਰਾਈ ਸੀ ਤੇ ਸੁਰਜੀਤ ਸਿੰਘ ਦੀ ਹੱਤਿਆ ਨਾਲ ਜਿਹੜੇ ਗਵਾਹ ਸਬੰਧਤ ਨਹੀਂ ਸਨ, ਉਨ੍ਹਾਂ ਨੂੰ ਸੂਚੀ ਵਿਚੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ। ਸੀਬੀਆਈ ਨੇ ਪਹਿਲਾਂ ਇਸ ਅਪੀਲ ਦਾ ਵਿਰੋਧ ਕੀਤਾ ਸੀ ਤੇ ਕਿਹਾ ਸੀ ਕਿ ਗਵਾਹਾਂ ਦਾ ਫੈਸਲਾ ਏਜੰਸੀ ਹੀ ਕਰੇਗੀ।

# ਪੰਜਾਬ ਸਰਕਾਰ ਨੇ ਪੂਡਾ ਨੂੰ ਕੀਤਾ 2000 ਕਰੋੜ ਦਾ ਕਰਜ਼ਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਰੋਜ਼ਮਰ੍ਹਾ ਦੇ ਖ਼ਰਚਿਆਂ ਦਾ ਭਾਰ ਝੱਲਦਿਆਂ ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੂਡਾ) 2000 ਕਰੋੜ ਰੁਪਏ ਦੀ ਕਰਜ਼ਾਈ ਹੋ ਜਾਵੇਗੀ। ਇਸ ਅਦਾਰੇ ਵੱਲੋਂ ਪਿਛਲੇ ਮਹੀਨਿਆਂ ਦੌਰਾਨ 1500 ਕਰੋੜ ਰੁਪਏ ਦਾ ਕਰਜ਼ਾ ਲਿਆ ਜਾ ਚੁੱਕਾ ਹੈ ਤੇ ਹੁਣ 500 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕਣ ਦੀ ਤਿਆਰੀ ਕਰ ਲਈ ਹੈ। ਪੂਡਾ ਵੱਲੋਂ ਨਵਾਂ ਕਰਜ਼ਾ ਅੰਮ੍ਰਿਤਸਰ ਜੇਲ੍ਹ ਵਾਲੀ ਜ਼ਮੀਨ ਗਹਿਣੇ ਧਰ ਕੇ ਲਿਆ ਜਾ ਰਿਹਾ ਹੈ।

ਇਸ ਅਦਾਰੇ ਨੇ ਪਿਛਲੇ ਮਹੀਨੇ ਵੀ 500 ਕਰੋੜ ਰੁਪਏ ਦਾ ਕਰਜ਼ਾ ਆਪਣੀ ਲੁਧਿਆਣਾ ਵਿਚਲੀ ਜ਼ਮੀਨ ਗਿਰਵੀ ਰੱਖ ਕੇ ਲਿਆ ਸੀ। ਇਸੇ ਤਰ੍ਹਾਂ ਇਕ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ 2011 ਵਿਚ ਲਿਆ ਸੀ। ਪੂਡਾ ਨੇ 500 ਕਰੋੜ ਰੁਪਏ ਦਾ ਕਰਜ਼ਾ ਲੈਣ ਲਈ ਟੈਂਡਰ ਮੰਗ ਲਏ ਹਨ। ਇਹ ਕਰਜ਼ਾ ਕੇਨਰਾ ਬੈਂਕ ਜਾਂ ਬੈਂਕ ਆਫ਼ ਇੰਡੀਆ ਤੋਂ ਲਏ ਜਾਣ ਦੀ ਸੰਭਾਵਨਾ ਹੈ। ਇਸ ਕਰਜ਼ੇ ਦੀ ਵਿਆਜ ਦਰ 9.5 ਤੋਂ 10 ਫੀਸਦੀ ਹੋਵੇਗੀ ਤੇ ਕਰਜ਼ੇ ਦੀ ਕਿਸ਼ਤ ਦੀ ਅਦਾਇਗੀ ਸਰਕਾਰ ਵੱਲੋਂ ਕੀਤੀ ਜਾਵੇਗੀ।

ਇਕ ਹਜ਼ਾਰ ਕਰੋੜ ਰੁਪਏ ਦੀ ਸਲਾਨਾ ਕਿਸ਼ਤ 125 ਕਰੋੜ ਰੁਪਏ ਬਣਦੀ ਹੈ ਤੇ ਅਗਲੇ ਸਾਲ ਤੋਂ ਇਹ ਕਿਸ਼ਤ 250 ਕਰੋੜ ਰੁਪਏ ਹੋਵੇਗੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੇਸ਼ੱਕ ਪੂਡਾ ਵੱਲੋਂ ਕਰਜ਼ਾ ਨਾ ਚੁੱਕੇ ਜਾਣ ਦੀਆਂ ਸਫਾਈਆਂ ਦੇ ਰਹੇ ਹਨ ਪਰ ਸੂਤਰਾਂ ਦਾ ਦੱਸਣਾ ਹੈ ਕਿ ਸਰਕਾਰ ਨੇ ਮਾਲੀ ਖ਼ਰਚੇ ਚਲਾਉਣ ਲਈ ਹੁਣ ਇਕ ਹਜ਼ਾਰ ਕਰੋੜ ਰੁਪਏ ਦੀ ਮੰਗ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਪੂਡਾ ਨੂੰ ਜ਼ਮੀਨਾਂ ਵੇਚਣ ਲਈ ਕਿਹਾ ਗਿਆ ਸੀ ਪਰ ਜ਼ਮੀਨਾਂ ਦੀ ਕੀਮਤ ਵਿਚ ਆਈ ਮੰਦੀ ਕਾਰਨ ਪੂਡਾ ਨੇ ਜਦੋਂ ਜ਼ਮੀਨਾਂ ਵੇਚਣ ਤੋਂ ਅਸਮਰੱਥਾ ਪ੍ਰਗਟਾਈ ਤਾਂ ਸਰਕਾਰ ਨੇ ਇਕ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈਣ ਲਈ ਕਿਹਾ।

ਪੂਡਾ ਨੇ 2011 ਦੌਰਾਨ ਵੀ ਸਰਕਾਰ ਲਈ ਇਕ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਆਪਣੀਆਂ ਜ਼ਮੀਨਾਂ ਗਹਿਣੇ ਧਰ ਕੇ ਲਿਆ ਸੀ। ਇਸ ਤਰ੍ਹਾਂ ਨਾਲ ਸ਼ਹਿਰੀ ਵਿਕਾਸ ਲਈ ਕਾਇਮ ਕੀਤਾ ਇਹ ਅਦਾਰਾ ਸਰਕਾਰ ਦੇ ਨਿੱਤ ਦੇ ਖ਼ਰਚੇ ਚਲਾਉਣ ਵਾਲੀ ਹੀ ਸੰਸਥਾ ਬਣ ਗਿਆ ਹੈ। ਇਹ ਅਦਾਰਾ ਦੋ ਕੁ ਸਾਲਾਂ ਦੌਰਾਨ ਦੋ ਹਜ਼ਾਰ ਕਰੋੜ ਰੁਪਏ ਦਾ ਕਰਜ਼ਾਈ ਹੋ ਗਿਆ ਹੈ। ਪੰਜਾਬ ਸਰਕਾਰ ਨੇ ਚਾਲੂ ਮਾਲੀ ਸਾਲ ਦੌਰਾਨ ਆਪਣੀਆਂ ਮਾਲੀ ਜ਼ਰੂਰਤਾਂ ਲਈ 9258 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ।

ਇਸ ਤਰ੍ਹਾਂ ਚਾਲੂ ਵਿੱਤੀ ਵਰ੍ਹੇ ਦੇ ਅੰਤ ਤੱਕ ਸਰਕਾਰ ਸਿਰ ਕੁੱਲ ਕਰਜ਼ਾ ਵਧ ਕੇ ਇਕ ਲੱਖ ਦੋ ਹਜ਼ਾਰ 282 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਸਰਕਾਰ ਨੇ ਚਲੰਤ ਮਾਲੀ ਸਾਲ ਦੌਰਾਨ ਇਸ ਕਰਜ਼ੇ ਦੇ ਸਿਰਫ਼ ਵਿਆਜ ਵਜੋਂ ਹੀ ਸਾਲਾਨਾ 9300 ਕਰੋੜ ਰੁਪਏ ਦੀ ਅਦਾਇਗੀ ਕਰਨੀ ਹੈ। ਸਰਕਾਰ ਦੀ ਕਰਜ਼ਾ ਚੁੱਕਣ ਦੀ ਹੱਦ ਹੁਣ ਜਦੋਂ ਪਾਰ ਕਰ ਗਈ ਤਾਂ ਤਨਖਾਹਾਂ ਦੇਣ ਤੇ ਹੋਰਾਂ ਅਦਾਇਗੀਆਂ ਲਈ ਪੂਡਾ ਵਰਗੇ ਅਦਾਰਿਆਂ ਨੂੰ ਕਰਜ਼ਾਈ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਇਸ ਸਮੇਂ ਗੰਭੀਰ ਮਾਲੀ ਸੰਕਟ ਵਿਚੋਂ ਲੰਘ ਰਹੀ ਹੈ। ਸਰਕਾਰ ਦੇ ਬਝਵੇਂ ਖ਼ਰਚੇ ਹੀ 35 ਹਜ਼ਾਰ ਕਰੋੜ ਰੁਪਏ ਦੇ ਕਰੀਬ ਪਹੁੰਚ ਗਏ ਹਨ। ਇਨ੍ਹਾਂ ਵਿਚ ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ, ਸਬਸਿਡੀ ਤੇ ਕਰਜ਼ੇ ਦੀ ਅਦਾਇਗੀ ਸ਼ਾਮਲ ਹੈ। ਤਨਖਾਹਾਂ ਤੇ ਪੈਨਸ਼ਨਾਂ 'ਤੇ ਸਰਕਾਰ ਵੱਲੋਂ 2010 ਦੌਰਾਨ ਪ੍ਰਤੀ ਮਹੀਨਾ 1100 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾਂਦੀ ਸੀ ਜੋ ਵਧ ਕੇ 1800 ਕਰੋੜ ਰੁਪਏ ਪ੍ਰਤੀ ਮਹੀਨਾ ਹੋ ਗਈ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਨੂੰ ਤਨਖਾਹਾਂ ਵਧਾਉਣ ਦੇ ਦਿੱਤੇ ਖੁੱਲ੍ਹੇ ਗੱਫਿਆਂ ਦਾ ਖ਼ਮਿਆਜ਼ਾ ਸਰਕਾਰ ਨੂੰ ਹੁਣ ਮਾਲੀ ਸੰਕਟ ਵਜੋਂ ਭੁਗਤਣਾ ਪੈ ਰਿਹਾ ਹੈ। ਅਗਲੇ ਮਾਲੀ ਸਾਲ ਦੌਰਾਨ ਵਿੱਤੀ ਹਾਲਤ ਹੋ ਵੀ ਭਿਆਨਕ ਹੋ ਸਕਦੀ ਹੈ ਕਿਉਂਕਿ ਪੂਡਾ ਵੱਲੋਂ ਚੁੱਕੇ ਦੋ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੀ ਅਦਾਇਗੀ ਵੀ ਸਰਕਾਰ ਨੇ ਕਰਨੀ ਹੈ ਜਿਸ ਦੀ ਸਾਲਾਨਾ ਕਿਸ਼ਤ 250 ਕਰੋੜ ਰੁਪਏ ਹੋਵੇਗੀ।

ਗ਼ੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਲੋਕ ਨਿਰਮਾਣ ਵਿਭਾਗ ਨੂੰ ਵੀ 1500 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਖੁੱਲ੍ਹ ਦੇ ਦਿੱਤੀ ਹੈ। ਇਹ ਵਿਭਾਗ ਜ਼ਮੀਨਾਂ ਗਹਿਣੇ ਧਰ ਕੇ ਕਰਜ਼ਾ ਲੈ ਕੇ ਸੜਕਾਂ ਬਣਾਏਗਾ। ਸੜਕਾਂ 'ਤੇ ਲੱਗਦੇ ਟੋਲ ਦੇ ਰੂਪ ਵਿਚ ਇਸ ਕਰਜ਼ੇ ਦੀ ਅਦਾਇਗੀ ਲੋਕਾਂ ਨੂੰ ਕਰਨੀ ਪਵੇਗੀ। ਉਧਰ ਪੁੱਡਾ ਦੇ ਮੁੱਖ ਪ੍ਰਸ਼ਾਸਕ ਮਨਵੇਸ਼ ਸਿੰਘ ਸਿੱਧੂ ਅਨੁਸਾਰ ਪੂਡਾ ਨੇ ਹੁਣ ਤੱਕ 1500 ਕਰੋੜ ਰੁਪਏ ਦਾ ਜੋ ਕਰਜ਼ਾ ਲਿਆ ਹੈ, ਉਸ ਵਿਚ ਕੁਝ ਵੀ ਗਲਤ ਨਹੀਂ।

# ਸ੍ਰੀ ਅਕਾਲ ਤਖ਼ਤ ਅਤੇ ਤਖਤ ਪਟਨਾ ਸਾਹਿਬ ਦੇ ਜਥੇਦਾਰ ਯੂਬਾ ਸਿਟੀ ਪਹੁੰਚੇ

**ਯੂਬਾ ਸਿਟੀ (ਬਿਊਰੋ):** ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇ ਗੁਰੂ ਸਾਹਿਬਾਨ ਵਲੋਂ ਦੱਸੇ ਮਾਰਗ ਉਤੇ ਚੱਲਣਾ ਚਾਹੀਦਾ ਹੈ। ਸੰਗਤਾਂ ਨੂੰ ਆਪਸੀ ਮਤਭੇਦ ਤੋਂ ਉਪਰ ਉਠ ਕੇ ਸਰਬੱਤ ਦੇ ਭਲੇ ਲਈ ਕੰਮ ਕਰਨਾ ਚਾਹੀਦਾ





ਹੈ। ਇਹ ਪ੍ਰੇਰਨਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤੀ। ਸਿੰਘ ਸਾਹਿਬ ਲੰਘੇ ਸ਼ੁੱਕਰਵਾਰ ਇਥੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਹੈਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਅਤੇ ਸੰਤ ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲਿਆਂ ਦੇ ਨਾਲ ਗੁਰੂ ਘਰ ਪਹੁੰਚੇ ਸਨ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਅਤੇ ਸਮੂਹ ਸੰਗਤ ਨੇ ਸਿੰਘ ਸਾਹਿਬਾਨ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਦਾ ਗੁਰੂ ਘਰ ਦੀ ਤਰਫੋਂ ਸਿਰੋਪਾਓ ਅਤੇ ਸ਼ਾਲ ਦੇ ਕੇ ਮਾਣ-ਸਨਮਾਨ ਕੀਤਾ ਗਿਆ। ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਟਾਇਰਾ ਬਿਊਨਾ ਦੀ ਸੰਗਤ ਦੇ ਉਦਮ ਨਾਲ 3 ਨਵੰਬਰ ਨੂੰ ਹੋ ਰਹੇ 34ਵੇਂ ਮਹਾਨ ਨਗਰ ਕੀਰਤਨ ਅਤੇ ਗੁਰੂ ਘਰ ਵਿਚ ਚੱਲ ਰਹੇ ਕਾਰਜਾਂ ਬਾਰੇ ਸਿੰਘ ਸਾਹਿਬਾਨ ਨੂੰ ਜਾਣੂ ਕਰਵਾਇਆ ਅਤੇ ਉਨ੍ਹਾ ਨੂੰ ਨਗਰ ਕੀਰਤਨ ਵਿਚ ਆਉਣ ਲਈ ਬੇਨਤੀ ਕੀਤੀ। ਸਿੰਘ ਸਾਹਿਬਾਨ ਗੁਰੂ ਘਰ ਵਿਖੇ ਉਸਾਰੇ ਜਾ ਰਹੇ ਮਾਤਾ ਗੁਜਰੀ ਰੋਜ ਗਾਰਡਨ ਦੇਖਣ ਵੀ ਗਏ, ਜਿਥੇ ਉਨ੍ਹਾਂ ਦੋ ਗੁਲਾਬ ਦੇ ਬੂਟੇ ਲਗਾਏ ਅਤੇ ਇਸ ਉਦਮ ਦੀ ਸ਼ਲਾਘਾ ਕੀਤੀ।

ਸਿੰਘ ਸਾਹਿਬਾਨ ਅਤੇ ਉਨ੍ਹਾਂ ਨਾਲ ਆਏ ਹੋਰ ਗੁਰੂ ਘਰ ਦੇ ਪ੍ਰੇਮੀਆਂ ਦਾ ਸਮੂਹ ਸੰਗਤ ਅਤੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਦੀਪ ਸਿੰਘ ਬਾਜਵਾ, ਜਨਰਲ ਸਕੱਤਰ ਜੋਗਿੰਦਰ ਸਿੰਘ ਦੁਲਾਈ, ਖਜਾਨਚੀ ਬਲਵਿੰਦਰ ਸਿੰਘ ਬਸਰਾ, ਤਜਿੰਦਰ ਸਿੰਘ ਦੋਸਾਂਝ, ਪਵਿੰਦਰ ਸਿੰਘ ਕਰੀਹਾ, ਕਸ਼ਮੀਰ ਸਿੰਘ ਰਾਏ, ਕੁਲਦੀਪ ਸਿੰਘ ਕਾਹਲੋਂ, ਜੋਗਾ ਸਿੰਘ ਥਿਆੜਾ, ਮਾਸਟਰ ਪ੍ਰੀਤਮ ਸਿੰਘ, ਮਾਸਟਰ ਜਗੀਰ ਸਿੰਘ, ਸੁਖਦੇਵ ਸਿੰਘ ਮੁੰਡੀ, ਪਰਮਿੰਦਰ ਸਿੰਘ ਕੂਨਰ, ਇਕਬਾਲ ਸਿੰਘ, ਹਰਬੰਸ ਸਿੰਘ ਪੰਮਾ, ਤਖਤਪਾਲ ਸਿੰਘ, ਇਕਬਾਲ ਸਿੰਘ ਜੌਹਲ, ਗੁਰਦੇਵ ਸਿੰਘ ਥਿਆੜਾ, ਸੁਰਜੀਤ ਸਿੰਘ ਗਿੱਲ, ਬਲਬੀਰ ਸਿੰਘ, ਸੋਹਣ ਸਿੰਘ, ਗੁਰਮੇਲ ਸਿੰਘ ਪੂਨੀ, ਸੁਰਜਣ ਸਿੰਘ ਨਖਵਾਲ, ਨਛੱਤਰ ਸਿੰਘ ਦੁਲਾਈ, ਜੋਰਾਵਰ ਸਿੰਘ, ਗੁਰਦਿਆਲ ਸਿੰਘ ਨਿੱਜਰ ਅਤੇ ਨਰਿੰਦਰਪਾਲ ਸਿੰਘ ਨੇ ਉਨ੍ਹਾਂ ਦਾ ਯੂਬਾ ਸਿਟੀ ਆਉਣ ਲਈ ਧੰਨਵਾਦ ਕੀਤਾ।

## ਬੱਬਰ ਖਾਲਸਾ ਦੇ ਕਾਰਕੁਨਾਂ ਦੀ ਪੇਸ਼ੀ 20 ਤੱਕ ਟਲੀ

**ਮੁਹਾਲੀ:** ਪੁਲਿਸ ਵੱਲੋਂ ਖਾੜਕੂ ਸਰਗਰਮੀਆਂ ਵਿਚ ਸ਼ਾਮਲ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਸਰਗਰਮ ਕਾਰਕੁਨ ਬਲਬੀਰ ਸਿੰਘ ਭੂਤਨਾ, ਪ੍ਰਸ਼ੋਤਮ ਸਿੰਘ, ਪਿਆਰਾ ਸਿੰਘ, ਗੁਰਪ੍ਰੀਤ ਸਿੰਘ ਤੇ ਹਰਮਿੰਦਰ ਸਿੰਘ ਨੂੰ ਜੁਡੀਸ਼ਲ ਰਿਮਾਂਡ ਖ਼ਤਮ ਹੋਣ ‘ਤੇ 30 ਅਗਸਤ ਨੂੰ ਮੁਹਾਲੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਦੀ ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ 20 ਸਤੰਬਰ ‘ਤੇ ਅੱਗੇ ਪਾ ਦਿੱਤੀ।

ਇਸ ਮਾਮਲੇ ਵਿਚ ਜ਼ਮਾਨਤ ‘ਤੇ ਚੱਲ ਰਹੇ ਤਿੰਨ ਮੁਲਜ਼ਮ ਦਲਜੀਤ ਸਿੰਘ, ਨਿੰਮ੍ਹਾ ਤੇ ਤਲਵਿੰਦਰ ਸਿੰਘ ਵੀ ਅਦਾਲਤ ਵਿਚ ਪੇਸ਼ ਹੋਏ। ਮੁਲਜ਼ਮਾਂ ਖ਼ਿਲਾਫ਼ 19 ਮਾਰਚ, 2010 ਨੂੰ ਜ਼ੀਰਕਪੁਰ ਥਾਣੇ ਵਿਚ ਵੱਖ-ਵੱਖ ਕੇਸ ਦਰਜ ਕੀਤੇ ਗਏ ਸਨ। ਇਸ ਮਾਮਲੇ ਵਿਚ ਗਵਾਹੀਆਂ ਚਲ ਰਹੀਆਂ ਹਨ। ਸਰਕਾਰੀ ਗਵਾਹ ਸੂਰਤ ਸਿੰਘ ਵਾਸੀ ਫਿਰੋਜ਼ਪੁਰ ਨੇ ਪੁਲਿਸ ਨੂੰ ਦਿੱਤੇ ਆਪਣੇ ਬਿਆਨਾਂ ਵਿਚ ਕਿਹਾ ਹੈ ਕਿ ਬਲਬੀਰ ਸਿੰਘ ਭੂਤਨਾ ਜਦੋਂ 2010 ਵਿਚ ਕੇਂਦਰੀ ਜੇਲ੍ਹ ਨਾਭਾ ਵਿਚ ਨਜ਼ਰਬੰਦ ਸੀ, ਤਾਂ ਮਾਰਚ 2010 ਦੇ ਪਹਿਲੇ ਹਫ਼ਤੇ ਉਸ ਨੂੰ ਭੂਤਨੇ ਦਾ ਫੋਨ ਆਇਆ ਕਿ ਉਹ ਉਨ੍ਹਾਂ ਦੇ ਪਿੰਡ ਜਾ ਕੇ ਉਸ ਦੀ ਮਾਂ ਦਾ ਹਾਲ ਪੁੱਛੇ। ਇਹ ਵੀ ਕਿਹਾ ਗਿਆ ਸੀ ਕਿ ਉਹ ਪਿਆਰਾ ਸਿੰਘ ਨਾਂ ਦੇ ਵਿਅਕਤੀ ਨੂੰ ਕੁਝ ਕੱਪੜੇ ਦੇ ਕੇ ਉਸ ਕੋਲ ਭੇਜਣਗੇ ਤੇ ਉਹ ਕੱਪੜਿਆਂ ਨੂੰ ਉਸ ਦੇ ਘਰ ਤੱਕ ਪੁੱਜਦਾ ਕਰ ਦੇਵੇ।

ਸੂਰਤ ਸਿੰਘ ਮੁਤਾਬਕ ਜਦੋਂ ਪਿਆਰਾ ਸਿੰਘ ਆਇਆ ਤਾਂ ਉਸ ਕੋਲ ਕੱਪੜਿਆਂ ਦੀ ਥਾਂ ਆਰ.ਡੀ.ਐਕਸ. ਸੀ। ਇਸ ‘ਤੇ ਉਸ ਨੇ ਪੁਲਿਸ ਨੂੰ ਇਤਲਾਹ ਦਿੱਤੀ ਤੇ ਪੁਲਿਸ ਨੇ ਛਾਪਾ ਮਾਰ ਕੇ ਫਿਰੋਜ਼ਪੁਰ ਸਥਿਤ ਪਿਆਰਾ ਸਿੰਘ ਦੇ ਘਰੋਂ ਆਰ. ਡੀ. ਐਕਸ. ਬਰਾਮਦ ਕਰ ਕੇ ਪਿਆਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

## ਦਾਗ਼ੀ ਕਾਨੂੰਨਸਾਜ਼ਾਂ ਦੇ ਬਚਾਓ ਚਾਰਾਜੋਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਫੈਸਲੇ ਨੂੰ ਉਲਟਦਿਆਂ ਰਾਜ ਸਭਾ ’ਚ ਬਿੱਲ ਪੇਸ਼ ਕੀਤਾ ਗਿਆ ਜਿਸ ਤਹਿਤ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੂੰ ਦੋਸ਼ੀ ਕਰਾਰ ਦੇਣ ਤੋਂ ਤੁਰੰਤ ਬਾਅਦ ਅਯੋਗ ਨਹੀਂ ਠਹਿਰਾਇਆ ਜਾ ਸਕੇਗਾ ਹਾਲਾਂਕਿ ਉਨ੍ਹਾਂ ਦੀ ਅਪੀਲ ਦਾ ਨਬੇੜਾ ਹੋਣ ਤਕ ਉਨ੍ਹਾਂ ਨੂੰ ਮੈਂਬਰ ਵਜੋਂ ਵੋਟ ਦਾ ਹੱਕ ਨਹੀਂ ਹੋਵੇਗਾ ਤੇ ਨਾ ਹੀ ਉਹ ਤਨਖਾਹ ਲੈ ਸਕਣਗੇ। ਲੋਕ ਪ੍ਰਤੀਨਿਧਤਾ (ਦੂਜੀ ਸੋਧ ਤੇ ਪੁਸ਼ਟੀਕਰਨ) ਬਿੱਲ ਕਾਨੂੰਨ ਮੰਤਰੀ ਕਪਿਲ ਸਿੱਬਲ ਵੱਲੋਂ ਪੇਸ਼ ਕੀਤਾ ਗਿਆ। ਭਾਜਪਾ ਦੀ ਰੰਗਾਸਾਈ ਰਾਮਕ੍ਰਿਸ਼ਨਾ ਨੇ ਬਿੱਲ ਦਾ ਵਿਰੋਧ ਕੀਤਾ।


**Short Sale Specialist**

**Do you want to sell your home**

*Sacramento, Stockton, Roseville area prices are on rise.*



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Please call me to find out value of your home.**
Listing: 4 bed, 2 bath
in Stockton $189,000
If you want to Buy or Sell

*Call: Sohanpreet ‘Sam’ Chahal*

**@916-612-5773**

visit: www.hudhomestore.com
Serving from Bay Area to Sacramento

**Multi-Million Dollars Producer-2007 to 2011**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707




**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੁਲਿਸ ਮੁਕਾਬਲੇ ਵਾਲੇ ਕੇਸਾਂ ਵਿਚ ਮੋਦੀ ਘਿਰਿਆ

**ਅਹਿਮਦਾਬਾਦ:** ਝੂਠੇ ਪੁਲੀਸ ਮੁਕਾਬਲਿਆਂ ਦੇ ਕੇਸਾਂ ਵਿਚ ਜੇਲ੍ਹ 'ਚ ਬੰਦ ਮੁਅੱਤਲ ਆਈ.ਪੀ.ਐਸ. ਅਫਸਰ ਡੀ.ਜੀ. ਵਨਜ਼ਾਰਾ ਨੇ ਸੇਵਾ ਤੋਂ ਅਸਤੀਫਾ ਦਿੰਦਿਆਂ ਨਰਿੰਦਰ ਮੋਦੀ ਸਰਕਾਰ 'ਤੇ ਦੋਸ਼ ਲਾਇਆ ਕਿ ਇਸ ਨੇ ਜੇਲ੍ਹਾਂ 'ਚ ਬੰਦ ਪੁਲੀਸ ਅਫਸਰਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਹੈ।

1987 ਬੈਚ ਦੇ ਇਸ ਆਈ.ਪੀ.ਐਸ. ਅਫਸਰ ਨੇ ਰਾਜ ਦੇ ਗ੍ਰਹਿ ਮੰਤਰਾਲੇ ਦੇ ਵਧੀਕ ਮੁੱਖ ਸਕੱਤਰ ਨੂੰ 10 ਸਫਿਆਂ ਦਾ ਪੱਤਰ ਭੇਜ ਕੇ ਆਖਿਆ ਕਿ ਝੂਠੇ ਮੁਕਾਬਲਿਆਂ ਦੇ ਕੇਸਾਂ ਵਿਚ ਫਸੇ ਪੁਲੀਸ ਅਫਸਰਾਂ ਨੇ ਸਰਕਾਰ ਦੀ ਨੀਤੀ 'ਤੇ ਅਮਲ ਕੀਤਾ ਸੀ ਅਤੇ ਜੇ ਇਹ ਗਲਤ ਸੀ ਤਾਂ ਸਰਕਾਰ ਦੀ ਥਾਂ ਵੀ ਜੇਲ੍ਹ 'ਚ ਹੋਣੀ ਚਾਹੀਦੀ ਹੈ। ਸਾਬਰਮਤੀ ਜੇਲ੍ਹ 'ਚ ਬੰਦ ਵਨਜ਼ਾਰਾ ਨੇ ਦੋਸ਼ ਲਾਇਆ ਕਿ ਗੁਜਰਾਤ ਦੇ ਸਾਬਕਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਸ ਨਾਲ ਅਤੇ 32 ਹੋਰ ਅਫਸਰਾਂ ਨਾਲ ਧੋਖਾ ਕੀਤਾ ਹੈ। ਵਨਜ਼ਾਰਾ ਨੇ ਲਿਖਿਆ ਕਿ ਉਹ ਮੋਦੀ ਦੀ ਰੱਬ ਵਾਂਗ ਪੂਜਾ



**ਮੁਅੱਤਲ ਵਨਜ਼ਾਰਾ ਨੇ ਲਾਇ ਦੋਸ਼**

ਕਰਦਾ ਰਿਹਾ ਪਰ ਉਹ ਮੋਦੀ ਸ਼ਾਹ ਦੇ 'ਸ਼ੈਤਾਨੀ' ਪ੍ਰਭਾਵ ਤੋਂ ਉਪਰ ਨਹੀਂ ਉਠ ਸਕਿਆ। ਯਾਦ ਰਹੇ ਕਿ ਅਮਿਤ ਸ਼ਾਹ ਖੁਦ ਵੀ ਸੋਹਰਾਬੂਦੀਨ ਸ਼ੇਖ ਅਤੇ ਤੁਲਸੀ ਰਾਮ ਪਰਜਾਪਤੀ ਵਾਲੇ ਝੂਠੇ ਮੁਕਾਬਲਿਆਂ ਦੇ ਕੇਸਾਂ ਵਿਚ ਸਹਿ-ਮੁਲਜ਼ਮ ਹੈ। ਵਨਜ਼ਾਰਾ ਨੇ ਆਪਣੇ ਪੱਤਰ ਵਿਚ ਲਿਖਿਆ, "ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਰਾਈਮ ਬਰਾਂਚ, ਏ.ਟੀ.ਐਸ. ਅਤੇ ਬਾਰਡਰ ਰੇਂਜ ਦੇ ਅਫਸਰਾਂ ਅਤੇ ਜਵਾਨਾਂ ਦੇ ਗੋਧਰਾ ਦੰਗਿਆਂ ਤੋਂ ਬਾਅਦ ਦਹਿਸ਼ਤਵਾਦ ਨੂੰ ਬਿਲਕੁਲ ਬਰਦਾਸ਼ਤ ਨਾ ਕਰਨ ਦੀ ਨੀਤੀ ਤਹਿਤ 2002 ਤੋਂ 2007 ਦੌਰਾਨ ਆਪਣੀ ਡਿਊਟੀ ਨਿਭਾਈ ਅਤੇ ਨੀਤੀ 'ਤੇ ਅਮਲ ਕੀਤਾ ਸੀ।... ਗੁਜਰਾਤ ਸੀ.ਆਈ.ਡੀ. ਅਤੇ ਕੇਂਦਰੀ ਏਜੰਸੀ ਸੀ.ਬੀ.ਆਈ. ਨੇ ਮੁਕਾਬਲਿਆਂ ਦੇ ਵੱਖ-ਵੱਖ ਕੇਸਾਂ ਵਿਚ ਮੈਨੂੰ ਤੇ ਮੇਰੇ ਅਫਸਰਾਂ ਨੂੰ ਗ੍ਰਿਫਤਾਰ ਕੀਤਾ ਅਤੇ ਅਖੌਤੀ ਝੂਠੇ ਮੁਕਾਬਲਿਆਂ ਲਈ ਕਸੂਰਵਾਰ ਠਹਿਰਾਇਆ।... ਜੇ ਇਹ ਸਹੀ ਹੈ ਤਾਂ ਸੀ.ਬੀ.ਆਈ. ਦੇ ਤਫਤੀਸ਼ੀ ਅਫਸਰਾਂ ਨੂੰ ਨੀਤੀ-ਘਾੜਿਆਂ ਨੂੰ ਵੀ ਗ੍ਰਿਫਤਾਰ ਕਰਨਾ ਚਾਹੀਦਾ ਹੈ। ਫੀਲਡ ਅਫਸਰ ਹੋਣ ਦੇ ਨਾਤੇ ਅਸੀਂ ਤਾਂ ਇਸ ਸਰਕਾਰ ਦੀ ਨੀਤੀ ਹੀ ਲਾਗੂ ਕੀਤੀ ਸੀ। ਇਸ ਤਰਕ ਦੇ ਅਨੁਸਾਰ ਮੇਰਾ ਪੱਕਾ ਵਿਚਾਰ ਹੈ ਕਿ ਇਸ ਸਰਕਾਰ ਦੀ ਜਗ੍ਹਾ ਗਾਂਧੀਨਗਰ ਦੀ ਬਜਾਏ ਤਲੋਜਾ ਕੇਂਦਰੀ ਜੇਲ੍ਹ ਨਵੀਂ ਮੁੰਬਈ ਜਾਂ ਸਾਬਰਮਤੀ ਕੇਂਦਰੀ ਜੇਲ੍ਹ ਅਹਿਮਦਾਬਾਦ ਵਿਚ ਹੋਣੀ ਚਾਹੀਦੀ ਹੈ।"

# ਅੰਮ੍ਰਿਤਸਰ ਤੋਂ ਆਸਟਰੇਲੀਆ ਲਈ ਉਡਾਣ ਸ਼ੁਰੂ

**ਰਾਜਾਸਾਂਸੀ:** ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਤੋਂ ਹਵਾਈ ਕੰਪਨੀ ਏਅਰ ਇੰਡੀਆ ਨੇ ਆਸਟਰੇਲੀਆ ਵਿਚ ਵਸੇ ਪੰਜਾਬੀਆਂ ਨੂੰ ਸਹੂਲਤ ਦਿੰਦੇ ਹੋਏ ਹਫਤੇ ਵਿਚ ਚਾਰ ਦਿਨ ਵਾਇਆ ਦਿੱਲੀ ਉਡਾਣ ਸ਼ੁਰੂ ਕਰਕੇ ਇਸ ਹਵਾਈ ਅੱਡੇ ਦੀ ਮਹੱਤਤਾ ਵਿਚ ਹੋਰ ਵਾਧਾ ਕਰ ਦਿੱਤਾ ਹੈ।

ਆਸਟ੍ਰੇਲੀਆ ਦੇ ਵੱਖ-ਵੱਖ ਸ਼ਹਿਰਾਂ ਨਾਲ ਸਬੰਧਤ ਇਥੋਂ 32 ਤੇ ਦਿੱਲੀ ਤੋਂ 200 ਤੋਂ ਵਧੇਰੇ ਯਾਤਰੂਆਂ ਨੂੰ ਲੈ ਕੇ ਉਡਾਣ ਭਰਨ ਵਾਲੀ ਇਸ ਉਡਾਣ ਸਬੰਧੀ ਕੰਪਨੀ ਦੇ ਮੈਨੇਜਰ ਸ਼ਸ਼ੀ ਕਾਂਤ ਨੇ ਦੱਸਿਆ ਕਿ ਏਅਰ ਇੰਡੀਆ ਦੀ ਉਡਾਣ ਨੰਬਰ ਏ.ਆਈ. 115 ਜੋ ਪਹਿਲਾਂ ਬਰਮਿੰਘਮ ਲਈ ਯਾਤਰੂਆਂ ਨੂੰ ਲੈ ਕੇ ਜਾਂਦੀ ਸੀ, ਵਿਚ ਹੀ ਹਫਤੇ ਵਿਚ ਦੋ ਦਿਨ ਸਿਡਨੀ ਤੇ ਦੋ ਹੀ ਦਿਨ ਮੈਲਬਰਨ ਲਈ ਯਾਤਰੂਆਂ ਨੂੰ ਲੈ ਕੇ ਚੱਲਿਆ ਕਰੇਗੀ।

# ਸੀਰੀਆ ਕਾਰਨ ਸੰਸਾਰ ਭਰ ਵਿਚ ਤਣਾਅ

*(ਸਫਾ ਇਕ ਦੀ ਬਾਕੀ)*

ਉਘੇ ਰਿਪਬਲਿਕਨ ਸੈਨੇਟਰ ਜੌਹਨ ਕੋਰਨਿਨ ਨੇ ਕਿਹਾ ਕਿ ਓਬਾਮਾ ਨੂੰ ਕਾਂਗਰਸ ਵਿਚ ਇਹ ਦੱਸਣਾ ਪਵੇਗਾ ਕਿ ਅਮਰੀਕਾ ਦੇ ਕਿਹੜੇ ਅਹਿਮ ਹਿੱਤ ਦਾਅ 'ਤੇ ਲੱਗ ਗਏ ਹਨ ਜਿਸ ਕਰ ਕੇ ਅਮਰੀਕਾ ਸੀਰੀਆ ਖਿਲਾਫ ਫੌਜੀ ਕਾਰਵਾਈ ਕਰਨਾ ਚਾਹੁੰਦਾ ਹੈ। ਭਾਰਤ ਨੇ ਵੀ ਸੀਰੀਆ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੀ ਫੌਜੀ ਕਾਰਵਾਈ ਦਾ ਵਿਰੋਧ ਕੀਤਾ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਤਰਜਮਾਨ ਸਈਅਦ ਅਕਬਰ-ਉਦ-ਦੀਨ ਨੇ ਕਿਹਾ ਕਿ ਇਸ ਟਕਰਾਅ ਦਾ ਕੋਈ ਫ਼ੌਜੀ ਹੱਲ ਨਹੀਂ ਕੱਢਿਆ ਜਾ ਸਕਦਾ। ਭਾਰਤ ਦਾ ਇਹ ਬਿਆਨ ਉਸ ਸਮੇਂ ਆਇਆ ਜਦੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਰੂਸ ਵਿਚ ਹੋਣ ਵਾਲੇ ਜੀ-20 ਸਿਖਰ ਸੰਮੇਲਨ ਵਿਚ ਹਿੱਸਾ ਲੈਣ ਲਈ ਰਵਾਨਾ ਹੋਏ।

ਜ਼ਿਕਰਯੋਗ ਹੈ ਕਿ ਓਬਾਮਾ ਨਾਲ ਹੋਈ ਮੀਟਿੰਗ ਵਿਚ ਵਿਦੇਸ਼ ਮੰਤਰੀ ਜੋਨ ਕੇਰੀ ਨੇ ਸਪਸ਼ਟ ਕੀਤਾ ਕਿ ਅਮਰੀਕਾ ਸੀਰੀਆ 'ਤੇ ਹਮਲੇ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਤੋਂ ਮਨਜ਼ੂਰੀ ਮਿਲਣ ਦੀ ਉਡੀਕ ਨਹੀਂ ਕਰੇਗਾ, ਕਿਉਂਕਿ ਰੂਸ ਇਸ ਵਿਚ ਅੜਿੱਕਾ ਜ਼ਰੂਰ ਪਾਵੇਗਾ। ਉਧਰ, ਅਰਬ ਲੀਗ ਦੇ ਕੌਮਾਂਤਰੀ ਦੂਤ ਲਖਦਰ ਬ੍ਰਹਮੀ ਨੇ ਸਪੱਸ਼ਟ ਕਿਹਾ ਹੈ ਕਿ ਸੀਰੀਆ ਖ਼ਿਲਾਫ਼ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਪ੍ਰਵਾਨਗੀ ਬਗੈਰ ਫੌਜੀ ਦਖ਼ਲਅੰਦਾਜ਼ੀ ਨਹੀਂ ਕੀਤੀ ਜਾ ਸਕਦੀ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ-ਮੂਨ ਨੇ ਸੀਰੀਆ ਵਿਚ ਕਾਰਵਾਈ ਦੇ ਮੁੱਦੇ 'ਤੇ ਵੰਡੀ ਹੋਈ ਯੂ.ਐਨ ਸੁਰੱਖਿਆ ਕੌਂਸਲ ਨੂੰ ਸੱਦਾ ਦਿੱਤਾ ਹੈ ਕਿ ਇਸ ਕੌਮਾਂਤਰੀ ਸੰਕਟ ਦੇ ਮੁੱਦੇ ਉੱਪਰ ਇਕਮੁੱਠ ਹੋ ਕੇ ਸ਼ਾਂਤੀ ਲਈ ਉਪਰਾਲੇ ਕਰੇ।

ਇਰਾਨ ਸਰਕਾਰ ਨੇ ਧਮਕੀ ਦਿੱਤੀ ਹੈ ਕਿ ਜੇ ਸੀਰੀਆ ਖ਼ਿਲਾਫ਼ ਫੌਜੀ ਕਾਰਵਾਈ ਕੀਤੀ ਗਈ ਤਾਂ ਖੇਤਰ ਵਿਚ ਅਸਥਿਰਤਾ ਦਾ ਮਾਹੌਲ ਬਣ ਜਾਏਗਾ। ਰੂਸ ਨੇ ਵੀ ਸਪਸ਼ਟ ਕੀਤਾ ਹੈ ਕਿ ਫੌਜੀ ਕਾਰਵਾਈ ਸੀਰੀਆ ਮਸਲੇ ਦਾ ਹੱਲ ਨਹੀਂ। ਅਮਰੀਕਾ ਨੂੰ ਸੀਰੀਆ ਖ਼ਿਲਾਫ਼ ਫ਼ੌਜੀ ਕਾਰਵਾਈ ਵਿਚ ਸਾਥ ਦਾ ਭਰੋਸਾ ਦੇਣ ਵਾਲੇ ਬਰਤਾਨੀਆ ਨੇ ਵੀ ਹੱਥ ਪਿੱਛੇ ਖਿੱਚ ਲਏ ਹਨ।

# ਅਕਾਲੀ ਦਲ ਦੀ ਡੋਰ ਫਿਰ ਸੁਖਬੀਰ ਬਾਦਲ ਦੇ ਹੱਥ

*(ਸਫਾ ਇਕ ਦੀ ਬਾਕੀ)*

ਚੋਣਾਂ ਦੇ ਅਮਲ ਨੂੰ ਨੇਪਰੇ ਚਾੜ੍ਹਦੀ ਹੈ। ਅਕਾਲੀ ਦਲ ਵੱਲੋਂ ਅਜਿਹੀ ਕੋਈ ਚੋਣ ਕਮੇਟੀ ਨਹੀਂ ਬਣਾਈ ਗਈ। ਇਸ ਵਾਰ ਪ੍ਰਧਾਨ ਦੀ ਚੋਣ ਲਈ 445 ਡੈਲੀਗੇਟਾਂ ਦੀ ਚੋਣ ਕੀਤੀ ਗਈ। ਇਨ੍ਹਾਂ ਡੈਲੀਗੇਟਾਂ ਵਿਚ ਪਾਰਟੀ ਦੀ ਪਹਿਲੀ ਕਤਾਰ ਦੀ ਸਮੁੱਚੀ ਲੀਡਰਸ਼ਿਪ, ਸੰਸਦ ਮੈਂਬਰ, ਵਿਧਾਇਕ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੈਂਬਰ ਸ਼ਾਮਲ ਸਨ।

ਵੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਵਿਚ ਆਮ ਤੌਰ 'ਤੇ ਰਵਾਇਤ ਰਹੀ ਹੈ ਕਿ ਸਾਰੇ ਅਧਿਕਾਰ ਪਾਰਟੀ ਪ੍ਰਧਾਨ ਨੂੰ ਹੀ ਦੇ ਦਿੱਤੇ ਜਾਂਦੇ ਹਨ। ਸ਼੍ਰੋਮਣੀ ਅਕਾਲੀ ਦਲ ਵਿਚ ਕੋਰ ਕਮੇਟੀ, ਰਾਜਸੀ ਮਾਮਲਿਆਂ ਬਾਰੇ ਕਮੇਟੀ, ਜਨਰਲ ਕੌਂਸਲ, ਵਰਕਿੰਗ ਕਮੇਟੀ ਤੇ ਵੱਖ ਵੱਖ ਵਿੰਗ ਹਨ, ਪਰ ਇਨ੍ਹਾਂ ਦੀ ਕੋਈ ਵੁਕਅਤ ਨਹੀਂ ਹੈ। ਕੋਰ ਕਮੇਟੀ ਦੀ ਮੀਟਿੰਗ ਸਾਲ ਵਿਚ ਤਿੰਨ ਕੁ ਵਾਰੀ ਹੁੰਦੀ ਹੈ। ਪਾਰਟੀ ਦੀਆਂ ਬਾਕੀ ਕਮੇਟੀਆਂ ਦੀਆਂ ਮੀਟਿੰਗ ਤਾਂ ਪਾਰਟੀ ਪ੍ਰਧਾਨ ਵੱਲੋਂ ਚੋਣਾਂ ਦੇ ਸਮੇਂ ਸਾਲ ਵਿਚ ਮਹਿਜ਼ ਇਕ ਵਾਰੀ ਹੀ ਕੀਤੀ ਜਾਂਦੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ ਦੀ ਕਿਸੇ ਸਮੇਂ ਮਹੱਤਤਾ ਹੁੰਦੀ ਸੀ, ਪਰ ਹੁਣ ਰਾਜਸੀ ਮਾਮਲਿਆਂ ਬਾਰੇ ਕਮੇਟੀ ਵੀ ਬੇਅਸਰ ਹੈ। ਟਕਸਾਲੀ ਆਗੂਆਂ ਦਾ ਕਹਿਣਾ ਹੈ ਕਿ ਇਸ ਵੇਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਸੀ ਸਲਾਹ-ਮਸ਼ਵਰੇ ਨਾਲ ਸਿਆਸੀ ਫੈਸਲੇ ਕਰਦੇ ਹਨ। ਇਸ ਲਈ ਕਿਸੇ ਕਮੇਟੀ ਦੀ ਮੀਟਿੰਗ ਦੀ ਤਾਂ ਜ਼ਰੂਰਤ ਹੀ ਨਹੀਂ ਸਮਝੀ ਜਾਂਦੀ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਪੰਥਕ ਚੋਲਾ ਲਾਹ ਕੇ 1996 ਵਿਚ ਹੀ ਪੰਜਾਬੀ ਪਾਰਟੀ ਵਜੋਂ ਪੇਸ਼ ਕੀਤਾ ਸੀ, ਪਰ ਇਸ ਵਾਰੀ ਵਿਸ਼ੇਸ਼ ਤੌਰ 'ਤੇ ਹਿੰਦੂਆਂ ਅਤੇ ਦਲਿਤਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਬਣਾਉਣ ਦੀ ਉਚੇਚੀ ਮੁਹਿੰਮ ਚਲਾਈ ਗਈ। ਪਾਰਟੀ ਵੱਲੋਂ 2012 ਦੀਆਂ ਚੋਣਾਂ ਦੌਰਾਨ ਪਹਿਲੀ ਵਾਰੀ ਵੱਡੀ ਪੱਧਰ 'ਤੇ ਹਿੰਦੂ ਵਰਗ ਨਾਲ ਸਬੰਧਤ ਵਿਅਕਤੀਆਂ ਨੂੰ ਟਿਕਟਾਂ ਦਿੱਤੀਆਂ ਗਈਆਂ ਤੇ ਉਹ ਜਿੱਤਣ ਵਿਚ ਕਾਮਯਾਬ ਵੀ ਰਹੇ।

ਬਜ਼ੁਰਗ ਅਕਾਲੀ ਆਗੂ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਨੁਮਾਇੰਦੇ ਜਸਵੰਤ ਸਿੰਘ ਮਾਨ ਨੇ ਆਖਿਆ ਕਿ ਇਹ ਤਾਨਾਸ਼ਾਹ ਚੋਣ ਪ੍ਰਣਾਲੀ ਹੈ ਜਿਸ ਵਿਚ ਕੋਈ ਵੀ ਆਪਣੀ ਵੱਖਰੀ ਰਾਏ ਨਹੀਂ ਰੱਖ ਸਕਦਾ। ਸ਼੍ਰੋਮਣੀ ਅਕਾਲੀ ਦਲ ਦੇ 445 ਡੈਲੀਗੇਟਾਂ ਵਿਚੋਂ ਤਕਰੀਬਨ 350 ਡੈਲੀਗੇਟ ਦੂਰੋਂ ਨੇੜਿਓਂ ਆਪਸੀ ਰਿਸ਼ਤੇਦਾਰ ਹਨ। ਸ਼੍ਰੋਮਣੀ ਅਕਾਲੀ ਦਲ ਹੁਣ ਰਵਾਇਤੀ ਸਿੱਖ ਪਾਰਟੀ ਵੀ ਨਹੀਂ ਰਹੀ ਤੇ ਇਸ ਵਿਚ ਵੱਖ ਵੱਖ ਧਰਮਾਂ ਤੇ ਵਿਚਾਰਧਾਰਾ ਵਾਲੇ ਲੋਕ ਸ਼ਾਮਲ ਹਨ।

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਤੇ ਬਜ਼ੁਰਗ ਆਗੂ ਕੁਲਵੰਤ ਸਿੰਘ ਜਿਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਪ੍ਰਧਾਨਾਂ ਦੀਆਂ ਚੋਣਾਂ ਇਥੇ ਹੁੰਦੀਆਂ ਦੇਖੀਆਂ, ਨੇ ਆਖਿਆ ਕਿ ਪਹਿਲਾਂ ਤੇ ਹੁਣ ਦੀ ਚੋਣ ਵਿਚ ਵੱਡਾ ਫਰਕ ਹੈ। ਚੋਣ ਭਾਵੇਂ ਪਹਿਲਾਂ ਵੀ ਸਰਬਸੰਮਤੀ ਨਾਲ ਹੀ ਹੁੰਦੀ ਸੀ, ਪਰ ਉਦੋਂ ਡੈਲੀਗੇਟਾਂ ਦੀ ਆਜ਼ਾਦ ਤੇ ਨਿਰਪੱਖ ਰਾਏ ਲਈ ਜਾਂਦੀ ਸੀ। ਉਸ ਵੇਲੇ ਪ੍ਰਧਾਨਗੀ ਲਈ ਉਮੀਦਵਾਰ ਵੀ ਕਈ ਆਗੂ ਹੁੰਦੇ ਸਨ, ਪਰ ਚੋਣ ਸਰਬਸੰਮਤੀ ਨਾਲ ਇਕ ਆਗੂ ਦੀ ਹੀ ਹੁੰਦੀ ਸੀ ਜਦੋਂਕਿ ਹੁਣ ਪ੍ਰਧਾਨਗੀ ਲਈ ਉਮੀਦਵਾਰ ਹੀ ਇਕ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਤੇ ਸੀਨੀਅਰ ਅਕਾਲੀ ਆਗੂ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਪਾਰਟੀ ਵਿਚ ਅੰਦਰੂਨੀ ਜਮਹੂਰੀਅਤ ਖਤਮ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਪਾਰਟੀ ਉਤੇ ਇਕ ਤਰ੍ਹਾਂ ਨਾਲ ਕਬਜ਼ਾ ਕਰ ਲਿਆ ਹੈ। ਆਮ ਵਰਕਰ ਦੀ ਪਾਰਟੀ ਵਿਚ ਕੋਈ ਪੁੱਛ-ਪ੍ਰਤੀਤ ਨਹੀਂ ਹੈ। ਸਭ ਕੁਝ ਬਾਦਲਾਂ ਦੇ ਹੀ ਹੱਥ ਹੈ।

# ਸ਼੍ਰੋਮਣੀ ਅਕਾਲੀ ਦਲ ਵੱਲੋਂ 10 ਮਤੇ ਪਾਸ

*(ਸਫਾ ਇਕ ਦੀ ਬਾਕੀ)*

ਕੀਤੇ ਗਏ। ਇਸ ਮਤੇ ਰਾਹੀਂ ਮੰਗ ਕੀਤੀ ਗਈ ਕਿ ਦੇਸ਼ ਦੀ ਖੁਸ਼ਹਾਲੀ, ਤਰੱਕੀ ਤੇ ਵਾਧੇ ਦੀ ਇਕੋ-ਇਕ ਕੁੰਜੀ ਦੇਸ਼ ਵਿਚ ਸੰਘੀ ਢਾਂਚੇ ਨੂੰ ਅਮਲ ਵਿਚ ਲਿਆਉਣਾ ਹੈ। ਇਕੱਠ ਵਲੋਂ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਕਿ ਪੰਜਾਬ ਦੀਆਂ ਹੱਕੀ ਮੰਗਾਂ ਜਿਨ੍ਹਾਂ ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ, ਦਰਿਆਈ ਪਾਣੀਆਂ ਦਾ ਮਸਲਾ ਰੀਪੇਅਰੀਅਨ ਕਾਨੂੰਨ ਮੁਤਾਬਿਕ ਨਿਬੇੜਨਾ ਸ਼ਾਮਲ ਹੈ, ਨੂੰ ਤੁਰੰਤ ਹੱਲ ਕੀਤਾ ਜਾਵੇ।

ਬੀਬੀ ਜਗੀਰ ਕੌਰ ਨੇ ਇਕ ਮਤੇ ਰਾਹੀਂ ਆਖਿਆ ਕਿ ਸਿੱਖਾਂ ਨੂੰ 1984 ਦੇ ਸਿੱਖ ਕਤਲੇਆਮ ਦਾ ਨਿਆਂ ਹੁਣ ਤੱਕ ਨਹੀਂ ਮਿਲਿਆ, ਪੀੜਤ ਪਰਿਵਾਰਾਂ ਨੂੰ ਤੁਰੰਤ ਨਿਆਂ ਦਿੱਤਾ ਜਾਵੇ ਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਈ ਜਾਵੇ। ਇਕੱਠ ਨੇ ਕੇਂਦਰ ਸਰਕਾਰ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਦਾ ਵੀ ਦੋਸ਼ ਲਾਇਆ ਗਿਆ। ਵਿਦੇਸ਼ਾਂ ਵਿਚ ਸਿੱਖਾਂ 'ਤੇ ਹੋ ਰਹੇ ਹਮਲਿਆਂ 'ਤੇ ਚਿੰਤਾ ਦਾ ਪ੍ਰਗਟਾਉਂਦਿਆਂ ਦੋਸ਼ ਲਾਇਆ ਗਿਆ ਕਿ ਕੇਂਦਰ ਸਰਕਾਰ ਸਿੱਖ ਕੌਮ 'ਤੇ ਹੋ ਰਹੇ ਇਨ੍ਹਾਂ ਹਮਲਿਆਂ 'ਤੇ ਸਪੱਸ਼ਟ ਸਟੈਂਡ ਲੈਣ ਤੋਂ ਵੀ ਅਸਫਲ ਰਹੀ ਹੈ।

ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਹੋਈ ਪਾਰਟੀ ਦੀ ਜਿੱਤ ਲਈ ਸਮੂਹ ਪੰਜਾਬੀਆਂ ਦੇ ਧੰਨਵਾਦ ਦਾ ਮਤਾ ਪੇਸ਼ ਕਰਦੇ ਕਿਹਾ ਕਿ ਪਾਰਟੀ ਦੀ ਇਸ ਜਿੱਤ ਦਾ ਸਿਹਰਾ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜਾਂਦਾ ਹੈ। ਇਕ ਹੋਰ ਮਤੇ ਰਾਹੀਂ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ 'ਗਰੀਬ ਮਾਰੂ' ਨੀਤੀਆਂ ਦੀ ਨਿੰਦਾ ਕੀਤੀ ਗਈ। ਦਲ ਨੇ ਦੋਸ਼ ਲਾਇਆ ਕਿ ਕੇਂਦਰ ਪੰਜਾਬ ਦੇ ਗੁਆਂਢੀ ਰਾਜਾਂ ਨੂੰ ਸਨਅਤੀ ਖੇਤਰ ਵਿਚ ਤਰਜੀਹਾਂ ਦੇ ਕੇ ਪੰਜਾਬ ਨਾਲ ਸਿੱਧਾ ਆਰਥਿਕ ਵਿਤਕਰਾ ਕਰ ਰਿਹਾ ਹੈ। ਇਕ ਹੋਰ ਮਤੇ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਦੀ ਧਾਰਾ 3 ਏ ਵਿਚ ਸੋਧ ਕਰਦਿਆਂ ਮੈਂਬਰਸ਼ਿਪ ਦੀ ਫੀਸ ਪੰਜ ਰੁਪਏ ਤੋਂ ਵਧਾ ਕੇ ਦਸ ਰੁਪਏ ਕੀਤੀ ਗਈ ਹੈ।

ਇਸੇ ਤਰ੍ਹਾਂ ਡੈਲੀਗੇਟਾਂ ਦੀ ਗਿਣਤੀ 445 ਤੋਂ ਵਧਾ ਕੇ 468 ਕਰਨ ਦਾ ਫੈਸਲਾ ਵੀ ਕੀਤਾ ਗਿਆ। ਇਸ ਫੈਸਲੇ ਤਹਿਤ ਹਰੇਕ ਵਿਧਾਨ ਸਭਾ ਹਲਕੇ ਵਿਚ ਚਾਰ ਡੈਲੀਗੇਟ ਹੋਣਗੇ। ਪਹਿਲਾਂ ਹਲਕਿਆਂ ਮੁਤਾਬਕ ਡੈਲੀਗੇਟਾਂ ਦੀ ਗਿਣਤੀ ਇਕਸਾਰ ਨਹੀਂ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# TRUCK STOP FOR SALE
## in California with Approved Hotel Site

Seller retiring after 30 years. Excellent opportunity to buy well established highway Location with approved lot to build a hotel in almost 13 acres. Newly renovated 10,000 Sq. feet building has Restaurant, Store, Shower, Laundromat, Massage Place, Sign Shop & also Truck Tire & Repair Shop, Truck wash, Propane, Cat Scale & 150 Truck Parking Space. New Digital Remote control Price Signs. Priced only for $6.9 Million. Please only serious & Qualified Buyers with good financials

Contact
**Jessie Brar**
**661-301-7955**
E-mail : jessiebrar@sbcglobal.net
Star Real Estate & Development
Lic#01243878




ਪੰਜਾਬ ਦੇ ਪ੍ਰਸਿਧ ਲੋਕ ਗਾਇਕ ਮੁਹੰਮਦ ਸਦੀਕ ਰੇਡੀਓ ਚੜ੍ਹਦੀ ਕਲਾ ਦੇ ਸਟੂਡੀਓ ਆਏ। ਤਸਵੀਰ ਵਿਚ ਉਹ ਗੁਰਚਰਨ ਮਾਨ, ਲਖਬੀਰ ਸਿੰਘ ਅਤੇ ਰੇਡੀਓ ਦੀ ਟੀਮ ਦੇ ਹੋਰ ਮੈਂਬਰਾਂ ਨਾਲ।


*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*



# Are You Tired Of All Treatments?
## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

**Homeopathic natural medicines supply**


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
## National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



**Gurbans Singh Gill**
Realtor
DRE#01227109
15 Years Experiance in Real Estate
e-mail: gurbans@gotracy.com
www.gurbansgill.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**

# ਸੁਖਬੀਰ ਸਿੰਘ ਬਾਦਲ ਦੀ ਆਰਥਿਕ ਰਣਨੀਤੀ ਹੋਈ ਢਹਿ ਢੇਰੀ

## ਟੈਕਸ ਵਸੂਲੀ ਵਿਚ ਵੀ ਪਛੜੀ ਪੰਜਾਬ ਸਰਕਾਰ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੀ ਆਰਥਿਕ ਰਣਨੀਤੀ ਢਹਿ ਢੇਰੀ ਹੋ ਗਈ ਹੈ ਜਿਸ ਕਰਕੇ ਪੰਜਾਬ ਸਰਕਾਰ ਟੈਕਸ ਵਸੂਲੀ ਵਿਚ ਬੁਰੀ ਤਰ੍ਹਾਂ ਪਛੜ ਗਈ ਹੈ। ਚਲੰਤ ਮਾਲੀ ਸਾਲ ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਕਾਰਾਂ ਦੀ ਖਰੀਦ ਤੇ ਐਂਟਰੀ ਟੈਕਸ ਤੋਂ ਵਸੂਲੀ ਵਿਚ ਗਿਰਾਵਟ 14 ਫੀਸਦੀ ਤੱਕ ਪਹੁੰਚ ਗਈ ਹੈ। ਸੂਬਾ ਸਰਕਾਰ ਨੇ ਕਾਰਾਂ ਦੀ ਵਸੂਲੀ ਵਿਚ ਵਾਧੇ ਦਾ ਟੀਚਾ 20 ਫੀਸਦੀ ਮਿਥਿਆ ਸੀ ਜੋ 12 ਫੀਸਦੀ ਤੱਕ ਹੀ ਪਹੁੰਚ ਸਕਿਆ ਹੈ। ਜੁਲਾਈ ਤੱਕ ਕਾਰਾਂ ਤੋਂ ਟੈਕਸ ਦੀ ਵਸੂਲੀ ਪਿਛਲੇ ਸਾਲ 536 ਕਰੋੜ ਰੁਪਏ ਤੇ ਐਤਕੀਂ 494 ਕਰੋੜ ਰੁਪਏ ਹੈ।

ਕਰ ਤੇ ਆਬਕਾਰੀ ਵਿਭਾਗ ਤੋਂ ਪ੍ਰਾਪਤ ਅੰਕੜਿਆਂ ਮੁਤਾਬਕ ਕਾਰਾਂ ਦੀ ਵਿਕਰੀ ਤੋਂ ਅਪਰੈਲ, ਮਈ ਤੇ ਜੂਨ ਮਹੀਨਿਆਂ ਦੌਰਾਨ ਸੱਤ ਫੀਸਦੀ ਤੱਕ ਦਾ ਘਾਟਾ ਸੀ ਜੋ ਵਧ ਕੇ 13 ਫੀਸਦੀ ਤੱਕ ਪਹੁੰਚ ਗਿਆ ਹੈ। ਸੂਬਾ ਸਰਕਾਰ ਇਸ ਸਮੇਂ ਗੰਭੀਰ ਮਾਲੀ ਸੰਕਟ ਦਾ ਸ਼ਿਕਾਰ ਹੈ। ਵਿੱਤ ਵਿਭਾਗ ਸਿਰਫ਼ ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਲਈ ਕੇਂਦਰ ਤੋਂ ਆਈ 1400 ਕਰੋੜ ਰੁਪਏ ਦੀ ਰਕਮ ਵਿਚੋਂ 800 ਕਰੋੜ ਰੁਪਏ ਹੀ ਜਾਰੀ ਕਰ ਸਕਿਆ ਹੈ। ਵਿਕਾਸ ਕਾਰਜਾਂ ਲਈ ਵਿੱਤ ਵਿਭਾਗ ਕੋਲ ਧੇਲਾ ਵੀ ਨਹੀਂ ਹੈ। ਸਰਕਾਰ ਦੀ ਸਾਰੀ ਟੇਕ ਹੁਣ ਅਕਤੂਬਰ ਮਹੀਨੇ ਤੋਂ ਸ਼ੁਰੂ ਹੋਣ ਵਾਲੇ ਤਿਉਹਾਰਾਂ ਤੇ ਵਿਆਹਾਂ-ਸ਼ਾਦੀਆਂ ਦੇ ਸੀਜ਼ਨ 'ਤੇ ਲੱਗੀ ਹੋਈ ਹੈ ਜਦੋਂ ਖਰੀਦੋ-ਫਰੋਖਤ ਵਧਣ ਨਾਲ ਟੈਕਸਾਂ ਦੀ ਵਸੂਲੀ ਵਧੇਗੀ। ਕਾਰਾਂ ਦੀ ਖਰੀਦ ਤੋਂ ਆਉਂਦੇ ਕਰਾਂ ਤੇ ਐਂਟਰੀ ਟੈਕਸ ਦੀ ਵਸੂਲੀ ਵਿਚ ਕਮੀ ਨੇ ਪੰਜਾਬ ਸਰਕਾਰ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਸੂਤਰਾਂ ਮੁਤਾਬਕ ਜੁਲਾਈ ਮਹੀਨੇ ਦੌਰਾਨ ਕਾਰਾਂ ਦੀ ਖਰੀਦ ਤੋਂ 120 ਕਰੋੜ ਰੁਪਏ ਦਾ ਟੈਕਸ ਆਇਆ ਜਦੋਂਕਿ ਪਿਛਲੇ ਸਾਲ ਇਹ ਵਸੂਲੀ 140 ਕਰੋੜ ਰੁਪਏ ਸੀ।



ਇਸੇ ਤਰ੍ਹਾਂ ਐਂਟਰੀ ਟੈਕਸ ਤੋਂ ਪਿਛਲੇ ਸਾਲ ਜੁਲਾਈ ਮਹੀਨੇ ਜੇਕਰ 154 ਕਰੋੜ ਰੁਪਏ ਦੀ ਵਸੂਲੀ ਹੋਈ ਤਾਂ ਇਸ ਵਾਰੀ 121 ਕਰੋੜ ਰੁਪਏ ਹੀ ਸਰਕਾਰੀ ਖ਼ਜ਼ਾਨੇ ਵਿਚ ਆਏ। ਐਂਟਰੀ ਟੈਕਸ ਤੋਂ ਆਉਣ ਵਾਲੇ ਕਰਾਂ ਵਿਚ ਪਹਿਲੀ ਤਿਮਾਹੀ ਦੌਰਾਨ ਛੇ ਫੀਸਦੀ ਦੀ ਗਿਰਾਵਟ ਆਈ ਜੋ ਵਧ ਕੇ ਤਕਰੀਬਨ 15 ਫੀਸਦੀ ਪਹੁੰਚ ਗਈ ਹੈ। ਜੁਲਾਈ ਮਹੀਨੇ ਦੌਰਾਨ ਵੈਟ ਦੀ ਕੁੱਲ ਵਸੂਲੀ 1286 ਕਰੋੜ ਰੁਪਏ ਸੀ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਸਿਰਫ਼ 12.4 ਫੀਸਦੀ ਹੀ ਵਧ ਸਕੀ। ਸਰਕਾਰ ਨੇ ਟੀਚਾ 20 ਫੀਸਦੀ ਵਾਧੇ ਦਾ ਮਿਥਿਆ ਹੋਇਆ ਹੈ। ਸਰਕਾਰੀ ਖਰਚੇ 15 ਫੀਸਦੀ ਤੱਕ ਵਧਣ ਦਾ ਅਨੁਮਾਨ ਹੈ।

ਇਸ ਤਰ੍ਹਾਂ ਆਮਦਨ ਤੇ ਖਰਚ ਵਿਚਲਾ ਪਾੜਾ ਹੋਰ ਵਧੇਗਾ। ਪੰਜਾਬ ਵਿਚ ਵਾਹਨਾਂ ਦੀ ਬਹੁਤਾਤ ਕਾਰਨ ਪੈਟਰੋਲ ਤੇ ਡੀਜ਼ਲ ਦੀ ਖਪਤ ਵਿਚ ਵੀ ਹਰ ਸਾਲ ਰਿਕਾਰਡ ਵਾਧਾ ਹੋਣ ਕਾਰਨ ਵੈਟ ਦੀ ਭਾਰੀ ਵਸੂਲੀ ਹੁੰਦੀ ਸੀ। ਹੁਣ ਇਸ ਖੇਤਰ ਵਿਚਲਾ ਵਾਧਾ ਵੀ ਸਰਕਾਰ ਨੂੰ ਨਿਰਾਸ਼ ਕਰਨ ਵਾਲਾ ਹੈ। ਪੰਜਾਬ ਦੇ ਕਰ ਤੇ ਆਬਕਾਰੀ ਵਿਭਾਗ ਤੋਂ ਪ੍ਰਾਪਤ ਅੰਕੜਿਆਂ ਮੁਤਾਬਕ ਇਸ ਸਾਲ ਦੌਰਾਨ ਕਣਕ ਤੋਂ ਵੈਟ ਦੀ ਵਸੂਲੀ 721 ਕਰੋੜ ਰੁਪਏ ਹੋਈ ਜੋ ਪਿਛਲੇ ਸਾਲ 779.22 ਕਰੋੜ ਰੁਪਏ ਸੀ। ਇਹ ਘਾਟਾ ਸੱਤ ਫੀਸਦੀ ਤੱਕ ਦਾ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਸਾਲ 2011-12 ਦੌਰਾਨ ਕਣਕ ਤੋਂ ਵੈਟ ਦੀ ਵਸੂਲੀ 551.7 ਕਰੋੜ ਰੁਪਏ ਦੇ ਮੁਕਾਬਲੇ ਸਾਲ 2012-13 ਵਿਚ 779.22 ਕਰੋੜ ਰੁਪਏ ਹੋਈ ਸੀ ਜੋ 41.4 ਫੀਸਦੀ ਦਾ ਵਾਧਾ ਮੰਨਿਆ ਗਿਆ ਸੀ। ਪੰਜਾਬ ਵਿਚ ਕਾਰਾਂ ਦੀ ਵਿਕਰੀ ਤੋਂ ਸਾਲ 2011-12 ਦੌਰਾਨ 301.38 ਕਰੋੜ ਤੇ ਸਾਲ 2012-13 ਦੌਰਾਨ 31.4 ਫੀਸਦੀ ਦੇ ਵਾਧੇ ਨਾਲ 396.11 ਕਰੋੜ ਰੁਪਏ ਮਿਲੇ। ਇਸ ਸਾਲ ਕਾਰਾਂ ਦੀ ਖਰੀਦ ਤੋਂ ਕਰ 374.81 ਕਰੋੜ ਰੁਪਏ ਆਇਆ ਜੋ 5.4 ਫੀਸਦੀ ਦਾ ਘਾਟਾ ਸੀ ਜੋ 13 ਫੀਸਦੀ ਤੱਕ ਪਹੁੰਚ ਗਿਆ। ਰਜਿਸਟਰੀ ਫੀਸ, ਕੁਲੈਕਟਰ ਰੇਟਾਂ ਵਿਚ ਵਾਧਾ ਕਰਨ ਦੇ ਬਾਵਜੂਦ ਰਜਿਸਟਰੀਆਂ ਤੋਂ ਕਮਾਈ ਪਿਛਲੇ ਸਾਲ ਨਾਲੋਂ ਵਧ ਨਹੀਂ ਸਕੀ। ਉਧਰ ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਾਲ ਸਰਕਾਰ ਲਈ ਵਿੱਤੀ ਸੰਕਟ ਵਾਲਾ ਰਹੇਗਾ। ਇਸ ਲਈ ਸਰਕਾਰ ਨੂੰ ਖਰਚਿਆਂ ਵਿਚ ਕਟੌਤੀ ਕਰਨੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਸਰਕਾਰ ਨੇ 38 ਕਰੋੜ ਰੁਪਏ ਦਾ ਨਵਾਂ ਹੈਲੀਕਾਪਟਰ ਪਿਛਲੇ ਮਹੀਨਿਆਂ ਦੌਰਾਨ ਖਰੀਦਿਆ ਹੈ ਤੇ ਹੁਣ ਸਰਕਾਰ ਵੱਲੋਂ ਜਹਾਜ਼ ਖਰੀਦਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਸਿਰ ਇਸ ਸਮੇਂ 87517.70 ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਕਰਜ਼ੇ 'ਤੇ 9300 ਕਰੋੜ ਰੁਪਏ ਹਰ ਸਾਲ ਸਿਰਫ਼ ਵਿਆਜ ਅਦਾ ਕਰਨਾ ਪੈਂਦਾ ਹੈ। ਇਨ੍ਹਾਂ ਚਾਰਾਂ ਮਹੀਨਿਆਂ ਦੌਰਾਨ ਇਸ ਵਿਆਜ ਦੀ ਰਕਮ ਵਿਚੋਂ 3500 ਕਰੋੜ ਰੁਪਏ ਦਾ ਵਿਆਜ, 1700 ਕਰੋੜ ਰੁਪਏ ਬਿਜਲੀ ਸਬਸਿਡੀ ਦੇ ਅਦਾ ਕੀਤੇ ਹਨ। ਸਰਕਾਰ ਨੇ ਮੁਲਾਜ਼ਮਾਂ ਨੂੰ 1000 ਕਰੋੜ ਰੁਪਏ ਤਨਖਾਹ ਕਮਿਸ਼ਨ ਦੇ ਬਕਾਇਆਂ ਵਜੋਂ ਅਦਾ ਕਰਨੇ ਹਨ। ਇਸੇ ਤਰ੍ਹਾਂ ਮਹਿੰਗਾਈ ਭੱਤਿਆਂ ਦੀਆਂ ਕਿਸ਼ਤਾਂ ਦਾ ਬੋਝ ਵੀ 1800 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਸਰਕਾਰ ਮੁਲਾਜ਼ਮਾਂ ਦੀ 2800 ਕਰੋੜ ਰੁਪਏ ਦੀ ਕਰਜ਼ਾਈ ਹੈ।

### ਅਕਤੂਬਰ ਵਿਚ ਹਾਲਾਤ ਸੁਧਰਨ ਦੀ ਉਮੀਦ

**ਚੰਡੀਗੜ੍ਹ:** ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਅਕਤੂਬਰ ਮਹੀਨੇ ਤੋਂ ਸਰਕਾਰ ਦੀ ਮਾਲੀ ਹਾਲਤ ਵਿਚ ਸੁਧਾਰ ਆਉਣ ਦੀ ਉਮੀਦ ਹੈ ਕਿਉਂਕਿ ਇਸ ਮਹੀਨੇ ਤੋਂ ਤਿਉਹਾਰ ਤੇ ਵਿਆਹ-ਸ਼ਾਦੀਆਂ ਸ਼ੁਰੂ ਹੋ ਜਾਂਦੀਆਂ ਹਨ।

ਉਨ੍ਹਾਂ ਕਿਹਾ ਕਿ ਮਾਲੀ ਸੰਕਟ ਸਿਰਫ਼ ਪੰਜਾਬ 'ਤੇ ਹੀ ਨਹੀਂ ਸਗੋਂ ਕੇਂਦਰ ਸਰਕਾਰ ਤੇ ਹੋਰਨਾਂ ਰਾਜਾਂ 'ਤੇ ਵੀ ਹੈ ਤੇ ਪੰਜਾਬ ਦੀ ਹਾਲਤ ਹੋਰਨਾਂ ਨਾਲੋਂ ਫਿਰ ਵੀ ਬਿਹਤਰ ਹੈ।

# ਪੰਜਾਬ ਸਰਕਾਰ ਵੱਲੋਂ ਪੈਨਸ਼ਨਾਂ ਦੇਣ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਖਾਲੀ ਖ਼ਜ਼ਾਨੇ ਦਾ ਵਾਸਤਾ ਪਾ ਕੇ ਹੁਣ ਪੰਜਾਬ ਸਰਕਾਰ ਗਰੀਬਾਂ ਨਾਲ ਵੀ ਉਧਾਰ ਕਰਨ ਵਿਚ ਲੱਗੀ ਹੋਈ ਹੈ। ਸੂਬਾ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ 20 ਲੱਖ ਲਾਭਪਾਤਰੀਆਂ ਨੂੰ ਪਿਛਲੇ ਚਾਰ ਮਹੀਨਿਆਂ ਤੋਂ ਪੈਨਸ਼ਨਾਂ ਨਹੀਂ ਦਿੱਤੀਆਂ। ਸਮਾਜਿਕ ਸੁਰੱਖਿਆ ਵਿਭਾਗ ਨੇ ਮਈ ਤੇ ਜੂਨ ਮਹੀਨੇ ਦੇ ਬਿੱਲ ਖ਼ਜ਼ਾਨੇ ਨੂੰ ਭੇਜੇ ਸਨ ਪਰ ਸਰਕਾਰੀ ਖ਼ਜ਼ਾਨੇ ਵਿਚ ਤੰਗੀ ਤੁਰਸ਼ੀ ਦੇ ਚਲਦਿਆਂ ਵਿੱਤ ਵਿਭਾਗ ਨੇ ਇਹ ਪੈਸਾ ਜਾਰੀ ਨਹੀਂ ਕੀਤਾ। ਮਈ ਤੇ ਜੂਨ ਮਹੀਨਿਆਂ ਦੀਆਂ ਪੈਨਸ਼ਨਾਂ ਲਈ ਪੈਸਾ ਜਾਰੀ ਨਾ ਹੋਣ ਕਾਰਨ ਵਿਭਾਗ ਵੱਲੋਂ ਜੁਲਾਈ ਤੇ ਅਗਸਤ ਮਹੀਨਿਆਂ ਦੇ ਬਿਲ ਅਜੇ ਤੱਕ ਭੇਜੇ ਨਹੀਂ ਗਏ। ਪੈਨਸ਼ਨਾਂ ਦੀ ਰਕਮ ਪ੍ਰਤੀ ਮਹੀਨਾ 49 ਕਰੋੜ ਰੁਪਏ ਬਣਦੀ ਹੈ।

ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਹਾਈ ਕੋਰਟ ਦੀ ਰੋਕ ਦਾ ਬਹਾਨਾ ਬਣਾ ਕੇ ਗਰੀਬਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਹਾਈ ਕੋਰਟ ਵਿਚ ਮਾਮਲਾ ਹੋਣ ਕਾਰਨ ਪੈਨਸ਼ਨਾਂ ਨਹੀਂ ਦਿੱਤੀਆਂ ਜਾ ਰਹੀਆਂ ਜਦੋਂਕਿ ਹਾਈ ਕੋਰਟ ਨੇ ਅਯੋਗ ਲਾਭਪਾਤਰੀਆਂ ਤੋਂ ਵਸੂਲੀ ਤੇ ਜ਼ਿੰਮੇਵਾਰੀ ਵਿਅਕਤੀਆਂ ਵਿਰੁਧ ਕਾਰਵਾਈ ਲਈ ਕਿਹਾ ਹੈ। ਪੰਜਾਬ ਸਰਕਾਰ ਵੱਲੋਂ ਬਿਰਧਾਂ, ਵਿਧਵਾਵਾਂ, ਅੰਗਹੀਣਾਂ ਤੇ ਬੇਆਸਰਾ ਵਿਅਕਤੀਆਂ ਨੂੰ 250 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਪੈਨਸ਼ਨ ਦਿੱਤੀ ਜਾ ਰਹੀ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਸਾਲ ਇਸ ਮਾਮਲੇ ਵਿਚ ਅਹਿਮ ਫੈਸਲਾ ਸੁਣਾਉਂਦਿਆਂ ਪੈਨਸ਼ਨਾਂ ਦਾ ਭੁਗਤਾਨ ਹਰ ਮਹੀਨੇ ਪਹਿਲੀ ਤਰੀਕ ਨੂੰ ਕਰਨ ਦੇ ਹੁਕਮ ਦਿੱਤੇ ਸਨ। ਸਰਕਾਰ ਦੀ ਮਾਲੀ ਹਾਲਤ ਕਮਜ਼ੋਰ ਹੋਣ ਕਾਰਨ ਹਾਈ ਕੋਰਟ ਦੇ ਆਦੇਸ਼ਾਂ ਦੀ ਸਾਲ ਵਿਚ ਕਈ ਵਾਰੀ ਉਲੰਘਣਾ ਹੁੰਦੀ ਹੈ। ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਵੀ ਵਿੱਤ ਵਿਭਾਗ ਨੂੰ ਚੌਕਸ ਕੀਤਾ ਹੈ ਕਿ ਪੈਨਸ਼ਨਾਂ ਦੇ ਭੁਗਤਾਨ ਵਿਚ ਦੇਰੀ ਅਦਾਲਤੀ ਮਾਨਹਾਨੀ ਦਾ ਆਧਾਰ ਬਣ ਸਕਦੀ ਹੈ।

ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਭਵਿੱਖ ਵਿਚ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪੈਨਸ਼ਨਾਂ ਖ਼ਜ਼ਾਨੇ ਵਿਚੋਂ ਕਢਵਾਉਣ ਦੇ ਅਧਿਕਾਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰਾਂ ਨੂੰ ਦੇ ਦਿੱਤੇ ਜਾਣ। ਇਸ ਫੈਸਲੇ ਮੁਤਾਬਕ ਜੁਲਾਈ ਮਹੀਨੇ ਦੀਆਂ ਪੈਨਸ਼ਨਾਂ ਦੇ ਬਿੱਲ ਹੁਣ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਹੀ ਖ਼ਜ਼ਾਨੇ ਨੂੰ ਭੇਜਣਗੇ।

# ਹਾਕੀ ਵਿਸ਼ਵ ਕੱਪ ਵਿਚ ਸਿੱਧੇ ਦਾਖਲੇ ਤੋਂ ਖੁੰਝਿਆ ਭਾਰਤ

**ਇਪੋਹ:** ਭਾਰਤ ਏਸ਼ੀਆ ਕੱਪ ਦੀ ਖ਼ਿਤਾਬੀ ਟੱਕਰ ਵਿਚ ਪਿਛਲੇ ਸਾਲ ਦੇ ਚੈਂਪੀਅਨ ਕੋਰੀਆ ਤੋਂ 3-4 ਗੋਲਾਂ ਦੇ ਫਰਕ ਨਾਲ ਹਾਰ ਗਿਆ ਤੇ ਇਸ ਤਰ੍ਹਾਂ ਅਗਲੇ ਸਾਲ ਹੋਣ ਵਾਲੇ ਹਾਕੀ ਵਿਸ਼ਵ ਕੱਪ ਵਿਚ ਸਿੱਧਾ ਦਾਖਲਾ ਪਾਉਣ ਤੋਂ ਖੁੰਝ ਗਿਆ ਹੈ। ਹਾਲੈਂਡ ਦੇ ਹੇਗ ਸ਼ਹਿਰ ਵਿਚ ਹੋਣ ਵਾਲੇ ਵਿਸ਼ਵ ਕੱਪ ਵਿਚ ਆਪਣੀ ਥਾਂ ਪੱਕੀ ਕਰਨ ਲਈ ਭਾਰਤ ਨੂੰ ਅੱਠ ਦੇਸ਼ਾਂ ਦਾ ਇਹ ਟੂਰਨਾਮੈਂਟ ਜਿੱਤਣ ਦੀ ਲੋੜ ਸੀ। ਕੋਰੀਆ ਦੀ ਇਸ ਚੌਥੀ ਜਿੱਤ ਸਦਕਾ ਮਲੇਸ਼ੀਆ ਦੀ ਵਿਸ਼ਵ ਕੱਪ ਵਿਚ 12 ਸਾਲਾਂ ਬਾਅਦ ਵਾਪਸੀ ਯਕੀਨੀ ਹੋ ਗਈ ਹੈ।

ਭਾਰਤੀਆਂ ਨੂੰ ਹੁਣ ਨਵੰਬਰ ਵਿਚ ਓਸ਼ੇਨੀਆ ਕੱਪ ਖਤਮ ਹੋਣ ਤੱਕ ਉਡੀਕ ਕਰਨੀ ਪਵੇਗੀ। ਓਸ਼ੇਨੀਆ ਕੱਪ ਵਿਚ ਆਸਟਰੇਲੀਆ ਜਾਂ ਨਿਊਜ਼ੀਲੈਂਡ ਵਿਚੋਂ ਕਿਸੇ ਇਕ ਦੇ ਜੇਤੂ ਹੋਣ ਦੀ ਉਮੀਦ ਹੈ ਤੇ ਇਹ ਦੋਵੇਂ ਟੀਮਾਂ ਐਫ.ਆਈ.ਐਚ. ਵਰਲਡ ਲੀਗ ਰਾਹੀਂ ਪਹਿਲਾਂ ਹੀ ਵਿਸ਼ਵ ਕੱਪ ਲਈ ਦਾਖਲਾ ਪਾ ਚੁੱਕੀਆਂ ਹਨ।

ਉਂਜ ਭਾਰਤ ਦੀ ਨੌਜਵਾਨ ਤੇ ਘੱਟ ਤਜਰਬੇਕਾਰ ਟੀਮ ਦੀ ਇਹ ਬਿਹਤਰੀਨ ਕਾਰਗੁਜ਼ਾਰੀ ਹੈ। 2009 ਦੇ ਟੂਰਨਾਮੈਂਟ ਵਿਚ ਭਾਰਤ 7ਵੇਂ ਸਥਾਨ 'ਤੇ ਰਿਹਾ ਸੀ। ਏਸ਼ੀਆ ਦੀਆਂ ਦੋ ਚੋਟੀ ਦੀਆਂ ਟੀਮਾਂ ਵਿਚਕਾਰ ਇਹ ਬੇਹੱਦ ਫਸਵਾਂ ਮੁਕਾਬਲਾ ਸਾਬਤ ਹੋਇਆ। ਭਾਰਤ ਨੇ ਮੈਚ ਦੀ ਸ਼ੁਰੂਆਤ ਵਧੀਆ ਕੀਤੀ ਤੇ ਕੁਝ ਵਧੀਆ ਮੂਵ ਬਣਾਏ ਪਰ ਕੋਰੀਆ ਵੱਲੋਂ ਜਵਾਬੀ ਹਮਲੇ ਕਰਨ 'ਤੇ ਛੇਤੀ ਹੀ ਭਾਰਤੀ ਰੱਖਿਆ ਪੰਗਤੀ ਦਬਾਅ ਹੇਠ ਆ ਗਈ।

# ਹੜ੍ਹ ਪੀੜਤਾਂ ਲਈ ਮੁਆਵਜ਼ੇ ਨੂੰ ਲੈ ਕੇ ਉਲਝੇ ਕੇਂਦਰ ਤੇ ਪੰਜਾਬ

## ਪੰਜਾਬ ਸਰਕਾਰ ਵੱਲੋਂ ਕੇਂਦਰੀ ਨਿਯਮ ਗਲਤ ਕਰਾਰ

**ਚੰਡੀਗੜ੍ਹ:** ਹੜ੍ਹਾਂ ਕਾਰਨ ਬਰਬਾਦ ਹੋਈ ਫਸਲ ਦਾ ਮੁਆਵਜ਼ਾ ਲੈਣ ਲਈ ਪੰਜਾਬ ਸਰਕਾਰ 'ਤੇ ਟੇਕ ਲਾਈ ਬੈਠੇ ਕਿਸਾਨਾਂ ਨੂੰ ਸਿਆਸੀ ਬਿਆਨਬਾਜ਼ੀ ਨਾਲ ਹੀ ਢਿੱਡ ਭਰਨਾ ਪੈ ਰਿਹਾ ਹੈ। ਸਾਰਾ ਸਾਲ ਚੁੱਪ ਬੈਠਣ ਵਾਲੀ ਪੰਜਾਬ ਸਰਕਾਰ ਅੱਜ-ਕੱਲ੍ਹ ਕੇਂਦਰ ਅੱਗੇ ਮੁਆਵਜ਼ੇ ਦੀ ਰਕਮ ਵਧਾਉਣ ਲਈ ਹਾੜੇ ਕੱਢਣ ਵਿਚ ਲੱਗੀ ਹੋਈ ਹੈ। ਪੰਜਾਬ ਸਰਕਾਰ ਦੀ ਕਮਜ਼ੋਰ ਮਾਲੀ ਹਾਲਤ ਤੇ ਕੇਂਦਰ ਸਰਕਾਰ ਦੇ ਨਿਯਮ ਹੜ੍ਹ ਪੀੜਤਾਂ ਨੂੰ ਰਾਹਤ ਦੇਣ ਵਿਚ ਵੱਡਾ ਅੜਿੱਕਾ ਬਣੇ ਹੋਏ ਹਨ।

ਕੇਂਦਰ ਸਰਕਾਰ ਵੱਲੋਂ ਕੁਦਰਤੀ ਆਫ਼ਤਾਂ ਲਈ ਭੇਜੇ ਜਾਂਦੇ ਫੰਡਾਂ ਦੀ ਰਕਮ ਤਕਰੀਬਨ 3500 ਕਰੋੜ ਤੱਕ ਪਹੁੰਚ ਗਈ ਹੈ ਪਰ ਵਿੱਤ ਵਿਭਾਗ ਨੇ ਸੂਬਾਈ ਆਫ਼ਤ ਪ੍ਰਬੰਧਨ ਅਥਾਰਟੀ ਨੂੰ 62 ਕਰੋੜ ਰੁਪਏ ਹੀ ਜਾਰੀ ਕੀਤੇ ਹਨ। ਮਾਲ ਤੇ ਪੁਨਰਵਾਸ ਵਿਭਾਗ ਵੱਲੋਂ ਸਾਰੇ ਪੰਜਾਬ ਲਈ 4.40 ਕਰੋੜ ਰੁਪਏ ਦੀ ਰਾਸ਼ੀ ਹੜ੍ਹ ਪੀੜਤਾਂ ਨੂੰ ਵੰਡਣ ਲਈ ਦਿੱਤੀ ਗਈ ਹੈ ਜਦੋਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਲਈ ਦੋ ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ।

ਕੇਂਦਰ ਸਰਕਾਰ ਵੱਲੋਂ ਕੁਦਰਤੀ ਆਫ਼ਤ ਫੰਡ ਲਈ ਹਰ ਸਾਲ 250 ਕਰੋੜ ਰੁਪਏ ਦੀ ਰਕਮ ਦਿੱਤੀ ਜਾਂਦੀ ਹੈ। ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ ਫਸਲਾਂ ਦਾ ਢੁਕਵਾਂ ਮੁਆਵਜ਼ਾ ਦੇਣ ਲਈ ਸਹਾਈ ਨਹੀਂ ਹੋ ਰਹੇ। ਕੇਂਦਰ ਸਰਕਾਰ ਦੇ ਨਿਯਮਾਂ ਮੁਤਾਬਕ ਪ੍ਰਤੀ ਹੈਕਟੇਅਰ ਛੇ ਹਜ਼ਾਰ ਦੀ ਰਕਮ ਦਿੱਤੀ ਜਾ ਸਕਦੀ ਹੈ। ਕੇਂਦਰ ਮੁਤਾਬਕ ਹੜ੍ਹਾਂ ਤੋਂ ਪ੍ਰਭਾਵਤ ਜ਼ਮੀਨ ਵਿਚੋਂ ਮਿੱਟੀ ਕੱਢਣ ਲਈ ਵੀ ਸਰਕਾਰ 8100 ਰੁਪਏ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਕਿਸਾਨਾਂ ਨੂੰ ਮੁਆਵਜ਼ਾ ਦੇ ਸਕਦੀ ਹੈ। ਮਾਲ ਤੇ ਪੁਨਰਵਾਸ ਵਿਭਾਗ ਵਿਚਲੇ ਸੂਤਰਾਂ ਅਨੁਸਾਰ ਸੂਬੇ ਦੀ ਮੰਦੀ ਮਾਲੀ ਹਾਲਤ ਕਾਰਨ ਖ਼ਜ਼ਾਨੇ ਵਿਚੋਂ ਪੈਸੇ ਨਹੀਂ ਨਿਕਲ ਰਹੇ। ਕੇਂਦਰ ਸਰਕਾਰ ਵੱਲੋਂ ਭੇਜੀ ਰਕਮ 3500 ਕਰੋੜ ਤੱਕ ਪਹੁੰਚ ਗਈ ਹੈ ਪਰ ਆਫ਼ਤ ਪ੍ਰਬੰਧਨ ਅਥਾਰਟੀ ਨੂੰ 62 ਕਰੋੜ ਰੁਪਏ ਹੀ ਦਿੱਤੇ ਗਏ, ਬਾਕੀ ਦੀ ਰਕਮ ਵਿੱਤ ਵਿਭਾਗ ਵੱਲੋਂ ਬੋਰਡ ਨੂੰ ਦਿੱਤੀ ਹੀ ਨਹੀਂ ਗਈ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਬੋਰਡ ਦੀ ਮੰਗ 'ਤੇ ਹੀ ਰਕਮ ਦਿੱਤੀ ਜਾ ਸਕਦੀ ਹੈ।



ਵਿਭਾਗ ਵੱਲੋਂ ਮੌਨਸੂਨ ਤੋਂ ਪਹਿਲਾਂ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਦਸ-ਦਸ ਲੱਖ ਰੁਪਏ ਦਿੱਤੇ ਗਏ ਸਨ। ਉਸ ਤੋਂ ਬਾਅਦ ਹੜ੍ਹਾਂ ਤੋਂ ਪ੍ਰਭਾਵਿਤ 11 ਜ਼ਿਲ੍ਹਿਆਂ ਵਿਚ ਵੀਹ-ਵੀਹ ਲੱਖ ਰੁਪਏ ਭੇਜ ਦਿੱਤੇ ਗਏ। ਹੜ੍ਹਾਂ ਨੇ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਲ੍ਹੇ ਮੁਕਤਸਰ ਨੂੰ ਲਪੇਟ ਵਿਚ ਲੈ ਲਿਆ ਤਾਂ ਸ. ਬਾਦਲ ਮੈਦਾਨ ਵਿਚ ਨਿਕਲੇ। ਮੁੱਖ ਮੰਤਰੀ ਨੇ ਸਿਰਫ਼ ਆਪਣੇ ਜ਼ਿਲ੍ਹੇ ਲਈ ਦੋ ਕਰੋੜ ਰੁਪਏ ਜਾਰੀ ਕਰ ਦਿੱਤੇ ਹਾਲਾਂਕਿ ਹੜ੍ਹਾਂ ਤੋਂ ਫ਼ਰੀਦਕੋਟ, ਫ਼ਿਰੋਜ਼ਪੁਰ, ਕਪੂਰਥਲਾ ਤੇ ਤਰਨਤਾਰਨ ਆਦਿ ਜ਼ਿਲ੍ਹੇ ਵੀ ਕਾਫ਼ੀ ਪ੍ਰਭਾਵਤ ਹਨ। ਸਾਰੇ ਪੰਜਾਬ ਦੇ ਹਿੱਸੇ ਹੁਣ ਤਕ 4.40 ਕਰੋੜ ਰੁਪਏ ਦੀ ਰਾਸ਼ੀ ਹੀ ਆਈ ਹੈ।

ਮਾਲ ਵਿਭਾਗ ਵੱਲੋਂ ਸਰਕਾਰ ਨੂੰ ਭੇਜੀ ਰਿਪੋਰਟ ਮੁਤਾਬਕ 4.15 ਲੱਖ ਏਕੜ ਜ਼ਮੀਨ ਵਿਚ ਖੜ੍ਹੀ ਝੋਨੇ ਤੇ ਨਰਮੇ ਕਪਾਹ ਦੀ ਫਸਲ ਪ੍ਰਭਾਵਤ ਹੋਈ ਹੈ। ਕੇਂਦਰ ਦੇ ਨਿਯਮਾਂ ਮੁਤਾਬਕ ਪੱਕਾ ਘਰ ਢਹਿਣ 'ਤੇ 75 ਹਜ਼ਾਰ ਰੁਪਏ, ਕੱਚਾ ਘਰ ਢਹਿਣ 'ਤੇ 35 ਹਜ਼ਾਰ ਰੁਪਏ ਤੇ ਦੁਧਾਰੂ ਪਸ਼ੂ ਜਾਂ ਬਲਦ ਦੀ ਮੌਤ 'ਤੇ 16 ਹਜ਼ਾਰ ਰੁਪਏ ਰਾਹਤ ਵਜੋਂ ਦਿੱਤੇ ਜਾ ਸਕਦੇ ਹਨ। ਕੇਂਦਰ ਸਰਕਾਰ ਨੇ ਰਾਹਤ ਫੰਡ ਦੀ ਸਮੀਖਿਆ ਸਤੰਬਰ 2012 ਦੌਰਾਨ ਕੀਤੀ ਸੀ। ਉਦੋਂ ਹੀ ਪ੍ਰਤੀ ਹੈਕਟੇਅਰ ਮੁਆਵਜ਼ਾ ਛੇ ਹਜ਼ਾਰ ਰੁਪਏ ਫਸਲ 50 ਫੀਸਦੀ ਤੋਂ ਵੱਧ ਖਰਾਬ ਹੋਣ 'ਤੇ ਦੇਣ ਦੇ ਨਿਯਮ ਤੈਅ ਕੀਤੇ ਗਏ।

ਇਸ ਨਾਲ ਤਾਂ ਕਿਸਾਨਾਂ ਨੂੰ ਲਾਗਤ ਵੀ ਨਹੀਂ ਮੁੜਦੀ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਇਹ ਰਕਮ ਬਹੁਤ ਘੱਟ ਹੈ। ਇਹੀ ਕਾਰਨ ਹੈ ਕਿ ਸਰਕਾਰ ਵੱਲੋਂ ਆਪਣੇ ਕੋਲੋਂ ਹਿੱਸਾ ਪਾ ਕੇ 10 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਂਦਾ ਹੈ। ਰਾਜ ਸਰਕਾਰ ਇਨ੍ਹਾਂ ਨਿਯਮਾਂ ਵਿਚ ਸੋਧ ਦੀ ਮੰਗ ਕਰ ਕੇ ਪ੍ਰਤੀ ਏਕੜ ਮੁਆਵਜ਼ਾ 20 ਹਜ਼ਾਰ ਰੁਪਏ ਮੰਗ ਰਹੀ ਹੈ। ਆਫ਼ਤ ਪ੍ਰਬੰਧਨ ਅਥਾਰਟੀ ਦੇ ਡਾਇਰੈਕਟਰ ਸਰਵਜੀਤ ਸਿੰਘ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੇ ਨਿਯਮਾਂ ਵਿਚ ਸੋਧ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੁਆਵਜ਼ਾ ਰਾਸ਼ੀ ਕਾਫ਼ੀ ਘੱਟ ਦਿੱਤੀ ਜਾ ਰਹੀ ਹੈ।

# ਨਾਬਾਲਗ ਦੋਸ਼ੀ ਨੂੰ ਸਿਰਫ ਤਿੰਨ ਸਾਲ ਦੀ ਕੈਦ

## ਦਿੱਲੀ ਜਬਰ ਜਨਾਹ ਕੇਸ

**ਨਵੀਂ ਦਿਲੀ:** ਬਹੁ ਚਰਚਿਤ 16 ਦਸੰਬਰ ਦੇ ਗੈਂਗਰੇਪ ਕੇਸ ਵਿਚ ਨਾਬਾਲਗ ਲੜਕੇ ਨੂੰ 23 ਸਾਲਾ ਮੁਟਿਆਰ ਨਾਲ ਬਲਾਤਕਾਰ ਤੇ ਉਸ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ ਪਰ ਬਾਲ ਅਪਰਾਧੀਆਂ ਬਾਰੇ ਕਾਨੂੰਨ ਤਹਿਤ ਉਸ ਨੂੰ ਵੱਧ ਤੋਂ ਵੱਧ ਤਿੰਨ ਸਾਲ ਦੀ ਕੈਦ ਦੀ ਸਜ਼ਾ ਹੀ ਦਿੱਤੀ ਜਾ ਸਕੀ ਹੈ। ਇਸ ਲੜਕੇ ਦੀ ਉਮਰ 18 ਸਾਲ ਤੋਂ ਛੇ ਕੁ ਮਹੀਨੇ ਘੱਟ ਸੀ ਤੇ ਜੁਵੇਨਾਈਲ ਜਸਟਿਸ ਬੋਰਡ ਨੇ ਉਸ ਨੂੰ ਮ੍ਰਿਤਕ ਲੜਕੀ ਦੇ ਦੋਸਤ ਉਤੇ ਹਮਲੇ ਦਾ ਦੋਸ਼ੀ ਨਹੀਂ ਪਾਇਆ ਜੋ ਇਸ ਕਾਂਡ ਦਾ ਇਕੋ-ਇਕ ਗਵਾਹ ਵੀ ਸੀ।

ਇਸ ਕੇਸ ਤੋਂ ਬਲਾਤਕਾਰ ਵਿਰੋਧੀ ਕਾਨੂੰਨਾਂ ਬਾਰੇ ਤਿੱਖੀ ਬਹਿਸ ਛਿੜੀ ਸੀ ਅਤੇ ਇਹ ਵੀ ਚਰਚਾ ਚੱਲੀ ਸੀ ਕਿ ਕੀ ਬਾਲ ਅਪਰਾਧੀਆਂ ਦੀ ਉਮਰ ਹੱਦ ਘਟਾਈ ਜਾਣੀ ਚਾਹੀਦੀ ਹੈ। ਉਧਰ, ਪੀੜਤ ਦੀ ਮਾਂ ਨੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਫੈਸਲਾ ਸਵੀਕਾਰ ਨਹੀਂ ਹੈ। ਉਸ ਨੇ ਕਿਹਾ ਕਿ ਇਸ ਤਰ੍ਹਾਂ ਦੀ ਕਾਰਵਾਈ ਦੀ ਵੀ ਕੀ ਲੋੜ ਸੀ। ਪ੍ਰਿੰਸੀਪਲ ਮੈਜਿਸਟਰੇਟ ਗੀਤਾਂਜਲੀ ਗੋਇਲ ਦੀ ਪ੍ਰਧਾਨਗੀ ਹੇਠ ਜੁਵੇਨਾਈਲ ਜਸਟਿਸ ਬੋਰਡ ਨੇ ਨਾਬਾਲਗ ਮੁਲਜ਼ਮ ਨੂੰ 3 ਸਾਲ ਪ੍ਰੋਬੇਸ਼ਨ ਹੋਮ ਵਿਚ ਰੱਖਣ ਦੇ ਹੁਕਮ ਦਿੱਤੇ।

ਨਾਬਾਲਗ ਵੱਲੋਂ ਅੱਠ ਮਹੀਨੇ ਪਹਿਲਾਂ ਹੀ ਹਿਰਾਸਤ ਵਿਚ ਬਿਤਾਏ ਜਾ ਚੁੱਕੇ ਹਨ ਤੇ ਇਹ ਸਮਾਂ ਵੀ ਉਸ ਦੀ ਸਜ਼ਾ ਦੀ ਮਿਆਦ ਵਿਚ ਜੋੜਿਆ ਜਾਵੇਗਾ। ਬੋਰਡ ਨੇ ਲੰਘੀ 11 ਜੁਲਾਈ ਨੂੰ ਇਸ ਦੋਸ਼ੀ ਨੂੰ ਡਕੈਤੀ ਦੇ ਇਕ ਹੋਰ ਕੇਸ ਵਿਚ ਵੀ ਦੋਸ਼ੀ ਠਹਿਰਾਇਆ ਸੀ। ਮ੍ਰਿਤਕ ਲੜਕੀ ਨਾਲ ਜਿਸ ਬੱਸ ਵਿਚ ਬਲਾਤਕਾਰ ਕੀਤਾ ਗਿਆ ਸੀ, ਮੁਲਜ਼ਮ ਉਸ ਦਾ ਕਲੀਨਰ ਸੀ। ਦੋਸ਼ੀਆਂ ਨੇ ਬੱਸ ਵਿਚ ਸਵਾਰ ਹੋਏ ਇਕ ਤਰਖਾਣ ਰਮਾਧਾਰ ਨੂੰ ਲੁੱਟ ਕੇ ਬਾਹਰ ਸੁੱਟ ਦਿੱਤਾ ਸੀ। ਬੋਰਡ ਵੱਲੋਂ ਇਸ ਕੇਸ ਵਿਚ ਵੀ ਨਾਬਾਲਗ ਨੂੰ ਸਜ਼ਾ ਸੁਣਾਈ ਗਈ ਸੀ।

ਮੁਟਿਆਰ ਨਾਲ ਗੈਂਗਰੇਪ ਕੇਸ ਦੇ ਚਾਰ ਮੁਲਜ਼ਮਾਂ ਖ਼ਿਲਾਫ਼ ਸਾਕੇਤ ਵਿਚ ਫਾਸਟ ਟਰੈਕ ਕੋਰਟ ਵੱਲੋਂ ਮੁਕੱਦਮੇ ਦੀ ਕਾਰਵਾਈ ਚਲਾਈ ਜਾ ਰਹੀ ਹੈ। ਇਕ ਮੁਲਜ਼ਮ ਰਾਮ ਸਿੰਘ ਨੇ 11 ਮਾਰਚ ਨੂੰ ਤਿਹਾੜ ਜੇਲ੍ਹ ਵਿਚ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ ਸੀ। ਪਿਛਲੇ ਸਾਲ 16 ਦਸੰਬਰ ਦੀ ਰਾਤ ਨੂੰ ਛੇ ਵਿਅਕਤੀਆਂ ਨੇ ਚਲਦੀ ਬੱਸ ਵਿਚ 23 ਸਾਲਾ ਫਿਜ਼ੀਓਥੈਰੇਪੀ ਦੀ ਵਿਦਿਆਰਥਣ ਨਾਲ ਜਬਰ-ਜਨਾਹ ਕੀਤਾ ਗਿਆ ਸੀ ਤੇ ਉਸ 'ਤੇ ਤਸ਼ੱਦਦ ਕੀਤਾ ਗਿਆ ਸੀ ਜਿਸ ਕਰਕੇ 29 ਦਸੰਬਰ ਨੂੰ ਸਿੰਗਾਪੁਰ ਦੇ ਇਕ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ ਸੀ।

ਬਾਲ ਅਪਰਾਧੀਆਂ ਦੀ ਉਮਰ ਹੱਦ ਘਟਾਉਣ ਬਾਰੇ ਸੁਪਰੀਮ ਕੋਰਟ ਵਿਚ ਵੀ ਇਕ ਪਟੀਸ਼ਨ ਪਾਈ ਗਈ ਸੀ ਤੇ ਅਦਾਲਤ ਨੇ ਬੋਰਡ ਨੂੰ ਇਸ ਕੇਸ ਦਾ ਫੈਸਲਾ ਸੁਣਾਉਣ ਦੀ ਆਗਿਆ ਦਿੱਤੀ ਸੀ। ਪੁਲਿਸ ਦਾ ਕਹਿਣਾ ਸੀ ਕਿ ਗੈਂਗਰੇਪ ਕੇਸ ਦੇ ਛੇਆਂ ਮੁਲਜ਼ਮਾਂ ਵਿਚੋਂ ਇਹ ਸਭ ਤੋਂ ਛੋਟਾ ਹੀ ਸਭ ਤੋਂ ਵੱਧ ਖੂੰਖਾਰ ਸੀ। ਜੁਵੇਨਾਈਲ ਬੋਰਡ ਦੀ ਕਾਰਵਾਈ ਦੌਰਾਨ ਮੁਲਜ਼ਮ ਨੇ ਆਪਣੇ ਖ਼ਿਲਾਫ਼ ਲੱਗੇ ਸਾਰੇ ਦੋਸ਼ਾਂ ਦਾ ਖੰਡਨ ਕੀਤਾ ਸੀ ਤੇ ਉਸ ਨੇ ਕਿਹਾ ਸੀ ਕਿ ਇਸ ਘਿਨਾਉਣੇ ਕਾਂਡੇ ਵਿਚ ਉਹ ਸ਼ਾਮਲ ਨਹੀਂ ਸੀ। ਇਸ ਦੋਸੀ ਨੂੰ ਬੋਰਡ ਤੋਂ ਸਜ਼ਾ ਮਿਲ ਗਈ ਹੈ ਪਰ ਚਾਰ ਬਾਲਗ ਮੁਲਜ਼ਮਾਂ ਮੁਕੇਸ਼, ਪਵਨ ਗੁਪਤਾ, ਵਿਨੈ ਸ਼ਰਮਾ ਤੇ ਅਕਸ਼ੈ ਠਾਕੁਰ ਖ਼ਿਲਾਫ਼ ਫਾਸਟ ਟਰੈਕ ਅਦਾਲਤ ਵਿਚ ਮੁਕਦਮਾ ਚੱਲ ਰਿਹਾ ਹੈ। ਇਨ੍ਹਾਂ ਖ਼ਿਲਾਫ਼ ਸਮੂਹਕ ਜਬਰ-ਜਨਾਹ, ਹੱਤਿਆ, ਅਪਰਾਧਿਕ ਸਾਜ਼ਿਸ਼, ਗੈਰ-ਕੁਦਰਤੀ ਸੈਕਸ, ਡਕੈਤੀ ਤੇ ਭਾਰਤੀ ਦੰਡ ਵਿਧਾਨ ਦੀਆਂ ਹੋਰ ਧਾਰਾਵਾਂ ਤਹਿਤ ਦੋਸ਼ ਆਇਦ ਕੀਤੇ ਗਏ ਹਨ।

## ਸਿੱਖ ਨਸਲਕੁਸ਼ੀ ਵਿਰੁਧ ਨਸਲਕੁਸ਼ੀ ਪਟੀਸ਼ਨ ਲਈ ਮੁਹਿੰਮ

**ਨਿਊ ਯਾਰਕ (ਬਿਊਰੋ):** ਨਵੰਬਰ 1984 ਦੇ ਸਿੱਖ ਕਤਲੇਆਮ ਸਬੰਧੀ ਜਨੇਵਾ ਸਵਿਟਜ਼ਰਲੈਂਡ ਵਿਚ ਸਯੁੰਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਅਪਰਾਧਕ ਸ਼ਿਕਾਇਤ ਦਾਇਰ ਕਰਨ ਦੇ ਸਮਰਥਨ ਵਿਚ ਮਨੁੱਖੀ ਅਧਿਕਾਰ ਜਥੇਬੰਦੀ ਸਿਖਸ ਫਾਰ ਜਸਟਿਸ ਨੇ ਕੌਮਾਂਤਰੀ ਦਸਤਖਤੀ ਮੁਹਿੰਮ ਸ਼ੁਰੂ ਕੀਤੀ ਹੈ। ਜਥੇਬੰਦੀ ਅਨੁਸਾਰ ਅਮਰੀਕਾ ਅਤੇ ਕੈਨੇਡਾ ਤੋਂ ਇਕੋ ਵੇਲੇ ਸ਼ੁਰੂ ਕੀਤੀ ਗਈ ਇਸ ਮੁਹਿੰਮ ਦੇ ਪਹਿਲੇ ਦਿਨ ਹੀ 50 ਹਜ਼ਾਰ ਤੋਂ ਵਧ ਦਸਤਖਤ ਇਕੱਠੇ ਕਰ ਲਏ ਗਏ ਹਨ। ਸਿਖਸ ਫਾਰ ਜਸਟਿਸ ਤੇ ਏ ਆਈ ਐਸ ਐਸ ਐਫ ਨੇ ਪ੍ਰਣ ਕੀਤਾ ਹੈ ਕਿ ਯੂ ਐਨ ਅੱਗੇ ਦਾਇਰ ਕੀਤੀ ਜਾਣ ਵਾਲੀ ਇਸ ਸ਼ਿਕਾਇਤ ਦੇ ਸਮਰਥਨ ਵਿਚ ਵਿਸ਼ਵ ਭਰ ਵਿਚੋਂ ਦਸ ਲੱਖ ਦਸਤਖਤ ਇਕੱਠੇ ਕੀਤੇ ਜਾਣਗੇ।

ਯੂ ਐਨ ਸ਼ਿਕਾਇਤ ਪ੍ਰਤੀ ਕੌਮਾਂਤਰੀ ਪੱਧਰ 'ਤੇ ਜਾਗਰੂਕਤਾ ਪੈਦਾ ਕਰਨ ਲਈ ਦੋਹਾਂ ਜਥੇਬੰਦੀਆਂ ਨੇ '1984-ਹਾਂ ਇਹ ਨਸਲਕੁਸ਼ੀ ਹੈ' ਲੋਗੋ ਜਾਰੀ ਕੀਤਾ ਹੈ ਜਿਸ ਵਿਚ ਸਿੱਖ ਭਾਈਚਾਰੇ ਨੂੰ ਕਿਹਾ ਗਿਆ ਹੈ ਕਿ ਇਸ ਨੂੰ ਆਪਣੀ ਫੇਸਬੁਕ ਦਾ ਕਵਰ ਪੇਜ ਬਣਾਇਆ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਪਿਛੋਂ ਲੱਖਾਂ ਲੋਕਾਂ ਨੇ ਆਪਣੇ ਫੇਸਬੁਕ ਦੇ ਕਵਰ ਪੇਜ 'ਤੇ ਸਿੱਖ ਨਸਲਕੁਸ਼ੀ ਲੋਗੋ ਨੂੰ ਲਗਾ ਲਿਆ ਹੈ ਤੇ ਦਸ ਹਜ਼ਾਰ ਤੋਂ ਵੱਧ ਦਸਤਖਤ ਆਨ ਲਾਈਨ ਇਕੱਠੇ ਕਰ ਲਏ ਗਏ ਹਨ।



ਗੁਰਦੁਆਰਾ ਸਿੱਖ ਸਟੱਡੀ ਸਰਕਲ, ਮਿਜ਼ੌਰੀ

ਗ੍ਰੰਥੀ ਸਿੰਘ ਦੀ ਲੋੜ ਹੈ

ਗੁਰਦੁਆਰਾ ਸਿੱਖ ਸਟੱਡੀ ਸਰਕਲ, ਸੇਂਟ ਲੁਇਸ, ਮਿਜ਼ੌਰੀ ਲਈ ਗ੍ਰੰਥੀ ਸਿੰਘ ਦੀ ਲੋੜ ਹੈ ਜੋ ਕਿ ਕਥਾ ਕੀਰਤਨ ਕਰ ਸਕਦਾ ਹੋਵੇ।

ਸੰਪਰਕ ਕਰੋ: ਸਤਨਾਮ ਸਿੰਘ ਫੋਨ 314-452-8083
ਸੁਖਚੈਨ ਸਿੰਘ ਫੋਨ 314-612-0800

ਨੋਟ: ਗੁਰੂ ਘਰ ਦੀ ਇਕ ਸੁੰਦਰ ਇਮਾਰਤ ਬਣ ਰਹੀ ਹੈ ਜਿਸ ਲਈ ਪ੍ਰਬੰਧਕਾਂ ਵਲੋਂ ਸਮੂਹ ਸੰਗਤ ਨੂੰ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਭੇਟਾ ਕਰਨ ਦੀ ਬੇਨਤੀ ਹੈ ਜੀ।

ਡੀਜ਼ਲ ਚੋਰਾਂ ਤੋਂ ਸਾਵਧਾਨ

ਟਰੱਕਾਂ ਦੀਆਂ ਤੇਲ ਟੈਂਕੀਆਂ ਵਿਚੋਂ ਚੋਰੀ ਕਰਨ ਵਾਲੇ ਚੋਰਾਂ ਨੂੰ ਅਸੀਂ ਆਪਣੇ ਟਰੱਕ ਸਟਾਪ ਤੋਂ ਤੇਲ ਚੋਰੀ ਕਰਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਜੇ ਕਿਸੇ ਵੀਰ ਦੇ ਟਰੱਕ ਵਿਚੋਂ ਢਿਲੋਂ ਟਰੱਕ ਸਟਾਪ ਤੋਂ ਤੇਲ ਚੋਰੀ ਕੀਤਾ ਗਿਆ ਹੋਵੇ ਤਾਂ ਉਹ ਆਪਣੀ ਕੰਪਨੀ ਦਾ ਨਾਂ ਅਤੇ ਟੈਲੀਫੋਨ ਦੱਸਣ ਲਈ ਸਾਡੇ ਨਾਲ ਸੰਪਰਕ ਕਰ ਸਕਦਾ ਹੈ। ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।

ਸਾਡੇ ਨਾਲ ਸੰਪਰਕ ਫੋਨ 575-815-8536 ਜਾਂ ਨਿਊ ਮੈਕਸੀਕੋ ਸਟੇਟ ਪੁਲਿਸ, ਟਕਮਕੈਰੀ (Tucmcari) ਦੇ ਪੁਲਿਸ ਅਫਸਰ ਗਰੀਗੂ (Griegu) ਫੋਨ 575-403-9330 ਨਾਲ ਸੰਪਰਕ ਕਰ ਸਕਦੇ ਹੋ।

ਕੁਲਵਿੰਦਰ ਢਿਲੋਂ, ਗਿੱਲ ਮੰਝ
ਢਿਲੋਂ ਟਰੱਕ ਸਟਾਪ, ਨਿਊ ਮੈਕਸੀਕੋ
ਫੋਨ: 575-576-2444, 575-576-4111

FARMERS INSURANCE GROUP
Symbol of Superior Service
FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

MRP TRAVEL

Lowest International and Domestic Fares
ARC **FLY ANY AIRLINE OF YOUR CHOICE** IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
*CST: 2097308-40*

*Passport & Visa services also available*



*India Vacation tour package also available.*

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600

*Radio CK, PO Box 296, Fremont, CA 94537*

# ਕਲੇਸ਼ ਕਰਕੇ ਚੇਅਰਮੈਨੀਆਂ ਲੈਣੋਂ ਵੀ ਖੁੰਝੀ ਭਾਜਪਾ

## ਮੰਤਰੀਆਂ ਦੇ ਫੇਰਬਦਲ ਦਾ ਮੁੱਦਾ ਛਾਇਆ



**ਚੰਡੀਗੜ੍ਹ:** ਅੰਮ੍ਰਿਤਸਰ ਤੋਂ ਭਾਜਪਾ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਤੇ ਉਨ੍ਹਾਂ ਦੀ ਮੁੱਖ ਸੰਸਦੀ ਸਕੱਤਰ ਪਤਨੀ ਡਾ. ਨਵਜੋਤ ਕੌਰ ਨੇ ਜਿਥੇ ਪਾਰਟੀ ਦੇ ਸੂਬਾਈ ਆਗੂਆਂ ਨੂੰ ਵਖ਼ਤ ਪਾਇਆ ਹੋਇਆ ਹੈ, ਉਥੇ ਪਾਰਟੀ ਦੀ ਪੰਜਾਬ ਇਕਾਈ ਦੇ ਆਗੂਆਂ ਦੀ ਖਹਿਬਾਜ਼ੀ ਕਾਰਨ ਨਿਗਮਾਂ ਤੇ ਬੋਰਡਾਂ ਦੇ ਚੇਅਰਮੈਨਾਂ ਦੀਆਂ ਨਿਯੁਕਤੀਆਂ ਦਾ ਮਾਮਲਾ ਲਮਕਿਆ ਪਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਹਿਯੋਗੀ ਭਾਈਵਾਲਾਂ ਤੋਂ ਚੇਅਰਮੈਨਾਂ ਦੀਆਂ ਨਿਯੁਕਤੀਆਂ ਬਾਰੇ ਕਈ ਵਾਰ ਸੂਚੀ ਮੰਗੀ ਹੈ ਪਰ ਭਾਜਪਾ ਦੇ ਸੂਬਾਈ ਆਗੂਆਂ ਵਿਚਕਾਰ ਖਹਿਬਾਜ਼ੀ ਕਾਰਨ ਕੁਰਸੀਆਂ ਦੇ ਚਾਹਵਾਨਾਂ ਦੀ ਹਸਰਤ ਅਜੇ ਤੱਕ ਪੂਰੀ ਨਹੀਂ ਹੋ ਸਕੀ।

ਅਕਾਲੀ-ਭਾਜਪਾ ਗਠਜੋੜ ਸਰਕਾਰ ਨੂੰ ਹੋਂਦ ਵਿਚ ਆਇਆਂ ਡੇਢ ਸਾਲ ਦਾ ਸਮਾਂ ਹੋਣ ਵਾਲਾ ਹੈ। ਇਸ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਕੋਟੇ ਦੇ ਪੰਜਾਬ ਮੰਡੀ ਬੋਰਡ, ਮਾਰਕਫੈੱਡ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ, ਪੰਜਾਬ ਸਕੂਲ ਸਿੱਖਿਆ ਬੋਰਡ ਆਦਿ ਮਹੱਤਵਪੂਰਨ ਬੋਰਡਾਂ ਤੇ ਨਿਗਮਾਂ ਦੇ ਚੇਅਰਮੈਨਾਂ ਦੀਆਂ ਨਿਯੁਕਤੀਆਂ ਕਰ ਦਿੱਤੀਆਂ ਹਨ। ਸੂਤਰਾਂ ਅਨੁਸਾਰ ਭਾਜਪਾ ਦਾ ਇਕ ਧੜਾ ਮੰਤਰੀ ਮੰਡਲ ਵਿਚ ਫੇਰਬਦਲ ਲਈ ਦਬਾਅ ਬਣਾ ਰਿਹਾ ਹੈ। ਇਹੀ ਕਾਰਨ ਹੈ ਕਿ ਬੋਰਡਾਂ ਤੇ ਨਿਗਮਾਂ ਦੇ ਮੁਖੀਆਂ ਦੀਆਂ ਨਿਯੁਕਤੀਆਂ ਲਟਕੀਆਂ ਹੋਈਆਂ ਹਨ।

ਭਾਜਪਾ ਦੀਆਂ ਮੀਟਿੰਗਾਂ ਦੌਰਾਨ ਪਾਰਟੀ ਦੇ ਪੰਜਾਬ ਮਾਮਲਿਆਂ ਬਾਰੇ ਕਮੇਟੀ ਦੇ ਇੰਚਾਰਜ ਸ਼ਾਂਤਾ ਕੁਮਾਰ ਦੀ ਮੌਜੂਦਗੀ ਵਿਚ ਦੋ ਮੰਤਰੀਆਂ ਦੀ ਕਾਰਗੁਜ਼ਾਰੀ 'ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਜਾ ਚੁੱਕੀਆਂ ਹਨ। ਪਾਰਟੀ ਅੰਦਰਲਾ ਇਕ ਮਜ਼ਬੂਤ ਧੜਾ ਮੰਤਰੀ ਮੰਡਲ ਵਿਚ ਫੇਰਬਦਲ ਕਰਾਉਣ ਲਈ ਹਾਈ ਕਮਾਂਡ ਤੱਕ ਪਹੁੰਚ ਕਰ ਰਿਹਾ ਹੈ। ਪਾਰਟੀ ਦੇ ਮੰਤਰੀਆਂ ਦੀ ਕਾਰਗੁਜ਼ਾਰੀ ਦਾ ਮਾਮਲਾ ਏਨਾ ਜ਼ਿਆਦਾ ਉਛਲਿਆ ਹੈ ਕਿ ਭਾਜਪਾ ਦੇ ਸੂਬਾਈ ਆਗੂਆਂ ਨੂੰ ਵੀ ਇਸ ਬਾਰੇ ਸਪਸ਼ਟੀਕਰਨ ਦੇਣੇ ਪੈ ਰਹੇ ਹਨ।

ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਧੜੇਬੰਦੀ ਦਾ ਅਸਰ ਆਗਾਮੀ ਲੋਕ ਸਭਾ ਚੋਣਾਂ 'ਤੇ ਵੀ ਪੈ ਸਕਦਾ ਹੈ। ਇਸ ਦਾ ਵੱਡਾ ਸਬੂਤ ਨਿਗਮਾਂ ਤੇ ਬੋਰਡਾਂ ਦੇ ਚੇਅਰਮੈਨਾਂ ਦੀਆਂ ਨਿਯੁਕਤੀਆਂ ਨਾ ਹੋਣ ਤੋਂ ਮਿਲਦਾ ਹੈ। ਚੇਅਰਮੈਨਾਂ ਦੀਆਂ ਨਿਯੁਕਤੀਆਂ ਬਾਰੇ ਸੂਚੀਆਂ ਨੂੰ ਅੰਤਿਮ ਰੂਪ ਦੇ ਕੇ ਕਈ ਵਾਰੀ ਹਾਈ ਕਮਾਂਡ ਨੂੰ ਭੇਜਿਆ ਜਾ ਚੁੱਕਾ ਹੈ ਪਰ ਹਾਈ ਕਮਾਂਡ ਧੜੇਬੰਦੀ ਕਾਰਨ ਕੋਈ ਫੈਸਲਾ ਨਹੀਂ ਲੈ ਸਕੀ।

ਪਾਰਟੀ ਦੇ ਸੂਬਾਈ ਪ੍ਰਧਾਨ ਕਮਲ ਸ਼ਰਮਾ ਸਮੇਤ ਕੋਈ ਵੀ ਆਗੂ ਸਿੱਧੂ ਜੋੜੇ ਦੇ ਮਾਮਲੇ 'ਤੇ ਬੋਲਣ ਲਈ ਤਿਆਰ ਨਹੀਂ ਹੈ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਆਪਣਾ ਨਾਂ ਗੁਪਤ ਰੱਖਦਿਆਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਵਿਚ ਫੇਰਬਦਲ ਲਈ ਦਬਾਅ ਪਾਉਣ ਵਾਲੇ ਧੜੇ ਵੱਲੋਂ ਹੀ ਬੀਬੀ ਸਿੱਧੂ ਨੂੰ ਵਾਰ-ਵਾਰ ਮੀਡੀਆ ਵਿਚ ਆਉਣ ਲਈ ਉਕਸਾਇਆ ਜਾ ਰਿਹਾ ਹੈ। ਭਾਵੇਂਕਿ ਸ਼ਾਂਤਾ ਕੁਮਾਰ ਦਾ ਦਾਅਵਾ ਹੈ ਕਿ ਪਾਰਟੀ ਆਗੂਆਂ ਦਰਮਿਆਨ ਕੋਈ ਧੜੇਬੰਦੀ ਨਹੀਂ ਹੈ।

# ਸੁਖਬੀਰ ਬਾਦਲ ਵੱਲੋਂ ਵਿਰੋਧ ਤੋਂ ਡਰਦਿਆਂ ਕੈਨੇਡਾ ਫੇਰੀ ਰੱਦ: ਬਾਜਵਾ

**ਜਲੰਧਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਰੱਦ ਹੋਈ ਕੈਨੇਡਾ ਫੇਰੀ 'ਤੇ ਟਿੱਪਣੀ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਨ੍ਹਾਂ ਨੇ ਇਹ ਫੇਰੀ ਪੰਜਾਬ ਪੁਲਿਸ ਦੇ ਉਨ੍ਹਾਂ ਅਫਸਰਾਂ ਨੂੰ ਬਚਾਉਣ ਖਾਤਰ ਰੱਦ ਕੀਤੀ ਹੈ ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੀਆਂ ਧੱਜੀਆਂ ਉਡਾਈਆਂ ਹਨ।



ਪੰਜਾਬ ਕਾਂਗਰਸ ਪ੍ਰਧਾਨ ਨੇ ਦੋਸ਼ ਲਾਉਂਦਿਆਂ ਕਿਹਾ ਕਿ ਬਾਦਲ ਸਰਕਾਰ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਕਰਵਾਉਣ ਦੇ ਮਾਮਲੇ ਤੋਂ ਭੱਜ ਰਹੀ ਹੈ। ਜਦੋਂਕਿ ਪੰਜਾਬ ਪੁਲਿਸ ਦਾ ਸਬ ਇੰਸਪੈਕਟਰ ਸੁਰਜੀਤ ਸਿੰਘ ਇਹ ਦੋਸ਼ ਲਾ ਰਿਹਾ ਹੈ ਕਿ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ 82 ਜਣਿਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਗਿਆ ਸੀ ਤਾਂ ਇਨ੍ਹਾਂ ਗੰਭੀਰ ਦੋਸ਼ਾਂ ਦੀ ਜਾਂਚ ਕਿਉਂ ਨਹੀਂ ਕਰਵਾਈ ਜਾ ਰਹੀ? ਸ. ਬਾਜਵਾ ਨੇ ਕਿਹਾ ਕਿ ਕੈਨੇਡਾ ਜਾਣ ਤੋਂ ਪਹਿਲਾਂ ਪੰਜਾਬ ਦੇ ਉਪ ਮੁੱਖ ਮੰਤਰੀ ਨੇ ਉਥੇ ਸਿੱਖਾਂ ਦਾ ਮਨ ਟਟੋਲਣ ਲਈ ਪੰਜਾਬ ਪੁਲਿਸ ਦੇ ਆਲ੍ਹਾ ਅਫਸਰਾਂ ਨੂੰ ਗੁਪਤ ਤੌਰ 'ਤੇ ਭੇਜਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਪੁਲਿਸ ਅਫਸਰਾਂ ਨੇ ਆ ਕੇ ਇਹੋ ਰਿਪੋਰਟ ਦਿੱਤੀ ਸੀ ਕਿ ਸੁਖਬੀਰ ਬਾਦਲ ਕੈਨੇਡਾ ਨਾ ਜਾਣ ਕਿਉਂਕਿ ਉੱਥੇ ਉਨ੍ਹਾਂ ਨੂੰ ਸ਼ਰਮਿੰਦਗੀ ਝੱਲਣੀ ਪੈ ਸਕਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਅਫਸਰਾਂ ਨੇ ਦੱਸਿਆ ਕਿ ਉਥੇ ਵੱਸਦੇ ਪੰਜਾਬੀਆਂ ਦੇ ਮਨਾਂ ਵਿਚ ਇਸ ਗੱਲ ਨੂੰ ਲੈ ਕੇ ਸਰਕਾਰ ਪ੍ਰਤੀ ਗੁੱਸਾ ਹੈ ਕਿ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾ ਰਹੀ ਤਾਂ ਇਹ ਰਿਪੋਰਟ ਮਿਲਣ ਤੋਂ ਬਾਅਦ ਹੀ ਸੁਖਬੀਰ ਬਾਦਲ ਨੇ ਆਪਣੀ ਕੈਨੇਡਾ ਫੇਰੀ ਰੱਦ ਕੀਤੀ ਹੈ।

ਸ. ਬਾਜਵਾ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉਹ ਆਪਣੇ-ਆਪ ਨੂੰ ਸਿੱਖਾਂ ਦਾ ਮਸੀਹਾ ਅਖਵਾਉਂਦੇ ਹਨ ਪਰ ਉਹ ਇਨ੍ਹਾਂ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਲੱਗ ਰਹੇ ਦੋਸ਼ਾਂ ਦੀ ਜਾਂਚ ਕਰਵਾਉਣ ਬਾਰੇ ਚੁੱਪ ਧਾਰੀ ਬੈਠੇ ਹਨ। ਬਾਜਵਾ ਨੇ ਅੱਗੇ ਕਿਹਾ ਕਿ ਕਾਂਗਰਸ ਤਰਨਤਾਰਨ ਦੇ ਐਸ.ਐਸ.ਪੀ. ਰਾਜਜੀਤ ਸਿੰਘ ਜਿਸ ਨੇ ਆਪਣੇ-ਆਪ ਨੂੰ 'ਮਰਿਆ' ਹੋਣ ਦਾ ਸਰਟੀਫਿਕੇਟ ਹਾਸਲ ਕਰਕੇ ਆਪਣੀ ਲੜਕੀ ਲਈ ਐਮ.ਬੀ.ਬੀ.ਐਸ ਵਿਚ ਦਾਖਲਾ ਲੈਣ ਦੀ ਕੋਸ਼ਿਸ਼ ਕੀਤੀ ਗਈ ਸੀ, ਵਿਰੁੱਧ ਤੇ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਵਿਰੁੱਧ ਹਾਈ ਕੋਰਟ ਵਿਚ ਜਨਹਿੱਤ ਪਟੀਸ਼ਨ ਦਾਇਰ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਐਡਵੋਕੇਟ ਅਸ਼ੋਕ ਅਗਰਵਾਲ ਵਿਰੁੱਧ ਵੀ ਕਾਂਗਰਸ ਹਾਈ ਕੋਰਟ ਵਿਚ ਜਾਏਗੀ ਜਿਨ੍ਹਾਂ ਨੇ ਵਿਵਾਦਾਂ ਵਿਚ ਘਿਰੇ ਅਕਾਲੀ ਦਲ ਦੇ ਵਿਧਾਇਕ ਜੋਗਿੰਦਰ ਪਾਲ ਜੈਨ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਗੁੰਮਰਾਹ ਕੀਤਾ ਹੈ।

# ਪੰਜਾਬ ਪੁਲਿਸ ਨੇ 'ਖਾਸ ਲੋਕਾਂ' ਦੀ ਸੁਰੱਖਿਆ 'ਤੇ ਕਰੋੜਾਂ ਰੁਪਏ ਰੋੜ੍ਹੇ

## ਪੰਜਾਬ ਤੋਂ ਬਾਹਰ ਵੀ ਸੁਰੱਖਿਆ ਮੁਹੱਈਆ



**ਚੰਡੀਗੜ੍ਹ:** ਵੀ.ਆਈ.ਪੀਜ਼ ਨੂੰ ਸੁਰੱਖਿਆ ਦੇਣ 'ਤੇ ਪੰਜਾਬ ਪੁਲਿਸ ਵੱਲੋਂ ਹਰ ਸਾਲ 9.28 ਕਰੋੜ ਰੁਪਏ ਖਰਚੇ ਜਾਂਦੇ ਹਨ। ਇਹ ਸੁਰੱਖਿਆ ਛਤਰੀ ਲੈਣ ਵਾਲਿਆਂ ਵਿਚ ਸੰਸਦ ਮੈਂਬਰ ਵੀ ਸ਼ਾਮਲ ਹਨ ਜੋ ਪੰਜਾਬ ਤੋਂ ਬਾਹਰ ਰਹਿੰਦੇ ਹਨ। ਇਹ ਖੁਲਾਸਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਐਡਵੋਕੇਟ ਐਚ.ਸੀ ਅਰੋੜਾ ਵੱਲੋਂ ਪਾਈ ਜਨਹਿਤ ਪਟੀਸ਼ਨ ਸਬੰਧੀ ਦਾਖਲ ਕੀਤੇ ਹਲਫਨਾਮੇ ਤੋਂ ਹੋਇਆ ਹੈ। ਸ੍ਰੀ ਅਰੋੜਾ ਨੇ ਹੋਰ ਰਾਜਾਂ ਦੇ ਵਾਸੀਆਂ ਨੂੰ ਸੁਰੱਖਿਆ ਛਤਰੀ ਦਿੱਤੇ ਜਾਣ ਵਿਰੁੱਧ ਪਟੀਸ਼ਨ ਦਾਇਰ ਕੀਤੀ ਸੀ।

ਚੀਫ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੀ ਅਗਵਾਈ ਵਾਲੇ ਬੈਂਚ ਵੱਲੋਂ 16 ਜੁਲਾਈ ਨੂੰ ਦਿੱਤੇ ਹੁਕਮਾਂ ਮੁਤਾਬਕ ਸਰਕਾਰ ਵੱਲੋਂ ਪੂਰੇ ਵੇਰਵਿਆਂ ਸਹਿਤ ਹਲਫਨਾਮਾ ਪੇਸ਼ ਕੀਤਾ ਗਿਆ ਹੈ। ਏ.ਆਈ.ਜੀ (ਸੁਰੱਖਿਆ) ਪਰਮਦੀਪ ਸਿੰਘ ਵੱਲੋਂ ਦਿੱਤੇ ਹਲਫਨਾਮੇ ਵਿਚ ਦੱਸਿਆ ਗਿਆ ਹੈ ਕਿ ਸਿਰਫ਼ 25 ਅਜਿਹੇ ਵਿਸ਼ੇਸ਼ ਵਿਅਕਤੀ ਹਨ ਜਿਨ੍ਹਾਂ ਨੂੰ ਪੰਜਾਬ ਤੋਂ ਬਾਹਰ ਸੂਬਾ ਸਰਕਾਰ ਵੱਲੋਂ ਆਪਣੇ ਖਰਚੇ 'ਤੇ ਸੁਰੱਖਿਆ ਛਤਰੀ ਮੁਹੱਈਆ ਕਰਵਾਈ ਗਈ ਹੈ।

ਇਨ੍ਹਾਂ ਵਿਅਕਤੀਆਂ ਦੀ ਸੁਰੱਖਿਆ ਲਈ ਪੰਜਾਬ ਪੁਲਿਸ ਦੇ 207 ਮੁਲਾਜ਼ਮ ਤੇ ਸੀ.ਆਰ.ਪੀ.ਐਫ ਦੇ ਤਿੰਨ ਸੈਕਸ਼ਨ ਮੁਹੱਈਆ ਕਰਵਾਏ ਗਏ ਹਨ। ਇਹ ਸੁਰੱਖਿਆ ਹਾਸਲ ਕਰਨ ਵਾਲਿਆਂ ਵਿਚ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ, ਕੇਂਦਰੀ ਸਿਹਤ ਰਾਜ ਮੰਤਰੀ ਸੰਤੋਸ਼ ਚੌਧਰੀ, ਸੂਚਨਾ ਤੇ ਪ੍ਰਸਾਰਣ ਰਾਜ ਮੰਤਰੀ ਮਨੀਸ਼ ਤਿਵਾੜੀ ਤੇ ਜੰਮੂ ਕਸ਼ਮੀਰ ਹਾਈ ਕੋਰਟ ਦੇ ਚੀਫ ਜਸਟਿਸ ਐਮ.ਐਮ ਕੁਮਾਰ ਸ਼ਾਮਲ ਹਨ।

ਇਸੇ ਤਰ੍ਹਾਂ ਸੰਸਦ ਮੈਂਬਰਾਂ ਹਰਸਿਮਰਤ ਕੌਰ ਬਾਦਲ, ਰਵਨੀਤ ਸਿੰਘ ਬਿੱਟੂ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਨਵਜੋਤ ਸਿੰਘ ਸਿੱਧੂ, ਰਤਨ ਸਿੰਘ ਅਜਨਾਲਾ, ਸ਼ੇਰ ਸਿੰਘ ਘੁਬਾਇਆ, ਪਰਮਜੀਤ ਕੌਰ ਗੁਲਸ਼ਨ, ਅਸ਼ਵਨੀ ਕੁਮਾਰ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਇਹ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ।

ਇਸੇ ਤਰ੍ਹਾਂ ਸੰਸਦ ਮੈਂਬਰਾਂ ਅੰਬਿਕਾ ਸੋਨੀ, ਵਿਜੇਇੰਦਰ ਸਿੰਗਲਾ, ਮਹਿੰਦਰ ਸਿੰਘ ਕੇਪੀ, ਅਵਿਨਾਸ਼ ਰਾਏ ਖੰਨਾ, ਮਨੋਹਰ ਸਿੰਘ ਗਿੱਲ, ਨਰੇਸ਼ ਕੁਮਾਰ ਗੁਜਰਾਲ ਤੇ ਅਵਤਾਰ ਸਿੰਘ ਕਰੀਮਪੁਰੀ ਨੂੰ ਵੀ ਸੁਰੱਖਿਆ ਦਿੱਤੀ ਗਈ ਹੈ। ਇਸ ਸੂਚੀ ਵਿਚ ਸਾਬਕਾ ਪੁਲਿਸ ਮੁਖੀ ਕੇ.ਪੀ.ਐਸ ਗਿੱਲ, ਆਈ.ਏ.ਐਸ ਅਧਿਕਾਰੀ ਦਿਨੇਸ਼ ਸੈਣੀ, ਮਨਿੰਦਰਜੀਤ ਸਿੰਘ ਬਿੱਟਾ ਤੇ ਸਾਬਕਾ ਰਾਜਪਾਲ ਬੀ.ਕੇ.ਐਨ. ਛਿੱਬਰ ਵੀ ਸ਼ਾਮਲ ਹਨ। ਹਾਈ ਕੋਰਟ ਨੇ ਪਿਛਲੀ ਸੁਣਵਾਈ ਮੌਕੇ ਕਿਹਾ ਸੀ ਕਿ ਦੂਜੇ ਰਾਜਾਂ ਵਿਚ ਰਹਿਣ ਵਾਲੇ ਵਿਅਕਤੀਆਂ ਨੂੰ ਸੁਰੱਖਿਆ ਦੇਣ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਨਹੀਂ ਹੈ।

# ਚਾਲੀ ਮੁਲਕਾਂ ਵਿਚ ਸਿਆਸੀ ਪਾਰਟੀਆਂ ਵੱਲੋਂ ਚੰਦਿਆਂ ਦਾ ਖੁਲਾਸਾ

**ਚੰਡੀਗੜ੍ਹ:** ਫਰਾਂਸ, ਜਰਮਨੀ ਤੇ ਜਪਾਨ ਸਮੇਤ 40 ਦੇਸ਼ਾਂ ਦੀਆਂ ਸਿਆਸੀ ਪਾਰਟੀਆਂ ਨੂੰ ਹੋਰ ਰਿਕਾਰਡ ਤੋਂ ਇਲਾਵਾ ਕਾਨੂੰਨੀ ਤੌਰ 'ਤੇ ਆਪਣੇ ਆਮਦਨ ਦੇ ਸਰੋਤ, ਅਸਾਸਿਆਂ ਤੇ ਦੇਣਦਾਰੀਆਂ ਦਾ ਖੁਲਾਸਾ ਕਰਨਾ ਪੈਂਦਾ ਹੈ। ਇਹ ਗੱਲ ਇਕ ਕੌਮਾਂਤਰੀ ਗੈਰ-ਸਰਕਾਰੀ ਜਥੇਬੰਦੀ ਦੀ ਰਿਪੋਰਟ ਵਿਚ ਕਹੀ ਗਈ ਹੈ।

ਕਾਮਨਵੈਲਥ ਹਿਊਮਨ ਰਾਈਟਸ ਇਨੀਸ਼ੀਏਟਿਵ (ਸੀਐਚਆਰਆਈ) ਦੀ ਰਿਪੋਰਟ ਵਿੱਚ ਕਿਹਾ ਗਿਆ ਕਿ ਸਵੀਡਨ ਤੇ ਤੁਰਕੀ ਜਿਹੇ ਦੇਸ਼ਾਂ ਵਿਚ ਸਿਆਸੀ ਪਾਰਟੀਆਂ ਆਪਸੀ ਸਮਝੌਤੇ ਤਹਿਤ ਆਪਣਾ ਰਿਕਾਰਡ ਲੋਕਾਂ ਸਾਹਮਣੇ ਰੱਖਣ ਲਈ ਤਿਆਰ ਹੋਈਆਂ ਹਨ। ਇਨ੍ਹਾਂ ਵਿਚੋਂ ਕੁਝ ਦੇਸ਼ਾਂ ਵਿਚ ਪਾਰਟੀਆਂ ਲਈ ਸਰਕਾਰੀ ਫੰਡ ਦਿੱਤੇ ਜਾਂਦੇ ਹਨ ਜਦਕਿ ਕਈ ਹੋਰਾਂ ਦੇਸ਼ਾਂ ਵਿਚ ਇਨ੍ਹਾਂ ਨੂੰ ਸਰਕਾਰੀ ਫੰਡ ਤੇ ਪ੍ਰਾਈਵੇਟ ਚੰਦੇ ਦੋਵੇਂ ਮਿਲਦੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਆਸਟਰੇਲੀਆ, ਭੂਟਾਨ, ਬਰਾਜ਼ੀਲ, ਬੁਲਗਾਰੀਆ, ਫਰਾਂਸ, ਘਾਨਾ, ਗਰੀਸ, ਹੰਗਰੀ, ਇਟਲੀ, ਕਜ਼ਾਖਸਤਾਨ, ਕੀਨੀਆ ਤੇ ਕਿਰਗਿਜ਼ਸਤਾਨ ਆਦਿ ਦੇਸ਼ਾਂ ਵਿਚ ਅਜਿਹਾ ਕਾਨੂੰਨੀ ਪ੍ਰਬੰਧ ਹੈ ਜਿਸ ਤਹਿਤ ਉਨ੍ਹਾਂ ਨੂੰ ਆਪਣੇ ਲੋਕਾਂ ਨੂੰ ਆਪਣੀ ਵਿੱਤੀ ਜਾਣਕਾਰੀ ਦਿਖਾਉਣੀ ਪੈਂਦੀ ਹੈ। ਨੇਪਾਲ, ਪੋਲੈਂਡ, ਰੋਮਾਨੀਆ, ਸਲੋਵੇਨੀਆ, ਸੂਰੀਨਾਮ, ਸਵੀਡਨ, ਤਾਜਿਕਸਤਾਨ, ਤੁਰਕੀ, ਯੂਕਰੇਨ ਤੇ ਉਜ਼ਬੇਕਿਸਤਾਨ ਵਿਚ ਸਿਆਸੀ ਪਾਰਟੀਆਂ ਆਪਣੀ ਫੰਡਿੰਗ ਬਾਰੇ ਜਨਤਕ ਖੁਲਾਸਾ ਕਰਦੀਆਂ ਹਨ। ਅਮਰੀਕਾ, ਬਰਤਾਨੀਆ, ਬੈਲਜੀਅਮ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਤੇ ਦੱਖਣੀ ਅਫਰੀਕਾ ਮੁਲਕਾਂ ਵਿਚ ਸਿਆਸੀ ਪਾਰਟੀਆਂ ਦੇ ਵੇਰਵਿਆਂ ਤੇ ਚੋਣ ਮੁਹਿੰਮ ਦੇ ਚੰਦਿਆਂ ਦਾ ਖੁਲਾਸਾ ਕਰਨ ਦੇ ਵੱਖ-ਵੱਖ ਮਾਡਲ ਅਪਣਾਏ ਹੋਏ ਹਨ। ਭਾਰਤ ਵਿਚ ਰੈਗੂਲੇਟਰੀ ਸੰਸਥਾਵਾਂ ਵੱਲੋਂ ਉਨ੍ਹਾਂ ਕੋਲ ਸਿਆਸੀ ਪਾਰਟੀਆਂ ਵੱਲੋਂ ਦਿੱਤੀ ਵਿੱਤੀ ਜਾਣਕਾਰੀ ਦਾ ਖੁਲਾਸਾ ਕਰਨ ਦਾ ਤਰੱਦਦ ਨਹੀਂ ਕੀਤਾ ਜਾਂਦਾ।

ਮਾਹਿਰਾਂ ਦਾ ਕਹਿਣਾ ਹੈ ਕਿ ਸੂਚਨਾ ਦੇ ਅਧਿਕਾਰ ਕਾਨੂੰਨ ਸੋਧ ਕਰਕੇ ਇਸ ਰੁਝਾਨ ਤੋਂ ਬਚਣ ਦੀ ਬਜਾਏ ਭਾਰਤ ਦੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਕੰਮਕਾਜ ਵਿਚ ਵਧੇਰੇ ਪਾਰਦਰਸ਼ਤਾ ਵਰਤਣ ਦੀ ਸਿਵਲ ਸੁਸਾਇਟੀ ਦੀ ਮੰਗ 'ਤੇ ਅਮਲ ਕਰਨਾ ਚਾਹੀਦਾ ਹੈ। ਇਹ ਮਨੋਦਸ਼ਾ ਬਦਲਣ ਨਾਲ ਸਿਆਸੀ ਨਿਜ਼ਾਮ ਵਿਚ ਲੋਕਾਂ ਦਾ ਭਰੋਸਾ ਬਹਾਲ ਹੋਵੇਗਾ।

# ਵਿਧਾਇਕ ਜੈਨ ਚੇਅਰਮੈਨੀ ਛੱਡਣ ਤੋਂ ਇਨਕਾਰੀ



**ਚੰਡੀਗੜ੍ਹ:** ਕਾਂਗਰਸ ਨੂੰ ਅਲਵਿਦਾ ਆਖ ਅਕਾਲੀ ਦਲ ਤੋਂ ਚੇਅਰਮੈਨੀ ਹਾਸਲ ਕਰਨ ਵਾਲੇ ਮੋਗਾ ਦੇ ਵਿਵਾਦਗ੍ਰਸਤ ਵਿਧਾਇਕ ਜੋਗਿੰਦਰ ਪਾਲ ਜੈਨ ਅਜੇ ਵੀ ਆਪਣੇ ਅਹੁਦੇ 'ਤੇ ਡਟੇ ਹੋਏ ਹਨ ਜਦੋਂਕਿ ਪੰਜਾਬ ਦੇ ਐਡਵੋਕੇਟ ਜਨਰਲ ਬੀਤੀ 19 ਅਗਸਤ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਆਖ ਚੁੱਕੇ ਹਨ ਕਿ ਸ੍ਰੀ ਜੈਨ ਨੇ ਪੰਜਾਬ ਰਾਜ ਗੁਦਾਮ ਨਿਗਮ ਦੀ ਚੇਅਰਮੈਨੀ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਬਾਰੇ ਸ੍ਰੀ ਜੈਨ ਦਾ ਵੀ ਕਹਿਣਾ ਹੈ ਕਿ ਉਨ੍ਹਾਂ ਨੇ ਨਾ ਅਸਤੀਫਾ ਦਿੱਤਾ ਹੈ ਤੇ ਨਾ ਦੇਣਗੇ ਕਿਉਂਕਿ ਉਨ੍ਹਾਂ ਖ਼ਿਲਾਫ਼ ਲਾਏ ਦੋਸ਼ਾਂ ਦਾ ਕੋਈ ਆਧਾਰ ਨਹੀਂ ਹੈ। ਉਹ ਪਹਿਲਾਂ ਹੀ ਇਸ ਮੁੱਦੇ ਉੱਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਣੇ (ਪੰਜਾਬ) ਸਰਕਾਰ ਨੂੰ ਜਾਣਕਾਰੀ ਦੇ ਚੁੱਕਾ ਹਨ। ਸ੍ਰੀ ਜੈਨ ਨੇ ਕਿਹਾ ਕਿ ਐਡਵੋਕੇਟ ਜਨਰਲ ਨੇ ਬੱਸ ਇਹੋ ਕਿਹਾ ਸੀ ਕਿ ਅਸਤੀਫਾ ਉਨ੍ਹਾਂ ਦੀ ਜੇਬ ਵਿਚ ਹੈ। ਇਸ ਦਾ ਇਹੋ ਮਤਲਬ ਹੈ ਕਿ ਜੇ ਹਾਲਾਤ ਨੇ ਮੰਗ ਕੀਤੀ ਤਾਂ ਅਸਤੀਫ਼ਾ ਦੇ ਦਿੱਤਾ ਜਾਵੇਗਾ।

ਇਹ ਮਾਮਲਾ ਦਿੱਲੀ ਦੀ ਇਕ ਅਦਾਲਤ ਵੱਲੋਂ ਸ੍ਰੀ ਜੈਨ ਨੂੰ ਧਾਰਾ 419 ਤੇ 471 (ਜਾਅਲਸਾਜ਼ੀ) ਤਹਿਤ ਦੋਸ਼ੀ ਕਰਾਰ ਦਿੱਤੇ ਜਾਣ ਨਾਲ ਸਬੰਧਤ ਹੈ। ਇਹ ਕੇਸ 1992 ਵਿਚ ਦਰਜ ਹੋਇਆ ਸੀ ਤੇ ਇਸ ਵਿਚ ਉਨ੍ਹਾਂ ਨੂੰ ਇਕ ਸਾਲ ਦੀ ਅਜ਼ਮਾਇਸ਼ 'ਤੇ ਰੱਖਿਆ ਗਿਆ ਸੀ। ਸ੍ਰੀ ਜੈਨ ਨੇ ਕਿਹਾ ਕਿ ਉਹ 1994 ਤੋਂ ਲੈ ਕੇ ਅੱਠ ਸਾਲਾਂ ਤੱਕ ਇੰਪਰੂਵਮੈਂਟ ਟਰੱਸਟ ਮੋਗਾ ਦਾ ਚੇਅਰਮੈਨ ਰਿਹਾ। ਜਿਸ ਸੂਚਨਾ ਉੱਤੇ ਸਵਾਲ ਖੜ੍ਹੇ ਕੀਤੇ ਜਾ ਰਾਹੇ ਹਨ ਉਹ ਸਾਰੀ ਚੋਣ ਕਮਿਸ਼ਨ ਨੂੰ ਮੁਹੱਈਆ ਕਾਰਵਾਈ ਗਈ ਸੀ ਜੋ ਇਕ ਉਚੇਰੀ ਅਥਾਰਟੀ ਹੈ।

ਪੰਜਾਬ ਦੇ ਐਡਵੋਕੇਟ ਜਨਰਲ ਨੇ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੂੰ ਦੱਸਿਆ ਸੀ ਕਿ ਸ੍ਰੀ ਜੈਨ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਅਦਾਲਤ ਨੂੰ ਇਹ ਵੀ ਦੱਸਿਆ ਸੀ ਕਿ ਇਹ ਪਿਛਲਾ ਰਿਕਾਰਡ ਜਿਸ ਵਿਚ 20 ਸਾਲ ਪਹਿਲਾਂ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਜਾਣਾ ਵੀ ਸ਼ਾਮਲ ਹੈ, ਉਨ੍ਹਾਂ ਨੂੰ ਕਾਰਪੋਰੇਸ਼ਨ ਦੇ ਚੇਅਰਮੈਨ ਦੇ ਅਹੁਦੇ ਦੇ ਅਯੋਗ ਨਹੀਂ ਬਣਾਉਂਦਾ। ਸ੍ਰੀ ਜੈਨ ਖਿਲਾਫ਼ ਇਹ ਮਾਮਲਾ ਬੇਈਮਾਨੀ ਤੇ ਗਲਤ ਢੰਗ ਨਾਲ ਜਾਅਲੀ ਪਾਸਪੋਰਟ ਦੀ ਮਦਦ ਨਾਲ ਇਮੀਗਰੇਸ਼ਨ ਅਧਿਕਾਰੀਆਂ ਨੂੰ ਧੋਖਾ ਦੇਣ ਨਾਲ ਸਬੰਧਤ ਹੈ।

ਉਹ 29 ਜਨਵਰੀ, 1988 ਨੂੰ ਬੈਂਕਾਕ ਰਾਹੀਂ ਹਾਂਗਕਾਂਗ ਗਏ ਸਨ ਤੇ ਉਦੋਂ ਉਨ੍ਹਾਂ ਕੋਲੋਂ ਮੋਹਨ ਨਾਲ ਨਾਮੀ ਵਿਅਕਤੀ ਦਾ ਪਾਸਪੋਰਟ ਮਿਲਿਆ ਸੀ ਜਿਸ ਉੱਤੇ ਉਨ੍ਹਾਂ ਦੀ ਫੋਟੋ ਲੱਗੀ ਸੀ। ਸ੍ਰੀ ਜੈਨ ਦਾ ਕਹਿਣਾ ਸੀ ਕਿ ਅਸਲ ਵਿਚ ਪਰਿਵਾਰ ਵਿਚ ਉਨ੍ਹਾਂ ਨੂੰ ਹੀ ਮੋਹਨ ਲਾਲ ਕਿਹਾ ਜਾਂਦਾ ਹੈ।

# ਸੁੱਖੀ ਧਾਲੀਵਾਲ ਦੀ ਪਲੇਠੀ ਪੁਸਤਕ 'ਬੇਚੈਨੀ ਦਾ ਖੰਜਰ' ਰਿਲੀਜ਼

**ਫਰਿਜ਼ਨੋ (ਬਿਊਰੋ):** ਉਭਰਦੇ ਸ਼ਾਇਰ ਸੁੱਖੀ ਧਾਲੀਵਾਲ ਦਾ ਪਲੇਠਾ ਕਾਵਿ ਸੰਗ੍ਰਿਹ 'ਬੇਚੈਨੀ ਦਾ ਖੰਜਰ' ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਵਲੋਂ ਇਥੇ ਕੀਤੇ ਗਏ ਇਕ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ।

ਸਮਾਗਮ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਪੱਤਰਕਾਰ ਸਿੱਧੂ ਦਮਦਮੀ, ਕੁਲਵਿੰਦਰ ਅਤੇ ਕਰਮ ਸਿੰਘ ਮਾਨ ਨੇ ਕੀਤੀ। ਕਰਮ ਸਿੰਘ ਮਾਨ ਨੇ ਕਾਵਿ ਸੰਗ੍ਰਿਹ 'ਬੇਚੈਨੀ ਦਾ ਖੰਜਰ' ਬਾਰੇ ਬੋਲਦਿਆਂ ਕਿਹਾ ਕਿ ਇਹ ਲੋਕਪੱਖੀ ਅਤੇ ਮਾਨਵਵਾਦੀ ਵਿਚਾਰਧਾਰਾ ਦੀ ਕਵਿਤਾ ਹੈ। ਸੰਤੋਖ ਮਿਨਹਾਸ ਨੇ ਕਿਹਾ ਕਿ ਸੁੱਖੀ ਦੀ ਕਵਿਤਾ ਛੋਟੀ ਕਿਸਾਨੀ ਤੇ ਮਜ਼ਦੂਰ ਵਰਗ ਦੇ ਸੰਕਟਾਂ ਨੂੰ ਉਜਾਗਰ ਕਰਦੀ ਹੈ। ਸੁਖਵਿੰਦਰ ਕੰਬੋਜ ਦਾ ਨਜ਼ਰੀਆ ਸੀ ਕਿ ਸੁੱਖੀ ਇੱਕ ਸੰਭਾਵਨਾ ਭਰਪੂਰ ਕਵੀ ਹੈ। ਅਵਤਾਰ ਗੋਦਾਰਾ ਨੇ ਕਿਹਾ ਕਿ ਸੁੱਖੀ ਦੀ ਕਵਿਤਾ ਅਹਿਸਾਸ ਦੀ ਕਵਿਤਾ ਹੈ। ਡਾ. ਗੁਰੂਮੇਲ ਸਿੱਧੂ ਦਾ ਮੱਤ ਸੀ ਕਿ ਕਵੀ ਉਹ ਹੀ ਅੱਛੀ ਕਵਿਤਾ ਲਿਖ ਸਕਦਾ ਹੈ ਜੋ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵ ਗ੍ਰਹਿਣ ਕਰਕੇ ਅਨੁਭਵ ਵਿਚ ਉਤਾਰਦਾ ਹੈ। ਇਸ ਪੱਖੋਂ ਸੁੱਖੀ ਨੂੰ ਹੋਰ ਚਿੰਤਨ ਅਤੇ ਅਧਿਐਨ ਦੀ ਲੋੜ ਹੈ। ਹਰਜਿੰਦਰ ਕੰਗ ਦਾ ਵਿਚਾਰ ਸੀ ਕਿ ਸੁੱਖੀ ਦੀ ਕਵਿਤਾ ਦੀ ਸੁਰ ਪਰਵਾਸ ਦੇ ਦਰਦ ਨੂੰ ਪੇਸ਼ ਕਰਨ ਵੱਲ ਰੁਚਿਤ ਹੈ। ਸਿੱਧੂ ਦਮਦਮੀ ਨੇ ਪੁਸਤਕ ਬਾਰੇ ਸੰਜੀਦਾ ਵਿਚਾਰ-ਵਟਾਂਦਰੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੂਲ ਨਾਲ ਜੁੜੇ ਰਹਿਣਾ ਲਾਜ਼ਮੀ ਹੈ।

ਦੂਜਾ ਸੈਸ਼ਨ ਕਵੀ ਦਰਬਾਰ ਵਿਚ ਗੁਰਦੀਪ ਸਿੰਘ ਅਣਖੀ, ਅਵਤਾਰ ਗੋਦਾਰਾ, ਮਾਸਟਰ ਸੁਰਜੀਤ ਸਿੰਘ, ਜਗਜੀਤ ਨੌਸ਼ਹਿਰਵੀ, ਸੁਖਵਿੰਦਰ ਕੰਬੋਜ, ਡਾ. ਗੁਰੂਮੇਲ ਸਿੱਧੂ, ਕਰਮ ਸਿੰਘ ਮਾਨ, ਕੁਲਵਿੰਦਰ, ਕੁਲਵੰਤ ਸੇਖੋਂ, ਜਸਵੰਤ ਸ਼ਾਦ, ਹਰਜਿੰਦਰ ਢੇਸੀ, ਅਸ਼ਰਫ ਗਿੱਲ, ਸੰਤੋਖ ਮਿਨਹਾਸ, ਤਾਰਾ ਸਾਗਰ, ਰੇਸ਼ਮ ਸਿੱਧੂ, ਅਸ਼ੋਕ ਭੌਰਾ, ਸੁੱਖੀ ਧਾਲੀਵਾਲ, ਸਾਧੂ ਸਿੰਘ ਸੰਘਾ, ਜਗਤਾਰ ਗਿੱਲ, ਪਿਸ਼ੌਰਾ ਸਿੰਘ ਢਿਲੋਂ, ਜਗਜੀਤ ਨੌਸ਼ਹਿਰਵੀ ਅਤੇ ਪ੍ਰੋ. ਅਵਤਾਰ ਗਿੱਲ ਨੇ ਆਪਣੀਆਂ ਕਵਿ ਰਚਨਾਵਾਂ ਪੜ੍ਹੀਆਂ। ਤ੍ਰਿਪਤ ਭੱਟੀ ਨੇ ਦੋ ਮਿੰਨੀ ਕਹਾਣੀਆਂ ਪੇਸ਼ ਕੀਤੀਆਂ।

ਗਾਇਕੀ ਦੇ ਖੁਲ੍ਹੇ ਪਿੜ ਵਿਚ ਧਰਮਵੀਰ ਥਾਂਦੀ, ਰਾਜ ਬਰਾੜ ਤੇ ਅਵਤਾਰ ਸਿੰਘ ਗਰੇਵਾਲ ਨੇ ਹਾਜ਼ਰੀ ਲੁਆਈ। ਚੇਤਨਾ ਪ੍ਰਕਾਸ਼ਨ ਵਲੋਂ ਸਤੀਸ਼ ਗੁਲਾਟੀ ਨੇ ਪੁਸਤਕ ਪ੍ਰਦਰਸ਼ਨੀ ਲਾਈ ਜਿਸ ਦਾ ਪੁਸਤਕ ਪ੍ਰੇਮੀਆਂ ਨੇ ਪੂਰਾ ਲਾਭ ਉਠਾਇਆ। ਸਮਾਗਮ ਵਿਚ ਹਾਜ਼ਰ ਹੋਰ ਸ਼ਖਸੀਅਤਾਂ ਵਿਚ ਸੁਰਿੰਦਰ ਮੰਡਾਲੀ, ਪਰਮਜੀਤ ਧਾਲੀਵਾਲ, ਅਵਤਾਰ ਲਾਖਾ, ਹਰਜੀਤ ਗਰੇਵਾਲ, ਜਗਜੀਤ ਥਿੰਦ, ਗੁਲਵਿੰਦਰ ਢੇਸੀ, ਸਤਵੀਰ ਸਿੰਘ ਹੀਰ, ਰਣਮੇਘ ਸਿੰਘ ਢੇਸੀ, ਨਵਦੀਪ ਕਲੇਰ, ਕਮਲਜੀਤ ਸਿੰਘ ਬਾਸੀ, ਮਹਿੰਦਰ ਸਿੰਘ ਢਾਹ, ਸੁਖਦੇਵ ਸਿੰਘ ਬਰਾੜ, ਨਵਜੋਤ ਸਿੱਧੂ, ਜਗਰੂਪ ਧਾਲੀਵਾਲ, ਜੀਤੀ ਸਿੱਧੂ ਅਤੇ ਉਦੇਦੀਪ ਸਿੱਧੂ ਸ਼ਾਮਲ ਸਨ। ਮੰਚ ਸੰਚਾਲਨ ਨੀਟਾ ਮਾਛੀਕੇ ਅਤੇ ਹਰਜਿੰਦਰ ਕੰਗ ਨੇ ਕੀਤਾ।





ਵਿਪਸਾਅ ਦੀ ਮੀਟਿੰਗ ਦੌਰਾਨ ਹਾਜ਼ਰ ਲੇਖਕ

# ਪਾਸ਼ ਦੀ ਪੁਸਤਕ 'ਤਲਵੰਡੀ ਸਲੇਮ ਨੂੰ ਜਾਂਦੀ ਸੜਕ' ਰਿਲੀਜ਼

**ਯੂਨੀਅਨ ਸਿਟੀ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ ਯੂਨੀਅਨ ਸਿਟੀ ਲਾਇਬਰੇਰੀ ਵਿਚ ਹੋਈ ਇਕ ਮੀਟਿੰਗ ਦੌਰਾਨ ਮਰਹੂਮ ਸ਼ਾਇਰ ਪਾਸ਼ ਦੇ ਪਿਤਾ ਸ. ਸੋਹਨ ਸਿੰਘ ਸੰਧੂ ਦੀ ਸੰਪਾਦਿਤ ਅਤੇ ਸੰਕਲਿਤ ਪੁਸਤਕ 'ਤਲਵੰਡੀ ਸਲੇਮ ਨੂੰ ਜਾਂਦੀ ਸੜਕ' ਰਿਲੀਜ਼ ਕੀਤੀ ਗਈ। ਇਸ ਪੁਸਤਕ ਵਿਚ ਉਨ੍ਹਾਂ ਨੇ ਪਾਸ਼ ਦਾ ਵਾਰਤਕ ਸਾਹਿਤ ਸ਼ਾਮਲ ਹੈ।

ਜ਼ਿਕਰਯੋਗ ਹੈ ਕਿ ਸ. ਸੋਹਨ ਸਿੰਘ ਸੰਧੂ ਸਿਹਤ ਦੀ ਖਰਾਬੀ ਕਰਕੇ ਜੁਲਾਈ ਮਹੀਨੇ ਚਲਾਣਾ ਕਰ ਗਏ ਸਨ। ਇਸ ਤੋਂ ਪਹਿਲਾਂ ਸ. ਸੰਧੂ ਨੇ ਆਪਣੇ ਪੁੱਤਰ ਦੀਆਂ ਹੋਰ ਕਿਤਾਬਾਂ ਵੀ ਛਪਵਾਈਆਂ ਜਿਨ੍ਹਾਂ ਵਿਚੋਂ ਇੱਕ ਪਾਸ਼ 'ਤੇ ਕੀਤੀ ਗਈ ਆਲੋਚਨਾ ਦਾ ਸੰਗ੍ਰਿਹ ਹੈ ਤੇ ਦੂਸਰੀ 'ਪਾਸ਼ ਤਾਂ ਸੂਰਜ ਸੀ' ਹੈ। ਵਿਪਸਾਅ ਦੇ ਚੇਅਰਮੈਨ ਸੁਖਵਿੰਦਰ ਕੰਬੋਜ ਨੇ ਕਿਹਾ ਕਿ ਪਾਸ਼ ਦੀ ਕਵਿਤਾ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਡਰਾਇੰਗ ਰੂਮ ਦੇ ਸੋਫ਼ਿਆਂ ਤੋਂ ਉਠ ਕੇ ਆਮ ਬੰਦੇ ਦੇ ਸੁਪਨੇ ਤੇ ਸੱਧਰਾਂ ਦੀ ਗੱਲ ਕਰਦੀ ਹੈ।

ਇਸ ਪੁਸਤਕ ਦੇ ਰਿਲੀਜ਼ ਸਮਾਗਮ ਮੌਕੇ ਵਿਪਸਾਅ ਮੈਂਬਰਾਂ ਤੋਂ ਇਲਾਵਾ ਪਾਸ਼ ਦੇ ਭਰਾ ਓਂਕਾਰ ਸਿੰਘ ਸੰਧੂ, ਬੇਟੀ ਵਿੰਕਲ, ਦੋਹਤਾ ਅਰਮਾਨ ਅਤੇ ਹੋਰ ਮਿੱਤਰ-ਪ੍ਰੇਮੀ ਹਾਜ਼ਰ ਸਨ। ਸਭ ਤੋਂ ਪਹਿਲਾਂ ਬੇ ਏਰੀਆ ਦੇ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਪਾਸ਼ ਦੇ ਗੀਤ 'ਸੋਨੇ ਦੀ ਸਵੇਰ ਜਦੋਂ ਆਊ' ਗਾ ਕੇ ਸਰੋਤਿਆਂ ਨੂੰ ਮੋਹਿਤ ਕੀਤਾ। ਪਾਸ਼ ਦੀ ਬੇਟੀ ਵਿੰਕਲ ਨੇ ਆਪਣੇ ਦਾਦਾ ਸ. ਸੋਹਨ ਸਿੰਘ ਸੰਧੂ ਬਾਰੇ ਦੱਸਿਆ ਕਿ ਉਹ ਸਿਹਤ ਦੀ ਖਰਾਬੀ ਦੇ ਬਾਵਜੂਦ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਮਿਹਨਤ ਕਰਕੇ ਇਹ ਕਿਤਾਬ ਪ੍ਰਕਾਸ਼ਿਤ ਕਰਾਉਣ ਦੀ ਕੋਸ਼ਿਸ਼ ਕਰਦੇ ਰਹੇ। ਗੁਲਸ਼ਨ ਦਿਆਲ ਨੇ ਕਿਹਾ ਕਿ ਸ. ਸੋਹਨ ਸਿੰਘ ਸੰਧੂ ਆਪਣੇ ਬੇਟੇ ਤੇ ਬਹੁਤ ਮਾਣ ਕਰਦੇ ਸਨ ਅਤੇ ਪਾਸ਼ ਦੀ ਮੌਤ 'ਤੇ ਉਨ੍ਹਾਂ ਕਦੀ ਅਫਸੋਸ ਪ੍ਰਗਟ ਨਾ ਕੀਤਾ ਕਿਉਂਕਿ ਉਹ ਕਹਿੰਦੇ ਸਨ, 'ਪਾਸ਼ ਤਾਂ ਸੂਰਜ ਸੀ ਤੇ ਭਲਾ ਸੂਰਜ ਨੂੰ ਕੋਈ ਘਰ ਡੱਕ ਕੇ ਥੋੜਾ ਰੱਖ ਸਕਦਾ ਹੈ।' ਫ਼ਾਰੂਖ ਤਰਾਜ਼ ਨੇ ਸ. ਸੋਹਨ ਸਿੰਘ ਸੰਧੂ ਨਾਲ ਆਪਣੀ ਵਾਕਫੀਅਤ ਸਾਂਝੀ ਕੀਤੀ ਤੇ ਕਿਹਾ ਕਿ ਪਾਸ਼ ਸਾਡਾ ਹੀਰੋ ਹੈ ਤੇ ਹਮੇਸ਼ਾ ਰਹੇਗਾ। ਜਨਾਬ ਇਜਾਜ਼ ਸੱਈਅਦ ਨੇ ਸ. ਸੋਹਨ ਸਿੰਘ ਸੰਧੂ ਅਤੇ ਪਾਸ਼ ਦੀਆਂ ਯਾਦਾਂ ਸਾਂਝੀਆਂ ਕੀਤੀਆਂ।

ਮੈਗਜ਼ੀਨ ਡਾਇਲਾਗ ਦੇ ਐਡੀਟਰ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਮੈਂ ਪਾਸ਼ ਨੂੰ ਮਿਲ ਨਹੀਂ ਸਕਿਆ ਪਰ ਪਾਸ਼ ਦੀ ਕਵਿਤਾ ਮੇਰੇ ਨਾਲ ਹੈ। ਉਘੇ ਪੱਤਰਕਾਰ ਅਤੇ ਰੇਡੀਓ ਚੜ੍ਹਦੀ ਕਲਾ ਦੇ ਮੇਜ਼ਬਾਨ ਅਸ਼ੋਕ ਭੌਰਾ ਨੇ ਕਿਹਾ ਕਿ ਜੇ ਕਵਿਤਾ ਕੁਝ ਕਹਿੰਦੀ ਹੈ ਤਾਂ ਉਹ ਹੀ ਇਸ ਦਾ ਮੁਲਾਂਕਣ ਹੈ। ਰੰਗਮੰਚ ਕਲਾਕਾਰ ਸੁਰਿੰਦਰ ਧਨੋਆ, ਭਾਰਤ ਤੋਂ ਆਏ ਪੁਸਤਕ ਪ੍ਰਕਾਸ਼ਕ ਸਤੀਸ਼ ਗੁਲਾਟੀ ਅਤੇ ਪੱਤਰਕਾਰ ਹੁਸਨ ਲੜੋਆ ਬੰਗਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਮੰਚ ਸੰਚਾਲਨ ਸੁਖਵਿੰਦਰ ਕੰਬੋਜ ਨੇ ਕੀਤਾ।

ਇਸ ਮੌਕੇ ਹੋਏ ਕਵੀ ਦਰਬਾਰ ਵਿਚ ਚਰਨਜੀਤ ਪੰਨੂ, ਸੁਖਦੇਵ ਸਾਹਿਲ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਲਸ਼ਨ ਦਿਆਲ, ਫ਼ਾਰੂਕ ਤਰਾਜ਼, ਨੀਲਮ ਸੈਣੀ, ਮੇਜਰ ਭੁਪਿੰਦਰ ਦਲੇਰ, ਨਵਨੀਤ ਪੰਨੂ, ਸਤੀਸ਼ ਗੁਲਾਟੀ, ਕੁਲਵਿੰਦਰ, ਮਾਸਟਰ ਰਿੰਕੂ, ਅਸ਼ੋਕ ਭੌਰਾ ਅਤੇ ਤਾਰਾ ਸਾਗਰ ਨੇ ਆਪਣੀਆਂ ਰਚਨਾਵਾਂ ਸੁਣਾਈਆਂ।

# ਕਰਮਨ ਵਿਚ ਯਮਲਾ ਜੱਟ ਦੀ ਯਾਦ 'ਚ ਮੇਲਾ 13 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਯਮਲਾ ਜੱਟ ਫਾਊਂਡੇਸ਼ਨ ਵਲੋਂ ਲੋਕ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਵਿਚ ਮੇਲਾ ਆਉਂਦੀ 13 ਅਕਤੂਬਰ, ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਕਰਮਨ ਸ਼ਹਿਰ ਦੇ ਕਮਿਊਨਿਟੀ ਹਾਲ ਵਿਚ ਹੋਵੇਗਾ। ਇਸ ਵਾਰ ਇਹ ਮੇਲਾ ਮਰਹੂਮ ਗਾਇਕ ਕੁਲਦੀਪ ਮਾਣਕ ਨੂੰ ਸਮਰਪਿਤ ਹੋਵੇਗਾ। ਇਸ ਸਬੰਧੀ ਫੈਸਲਾ ਫਾਊਂਡੇਸ਼ਨ ਦੇ ਮੈਂਬਰਾਂ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਕੈਨੇਡਾ ਤੋਂ ਛੋਟੀ ਉਮਰ ਦੇ ਗਾਇਕ ਪਵਨਜੋਤ ਯਮਲਾ ਤੋਂ ਇਲਾਵਾ ਭਾਰਤ ਤੋਂ ਲਾਲ ਚੰਦ ਯਮਲਾ ਜੱਟ ਦਾ ਪੁੱਤਰ ਜਸਦੇਵ ਯਮਲਾ, ਧਰਮਵੀਰ ਥਾਂਦੀ, ਜਤਿੰਦਰ ਜਰਗੀਆ, ਅਕਾਸ਼ਦੀਪ, ਗਗਨ ਸਿੱਧੂ, ਰਾਜਿੰਦਰ ਗਿੱਲ, ਦਿਲਦਾਰ ਮਿਊਜ਼ੀਕਲ ਗਰੁੱਪ ਕੈਲੀਫੋਰਨੀਆ ਦੇ ਅਵਤਾਰ ਸਿੰਘ ਗਰੇਵਾਲ ਅਤੇ ਹੋਰ ਬਹੁਤ ਸਾਰੇ ਗਾਇਕ ਦਰਸ਼ਕਾਂ ਦਾ ਮਨੋਰੰਜਨ ਕਰਨਗੇ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਰੇਡੀਓ ਹੋਸਟ ਐਸ. ਅਸ਼ੋਕ ਭੌਰਾ, ਲੇਖਕ ਜਗਤਾਰ ਗਿੱਲ, ਰਾਜਿੰਦਰ ਬਰਾੜ ਯਮਲਾ, ਕੁਲਵੰਤ ਉੱਭੀ ਧਾਲੀਆਂ, ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ, ਅਮਰਜੀਤ ਸਿੰਘ ਦੌਧਰ, ਅਵਤਾਰ ਸਿੰਘ ਢਿੱਲੋਂ, ਮਾਸਟਰ ਦਲਬਾਰਾ ਸਿੰਘ, ਰਣਮੇਘ ਸਿੰਘ ਢੇਸੀ, ਕਮਲਜੀਤ ਸਿੰਘ ਬਾਸੀ, ਅਵਤਾਰ ਸਿੰਘ ਗਿੱਲ, ਹਰਜੀਤ ਸਿੰਘ ਗਰੇਵਾਲ, ਡਾ. ਸਿਮਰਜੀਤ ਧਾਲੀਵਾਲ ਅਤੇ ਗੈਰੀ ਢੇਸੀ ਹਾਜ਼ਰ ਸਨ। ਹੋਰ ਜਾਣਕਾਰੀ ਲਈ ਫੋਨ (559) 473-9264 ਜਾਂ (559) 333-5776 'ਤੇ ਸੰਪਰਕ ਕੀਤਾ ਜਾ ਸਕਦਾ ਹੈ।




**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

**AMERICAN AIR, CONTINENTAL AIR**



**JET AIRWAYS DELTA, AIR INDIA, KLM, LUFTHANSA.**

**For Emergency Call anytime at 847-673-3825**

**EARLY BIRD SALE!!!!**

**India $545**
**London $250**


# ਹਿੰਦ-ਅਮਰੀਕਾ ਵਿਚਾਲੇ ਫ਼ੌਜੀ ਪੱਧਰ 'ਤੇ ਵੀ ਗੱਲ ਹੋਵੇ: ਸਾਬਕਾ ਜਨਰਲ

**ਵਾਸ਼ਿੰਗਟਨ:** ਭਾਰਤੀ ਥਲ ਸੈਨਾ ਦੇ ਸਾਬਕਾ ਮੁਖੀ ਵੀ.ਕੇ ਸਿੰਘ ਨੇ ਕਿਹਾ ਹੈ ਕਿ ਰੱਖਿਆ ਉਪਕਰਨਾਂ ਦੇ ਨਵੀਨੀਕਰਨ ਦੇ ਖੇਤਰ ਵਿਚ ਭਾਰਤ ਤੇ ਅਮਰੀਕਾ ਸਾਂਝੇ ਉੱਦਮਾਂ 'ਤੇ ਕੰਮ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਭਾਰਤੀ ਨਿਜ਼ਾਮ 'ਤੇ ਛਾਈ ਨੌਕਰਸ਼ਾਹੀ ਨੂੰ ਲਾਂਭੇ ਕਰਕੇ ਦੋਵਾਂ ਮੁਲਕਾਂ ਵਿਚ ਫੌਜੀ ਪੱਧਰ 'ਤੇ ਗੱਲਬਾਤ ਹੋਵੇ। ਦੋਵਾਂ ਮੁਲਕਾਂ ਵਿਚਾਲੇ ਰੱਖਿਆ ਤਕਨੀਕ ਵਿਚ ਸਹਿਯੋਗ ਲਈ ਬਹੁਤ ਸੰਭਾਵਨਾਵਾਂ ਹਨ ਤੇ ਜੇਕਰ ਅਮਰੀਕਾ ਨਾਲ ਗੱਲਬਾਤ ਵਿਚ ਥਲ ਸੈਨਾ ਅਧਿਕਾਰੀਆਂ ਦੀ ਅਹਿਮ ਭੂਮਿਕਾ ਹੋਵੇ ਤਾਂ ਇਹ ਕੰਮ ਤੇਜ਼ ਗਤੀ ਨਾਲ ਅੱਗੇ ਵਧ ਸਕਦਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਅਮਰੀਕਾ ਏਸ਼ੀਆ ਵਿਚ ਭਾਰਤ ਨੂੰ ਆਪਣਾ ਮਿੱਤਰ ਸਮਝਦਾ ਹੈ ਤਾਂ ਸਮਰੱਥਾ ਵਧਾਉਣ ਲਈ ਸਾਂਝੇ ਉੱਦਮ ਸ਼ੁਰੂ ਕੀਤੇ ਜਾ ਸਕਦੇ ਹਨ। ਅਮਰੀਕਾ ਨੂੰ ਤਕਨੀਕ ਦਾ ਧੁਰਾ ਦੱਸਦਿਆਂ ਉਨ੍ਹਾਂ ਕਿਹਾ ਕਿ ਅਸਲਾ ਖਾਨਾ, ਹਵਾਬਾਜ਼ੀ ਤੇ ਜਲ ਸੈਨਾ ਦੇ ਖੇਤਰ ਵਿਚ ਬਹੁਤ ਕੁਝ ਸਾਂਝਾ ਕੀਤਾ ਜਾ ਸਕਦਾ ਹੈ, ਜਿਸ ਨਾਲ ਅਮਰੀਕਾ ਨੂੰ ਆਰਥਿਕ ਤੇ ਭਾਰਤ ਨੂੰ ਤਕਨੀਕੀ ਫਾਇਦਾ ਹੋ ਸਕਦਾ ਹੈ।


**Prince's Barber Shop**

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**
**www.princebarbershop.com**



## ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
## ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

**ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ**

## ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577

ਪੰਜਾਬ ਟਾਈਮਜ਼

*ਸਨਿਚਰਵਾਰ, 7 ਸਤੰਬਰ, 2013*

## ਡੇਰਿਆਂ ਦਾ ਮਾਇਆਜਾਲ ਤੇ ਸਿਆਸਤ

ਆਸਾਰਾਮ ਬਾਪੂ ਦੇ ਨਾਂ ਨਾਲ ਮਸ਼ਹੂਰ ਬਾਬਾ, ਆਖਰਕਾਰ ਪੁਲਿਸ ਦੀ ਗ੍ਰਿਫਤ ਵਿਚ ਆ ਗਿਆ ਹੈ। ਉਸ ਉਤੇ ਆਪਣੇ ਹੀ ਇਕ ਸ਼ਰਧਾਲੂ ਦੀ ਬੇਟੀ ਦੇ ਜਿਣਸੀ ਸ਼ੋਸ਼ਣ ਦੇ ਦੋਸ਼ ਹਨ। ਉਸ ਦੀ ਇਸ ਗ੍ਰਿਫਤਾਰੀ ਨਾਲ ਅਜਿਹੇ ਪਖੰਡੀ ਬਾਬਿਆਂ ਦੀਆਂ ਕਰਤੂਤਾਂ ਦਾ ਭਾਂਡਾ ਚੌਰਾਹੇ ਵਿਚ ਭੱਜਿਆ ਗਿਆ ਹੈ। ਉਂਜ ਇਸ ਗ੍ਰਿਫਤਾਰੀ ਦਾ ਸਭ ਤੋਂ ਵੱਧ ਦੁੱਖ ਭਾਰਤੀ ਜਨਤਾ ਪਾਰਟੀ ਅਤੇ ਇਸ ਦੀਆਂ ਹੋਰ ਜੋਟੀਦਾਰ ਹਿੰਦੂ ਜਥੇਬੰਦੀਆਂ ਨੇ ਮਨਾਇਆ ਹੈ। ਇਨ੍ਹਾਂ ਜਥੇਬੰਦੀਆਂ ਦੀ ਇਕ ਹੀ ਦਲੀਲ ਹੈ ਕਿ ਆਸਾਰਾਮ ਕਿਉਂਕਿ ਸੋਨੀਆ ਗਾਂਧੀ ਅਤੇ ਉਸ ਦੇ ਟੱਬਰ ਦੀ ਨੁਕਤਾਚੀਨੀ ਕਰਦਾ ਹੈ, ਇਸ ਲਈ ਉਸ ਨੂੰ ਝੂਠੇ ਕੇਸਾਂ ਵਿਚ ਉਲਝਾਇਆ ਜਾ ਰਿਹਾ ਹੈ। ਹੋਰ ਫਿਰਕਿਆਂ ਖਿਲਾਫ ਜ਼ਹਿਰ ਉਗਲਣ ਵਾਲੀ ਜਥੇਬੰਦੀ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਅਸ਼ੋਕ ਸਿੰਘਲ ਨੇ ਤਾਂ ਆਸਾਰਾਮ ਖਿਲਾਫ ਇਸ ਕਾਰਵਾਈ ਨੂੰ ਹਿੰਦੂ ਧਰਮ ਉਤੇ ਹਮਲਾ ਹੀ ਕਰਾਰ ਦੇ ਦਿੱਤਾ ਹੈ। ਇਨ੍ਹਾਂ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂਆਂ ਨੇ ਆਸਾਰਾਮ ਦੇ ਹੱਕ ਵਿਚ ਰੋਸ ਵਿਖਾਵੇ ਕਰਨ ਦੇ ਯਤਨ ਵੀ ਕੀਤੇ ਹਨ ਅਤੇ ਉਸ ਦੇ ਸ਼ਰਧਾਲੂਆਂ ਰਾਹੀਂ ਤਾਕਤ ਦੇ ਜ਼ੋਰ ਪ੍ਰਸ਼ਾਸਨ ਨੂੰ ਡਰਾਉਣ ਤੇ ਧਮਕਾਉਣ ਦਾ ਦਾਅ ਵੀ ਵਰਤਿਆ ਹੈ, ਪਰ ਪੁਲਿਸ ਅਤੇ ਪ੍ਰਸ਼ਾਸਨ ਦੀ ਪਹੁੰਚ ਤੋਂ ਜਾਪਦਾ ਹੈ ਕਿ ਐਤਕੀਂ ਆਸਾਰਾਮ ਬਚ ਕੇ ਨਿਕਲ ਨਹੀਂ ਸਕੇਗਾ, ਉਸ ਖਿਲਾਫ ਕਾਰਵਾਈ ਸਿਰੇ ਚੜ੍ਹ ਕੇ ਰਹਿਣੀ ਹੈ। ਆਸਾਰਾਮ ਅਤੇ ਉਸ ਦੇ ਪੁੱਤਰ ਨੇ ਵੀ ਇਸ ਬਾਰੇ ਦੁੱਖ ਜਿਹਾ ਜ਼ਾਹਿਰ ਕੀਤਾ ਹੈ ਕਿ ਪਹਿਲਾਂ ਹਰ ਮਾਮਲੇ ਵਿਚ ਉਨ੍ਹਾਂ ਦਾ ਪੱਖ ਸੁਣ ਕੇ, ਮਾਮਲਾ ਨਜਿੱਠ ਲਿਆ ਜਾਂਦਾ ਰਿਹਾ ਹੈ; ਭਾਵ ਮਾਮਲਾ ਰਫਾ-ਦਫਾ ਕਰ ਦਿੱਤਾ ਜਾਂਦਾ ਰਿਹਾ ਹੈ; ਐਤਕੀਂ ਉਨ੍ਹਾਂ ਦੀ ਗੱਲ ਹੀ ਨਹੀਂ ਸੁਣੀ ਜਾ ਰਹੀ। ਆਸਾਰਾਮ ਨੇ ਤਾਂ ਪਹਿਲਾਂ ਪੁਲਿਸ ਅੱਗੇ ਪੇਸ਼ ਹੋਣ ਤੋਂ ਵੀ ਆਨਾਕਾਨੀ ਕੀਤੀ ਸੀ ਅਤੇ ਬਿਮਾਰ ਹੋਣ ਦਾ ਬਹਾਨਾ ਬਣਾਇਆ ਸੀ, ਪਰ ਪੁਲਿਸ ਰਾਤੋ-ਰਾਤ ਉਸ ਦੇ ਆਸ਼ਰਮ ਪਹੁੰਚ ਗਈ ਅਤੇ ਉਸ ਨੂੰ ਲੈ ਆਈ। ਉਦੋਂ ਹੀ ਮਾਮਲਾ ਸਪਸ਼ਟ ਹੋ ਗਿਆ ਸੀ ਕਿ ਐਤਕੀਂ ਕਾਰਵਾਈ ਲੋਕਲ ਪ੍ਰਸ਼ਾਸਨ ਦੀ ਮਰਜ਼ੀ ਨਾਲ ਨਹੀਂ, ਉਪਰਲੇ ਹੁਕਮਾਂ ਮੁਤਾਬਕ ਹੋ ਰਹੀ ਹੈ। ਨਤੀਜੇ ਵਜੋਂ, ਹਰ ਤਰ੍ਹਾਂ ਦੇ ਵਿਰੋਧ ਦੇ ਬਾਵਜੂਦ ਅੱਜ ਆਸਾਰਾਮ ਜੇਲ੍ਹ ਅੰਦਰ ਬੰਦ ਹੈ। ਉਂਜ, ਜਿਨ੍ਹਾਂ ਦੋਸ਼ਾਂ ਤਹਿਤ ਆਸਾਰਾਮ ਜੇਲ੍ਹ ਅੰਦਰ ਬੰਦ ਹੈ, ਉਹ ਕੋਈ ਨਵੇਂ ਨਹੀਂ ਹਨ। ਅਜਿਹੀਆਂ ਸ਼ਿਕਾਇਤਾਂ ਆਮ ਹਨ, ਪਰ ਅਜਿਹੀਆਂ ਸ਼ਿਕਾਇਤਾਂ ਉਤੇ ਕਾਰਵਾਈ ਬਹੁਤ ਘੱਟ ਹੁੰਦੀ ਰਹੀ ਹੈ। ਇਕ ਤਾਂ ਅਜਿਹੇ ਬਾਬਿਆਂ ਦੀ ਸਰਕਾਰੇ-ਦਰਬਾਰੇ ਚੱਲਦੀ ਇੰਨੀ ਜ਼ਿਆਦਾ ਹੈ ਕਿ ਸ਼ਿਕਾਇਤ ਕਰਨ ਵਾਲਾ ਕੰਧ ਵਿਚ ਟੱਕਰਾਂ ਮਾਰਨ ਜੋਗਾ ਰਹਿ ਜਾਂਦਾ ਹੈ; ਉਸ ਦੀ ਕਿਤੇ ਕੋਈ ਸੁਣਵਾਈ ਨਹੀਂ ਹੁੰਦੀ। ਅਜਿਹੇ ਬਾਬਿਆਂ ਦੀ ਪੁਸ਼ਤਪਨਾਹੀ ਸਿਆਸੀ ਲੀਡਰ ਕਰਦੇ ਹਨ, ਜਿਹਾ ਕਿ ਆਸਾਰਾਮ ਦੀ ਗ੍ਰਿਫਤਾਰੀ ਤੋਂ ਬਾਅਦ ਹੋਈ ਸਿਆਸੀ ਸਰਗਰਮੀ ਤੋਂ ਵੀ ਸਪਸ਼ਟ ਹੋ ਗਿਆ ਹੈ।

ਸਿਆਸੀ ਮਾਹਿਰਾਂ ਅਤੇ ਸਮਾਜ ਸ਼ਾਸਤਰੀਆਂ ਨੇ ਡੇਰਿਆਂ ਅਤੇ ਸਿਆਸਤਦਾਨਾਂ ਦੀ ਇਸ ਪੀਡੀ ਸਾਂਝ ਦੇ ਕਈ ਕਾਰਨ ਗਿਣਾਏ ਹਨ। ਸਭ ਤੋਂ ਵੱਡਾ ਕਾਰਨ ਡੇਰਿਆਂ ਜਾਂ ਆਸ਼ਰਮਾਂ ਦੇ ਸ਼ਰਧਾਲੂ ਹਨ ਜੋ ਸਿਆਸੀ ਲੀਡਰਾਂ ਲਈ ਮਹਿਜ਼ ਵੋਟਾਂ ਹਨ। ਡੇਰਿਆਂ ਦੇ ਸ਼ਰਧਾਲੂਆਂ ਦੀਆਂ ਇਹ ਪੱਕੀਆਂ ਵੋਟਾਂ ਹਾਸਲ ਕਰਨ ਲਈ ਸਿਆਸੀ ਆਗੂ ਅਕਸਰ ਇਨ੍ਹਾਂ ਡੇਰਿਆਂ ਵਿਚ ਗੇੜੇ ਮਾਰਦੇ ਹਨ। ਇਹ ਇਕੱਲੇ ਆਸਾਰਾਮ ਦੀ ਹੀ ਗੱਲ ਨਹੀਂ, ਪੰਜਾਬ ਵਿਚ ਤਾਂ ਇਨ੍ਹਾਂ ਮਾਮਲਿਆਂ ਦੇ ਹੋਰ ਵੀ ਕਈ ਪੱਖ ਹਨ। ਹੁਣ ਤਾਂ ਤੱਥ ਗਵਾਹ ਹਨ ਕਿ ਅਜਿਹੇ ਡੇਰਿਆਂ/ਆਸ਼ਰਮਾਂ ਦਾ ਕਿਸੇ ਧਰਮ ਨਾਲ ਕਿੰਨਾ ਕੁ ਸਬੰਧ ਹੈ? ਹੁਣ ਤਾਂ ਇਹ ਵੀ ਸਥਾਪਤ ਹੋ ਚੁੱਕਾ ਹੈ ਕਿ ਡੇਰਿਆਂ ਵਿਚ ਕਿੰਨੇ ਮਾੜੇ ਕੰਮ ਅਕਸਰ ਹੁੰਦੇ ਹਨ, ਪਰ ਇਨ੍ਹਾਂ ਖਿਲਾਫ ਮੂੰਹ ਖੋਲ੍ਹਣ ਦਾ ਕੋਈ ਜੇਰਾ ਨਹੀਂ ਕਰਦਾ। ਚੋਣਾਂ ਦੇ ਦਿਨੀਂ ਲੋਕਾਂ ਨੇ ਇਨ੍ਹਾਂ ਡੇਰੇਦਾਰਾਂ ਦੀ ਸਿਆਸੀ ਸਾਂਝ ਦੇ ਦਰਸ਼ਨ ਕੀਤੇ ਹੁੰਦੇ ਹਨ; ਇਸ ਲਈ ਆਮ ਕਰ ਕੇ ਲੋਕ ਵਧੀਕੀ ਸਹਿ ਕੇ ਵੀ ਖਾਮੋਸ਼ ਰਹਿੰਦੇ ਹਨ। ਲੋਕਾਂ ਦੀ ਇਹ ਬੇਵਸੀ ਅਕਸਰ, ਬਾਹਰ ਆ ਕੇ ਸ਼ਰਧਾ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਸਮਾਜ ਸ਼ਾਸਤਰੀਆਂ ਨੇ ਤੱਥਾਂ ਸਹਿਤ ਇਹ ਸਾਬਤ ਕੀਤਾ ਹੈ ਕਿ ਡੇਰਿਆਂ 'ਤੇ ਜਾਣ ਵਾਲੇ ਸਾਰੇ ਲੋਕ ਸ਼ਰਧਾਲੂ ਨਹੀਂ ਹੁੰਦੇ। ਲੋਕਾਂ ਦੇ ਅਜਿਹੇ ਡੇਰਿਆਂ ਵਿਚ ਜਾਣ ਦੇ ਕਾਰਨ ਸ਼ਰਧਾ ਨਾਲੋਂ ਸਮਾਜਕ-ਆਰਥਿਕ-ਮਨੋਵਿਗਿਆਨਕ ਵਧੇਰੇ ਹੁੰਦੇ ਹਨ। ਪਿੰਡਾਂ ਵਿਚੋਂ ਜਦੋਂ ਕਿਸੇ ਡੇਰੇ ਲਈ ਟਰੱਕਾਂ ਦੇ ਟਰੱਕ ਭਰ ਕੇ ਜਾਂਦੇ ਹਨ ਤਾਂ ਉਨ੍ਹਾਂ ਵਿਚ ਸ਼ਰਧਾਲੂ ਤਾਂ ਆਟੇ ਵਿਚ ਲੂਣ ਬਰਾਬਰ ਹੀ ਹੁੰਦੇ ਹਨ, ਬਾਕੀ ਸਾਰੇ ਨਾਲ ਜਾਣ ਵਾਲੇ ਹੀ ਸਾਥੀ ਹੁੰਦੇ ਹਨ। ਇਹ ਵੱਖਰੀ ਗੱਲ ਹੈ ਕਿ ਬਹੁਤ ਵਾਰ ਇਹ ਸ਼ਰਧਾਲੂ ਅਤੇ ਉਨ੍ਹਾਂ ਦੇ ਨਾਲ ਵਾਲੇ ਅਕਸਰ ਭੁਗਤਦੇ ਸਬੰਧਤ ਡੇਰੇ ਦੇ ਹੱਕ ਵਿਚ ਹਨ। ਦਰਅਸਲ ਡੇਰਿਆਂ ਦਾ ਮੱਕੜ-ਜਾਲ ਹੈ ਹੀ ਅਜਿਹਾ ਕਿ ਸਾਧਾਰਨ ਬੰਦਾ ਇਨ੍ਹਾਂ ਦੀ ਅਸਲੀਅਤ ਤੱਕ ਪਹੁੰਚਣ ਵਿਚ ਨਾਕਾਮ ਰਹਿੰਦਾ ਹੈ। ਜਦੋਂ ਤੱਕ ਅਸਲੀਅਤ ਸਾਹਮਣੇ ਆਉਂਦੀ ਹੈ, ਉਦੋਂ ਤੱਕ ਕਿੰਨਾ ਸਾਰਾ ਪਾਣੀ ਪੁਲਾਂ ਹੇਠੋਂ ਵਗ ਚੁੱਕਾ ਹੁੰਦਾ ਹੈ। ਇਸੇ ਲਈ ਇਨ੍ਹਾਂ ਡੇਰੇਦਾਰਾਂ ਖਿਲਾਫ ਕਦੀ ਭਰਵੀਂ ਮੁਹਿੰਮ ਨਹੀਂ ਫੁੱਟਦੀ ਅਤੇ ਇਕੱਲੇ-ਦੁਕੱਲੇ ਨੂੰ ਇਹ ਜਾਣਦੇ ਕੁਝ ਨਹੀਂ। ਗੱਲ ਉਸੇ ਤਰ੍ਹਾਂ ਆਈ-ਗਈ ਹੋ ਜਾਂਦੀ ਹੈ ਜਿਸ ਤਰ੍ਹਾਂ ਆਸਾਰਾਮ ਅਤੇ ਉਸ ਦੇ ਸਾਥੀ ਪਹਿਲਾਂ ਕਰਦੇ ਰਹੇ ਹਨ ਅਤੇ ਬਚ ਕੇ ਸਾਫ ਨਿਕਲਦੇ ਰਹੇ ਹਨ। ਇਸੇ ਕਰ ਕੇ ਡੇਰਿਆਂ ਦਾ ਇਹ ਤੰਦੂਆ ਜਾਲ ਅੱਜ ਤੱਕ ਬਰਕਰਾਰ ਹੈ; ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਇੰਨੀਆਂ ਵਧੀਕੀਆਂ ਦੇ ਬਾਵਜੂਦ ਆਮ ਲੋਕ ਵਾਰ-ਵਾਰ ਉਹੀ ਗਲਤੀ ਦੁਹਰਾਉਂਦੇ। ਜ਼ਾਹਿਰ ਹੈ ਕਿ ਡੇਰਿਆਂ ਦੇ ਇਸ ਤੰਦੂਆ ਜਾਲ ਲਈ ਮੁੱਖ ਰੂਪ ਵਿਚ ਸਿਆਸੀ ਪਾਰਟੀਆਂ ਅਤੇ ਇਨ੍ਹਾਂ ਦੇ ਆਗੂ ਜ਼ਿੰਮੇਵਾਰ ਹਨ ਜੋ ਆਪਣੇ ਨਿੱਜੀ ਅਤੇ ਸੌੜੇ ਹਿਤਾਂ ਖਾਤਰ ਵੋਟਾਂ ਦੀ ਸਸਤੀ ਸਿਆਸਤ ਉਤੇ ਨਿਰਭਰ ਕਰਦੇ ਹਨ। ਜਿੰਨੀ ਦੇਰ ਇਹ ਤਾਲਮੇਲ ਨਹੀਂ ਟੁੱਟਦਾ, ਉਤਨੀ ਦੇਰ ਆਸਾਰਾਮ ਵਰਗੇ ਦਗੇਬਾਜ਼, ਨਾਂ ਅਤੇ ਥਾਂ ਬਦਲ ਕੇ ਲੋਕਾਂ ਦਾ ਸ਼ੋਸ਼ਣ ਕਰਦੇ ਰਹਿਣਗੇ। ਲੋੜ ਇਨ੍ਹਾਂ ਖਿਲਾਫ ਚੇਤਨਾ ਦੀ ਨ੍ਹੇਰੀ ਚਲਾਉਣ ਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਪਣੇ ਜੱਸ ਦੀ ਚਿੰਤਾ?*

ਉਨ੍ਹਾਂ ਬੁੱਲਾਂ ਲਈ ਅਣਖ ਦੇ ਗੀਤ ਲਿਖੀਏ, ਚੜ੍ਹੇ ਭੇਟ ਜੋ ਸਿਆਸਤੀ ਨਾਅਰਿਆਂ ਦੀ।
ਗਾਈਏ .ਗਜ਼ਲ ਕੋਈ ਨਵੀਂ ਤਬਦੀਲੀਆਂ ਦੀ, ਖਸਲਤ ਬਦਲੀਏ ਦਿਲਾਂ ਦੇ ਖਾਰਿਆਂ ਦੀ।
ਜਦ ਹੁਣ ਗੁੱਤਾਂ ਤੇ ਮੀਢੀਆਂ ਗਾਇਬ ਹੋਈਆਂ, ਤੋੜੇ ਅੰਬਰੋਂ ਲੋੜ ਕੀ ਤਾਰਿਆਂ ਦੀ?
ਯਾਰੋ ਛੱਡੀਏ ਜ਼ੁਲਫਾਂ ਦੀ ਰਾਗਨੀ ਨੂੰ, ਪਾਈਏ ਬਾਤ ਹੁਣ .ਗਫਲਤਾਂ ਮਾਰਿਆਂ ਦੀ।
ਲਿਖੀਏ ਸਦਾ ਲੋਕਾਈ ਦੀ ਨਬਜ਼ ਟੋਹ ਕੇ, ਮਿੱਠੀ ਮਾਖਿਉਂ ਸਾਹਿਤ ਦੀ ਮੱਸ ਦੇ ਲਈ।
ਨਹੀਂ ਉਹ ਲੋਕਾਂ ਦੇ ਕਵੀ ਖੁਦਗਰਜ਼ ਆਖੋ, ਸ਼ਾਇਰੀ ਕਰਨ ਜੋ 'ਆਪਣੇ ਜੱਸ' ਦੇ ਲਈ!

# ਇੰਜ ਕੀਤੀ ਪਿੰਡ ਵਾਲਿਆਂ ਨੇ ਹੁਕਮਰਾਨਾਂ ਖਿਲਾਫ ਬਗਾਵਤ

ਉੜੀਸਾ ਦੀਆਂ ਨਿਆਮਗਿਰੀ ਪਹਾੜੀਆਂ ਦੇ ਆਦਿਵਾਸੀਆਂ ਦੀ ਦ੍ਰਿੜਤਾ ਨੇ ਤਾਜ਼ਾ ਰਾਇ-ਸ਼ੁਮਾਰੀ ਜ਼ਰੀਏ ਭਾਰਤੀ ਹੁਕਮਰਾਨਾਂ ਅਤੇ ਕਾਰਪੋਰੇਟ ਧਾੜਵੀਆਂ ਨੂੰ ਇਕ ਵਾਰ ਤਾਂ ਕਰਾਰਾ ਧੋਬੀ ਪਟਕਾ ਮਾਰਿਆ ਹੈ ਅਤੇ ਇਸ ਨਾਲ ਸੂਬਾ ਸਰਕਾਰ ਵਲੋਂ ਉਥੇ ਨਿਭਾਇਆ ਕਿਰਦਾਰ ਵੀ ਸਵਾਲਾਂ ਦੇ ਘੇਰੇ ਵਿਚ ਆ ਗਿਆ ਹੈ। 2004 ਤੋਂ ਹੀ ਆਦਿਵਾਸੀ ਹੁਕਮਰਾਨ+ਕਾਰਪੋਰੇਟ ਗੱਠਜੋੜ ਖ਼ਿਲਾਫ਼ ਸ਼ਾਂਤਮਈ ਵਿਰੋਧ ਅਤੇ ਅਦਾਲਤੀ ਚਾਰਾਜੋਈ, ਦੋਵੇਂ ਤਰ੍ਹਾਂ ਦੀ ਲੜਾਈ ਲੜਦੇ ਆ ਰਹੇ ਹਨ। ਉੜੀਸਾ ਸਰਕਾਰ ਵਲੋਂ 2004 'ਚ ਵੇਦਾਂਤ ਐਲਮਿਨੀਅਮ ਲਿਮਟਿਡ ਨਾਲ ਇਨ੍ਹਾਂ ਪਹਾੜੀਆਂ ਵਿਚੋਂ ਬਾਕਸਾਈਟ ਕੱਢਣ ਲਈ ਕੀਤਾ ਇਕਰਾਰਨਾਮਾ ਉਨ੍ਹਾਂ ਸੌ ਤੋਂ ਵੱਧ ਇਕਰਾਰਨਾਮਿਆਂ ਵਿਚੋਂ ਇਕ ਹੈ ਜਿਸ ਤਹਿਤ

**ਬੂਟਾ ਸਿੰਘ**
**ਫੋਨ: 91-94634-74342**

ਇਥੇ ਵੇਦਾਂਤ ਸਮੂਹ ਵਲੋਂ ਬਾਕਸਾਈਟ ਦੀਆਂ ਖਾਣਾਂ ਖੋਦ ਕੇ 15 ਲੱਖ ਟਨ ਸਾਲਾਨਾ ਬਾਕਸਾਈਟ ਹਾਸਲ ਕੀਤਾ ਜਾਣਾ ਹੈ ਅਤੇ ਐਲਮਿਨੀਅਮ ਸੋਧਕ ਤੇ ਢਲਾਈ ਦੇ ਕਾਰਖ਼ਾਨਿਆਂ ਦੇ ਰੂਪ 'ਚ ਉਥੇ 50 ਹਜ਼ਾਰ ਕਰੋੜ ਰੁਪਏ ਦਾ ਪੂੰਜੀਨਿਵੇਸ਼ ਕੀਤਾ ਜਾਣਾ ਹੈ। ਇਹ ਨਾ ਸਿਰਫ਼ ਮੁਲਕ ਦੇ ਅਮੀਰ ਖਣਿਜ ਭੰਡਾਰਾਂ ਦੀ ਬੇਰਹਿਮੀ ਨਾਲ ਲੁੱਟਮਾਰ ਦਾ ਸਾਧਨ ਹੋਵੇਗਾ, ਸਗੋਂ ਇਸ ਨੇ ਉਥੋਂ ਦੇ ਕੁਦਰਤੀ ਬਾਸ਼ਿੰਦੇ 8000 ਕੌਂਦ ਆਦਿਵਾਸੀਆਂ ਦਾ ਉਜਾੜਾ ਵੀ ਕਰਨਾ ਹੈ ਅਤੇ ਵਾਤਾਵਰਨ ਦੀ ਭਾਰੀ ਤਬਾਹੀ ਵੀ ਮਚਾਉਣੀ ਹੈ ਜਿਨ੍ਹਾਂ ਦਾ ਜੰਗਲਾਂ, ਪਹਾੜਾਂ ਅਤੇ ਨਦੀਆਂ ਨਾਲ ਅਨਿੱਖੜ ਕੁਦਰਤੀ ਰਿਸ਼ਤਾ ਚਲਿਆ ਆ ਰਿਹਾ ਹੈ।

ਨਿਆਮਗਿਰੀ ਦੀਆਂ ਪਹਾੜੀਆਂ ਉੱਪਰ ਵਿਚ ਵਸੇ 112 ਪਿੰਡਾਂ ਵਿਚ ਡੌਂਗਰੀਆ ਕੌਂਦ ਅਤੇ ਪਹਾੜ ਦੇ ਨਾਲ ਲਗਦੇ ਤਰਾਈ ਖੇਤਰ ਦੇ 50 ਪਿੰਡਾਂ ਵਿਚ ਕੁਟੀਆ ਤੇ ਝਾਰਨੀਆ ਕੌਂਦ ਆਦਿਵਾਸੀ ਸਦੀਆਂ ਤੋਂ ਰਹਿ ਰਹੇ ਹਨ। ਜਦੋਂ ਤੋਂ ਬਾਕਸਾਈਟ ਖੋਦਣ ਲਈ ਪੂੰਜੀ-ਨਿਵੇਸ਼ ਦਾ ਇਹ ਇਕਰਾਰਨਾਮਾ ਹੋਇਆ ਹੈ, ਉਦੋਂ ਤੋਂ ਹੀ ਆਦਿਵਾਸੀ ਉਜਾੜੇ ਖ਼ਿਲਾਫ਼ ਲੜ ਰਹੇ ਹਨ। ਫਰਵਰੀ 2010 ਤੋਂ ਸੈਂਕੜੇ ਕੌਂਦ ਲੋਕ ਉਸ ਥਾਂ ਉੱਪਰ ਝੰਡਾ ਗੱਡ ਕੇ ਬੈਠੇ ਹਨ ਜਿਸ ਨੂੰ ਉਹ ਨਿਆਮ ਦੇਵਤਾ ਦਾ ਟਿਕਾਣਾ ਸਮਝਦੇ ਹਨ। ਵੇਦਾਂਤ ਲਈ 240 ਮੁਰੱਬਾ ਕਿਲੋਮੀਟਰ ਫੈਲੀਆਂ ਉੱਚੀਆਂ ਪਹਾੜੀਆਂ ਦੀ ਇਹ ਲੜੀ, ਇਸ ਦੀ ਮੀਲਾਂ ਲੰਮੀ ਹਰਿਆਵਲ ਦਾ ਕੁਦਰਤੀ ਮੰਜ਼ਰ ਅਤੇ ਕੌਂਦ ਆਦਿਵਾਸੀਆਂ ਦਾ ਅਕੀਦਾ ਕੋਈ ਮਾਇਨੇ ਨਹੀਂ ਰੱਖਦੇ। ਉਸ ਦੀ ਅੱਖ ਇਸ ਹੇਠਾਂ ਦੱਬੇ ਪਏ ਬੇਥਾਹ ਕੀਮਤੀ ਬਾਕਸਾਈਟ ਦੇ ਭੰਡਾਰਾਂ ਉੱਪਰ ਹੈ ਜਿਨ੍ਹਾਂ ਨੂੰ ਖੋਦ ਕੇ ਉਹ ਐਲਮਿਨੀਅਮ ਦੇ ਕਾਰੋਬਾਰ ਰਾਹੀਂ ਦਹਾਕਿਆਂ ਬੱਧੀ ਬੇਸ਼ੁਮਾਰ ਮੁਨਾਫ਼ੇ ਯਕੀਨੀ ਬਣਾ ਸਕਦੀ ਹੈ; ਪਰ ਆਦਿਵਾਸੀਆਂ ਲਈ ਇਹ ਜ਼ਿੰਦਗੀ ਮੌਤ ਦੀ ਲੜਾਈ ਹੈ। ਇਸ ਦੀ ਅਹਿਮੀਅਤ ਨੂੰ ਜਰਪਾ ਪਿੰਡ ਦੀ ਸਭਾ ਵਿਚ ਜ਼ਿਲ੍ਹਾ ਜੱਜ ਦੀ ਮੌਜੂਦਗੀ 'ਚ ਪਿੰਡ ਦੇ ਇਕ ਸਿਆਣੇ ਨੇ ਇਨ੍ਹਾਂ ਲਫ਼ਜ਼ਾਂ 'ਚ ਬਿਆਨ ਕੀਤਾ ਸੀ: "ਨਿਆਮਗਿਰੀ ਸਾਡਾ ਹੈ; ਅਸੀਂ ਕਿਸੇ ਵੀ ਕੀਮਤ 'ਤੇ ਇਹ ਨਹੀਂ ਛੱਡਾਂਗੇ। ਅਸੀਂ ਨਹੀਂ ਜਾਣਦੇ ਕਿ ਉਜਰਤ ਲੈ ਕੇ ਕੰਮ ਕਿਵੇਂ ਕਰੀਦਾ ਹੈ। ਜੇ ਹਕੂਮਤ ਧੱਕੇ ਨਾਲ ਸਾਨੂੰ ਉਜਾੜ ਦਿੰਦੀ ਹੈ, ਅਸੀਂ ਕੰਮ ਲਈ ਕਿਥੇ ਭਟਕਦੇ ਫਿਰਾਂਗੇ? ਅਸੀਂ ਕਿਸੇ ਦੇ ਬੰਧੂਆ ਕਾਮੇ ਨਹੀਂ ਬਣਨਾ ਚਾਹੁੰਦੇ। ਅਸੀਂ ਗੋਲੀਆਂ ਹੱਥੋਂ ਮਰਨ ਨੂੰ ਤਰਜੀਹ ਦਿਆਂਗੇ ਪਰ ਨਿਆਮਗਿਰੀ ਨਹੀਂ ਛੱਡਾਂਗੇ।"

ਵੇਦਾਂਤ ਨਾਲ ਆਦਿਵਾਸੀਆਂ ਦੀ ਟੱਕਰ ਉਦੋਂ ਸ਼ੁਰੂ ਹੋਈ ਜਦੋਂ ਕਾਲਾਹਾਂਡੀ ਜ਼ਿਲ੍ਹੇ ਵਿਚ ਲਾਂਜੀਗੜ੍ਹ ਵਿਚ ਐਲਮਿਨੀਅਮ ਸੋਧਕ ਪਲਾਂਟ ਲਾਉਣ ਲਈ ਪਹਿਲੇ ਪੜਾਅ ਵਿਚ 1800 ਏਕੜ ਜ਼ਮੀਨ ਹਾਸਲ ਕਰਨ ਦਾ ਯਤਨ ਕੀਤਾ ਗਿਆ। ਆਦਿਵਾਸੀਆਂ ਵਲੋਂ ਇਸ ਦਾ ਤਿੱਖਾ ਵਿਰੋਧ ਕੀਤਾ ਗਿਆ। ਮਾਮਲਾ ਮੁਲਕ ਦੀ ਸੁਪਰੀਮ ਕੋਰਟ ਵਿਚ ਜਾ ਪਹੁੰਚਿਆ। ਵੇਦਾਂਤ ਨੇ ਹੁਣ ਤਕ ਲਾਂਜੀਗੜ੍ਹ ਵਿਚ ਬਾਕਸਾਈਟ ਸੋਧਕ ਪਲਾਂਟ ਲਾਉਣ ਅਤੇ ਝਾਰਸੂਗੁੜਾ ਵਿਚ ਉਸਾਰੀ ਅਧੀਨ ਐਲਮਿਨੀਅਮ ਢਲਾਈ ਕਾਰਖ਼ਾਨਾ ਖੜ੍ਹਾ ਕਰ ਕੇ 40 ਹਜ਼ਾਰ ਕਰੋੜ ਰੁਪਏ ਦਾ ਪੂੰਜੀ-ਨਿਵੇਸ਼ ਕਰ ਵੀ ਲਿਆ ਹੈ। ਅਦਾਲਤ ਵਲੋਂ ਬਣਾਈ ਸੈਂਟਰਲ ਇੰਪਾਵਰਡ ਕਮੇਟੀ ਨੇ ਨੋਟ ਕੀਤਾ ਕਿ ਵੇਦਾਂਤ ਅਤੇ ਇਸ ਦੀ ਸਹਾਇਕ ਕੰਪਨੀ ਸਟਰਲਾਈਟ ਦੇ ਬਾਕਸਾਈਟ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ 'ਚ ਸੂਬਾ ਹਕੂਮਤ ਨੇ ਬਹੁਤ ਜ਼ਿਆਦਾ ਕਾਹਲ ਦਿਖਾਈ ਸੀ। ਖਾਣਾਂ ਖੋਦਣ ਲਈ ਚੁਣੇ ਖੇਤਰ ਦੀ ਜ਼ਮੀਨ ਸੰਵਿਧਾਨ ਦੀ ਪੰਜਵੀਂ ਸੂਚੀ ਤਹਿਤ ਆਉਂਦੀ ਹੈ ਜਿਸ ਨੂੰ ਸਥਾਨਕ ਲੋਕਾਂ ਦੀ ਸਹਿਮਤੀ ਲਏ ਬਗ਼ੈਰ ਹਾਸਲ ਨਹੀਂ ਸੀ ਕੀਤਾ ਜਾ ਸਕਦਾ। ਇਸ ਘੋਰ ਉਲੰਘਣਾ ਦਾ ਨੋਟਿਸ ਲੈ ਕੇ ਅਦਾਲਤ ਨੇ 2007 'ਚ ਵੇਦਾਂਤ ਉੱਪਰ ਖਾਣਾਂ ਖੋਦਣ ਦਾ ਅਮਲ ਸ਼ੁਰੂ ਕਰਨ 'ਤੇ ਰੋਕ ਲਾ ਦਿੱਤੀ, ਪਰ ਅੰਦਰਖਾਤੇ ਗੰਢ-ਤੁੱਪ ਚਲਦੀ ਰਹੀ।

ਵੇਦਾਂਤ ਨੂੰ ਭਾਰਤੀ ਸਟੇਟ ਵਿਚ ਆਪਣੇ ਰਸੂਖ਼, ਚਲਾਕੀ ਅਤੇ ਬਾਹੂਬਲ ਉੱਪਰ ਮਾਣ ਸੀ। ਉਸ ਨੇ ਹਰ ਹਰਬਾ ਵਰਤ ਕੇ ਇਕਰਾਰਨਾਮਾ ਲਾਗੂ ਕਰਾਉਣ ਲਈ ਪੂਰਾ ਟਿੱਲ ਲਾਇਆ। ਉਂਞ ਉਸ ਲਈ ਸਮੱਸਿਆ ਉਦੋਂ ਖੜ੍ਹੀ ਹੋ ਗਈ ਜਦੋਂ ਵਾਤਾਵਰਨ ਅਤੇ ਜੰਗਲਾਤ ਮੰਤਰਾਲਾ ਵੇਦਾਂਤ ਪੂੰਜੀਨਿਵੇਸ਼ ਪ੍ਰੋਜੈਕਟ ਦੇ ਦੂਜੇ ਪੜਾਅ ਲਈ 1340 ਏਕੜ ਜ਼ਮੀਨ ਖਾਲੀ ਕਰਾਉਣ ਤੋਂ ਪਿਛੇ ਹਟ ਗਿਆ। ਵੇਦਾਂਤ ਦੇ ਮਨਸੂਬੇ ਅਨੁਸਾਰ ਇਸ ਨੂੰ ਆਪਣੇ ਐਲਮਿਨੀਅਮ ਸੋਧਕ ਪਲਾਂਟ ਨੂੰ ਛੇ ਗੁਣਾ ਕਰਨ ਲਈ ਹੋਰ ਜ਼ਮੀਨ ਚਾਹੀਦੀ ਹੈ। 2009 'ਚ ਉੜੀਸਾ ਸਰਕਾਰ ਨੇ ਕੇਂਦਰ ਸਰਕਾਰ ਉੱਪਰ ਜ਼ੋਰ ਪਾਇਆ ਕਿ ਵੇਦਾਂਤ ਦੇ ਜ਼ਮੀਨ ਦੇ ਇਸਤੇਮਾਲ ਦੇ ਉਦੇਸ਼ ਦਾ ਕੋਈ ਹੋਰ ਨਾਂ ਰੱਖ

> ***"ਅਸੀਂ ਨਹੀਂ ਜਾਣਦੇ ਕਿ ਉਜਰਤ ਲੈ ਕੇ ਕੰਮ ਕਿਵੇਂ ਕਰੀਦਾ ਹੈ। ਜੇ ਹਕੂਮਤ ਧੱਕੇ ਨਾਲ ਸਾਨੂੰ ਉਜਾੜਦੀ ਹੈ, ਅਸੀਂ ਕੰਮ ਲਈ ਕਿਥੇ ਭਟਕਦੇ ਫਿਰਾਂਗੇ? ਅਸੀਂ ਬੰਧੂਆ ਨਹੀਂ ਬਣਨਾ ਚਾਹੁੰਦੇ। ਅਸੀਂ ਗੋਲੀਆਂ ਹੱਥੋਂ ਮਰਨ ਨੂੰ ਤਰਜੀਹ ਦਿਆਂਗੇ ਪਰ ਨਿਆਮਗਿਰੀ ਨਹੀਂ ਛੱਡਾਂਗੇ।"***

ਲਿਆ ਜਾਵੇ ਅਤੇ ਹੋਰ ਰਿਆਇਤਾਂ ਦਿੱਤੀਆਂ ਜਾਣ। ਵਾਤਾਵਰਣ ਮੰਤਰੀ ਨੇ ਇਸ ਲਈ ਸਕਸੈਨਾ ਕਮੇਟੀ ਬਣਾ ਦਿੱਤੀ। ਕਮੇਟੀ ਨੇ ਮਹਿਸੂਸ ਕੀਤਾ ਕਿ ਵੇਦਾਂਤ ਦੇ ਪ੍ਰੋਜੈਕਟ ਨੂੰ ਮਨਜ਼ੂਰੀ ਦਿੰਦੇ ਵਕਤ ਹਕੂਮਤ ਨੇ ਕਾਇਦੇ-ਕਾਨੂੰਨਾਂ ਦੀਆਂ ਰੱਜ ਕੇ ਧੱਜੀਆਂ ਉਡਾਈਆਂ ਸਨ। ਹਕੂਮਤ ਦੀ ਮਿਲੀ-ਭੁਗਤ ਨਾਲ ਵੇਦਾਂਤ ਵਲੋਂ ਵਣ ਸੰਭਾਲ, ਵਾਤਾਵਰਨ ਸੰਭਾਲ ਅਤੇ ਜੰਗਲਾਤ ਹੱਕ ਕਾਨੂੰਨ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕਰ ਕੇ ਜ਼ਮੀਨ ਹਥਿਆਉਣ ਦਾ ਯਤਨ ਕੀਤਾ ਗਿਆ ਸੀ। ਕਮੇਟੀ ਨੇ ਆਪਣੀ ਰਿਪੋਰਟ ਵਿਚ ਇਸ ਦਾ ਨੋਟਿਸ ਲਿਆ।

ਇਹ ਰਿਪੋਰਟ ਆਉਣ 'ਤੇ ਜੰਗਲਾਤ ਅਤੇ ਵਣ ਮੰਤਰਾਲੇ ਵਲੋਂ 2010 'ਚ ਵੇਦਾਂਤ ਕੰਪਨੀ ਦੇ ਖਾਣਾਂ ਖੋਦਣ ਦੇ ਅਧਿਕਾਰ ਦਾ ਪਟਾ ਰੋਕ ਦਿੱਤਾ ਗਿਆ। ਇਸ ਤੋਂ ਚਿੜ੍ਹ ਕੇ ਉੜੀਸਾ ਖਾਣ ਕਾਰਪੋਰੇਸ਼ਨ ਨੇ ਇਸ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਵਿਚ ਅਰਜ਼ੀ ਦੇ ਦਿੱਤੀ। ਇਸ ਉੱਪਰ ਸੁਣਵਾਈ ਕਰਦੇ ਵਕਤ ਅਪਰੈਲ ਵਿਚ ਅਦਾਲਤ ਨੇ ਆਦੇਸ਼ ਦਿੱਤਾ ਸੀ ਕਿ ਨਿਆਮਗਿਰੀ ਵਿਚ ਖਾਣਾਂ ਖੋਦੀਆਂ ਜਾਣ ਜਾਂ ਨਹੀਂ ਇਸ ਦਾ ਫ਼ੈਸਲਾ ਸਥਾਨਕ ਆਦਿਵਾਸੀਆਂ ਦੀਆਂ ਗ੍ਰਾਮ ਸਭਾਵਾਂ ਵਿਚ ਪਾਸ ਕੀਤੇ ਜਾਣ ਵਾਲੇ ਮਤਿਆਂ ਦੇ ਆਧਾਰ 'ਤੇ ਲਿਆ ਜਾਵੇਗਾ। ਇਥੇ ਕੌਂਦ ਆਦਿਵਾਸੀਆਂ ਦੀ ਨਿਆਮਗਿਰੀ ਪਹਾੜਾਂ ਨਾਲ ਜੁੜੀ ਰਵਾਇਤੀ ਤਰਜ਼ੇ-ਜ਼ਿੰਦਗੀ ਦਾ ਸਵਾਲ ਸ਼ਾਮਲ ਹੋਣ ਕਾਰਨ ਸੁਪਰੀਮ ਕੋਰਟ ਨੇ ਇਸ ਕਾਨੂੰਨ ਤਹਿਤ ਆਦਿਵਾਸੀ ਭਾਈਚਾਰੇ ਦੇ ਗੁਜ਼ਾਰੇ ਦੇ ਵਸੀਲਿਆਂ, ਵਿਅਕਤੀਗਤ ਹੱਕਾਂ ਅਤੇ ਸਭਿਆਚਾਰਕ ਤੇ ਧਾਰਮਿਕ ਹੱਕਾਂ ਦੀ ਰਾਖੀ ਨੂੰ ਮੱਦੇਨਜ਼ਰ ਰੱਖਿਆ।

ਉਧਰ ਹੁਕਮਰਾਨ+ਕਾਰਪੋਰੇਟ ਗੱਠਜੋੜ ਚੁੱਪ ਬੈਠਣ ਵਾਲਾ ਨਹੀਂ ਸੀ। ਇਕ ਨਵੀਂ ਚਾਲ ਖੇਡੀ ਗਈ। ਆਦਿਵਾਸੀਆਂ ਦੇ ਭੋਲੇਪਣ ਦਾ ਫ਼ਾਇਦਾ ਉਠਾ ਕੇ ਵੇਦਾਂਤ ਕੰਪਨੀ ਦੇ ਹਿੱਤ ਪੂਰਨ ਲਈ ਉਨ੍ਹਾਂ ਦੇ ਨਾਂ 'ਤੇ ਇਕ ਕਾਨੂੰਨੀ ਦਾਅਵਾ ਤਿਆਰ ਕਰ ਕੇ ਪ੍ਰਸ਼ਾਸਨ ਵਲੋਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਨਿਆਮ ਰਾਜਾ ਦੇ ਨਾਂ 'ਤੇ ਇਸ ਪੂਰੇ ਖੇਤਰ ਦੇ ਹਰ ਪਿੰਡ ਵਿਚ ਹੀ ਖ਼ਾਸ ਰਕਬਾ ਛੱਡਿਆ ਗਿਆ ਹੈ। ਇਸ ਦਾ ਉਦੇਸ਼ ਇਹ ਸਾਬਤ ਕਰਨਾ ਸੀ ਕਿ ਆਦਿਵਾਸੀਆਂ ਦਾ ਨਿਆਮਗਿਰੀ ਪਹਾੜਾਂ ਨੂੰ ਆਪਣੇ ਨਿਆਮ ਰਾਜੇ ਦੇ ਰੈਣ-ਬਸੇਰੇ ਵਜੋਂ ਪੂਜਣ ਦਾ ਦਾਅਵਾ ਬੇਮਾਇਨਾ ਹੈ ਉਸ ਦੀ ਪੂਜਾ ਲਈ ਇਥੇ ਬਥੇਰੇ ਸਥਾਨ ਹਨ। ਇਹ ਹੱਥ-ਕੰਡਾ ਗ੍ਰਾਮ ਸਭਾਵਾਂ ਦੀ ਖੁੱਲ੍ਹੀ ਸੁਣਵਾਈ ਦਾ ਅਮਲ ਸ਼ੁਰੂ ਹੋਣ ਤੋਂ ਐਨ ਪਹਿਲਾਂ 10 ਜੁਲਾਈ ਨੂੰ ਵਰਤਿਆ ਗਿਆ, ਪਰ ਆਦਿਵਾਸੀ ਵੇਦਾਂਤ ਦੇ ਹੱਥ-ਠੋਕਾ ਬਣੇ ਪ੍ਰਸ਼ਾਸਨ ਦੀ ਇਹ ਚਲਾਕੀ ਤਾੜ ਗਏ। ਉਨ੍ਹਾਂ ਨੇ ਸਾਫ਼-ਸਾਫ਼ ਐਲਾਨ ਕਰ ਦਿੱਤਾ ਕਿ "ਅਸੀਂ ਨਿਆਮਗਿਰੀ ਚਾਹੁੰਦੇ ਹਾਂ।"

ਦੂਜੀ ਚਲਾਕੀ ਹਕੂਮਤ ਨੇ ਇਹ ਖੇਡੀ ਕਿ ਪੂਰੇ ਖੇਤਰ ਦੇ ਸਾਰੇ ਪਿੰਡਾਂ ਵਿਚ ਗ੍ਰਾਮ ਸਭਾਵਾਂ ਕਰ ਕੇ ਸਹਿਮਤੀ ਲੈਣ ਦਾ ਅਮਲ ਚਲਾਉਣ ਦੀ ਬਜਾਏ ਪਹਿਲਾਂ ਸਿਰਫ਼ ਪਹਾੜੀਆਂ ਨਾਲ ਲਗਦੇ ਪੰਜ ਗ਼ੈਰ ਡੌਂਗਰੀਆ ਕੌਂਦ ਪਿੰਡਾਂ ਨੂੰ ਹੀ ਇਸ ਮਕਸਦ ਲਈ ਚੁਣਿਆ ਗਿਆ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਾਨੂੰਨ ਦੇ ਰਾਜ ਦਾ ਪਾਠ ਪੜ੍ਹਾਉਣ ਵਾਲੇ ਹੁਕਮਰਾਨ ਅਦਾਲਤਾਂ ਦੇ ਜੱਜਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਕਿੱਥੋਂ ਤਕ ਜਾ ਸਕਦੇ ਹਨ; ਪਰ ਕਬਾਇਲੀ ਮਾਮਲਿਆਂ ਦੇ ਮੰਤਰਾਲੇ ਵਲੋਂ ਜ਼ੋਰ ਦਿੱਤੇ ਜਾਣ 'ਤੇ ਰਾਇ-ਸ਼ੁਮਾਰੀ ਲਈ ਸੱਤ ਪਿੰਡ ਹੋਰ ਸ਼ਾਮਲ ਕਰ ਲਏ ਗਏ। ਇਹ ਪਿੰਡ ਉਨ੍ਹਾਂ ਨੇ ਸ਼ਾਇਦ ਇਹ ਸੋਚ ਕੇ ਚੁਣੇ ਹੋਣਗੇ ਕਿ ਇਨ੍ਹਾਂ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਨੂੰ ਉਹ ਆਪਣੇ ਹੱਕ 'ਚ ਭੁਗਤਾ ਲੈਣਗੇ। ਹੋਇਆ ਇਸ ਤੋਂ ਐਨ ਉਲਟ। ਇਕ ਵਾਢਿਓਂ 12 ਪਿੰਡਾਂ ਦੇ ਆਦਿਵਾਸੀਆਂ ਨੇ ਇਕਸੁਰ ਹੋ ਕੇ ਨਿਆਮਗਿਰੀ ਛੱਡਣ ਤੋਂ ਇਨਕਾਰ ਕਰ ਦਿੱਤਾ। ਹੁਣ ਪ੍ਰਸ਼ਾਸਨਿਕ ਅਧਿਕਾਰੀ ਇਸ ਦਾ ਦੋਸ਼ ਐੱਨ.ਜੀ.ਓ. ਨੂੰ ਦੇ ਰਹੇ ਹਨ ਕਿ ਆਦਿਵਾਸੀ ਤਾਂ ਖਾਣਾਂ ਲਈ ਜ਼ਮੀਨ ਦੇਣ ਦੇ ਹੱਕ 'ਚ ਸਨ, ਪਰ ਐਨ.ਜੀ.ਓ. ਵਾਲਿਆਂ ਨੇ ਹਰ ਗ੍ਰਾਮ ਸਭਾ ਤੋਂ ਇਕ ਦਿਨ ਪਹਿਲਾਂ ਇਨ੍ਹਾਂ ਆਦਿਵਾਸੀਆਂ ਨੂੰ ਡਾਕੂਮੈਂਟਰੀ ਦਿਖਾ ਕੇ ਗੁੰਮਰਾਹ ਕਰ ਲਿਆ ਕਿ ਜਿਥੇ-ਜਿਥੇ ਖਾਣਾਂ ਖੋਦੀਆਂ ਗਈਆਂ, ਉਥੇ ਕਿਵੇਂ ਪਹਾੜੀ ਨਦੀਆਂ ਸੁੱਕ ਗਈਆਂ ਅਤੇ ਲੋਕ ਬਿਮਾਰੀਆਂ ਦਾ ਸ਼ਿਕਾਰ ਹੋਏ; ਅਤੇ ਉਨ੍ਹਾਂ ਨੂੰ ਰਟਾ ਦਿੱਤਾ ਗਿਆ ਕਿ ਗ੍ਰਾਮ ਸਭਾਵਾਂ ਵਿਚ ਜਾ ਕੇ ਕੀ ਕਹਿਣਾ ਹੈ; ਕਿ ਨਾਲ ਹੀ ਗ੍ਰਾਮ ਸਭਾਵਾਂ ਵਿਚ 'ਵਿਦੇਸ਼ੀ' ਲੋਕਾਂ ਦੀ ਮੌਜੂਦਗੀ ਦਾ ਅਸਰ ਪਿਆ।

ਹੁਣ ਸੂਬਾ ਸਰਕਾਰ ਗ੍ਰਾਮ ਸਭਾਵਾਂ ਦੇ ਮਤੇ ਜੰਗਲਾਤ ਅਤੇ ਵਾਤਾਵਰਣ ਮੰਤਰਾਲੇ ਨੂੰ ਭੇਜੇਗੀ ਜਿਸ ਵਲੋਂ ਇਸ ਦੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੇ ਜਾਣ 'ਤੇ 19 ਅਕਤੂਬਰ ਨੂੰ ਸੁਪਰੀਮ ਕੋਰਟ ਇਸ ਬਾਰੇ ਆਪਣਾ ਫ਼ੈਸਲਾ ਦੇਵੇਗੀ। ਭਾਰਤ ਵਿਚ ਹੁਕਮਰਾਨ+ਕਾਰਪੋਰੇਟ ਗੱਠਜੋੜ ਲਈ ਇਹ ਵੱਡੀ ਸੱਟ ਹੈ ਜੋ ਅੰਨ੍ਹੇਵਾਹ 'ਵਿਕਾਸ' ਦਾ ਅਸ਼ਵਮੇਧ ਘੋੜਾ ਦੁੜਾਉਂਦੇ ਆ ਰਹੇ ਹਨ; ਜਿਸ ਨੂੰ ਜੇ ਹੁਣ ਤਕ ਰੋਕਿਆ ਹੋਇਆ ਹੈ ਤਾਂ ਮਾਓਵਾਦੀਆਂ ਦੇ ਲਾਲ ਲਾਂਘੇ ਨੇ। ਰਿਪੋਰਟਾਂ ਇਹ ਵੀ ਹਨ ਕਿ ਮਾਓਵਾਦੀ ਭਾਵੇਂ ਕੌਂਦ ਆਦਿਵਾਸੀਆਂ ਦੇ ਸੰਘਰਸ਼ ਦੇ ਕੇਂਦਰ ਵਿਚ ਨਹੀਂ ਪਰ ਉਨ੍ਹਾਂ ਨੇ ਇਸ ਜੱਦੋਜਹਿਦ ਨੂੰ ਪੂਰੀ ਹਮਾਇਤ ਦਿੱਤੀ ਹੈ। ਉਨ੍ਹਾਂ ਦੀ ਦਖ਼ਲਅੰਦਾਜ਼ੀ ਹਕੂਮਤ ਲਈ ਨਵੀਂ ਸਿਰਦਰਦੀ ਖੜ੍ਹੀ ਕਰ ਸਕਦੀ ਹੈ। ਲਿਹਾਜ਼ਾ, ਅਜੇ ਇਸ ਨੂੰ ਅੰਸ਼ਕ ਜਿੱਤ ਹੀ ਮੰਨਿਆ ਜਾ ਸਕਦਾ ਹੈ ਕਿਉਂਕਿ ਅੰਤਮ ਨਿਰਣਾ ਸੁਪਰੀਮ ਕੋਰਟ ਨੇ ਅਕਤੂਬਰ ਵਿਚ ਕਰਨਾ ਹੈ। ਉਂਞ ਇਕ ਚੀਜ਼ ਤੈਅ ਹੈ, ਇਸ ਨੇ ਵੱਖਰੀ ਤਰ੍ਹਾਂ ਦੀ ਪਿਰਤ ਪਾ ਦਿੱਤੀ ਹੈ। ਇਹ ਭਾਰਤੀ ਹੁਕਮਰਾਨਾਂ ਦੇ ਉਸ 'ਵਿਕਾਸ ਮਾਡਲ' ਲਈ ਪਛਾੜ ਵੀ ਸਾਬਤ ਹੋ ਸਕਦਾ ਹੈ ਜਿਸ ਲਈ ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰਾਂ ਜ਼ਰੀਏ ਆਰਥਿਕ ਵਾਧੇ ਦੇ ਵਧਦੇ ਅੰਕੜੇ ਹੀ ਵਿਕਾਸ ਹੈ ਜਿਸ ਵਿਚੋਂ ਅਵਾਮ ਦੇ ਹਿੱਤ ਪੂਰੀ ਤਰ੍ਹਾਂ ਮਨਫ਼ੀ ਹਨ।

# ਆਸਾਰਾਮ ਦਾ ਮਨੁੱਖੀ ਜਗਿਆਸਾ ਉਤੇ ਘਾਤਕ ਹਮਲਾ

## ਸਵਾਲ-ਸੰਵਾਦ

ਸ਼ਿਕਾਇਤ ਦਰਜ ਕਰਨ ਤੋਂ ਤਕਰੀਬਨ ਦੋ ਹਫ਼ਤੇ ਬਾਅਦ ਅਸੁਮਲ ਸ਼ਿਉਮਿਲਾਨੀ ਉਰਫ਼ ਆਸਾਰਾਮ ਬਾਪੂ ਨੂੰ ਇੰਦੌਰ ਵਿਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਖ਼ਿਲਾਫ਼ ਨਾਬਾਲਗ਼ ਕੁੜੀ ਉੱਤੇ ਕਾਮੁਕ ਹਮਲਾ ਕਰਨ ਦਾ ਇਲਜ਼ਾਮ ਹੈ। ਇਸ ਦੌਰਾਨ ਆਸਾਰਾਮ ਦੇ ਸ਼ਰਧਾਲੂਆਂ ਨੇ ਕਈ ਥਾਈਂ ਰੋਸ ਮੁਜ਼ਾਹਰੇ ਕੀਤੇ। ਪੱਤਰਕਾਰਾਂ ਨਾਲ ਖਿੱਚ-ਧੂਹ ਕੀਤੀ ਅਤੇ ਆਸਾਰਾਮ ਨੂੰ ਰੱਬ ਦਾ ਰੂਪ ਕਰਾਰ ਦਿੱਤਾ। ਭਾਜਪਾ ਦੇ ਕਈ ਆਗੂਆਂ ਨੇ ਆਸਾਰਾਮ ਦਾ ਪੱਖ ਲਿਆ ਅਤੇ ਨਰਿੰਦਰ ਮੋਦੀ ਨੇ ਭਾਜਪਾ ਨੂੰ ਆਸਾਰਾਮ ਦੇ ਮਾਮਲੇ ਤੋਂ ਨਿਖੇੜਾ ਕਰਨ ਦੀ ਸਲਾਹ ਦਿੱਤੀ। ਇਸ ਦੌਰਾਨ 'ਯੋਗ ਵੇਦਾਂਤਾ ਸਮਿਤੀ' ਦੇ ਮੁਖੀ ਆਸਾਰਾਮ ਦੇ ਪੱਖ ਵਿਚ 28 ਅਗਸਤ ਨੂੰ ਸੂਰਤ ਵਿਚ 'ਭਾਰਤੀ ਸੱਭਿਆਚਾਰ ਦੀ ਰੱਖਿਆ ਲਈ ਵਿਰਾਟ ਸੰਤ ਸੰਮਲੇਨ' ਕੀਤਾ ਗਿਆ। ਆਸਾਰਾਮ ਨੇ ਕਿਹਾ, "ਮੈਨੂੰ ਕੋਈ ਗ੍ਰਿਫ਼ਤਾਰ ਨਹੀਂ ਕਰ ਸਕਦਾ।" ਸਭ ਤੋਂ ਅਹਿਮ ਬਿਆਨ ਇਸੇ



**ਦਲਜੀਤ ਅਮੀ**
**ਫੋਨ: 91-97811-21873**

ਸੰਮੇਲਨ ਵਿਚ ਸਨਾਤਨ ਸੰਸਥਾ ਦੇ ਬੁਲਾਰੇ ਅਭੈ ਵਾਰਤਕ ਦਾ ਹੈ ਜੋ ਇਸ ਮਾਮਲੇ ਦੀਆਂ ਜੜ੍ਹਾਂ ਅਤੇ ਪਹੁੰਚ ਦੀ ਦੱਸ ਪਾਉਂਦਾ ਹੈ।

ਡਾ. ਨਰਿੰਦਰ ਦਬਹੋਲਕਰ ਦੇ ਕਤਲ ਤੋਂ ਬਾਅਦ ਸ਼ੱਕ ਦੇ ਘੇਰੇ ਵਿਚ ਸਮਝੀ ਜਾਂਦੀ ਹਿੰਦੂ ਜਨਜਾਗ੍ਰਿਤੀ ਸਮਿਤੀ ਇਸ ਵੇਲੇ ਆਸਾਰਾਮ ਦੇ ਪੱਖ ਵਿਚ ਸੰਤਾਂ ਅਤੇ ਹਿੰਦੂ ਸ਼ਰਧਾਲੂਆਂ ਦੀ ਗੋਲਬੰਦੀ ਵਿਚ ਲੱਗੀ ਹੋਈ ਹੈ। ਹਿੰਦੂ ਜਨਜਾਗ੍ਰਿਤੀ ਸਮਿਤੀ ਦੀ ਵੈੱਬਸਾਇਟ ਉੱਤੇ ਸਨਾਤਨ ਸੰਸਥਾ ਦੇ ਬੁਲਾਰੇ ਅਭੈ ਵਾਰਤਕ ਦਾ ਬਿਆਨ ਆਸਾਰਾਮ ਦੀ ਸ਼ਰਧਾ ਵਿਚੋਂ ਉਪਜਦੀ ਤਾਕਤ ਅਤੇ ਡਾ. ਦਬਹੋਲਕਰ ਦੇ ਕਤਲ ਦੀਆਂ ਸਾਂਝੀਆਂ ਤੰਦਾਂ ਦੀ ਸ਼ਨਾਖ਼ਤ ਕਰਦਾ ਹੈ, "ਸਰਕਾਰ ਇੱਕ ਸੰਤ ਨੂੰ ਕਾਬੂ ਕਰਨ ਵਿਚ ਔਖੀ ਹੋਈ ਪਈ ਹੈ। ਇਸੇ ਲਈ ਮਹਾਂਰਾਸ਼ਟਰ ਸਰਕਾਰ ਨੇ 'ਜਾਦੂ ਟੂਣੇ ਅਤੇ ਅੰਧ-ਵਿਸ਼ਵਾਸ ਖ਼ਿਲਾਫ਼ ਕਾਨੂੰਨ' ਬਣਾਇਆ ਹੈ ਤਾਂ ਜੋ ਸਾਰੇ ਸੰਤਾਂ ਨੂੰ ਇੱਕੋ ਝਟਕੇ ਵਿਚ ਗ੍ਰਿਫ਼ਤਾਰ ਕੀਤਾ ਜਾ ਸਕੇ। ਇਸ ਕਾਨੂੰਨ ਦਾ ਸੰਤਾਂ ਦੀਆਂ ਜੀਵਨੀਆਂ ਅਤੇ ਰਹੁ-ਰੀਤ ਉੱਤੇ ਮਾੜਾ ਅਸਰ ਪਵੇਗਾ। ਹਿੰਦੂਆਂ ਨੂੰ ਆਸਾਰਾਮ ਦੀ ਬਦਨਾਮੀ ਕਰਨ ਵਾਲੇ ਚੈਨਲਾਂ ਦਾ ਬਾਈਕਾਟ ਕਰ ਕੇ ਸਿਰਫ਼ 'ਸੁਦਰਸ਼ਨ' ਚੈਨਲ ਦੇਖਣਾ ਚਾਹੀਦਾ ਹੈ ਅਤੇ 'ਸਨਾਤਕ ਪ੍ਰਵਾਤ' ਪੜ੍ਹਨਾ ਚਾਹੀਦਾ ਹੈ ਤਾਂ ਜੋ ਹਿੰਦੂ ਧਰਮ ਵਿਰੋਧੀ ਲੋਕਾਂ ਦਾ ਵਿਚਾਰਧਾਰਕ ਪੱਧਰ ਉੱਤੇ ਵਿਰੋਧ ਕੀਤਾ ਜਾ ਸਕੇ।"

ਇਸ ਵੇਲੇ ਪੂਰੇ ਮੁਲਕ ਵਿਚ ਔਰਤਾਂ ਖ਼ਿਲਾਫ਼ ਹਿੰਸਾ ਉੱਤੇ ਚਰਚਾ ਚੱਲ ਰਹੀ ਹੈ। ਦਿੱਲੀ ਵਾਲੇ ਮਾਮਲੇ ਦਾ ਅਦਾਲਤੀ ਫ਼ੈਸਲਾ ਆਇਆ ਹੈ। ਮੁੰਬਈ ਵਿਚ ਫੋਟੋ-ਪੱਤਰਕਾਰ ਨਾਲ ਬਲਾਤਕਾਰ ਦਾ ਮਾਮਲਾ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਿਆ ਹੋਇਆ ਹੈ। ਨੋਇਡਾ ਦੇ ਸਮੂਹਿਕ ਬਲਾਤਕਾਰ ਦੇ ਮਾਮਲੇ ਦੇ ਮੁਲਜ਼ਮਾਂ ਵਿਚ ਦੋ ਪੁਲਿਸ ਮੁਲਾਜ਼ਮ ਸ਼ਾਮਿਲ ਹਨ। ਬਾਲੀਵੁੱਡ ਫ਼ਿਲਮ ਸਨਅਤ ਦੇ ਕੱਦਾਵਰ ਅਦਾਕਾਰ ਓਮ ਪੂਰੀ ਖ਼ਿਲਾਫ਼ ਉਨ੍ਹਾਂ ਦੀ ਘਰਵਾਲੀ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਇਸੇ ਦੌਰ ਵਿਚ ਆਸਾਰਾਮ ਦੇ ਮੌਜੂਦਾ ਮਾਮਲੇ ਤੋਂ ਪਹਿਲਾਂ ਇੱਕ ਪੁਰਾਣੇ ਬਿਆਨ ਦਾ ਜ਼ਿਕਰ ਕਰਨਾ ਜ਼ਰੂਰੀ ਸੀ। ਜਦੋਂ ਦਿੱਲੀ ਦੇ ਬਲਾਤਕਾਰ ਅਤੇ ਕਤਲ ਮਾਮਲੇ ਵਿਚ ਲੋਕ ਸੜਕਾਂ ਉੱਤੇ ਰੋਸ ਮੁਜ਼ਾਹਰੇ ਕਰ ਰਹੇ ਸਨ ਤਾਂ ਆਸਾਰਾਮ ਨੇ ਬਿਆਨ ਦਿੱਤਾ ਸੀ, "ਮੁਲਜ਼ਮ ਮੁੰਡਿਆਂ ਦੇ ਨਾਲ ਇਹ ਕੁੜੀ ਵੀ ਕਸੂਰਵਾਰ ਹੈ। ਉਸ ਨੂੰ ਰੱਬ ਦਾ ਨਾਮ ਲੈਣਾ ਚਾਹੀਦਾ ਹੈ ਅਤੇ ਹਮਲਾਵਰਾਂ ਨੂੰ ਭਰਾ ਕਹਿ ਕੇ ਉਨ੍ਹਾਂ ਦੇ ਪੈਰੀਂ ਪੈ ਜਾਣਾ ਚਾਹੀਦਾ ਸੀ। ਇਸ ਤਰ੍ਹਾਂ ਉਹ ਬਚ ਸਕਦੀ ਸੀ ... ਗ਼ਲਤੀ ਇੱਕ ਪਾਸਿਓਂ ਨਹੀਂ ਹੁੰਦੀ।" ਇਨ੍ਹਾਂ ਹਾਲਾਤ ਵਿਚ ਆਸਾਰਾਮ ਦੇ ਮਾਮਲੇ ਉੱਤੇ ਚਰਚਾ ਹੋਣੀ ਚਾਹੀਦੀ ਹੈ। ਜੇ ਇਸ ਮਾਮਲੇ ਨੂੰ ਮੌਜੂਦਾ ਪੁਲਿਸ ਸ਼ਿਕਾਇਤ ਤੱਕ ਮਹਿਦੂਦ ਕਰ ਲਿਆ ਜਾਵੇ ਤਾਂ ਇਹ ਸਬੂਤਾਂ, ਹਾਲਾਤ ਅਤੇ ਗਵਾਹਾਂ ਤੱਕ ਘਟ ਕੇ ਰਹਿ ਜਾਵੇਗਾ ਜਿਸ ਦੀ ਆਪਣੇ-ਆਪ ਵਿਚ ਬਹੁਤ ਅਹਿਮੀਅਤ ਹੈ। ਵਡੇਰਾ ਸਵਾਲ ਇਹ ਹੈ ਕਿ ਇਸ ਰੁਝਾਨ ਪਿੱਛੇ ਕਾਰਜਸ਼ੀਲ ਤਾਕਤ ਕੀ ਹੈ? ਜੇ ਆਸਾਰਾਮ ਨੂੰ ਇਸ ਕਾਰਜਸ਼ੀਲ ਤਾਕਤ ਦਾ ਨੁਮਾਇੰਦਾ ਮੰਨ ਕੇ ਪੜਚੋਲ ਕੀਤੀ ਜਾਵੇ ਤਾਂ ਇਸ ਰੁਝਾਨ ਦੀਆਂ ਕਈ ਪਰਤਾਂ ਸਮਝ ਆਉਂਦੀਆਂ ਹਨ।

ਘਟਨਾ 15 ਅਗਸਤ ਨੂੰ ਜੋਧਪੁਰ ਵਿਚ ਵਾਪਰੀ ਅਤੇ ਸ਼ਿਕਾਇਤ 19 ਅਗਸਤ ਨੂੰ ਦਿੱਲੀ ਵਿਚ ਦਰਜ ਹੋਈ। ਬਾਅਦ ਵਿਚ ਸ਼ਿਕਾਇਤ ਦਾ ਜੋਧਪੁਰ ਤਬਾਦਲਾ ਕੀਤਾ ਗਿਆ। ਆਸਾਰਾਮ ਨੂੰ 26 ਤੋਂ 30 ਅਗਸਤ ਤੱਕ ਪੇਸ਼ ਹੋਣ ਦਾ ਸਮਾਂ ਦਿੱਤਾ ਗਿਆ। ਇਸ ਦੌਰਾਨ ਆਸਾਰਾਮ ਦੇ ਆਸ਼ਰਮਾਂ ਦੇ ਨੁਮਾਇੰਦਿਆਂ ਨੇ ਕਈ ਤਰ੍ਹਾਂ ਦੇ ਬਿਆਨ ਦਿੱਤੇ। ਆਸਾਰਾਮ ਨੇ ਆਪ ਕਈ ਸਮਾਗਮਾਂ ਵਿਚ ਸ਼ਿਰਕਤ ਕੀਤੀ। ਉਨ੍ਹਾਂ ਨੇ ਇਲਜ਼ਾਮਾਂ ਨੂੰ ਸਿਰੇ ਤੋਂ ਖਾਰਜ ਕੀਤਾ। ਆਸਾਰਾਮ ਨੇ ਕਿਹਾ ਕਿ ਉਹ ਕੁੜੀ ਪਾਕ ਹੈ ਅਤੇ ਉਸ ਨਾਲ ਕੁਝ ਵੀ ਅਜਿਹਾ ਨਹੀਂ ਹੋਇਆ। ਉਹ ਇਹ ਵੀ ਕਹਿ ਰਿਹਾ ਸੀ ਕਿ ਉਹ ਕੁੜੀ ਬਹੁਤ ਹੁਸ਼ਿਆਰ ਹੈ ਅਤੇ ਉਸ ਨੂੰ ਨਾਬਾਲਗ਼ ਕਹਿਣਾ ਹੀ ਗ਼ਲਤ ਹੈ। ਆਸਾਰਾਮ ਨੂੰ ਰੱਬ ਕਰਾਰ ਦੇਣ ਅਤੇ ਹੋਰ ਗੁਰੂਆਂ ਨਾਲ ਉਸ ਨੂੰ ਮੇਲ ਕੇ ਵੇਖਣ ਵਾਲੇ ਕਈ ਬਿਆਨ ਆਏ। ਇੱਕ ਅਜਿਹੇ ਹੀ ਬਿਆਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੇ ਸ਼ਿਕਾਇਤ ਦਰਜ ਕਰਵਾਈ ਹੈ। ਆਸਾਰਾਮ ਦੇ ਹਮਾਇਤੀਆਂ ਨੇ ਲਗਾਤਾਰ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਫੈਲਾਈਆਂ। ਆਸਾਰਾਮ ਦੇ ਆਸ਼ਰਮ ਵਿਚੋਂ ਅਸ਼ਵਨੀ ਨਾਮ ਦੀ ਕਿਸੇ ਕੁੜੀ ਦੱਸਿਆ ਕਿ ਉਹ ਇਲਜ਼ਾਮ ਲਗਾਉਣ ਵਾਲੀ ਕੁੜੀ ਦੀ ਜਮਾਤੀ ਹੈ ਅਤੇ ਉਨ੍ਹਾਂ ਦੀ ਟੈਲੀਫੋਨ ਉੱਤੇ ਗੱਲ ਹੋਈ ਹੈ, ਉਹ ਕਹਿ ਰਹੀ ਹੈ, "ਮੈਂ ਨਹੀਂ, ਸਗੋਂ ਮੇਰੇ ਮਾਪੇ ਇਲਜ਼ਾਮ ਲਗਾ ਰਹੇ ਹਨ।"

ਇਸੇ ਦੌਰਾਨ ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ, ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਉਮਾ ਭਾਰਤੀ ਨੇ ਬਿਆਨ ਦਿੱਤਾ, "ਰਾਜਸਥਾਨ ਅਤੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੈ। ਆਸਾਰਾਮ ਬਾਪੂ ਕਾਂਗਰਸ, ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਤਿੱਖੀ ਨੁਕਤਾਚੀਨੀ ਕਰਦਾ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਇਸ ਮਾਮਲੇ ਉੱਤੇ ਸਿਆਸਤ ਅਸਰਅੰਦਾਜ਼ ਹੋਈ ਹੈ। ਜੇ ਉਹ ਕਸੂਰਵਾਰ ਹੋਇਆ ਤਾਂ ਮੈਂ ਉਸ ਨੂੰ ਸਭ ਤੋਂ ਪਹਿਲਾਂ ਸਜ਼ਾ ਦੇਵਾਂਗੀ।" ਰਾਜ ਸਭਾ ਵਿਚ ਭਾਜਪਾ ਦੇ ਨੁਮਾਇੰਦੇ ਪ੍ਰਭਾਤ ਝਾਅ ਨੇ ਇਸ ਮਾਮਲੇ ਨੂੰ ਸਿਆਸੀ ਸਾਜ਼ਿਸ਼ ਕਰਾਰ ਦਿੱਤਾ। ਇੰਦੌਰ ਤੋਂ ਭਾਜਪਾ ਦੇ ਵਿਧਾਇਕ ਰਮੇਸ਼ ਮੰਦੌਲਾ ਨੇ ਆਸਾਰਾਮ ਦੇ ਸ਼ਰਧਾਲੂਆਂ ਨਾਲ ਮਿਲ ਕੇ ਮੁਜ਼ਾਹਰਾ ਕੀਤਾ। 'ਦਿ ਹਿੰਦੂ' ਵਿਚ ਉਸ ਦਾ ਬਿਆਨ ਛਪਿਆ ਹੈ, "ਇਹ ਬਾਪੂ ਨੂੰ ਬਦਨਾਮ ਕਰਨ ਲਈ ਕੁਝ ਭਾਰਤੀਆਂ ਦੀ ਵਿਦੇਸ਼ੀਆਂ ਨਾਲ ਮਿਲ ਕੇ ਕੀਤੀ ਗਈ ਸਾਜ਼ਿਸ਼ ਹੈ। ਅਸੀਂ ਸੰਤਾਂ ਦੀ ਪਸ਼ੇਮਾਨੀ ਦਾ ਵਿਰੋਧ ਕਰਨ ਆਏ ਹਾਂ।" ਭਾਜਪਾ ਦੇ ਇਨ੍ਹਾਂ ਬਿਆਨਾਂ ਤੋਂ ਬਾਅਦ ਨਰਿੰਦਰ ਮੋਦੀ ਨੇ ਚੁੱਪ ਤੋੜੀ, "ਜੇ ਸੰਤ ਅਜਿਹੀਆਂ ਕਰਤੂਤਾਂ ਕਰਦੇ ਹਨ ਤਾਂ ਇਹ ਸਮਾਜ ਉੱਤੇ ਬਹੁਤ ਵੱਡਾ ਧੱਬਾ ਹੈ।" ਜੇ ਭਾਜਪਾ ਆਗੂਆਂ ਸਮੇਤ ਆਸਾਰਾਮ ਦੇ ਸਾਰੇ ਆਗੂਆਂ ਦੇ ਬਿਆਨਾਂ ਦੀ ਪੜਚੋਲ ਕੀਤੀ ਜਾਵੇ ਤਾਂ ਇਨ੍ਹਾਂ ਵਿਚ ਇੱਕ ਤਰਤੀਬ ਉਭਰਦੀ ਹੈ। ਇਨ੍ਹਾਂ ਵਿਚ ਇਨਸਾਫ਼ ਦੀ ਮੰਗ ਕਰਨ ਵਾਲੀ ਔਰਤ ਖ਼ਿਲਾਫ਼ ਵਰਤੀਆਂ ਜਾਣ ਵਾਲੀਆਂ ਤਮਾਮ ਜੁਗਤਾਂ ਹਾਜ਼ਰ ਹਨ। ਇਨ੍ਹਾਂ ਵਿਚ ਸੰਤ ਨੂੰ ਸ਼ਰਧਾ ਦੇ ਘੇਰੇ ਵਿਚ ਰੱਖ ਕੇ ਬਿਨਾਂ ਕਿਸੇ ਪੁੱਛ-ਪੜਤਾਲ ਦੇ ਪਾਕਿ-ਪਵਿੱਤਰ ਕਰਾਰ ਦੇਣ ਦੀ ਦਲੀਲ ਹੈ। ਪੀੜਤ ਨੂੰ ਚਾਲਾਕ ਅਤੇ ਮਾਪਿਆਂ ਨੂੰ ਸਾਜ਼ਿਸ਼ੀ ਗਰਦਾਨਣ ਦਾ 'ਉੱਦਮ' ਹੈ। ਸ਼ਿਕਾਇਤ ਕਰਨ ਵਾਲਿਆਂ ਉੱਤੇ ਰੱਬ, ਸ਼ਰਧਾ, ਸਮਾਜ ਅਤੇ ਸਿਆਸਤ ਦੇ ਨਾਮ ਉੱਤੇ ਦਬਾਅ ਪਾਉਣ ਦਾ ਉਪਰਾਲਾ ਹੋ ਰਿਹਾ ਹੈ।

ਮੋਦੀ ਅਤੇ ਉਮਾ ਭਾਰਤੀ ਦੇ ਬਿਆਨਾਂ ਵਿਚ ਕੁਝ ਇਤਫ਼ਰਕਾ ਜਾਪਦਾ ਹੈ, ਪਰ ਇਹ ਮਹਿਜ਼ ਲਿਹਾਫ਼ ਹੈ। ਦਰਅਸਲ ਸੰਤਾਂ ਨੂੰ ਸਵਾਲਾਂ ਦੇ ਘੇਰੇ ਤੋਂ ਬਾਹਰ ਰੱਖਣ ਦੀ ਦਲੀਲ ਦੋਵੇਂ ਦੇ ਰਹੇ ਹਨ। ਨਰਿੰਦਰ ਮੋਦੀ ਲਈ ਹੁਣ ਪ੍ਰਧਾਨ ਮੰਤਰੀ ਦੀ ਉਮੀਦਵਾਰੀ ਦਾ ਜ਼ਾਬਤਾ ਅਹਿਮ ਹੋ ਗਿਆ ਹੈ ਅਤੇ ਨਾਲ ਹੀ ਬਿਹਤਰ ਪ੍ਰਸ਼ਾਸਕ ਵਜੋਂ ਅਕਸ ਉਸਾਰਨ ਦਾ ਸਵਾਲ ਹੈ। ਜੇ ਨਰਿੰਦਰ ਮੋਦੀ ਇਸ ਵੇਲੇ ਆਸਾਰਾਮ ਦੀ ਹਮਾਇਤ ਕਰ ਦਿੰਦਾ ਤਾਂ ਭਾਜਪਾ ਦੀ ਜ਼ਿਆਦਾ ਪਸ਼ੇਮਾਨੀ ਹੋਣੀ ਸੀ। ਆਸਾਰਾਮ ਖ਼ਿਲਾਫ਼ ਤਿੰਨ ਅਹਿਮ ਮਾਮਲੇ ਗੁਜਰਾਤ ਵਿਚ ਦਰਜ ਹਨ। ਅਪਰੈਲ 2008 ਵਿਚ ਅਹਿਮਦਾਬਾਦ ਵਿਚ ਆਸਾਰਾਮ ਦੇ ਆਸ਼ਰਮ ਦੀ ਸਰਪ੍ਰਸਤੀ ਵਿਚ ਚੱਲਦੇ ਸਕੂਲ ਵਿਚ ਦੋ ਨਾਬਾਲਗ਼ ਮੁੰਡਿਆਂ ਦੀ ਰਹੱਸਮਈ ਮੌਤ ਹੋਈ ਸੀ। ਇਸ ਮਾਮਲੇ ਵਿਚ ਗੁਜਰਾਤ ਦੀ ਸੀ.ਆਈ.ਡੀ. ਨੇ ਆਸ਼ਰਮ ਦੇ ਸੱਤ ਅਹੁਦੇਦਾਰਾਂ ਨੂੰ ਮੁਲਜ਼ਮ ਬਣਾਇਆ ਹੈ। ਇਸੇ ਆਸ਼ਰਮ ਵਿਚ ਆਸਾਰਾਮ ਖ਼ਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਹੈ। ਇਸ ਤੋਂ ਬਿਨਾਂ ਉਸ ਉੱਤੇ 2010 ਵਿਚ ਗੁਜਰਾਤ ਸਰਕਾਰ ਦੀ ਜ਼ਮੀਨ ਉੱਤੇ ਕਬਜ਼ਾ ਕਰਨ ਦਾ ਮੁਕੱਦਮਾ ਚੱਲ ਰਿਹਾ ਹੈ; ਜਦੋਂ ਕਿ ਇਸੇ ਗੁਜਰਾਤ ਸਰਕਾਰ ਨੇ ਨਵਸਾਰੀ ਜ਼ਿਲ੍ਹੇ ਦੇ ਭੈਰਵੀ ਪਿੰਡ ਵਿਚ ਆਸਾਰਾਮ ਆਸ਼ਰਮ ਨੂੰ ਸੰਨ 2000 ਵਿਚ ਦਸ ਏਕੜ ਜ਼ਮੀਨ ਦਿੱਤੀ ਸੀ। ਆਸਾਰਾਮ ਨੇ ਬਾਅਦ ਨੇ ਛੇ ਏਕੜ ਵਾਧੂ ਜ਼ਮੀਨ ਉੱਤੇ ਕਬਜ਼ਾ ਕਰ ਲਿਆ ਸੀ। ਮੁਕਾਮੀ ਲੋਕਾਂ ਨੇ ਵਿਰੋਧ ਕੀਤਾ ਤਾਂ ਪ੍ਰਸ਼ਾਸਨ ਨੇ ਆਸ਼ਰਮ ਦੀਆਂ ਉਸਾਰੀਆਂ ਢਾਹ ਕੇ ਕਬਜ਼ੇ ਵਾਲੀ ਜ਼ਮੀਨ ਛੁਡਾਈ ਸੀ। ਇਨ੍ਹਾਂ ਮਾਮਲਿਆਂ ਦੀ ਜਾਣਕਾਰੀ ਤੋਂ ਬਾਅਦ ਮੋਦੀ ਦਾ ਬੋਚ ਕੇ ਬੋਲਣਾ ਸਮਝ ਆਉਂਦਾ ਹੈ। ਨਾਲ ਹੀ ਇਹ ਸਾਫ਼ ਹੈ ਕਿ ਆਸਾਰਾਮ ਦਾ ਕਾਰੋਬਾਰ ਅਤੇ ਆਸ਼ਰਮਾਂ ਦਾ ਜਾਲ ਸਿਆਸੀ ਸਰਪ੍ਰਸਤੀ ਹੇਠ ਉਸਰਿਆ ਹੈ। ਇਹ ਵੱਖਰੀ ਗੱਲ ਹੈ ਕਿ ਉਹ ਸਿਆਸੀ ਸਰਪ੍ਰਸਤੀ ਦੀ ਗੁੰਜ਼ਾਇਸ਼ ਤੋਂ ਜ਼ਿਆਦਾ ਦੀ ਤਵੱਕੋ ਕਰਦਾ ਹੈ।

ਆਸਾਰਾਮ ਦੀ ਸਿਆਸੀ ਸਰਪ੍ਰਸਤੀ ਸਿਰਫ਼ ਭਾਜਪਾ ਨਹੀਂ ਕਰਦੀ, ਕਾਂਗਰਸੀ ਵੀ ਮੌਕਾ-ਮੇਲ ਹੋਣ ਉੱਤੇ ਇਹੋ ਕਰਦੇ ਹਨ। ਮੱਧ ਪ੍ਰਦੇਸ਼ ਦੀ ਸਰਕਾਰ ਨੇ ਰਤਲਾਮ ਦੇ ਮੇਘਾਲਿਆ ਮੰਦਿਰ ਵਿਚ ਆਸਾਰਾਮ ਦੀ 'ਯੋਗ ਵੇਦਾਂਤਾ



ਸਮਿਤੀ' ਨੂੰ 2001 ਵਿਚ 11 ਦਿਨਾਂ ਲਈ ਸਤਸੰਗ ਕਰਨ ਦੀ ਇਜਾਜ਼ਤ ਦਿੱਤੀ ਸੀ। ਉਸ ਤੋਂ ਬਾਅਦ ਇਨ੍ਹਾਂ ਨੇ ਅੱਜ ਤੱਕ ਉਹ ਥਾਂ ਖਾਲੀ ਨਹੀਂ ਕੀਤੀ। ਇਸ ਤਰ੍ਹਾਂ ਆਸਾਰਾਮ ਨੇ 700 ਕਰੋੜ ਦੇ ਸਰਕਾਰੀ ਮੁੱਲ ਵਾਲੀ 100 ਏਕੜ ਜ਼ਮੀਨ ਉੱਤੇ ਕਬਜ਼ਾ ਕੀਤਾ ਹੋਇਆ ਹੈ। ਕਬਜ਼ਾ ਕਰਨ ਵੇਲੇ ਮੱਧ ਪ੍ਰਦੇਸ਼ ਵਿਚ ਕਾਂਗਰਸ ਦੀ ਸਰਕਾਰ ਸੀ। ਦਸੰਬਰ 2003 ਤੋਂ ਬਾਅਦ ਮੱਧ ਪ੍ਰਦੇਸ਼ ਵਿਚ ਭਾਜਪਾ ਦੀ ਸਰਕਾਰ ਹੈ ਅਤੇ ਉਮਾ ਭਾਰਤੀ ਆਪ 260 ਦਿਨਾਂ ਲਈ ਮੁੱਖ ਮੰਤਰੀ ਰਹੀ ਹੈ। ਪ੍ਰੋ. ਮੀਰਾ ਨੰਦਾ ਨੇ ਆਪਣੀ ਕਿਤਾਬ 'ਦਿ ਗੌਡ ਮਾਰਕਿਟ' ਵਿਚ ਦਲੀਲ ਦਿੱਤੀ ਹੈ ਕਿ ਸਰਕਾਰ (ਕਿਸੇ ਵੀ ਪਾਰਟੀ ਦੀ) ਨੇ ਰੱਬ ਦੇ ਨਾਮ ਉੱਤੇ ਚੱਲਦੇ ਸ਼ਰਧਾ ਦੇ ਕਾਰੋਬਾਰ ਨੂੰ ਲਗਾਤਾਰ ਸਰਪ੍ਰਸਤੀ ਦਿੱਤੀ ਹੈ। ਸਰਕਾਰੀ ਜਾਇਦਾਦ ਉੱਤੇ ਕਬਜ਼ੇ ਕਰਵਾਉਣ ਦੇ ਨਾਲ-ਨਾਲ ਇਨ੍ਹਾਂ ਨੂੰ ਪਰਉਪਕਾਰ ਅਤੇ ਭਲਾਈ ਦੇ ਨਾਮ ਉੱਤੇ ਖ਼ਜ਼ਾਨਾ ਵੀ ਲੁਟਾਇਆ ਗਿਆ ਹੈ। ਨਤੀਜੇ ਵਜੋਂ ਪੜ੍ਹੇ-ਲਿਖੇ ਸ਼ਹਿਰੀ ਮੱਧ-ਵਰਗ ਵਿਚ ਸ਼ਰਧਾ ਦਾ ਪਸਾਰਾ ਹੋਇਆ ਹੈ। ਪ੍ਰੋ. ਮੀਰਾ ਇਸੇ ਦਲੀਲ ਨੂੰ ਖੁੱਲ੍ਹੀ ਮੰਡੀ ਦੇ ਆਪਹੁਦਰੇਪਣ ਨਾਲ ਜੋੜਦੀ ਹੈ। ਇੱਕ ਤਰ੍ਹਾਂ ਨਾਲ ਮੌਜੂਦਾ ਸਿਆਸੀ ਲਾਣਾ ਸਾਧਾਂ-ਸੰਤਾਂ ਦੇ ਆਪਹੁਦਰੇਪਣ ਨੂੰ ਸ਼ਰਧਾ ਦੇ ਘੇਰੇ ਵਿਚੋਂ ਵੇਖਣ ਦੀ ਜਾਚ ਸਿਖਾਉਂਦਾ ਜਾਪਦਾ ਹੈ।

ਇਨ੍ਹਾਂ ਸਾਧਾਂ-ਸੰਤਾਂ ਨੂੰ ਰੱਬ ਕਰਾਰ ਦਿੱਤਾ ਜਾਂਦਾ ਹੈ। ਇਨ੍ਹਾਂ ਨੂੰ ਸਰਕਾਰੀ ਜ਼ਮੀਨਾਂ, ਰਿਆਇਤਾਂ ਅਤੇ ਛੋਟਾਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਦੀਆਂ ਵਧੀਕੀਆਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਨ੍ਹਾਂ ਵਧੀਕੀਆਂ ਵਿਚ ਜ਼ਮੀਨਾਂ-ਜਾਇਦਾਦਾਂ ਉੱਤੇ ਕਬਜ਼ੇ, ਆਸ਼ਰਮਾਂ ਦੇ ਗੁਆਂਢ ਵਿਚ ਲੋਕਾਂ ਨਾਲ ਕੀਤੀ ਧੱਕੇਸ਼ਾਹੀ, ਧਾਰਮਿਕ ਇਕੱਠਾਂ ਨਾਲ ਸੜਕਾਂ ਉੱਤੇ ਹੁੰਦੀ ਖੱਜਲਖੁਆਰੀ, ਰਾਤਾਂ ਨੂੰ ਬੇਆਰਾਮ ਕਰਦਾ ਰੌਲਾ, ਬਾਬਿਆਂ-ਮਾਤਾਵਾਂ ਦੀ ਐਸ਼-ਪ੍ਰਸਤੀ ਦੀ ਮਾਰ ਅਤੇ ਵਿਗਿਆਨਕ ਸੋਚ ਉੱਤੇ ਹਮਲਾ ਸ਼ਾਮਿਲ ਹੈ। 'ਹਿੰਦੂ ਜਨਜਾਗ੍ਰਿਤੀ ਸਮਿਤੀ' ਦਾ ਬੁਲਾਰਾ ਅਭੈ ਵਾਰਤਕ ਸ਼ਰਧਾ ਦੇ ਇਸ ਕਾਰੋਬਾਰ ਦਾ ਮੂੰਹ-ਜ਼ੋਰ ਬੁਲਾਰਾ ਹੈ। ਸਿਆਸੀ ਆਗੂ ਅਤੇ ਸਰਕਾਰ ਇਸ ਰੁਝਾਨ ਦੀ ਹਮਾਇਤ ਜਾਂ ਵਿਰੋਧ, ਵਿਚਾਰ ਪੱਖੋਂ ਨਹੀਂ ਸਗੋਂ ਜੁਗਤ ਪੱਖੋਂ ਕਰਦੇ ਹਨ। ਕਾਂਗਰਸੀਆਂ ਨੂੰ ਆਸਾਰਾਮ ਤੋਂ ਵਕਤੀ ਔਖ ਹੋ ਸਕਦੀ ਹੈ, ਪਰ ਉਹ ਕਿਸੇ ਹੋਰ ਬਾਬੇ-ਮਾਤਾ ਦੇ ਪੈਰੀਂ ਲੱਗ ਜਾਣਗੇ। ਕੋਈ ਸੂਬਾਈ ਆਗੂ ਇਸੇ ਵੇਲੇ ਆਸਾਰਾਮ ਨਾਲ ਵੀ ਪੰਜਾਬ ਵਿਚ ਬਾਦਲਕਿਆਂ ਦੀ ਦੋਵੇਂ ਪਾਰਟੀਆਂ ਅਤੇ ਕਾਂਗਰਸ ਦੇ ਆਗੂਆਂ ਨੂੰ ਸੱਚੇ-ਸੌਦੇ ਵਾਲਿਆਂ ਦੇ ਡੇਰੇ ਉੱਤੇ ਨੱਕ ਰਗੜਦੇ ਵੇਖਿਆ ਗਿਆ ਹੈ। ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਜਮਾਂਜੋੜੂ ਨੂਰਮਹਿਲ ਵਾਲੇ ਆਸ਼ੂਤੋਸ਼ ਦੀ ਪੁਸ਼ਤ-ਪਨਾਹੀ ਕਰਦਾ ਹੈ।

ਇਨ੍ਹਾਂ ਹਾਲਾਤ ਵਿਚ ਜ਼ਿਆਦਾਤਰ ਲੋਕ ਬਾਬਿਆਂ-ਮਾਤਾਵਾਂ-ਡੇਰਿਆਂ ਦੇ ਸ਼ਰਧਾਲੂਆਂ ਤੋਂ ਕੁੱਟ ਖਾ ਕੇ, ਆਪਣੀ ਜਾਇਦਾਦ ਇਨ੍ਹਾਂ ਨੂੰ ਕਬਜ਼ਾਨੁਮਾ ਸੌਦੇ ਰਾਹੀਂ ਵੇਚ ਕੇ, ਕੁੜੀਆਂ-ਮੁੰਡਿਆਂ ਨੂੰ ਵਧੀਕੀਆਂ ਤੋਂ ਬਾਅਦ ਚੁੱਪ ਰਹਿਣ ਦੀ ਮੱਤ ਦੇ ਕੇ ਅਤੇ ਇਨ੍ਹਾਂ ਦੀ ਖੱਜਲਖੁਆਰੀ ਨੂੰ ਹੋਣੀ ਮੰਨ ਕੇ ਚੁੱਪ ਦੇ ਬੰਦੀਖ਼ਾਨੇ ਵਿਚ ਕੈਦ ਹੋ ਜਾਂਦੇ ਹਨ। ਕਈਆਂ ਦੀ ਇੱਕ ਡੇਰੇ ਤੋਂ ਨਾਰਾਜ਼ਗੀ ਦੂਜੇ ਡੇਰੇ ਦੀ ਸ਼ਰਧਾ ਵਿਚ ਵਾਧੇ ਦਾ ਸਬੱਬ ਬਣਦੀ ਹੈ। ਕਈਆਂ ਦੀ ਹਿੰਮਤ ਪ੍ਰਸ਼ਾਸਨ ਦੇ ਮੁਕਾਮੀ ਅਦਾਰਿਆਂ ਦੀ ਤਸ਼ੱਦਦੀ ਪਹੁੰਚ ਸਾਹਮਣੇ ਜਵਾਬ ਦੇ ਜਾਂਦੀ ਹੈ। ਜੇ ਕਿਸੇ ਕੁੜੀ ਦੇ ਮਾਪਿਆਂ ਨੇ ਆਪਣੀ ਪੁਲਿਸ ਤੱਕ ਪਹੁੰਚ ਕੀਤੀ ਹੈ ਤਾਂ ਉਨ੍ਹਾਂ ਨੇ ਬਿਖੜਾ ਪੈਂਡਾ ਤੈਅ ਕੀਤਾ ਹੈ। ਉਥੇ ਤੱਕ ਪਹੁੰਚਣ ਵਿਚ ਹੀ ਉਨ੍ਹਾਂ ਨੂੰ ਆਪਣੇ ਅਕੀਦਿਆਂ, ਸ਼ਰਧਾ ਅਤੇ ਪ੍ਰਸ਼ਾਸਨ ਦੀਆਂ ਸਲਾਹੁਣੀਆਂ ਨਾਲ ਜੂਝਣਾ ਪਿਆ ਹੋਵੇਗਾ।

ਇਸ ਤੋਂ ਬਾਅਦ ਦਾ ਪੈਂਡਾ ਇਕੱਲਤਾ ਭਰਿਆ ਹੈ, ਕਿਉਂਕਿ ਜੋ ਹਾਲਾਤ ਉਨ੍ਹਾਂ ਨੂੰ ਆਸਾਰਾਮ ਦੇ ਤਹਿਖ਼ਾਨੇ ਤੱਕ ਲੈ ਗਏ ਸਨ, ਉਹ ਜਿਉਂ ਦੇ ਤਿਉਂ ਹਨ। ਉਨ੍ਹਾਂ ਦੀ ਜਾਣ-ਪਛਾਣ ਵਾਲਾ ਸਮਾਜਕ ਘੇਰਾ ਉਸੇ ਸੋਚ ਵਾਲੀ ਜੀਵਨ ਸ਼ੈਲੀ ਜਿਉਂ ਰਿਹਾ ਹੈ ਜੋ ਇਨ੍ਹਾਂ ਨੂੰ ਵਧੀਕੀ ਦੀ ਜੱਦ ਵਿਚ ਲੈ ਗਈ ਸੀ। ਪੀੜਤ ਕੁੜੀ ਦਾ ਪਿਉ ਆਸਾਰਾਮ ਦਾ ਸ਼ਰਧਾਲੂ ਰਿਹਾ ਹੈ। ਉਸ ਨੇ ਸ਼ਾਹਜਹਾਂਪੁਰ ਵਿਚ ਆਸਾਰਾਮ ਦੇ ਆਸ਼ਰਮ ਲਈ ਜ਼ਮੀਨ ਖਰੀਦ ਕੇ ਦਿੱਤੀ ਸੀ। ਉਸ ਨੇ ਆਸਾਰਾਮ ਦਾ ਸ਼ਾਹਜਹਾਂਪੁਰ ਵਿਚ ਆਸ਼ਰਮ ਚਲਾਉਣ ਲਈ ਆਪਣਾ ਕਾਰੋਬਾਰ ਛੱਡ ਦਿੱਤਾ। ਆਸਾਰਾਮ ਦੇ ਕਹਿਣ ਉੱਤੇ ਆਪਣੇ ਬੱਚਿਆਂ ਨੂੰ ਆਸ਼ਰਮ ਦੇ ਸਕੂਲਾਂ ਵਿਚ ਪੜ੍ਹਨ ਲਗਾ ਦਿੱਤਾ। ਹੁਣ ਉਸ ਦੇ ਦੋ ਬੱਚੇ ਸਕੂਲੋਂ ਹਟ ਗਏ ਹਨ। ਦਿੱਲੀ ਪੁਲਿਸ ਨੇ ਸ਼ਿਕਾਇਤ, ਧਰਨੇ ਦੀ ਧਮਕੀ ਤੋਂ ਬਾਅਦ ਦਰਜ ਕੀਤੀ ਅਤੇ ਇਸ ਤੋਂ ਪਹਿਲਾਂ ਦਿੱਲੀ ਦੇ ਡਿਪਟੀ ਕਮਿਸ਼ਨਰ ਕੋਲ ਪੇਸ਼ ਕੀਤਾ ਗਿਆ ਜਿਸ ਨੇ ਮੈਜਿਸਟਰੇਟ ਦੀ ਹਾਜ਼ਰੀ ਵਿਚ ਮਾਪਿਆਂ ਅਤੇ ਪੀੜਤ ਕੁੜੀ ਦੇ ਬਿਆਨ ਦਰਜ ਕੀਤੇ। ਦਿੱਲੀ ਤੋਂ ਜੋਧਪੁਰ ਤਬਾਦਲਾ ਕੀਤੀ ਗਈ ਸ਼ਿਕਾਇਤ ਦਰਜ ਕਰਨ ਤੋਂ ਪਹਿਲਾਂ ਪੁਲਿਸ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ। ਇਸ ਤੋਂ ਬਾਅਦ ਆਸਾਰਾਮ ਦੀ ਗ੍ਰਿਫ਼ਤਾਰੀ ਲਈ ਕੁੜੀ ਦੇ ਪਿਉ ਨੇ ਸ਼ਾਹਜਹਾਂਪੁਰ ਵਿਚ ਧਰਨਾ ਦਿੱਤਾ। ਇਸ ਤੋਂ ਬਾਅਦ 'ਇੰਡੀਅਨ ਐਕਸਪ੍ਰੈਸ' ਅਖ਼ਬਾਰ ਵਿਚ ਛਪਿਆ ਉਸ ਦਾ ਬਿਆਨ ਬਹੁਤ ਅਹਿਮ ਹੈ, "ਮੈਂ ਉਸ ਵਿਚ ਅੰਨ੍ਹੀ ਸ਼ਰਧਾ ਰੱਖ ਕੇ ਗ਼ਲਤੀ ਕੀਤੀ, ਪਰ ਹੁਣ ਮੈਨੂੰ ਮੇਰੀ ਧੀ ਲਈ ਇਨਸਾਫ਼ ਚਾਹੀਦਾ ਹੈ। ਉਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਹੋਰ ਧੀਆਂ-ਭੈਣਾਂ ਦਾ ਬਚਾਅ ਹੋ ਸਕੇ।" ਉਸ ਦੀ ਅਗਲੀ ਗੱਲ ਹੋਰ ਧਿਆਨ ਦੀ ਮੰਗ ਕਰਦੀ ਹੈ, "ਜਦੋਂ ਮੈਂ ਉਸ ਦਾ ਸ਼ਰਧਾਲੂ ਸਾਂ ਤਾਂ ਮੈਨੂੰ ਉਸ ਖ਼ਿਲਾਫ਼ ਕੋਈ ਵੀ ਇਲਜ਼ਾਮ ਸੱਚਾ ਨਹੀਂ ਲੱਗਦਾ ਸੀ। ਮੈਨੂੰ ਪਤਾ ਹੈ ਕਿ ਉਸ ਦੇ ਅੰਨ੍ਹੇ ਸ਼ਰਧਾਲੂ ਕੁਝ ਵੀ ਕਰ ਸਕਦੇ ਹਨ।" ਇਹ ਉਸ ਕੁੜੀ ਦੇ ਪਿਉ ਦਾ ਤਜਰਬਾ ਬੋਲਦਾ ਹੈ। ਉਸੇ ਵਰਗਿਆਂ ਦਾ ਜਮਾਂਜੋੜੂ ਸ਼ਰਧਾ ਦੇ ਕਾਰੋਬਾਰ ਦਾ ਧੁਰਾ ਹੈ ਜਿਸ ਦੇ ਆਸਰੇ ਸਿਆਸਤਦਾਨ ਆਵਾਮ ਦੇ ਅਸਲ ਮੁੱਦਿਆਂ ਤੋਂ ਕੰਨੀ ਖਿਸਕਾ ਜਾਂਦੇ ਹਨ।

ਇਹ ਅੰਨ੍ਹੀ ਸ਼ਰਧਾ ਦਾ ਕਾਰੋਬਾਰ ਸ਼ਰਧਾਲੂਆਂ ਸਮੇਤ ਸਾਰੇ ਆਵਾਮ ਲਈ ਘਾਤਕ ਹੈ। ਇਹ ਗ਼ੈਰ-ਮਨੁੱਖੀ ਰੁਝਾਨ ਹੈ ਜੋ ਮਨੁੱਖ ਦਾ ਜਗਿਆਸੂ ਵਜੋਂ ਕਤਲ ਕਰਦਾ ਹੈ। ਇਸ ਰੁਝਾਨ ਨੂੰ ਸਵਾਲ ਪ੍ਰਵਾਨ ਨਹੀਂ ਹੈ, ਕਿਉਂਕਿ ਸਿਰ ਨਿਵਾ ਕੇ ਆਸ਼ੀਰਵਾਦ ਲੈਣਾ ਸਭ ਤੋਂ ਅਹਿਮ ਬਣ ਗਿਆ ਹੈ। ਸਰਕਾਰਾਂ ਅਤੇ ਸਿਆਸਤਦਾਨਾਂ ਨੂੰ ਇਹ ਰੁਝਾਨ ਰਾਸ ਆਉਂਦਾ ਹੈ। ਜਗਿਆਸੂ ਮਨੁੱਖ ਸਵਾਲ ਪੁੱਛੇਗਾ; ਬੇਇਨਸਾਫ਼ੀ, ਨਾਬਰਾਬਰੀ ਅਤੇ ਵਿਤਕਰੇ ਨੂੰ ਹੋਣੀ ਮੰਨਣ ਤੋਂ ਇਨਕਾਰ ਕਰੇਗਾ। ਜਦੋਂ ਸਰਕਾਰ ਤੇ ਸਿਆਸਤਦਾਨ ਸ਼ਰਧਾ ਦੇ ਕਾਰੋਬਾਰ ਦੀ ਸਰਪ੍ਰਸਤੀ ਕਰਦੇ ਹਨ ਤਾਂ ਇਹ ਆਵਾਮ ਦੀ ਸ਼ਹਿਰੀ ਵਜੋਂ ਹਤਕ ਕਰਦੇ ਹਨ। ਬਾਬਿਆਂ-ਮਾਤਾਵਾਂ ਅਤੇ ਡੇਰਿਆਂ ਦੇ ਮੁੰਨੇ ਸੀਲ ਸ਼ਰਧਾਲੂ ਇਨ੍ਹਾਂ ਦੇ ਸੀਲ ਪਿੱਛਲੱਗ ਬਣਦੇ ਹਨ, ਮੰਡੀ ਦੇ ਸੀਲ ਖਪਤਕਾਰ ਬਣਦੇ ਹਨ। ਮਨੁੱਖ ਨੂੰ ਕਾਇਨਾਤ ਦਾ ਹਿੱਸਾ ਹੋਣ ਦੇ ਨਾਤੇ ਕੁਦਰਤ ਨੇ ਯਾਦਾਸ਼ਤ, ਜਗਿਆਸਾ ਅਤੇ ਗਿਆਨ ਨਾਲ ਨਵਾਜਿਆ ਹੈ। ਕੁਦਰਤ ਦੀ ਇਸ ਅਮਾਨਤ ਵਿਚ ਮਨੁੱਖੀ ਚੇਤਨਾ ਅਤੇ ਵਿਗਿਆਨਕ ਸੋਚ ਨੇ ਲਗਾਤਾਰ ਵਾਧਾ ਕੀਤਾ ਹੈ। ਸ਼ਰਧਾ ਦਾ ਕਾਰੋਬਾਰ ਮਨੁੱਖ ਨੂੰ ਜਗਿਆਸਾ ਤੋਂ ਨਿਖੇੜ ਕੇ ਪਸ਼ੂ ਬਿਰਤੀ ਨਾਲ ਜੋੜਦਾ ਹੈ ਜਿੱਥੇ ਗਿਆਨ, ਵਿਗਿਆਨ, ਸਤਿਕਾਰ, ਨੈਤਿਕਤਾ ਅਤੇ ਬੌਧਿਕ-ਅਧਿਆਤਮਕ ਉਡਾਨ ਦੇ ਮਾਅਨੇ ਖ਼ਤਮ ਹੋ ਜਾਂਦੇ ਹਨ। ਇਸ ਹਵਾਲੇ ਨਾਲ ਆਸਾਰਾਮ ਮੌਜੂਦਾ ਦੌਰ ਵਿਚ ਉੱਚੀ-ਜਾਤ ਦੇ ਪਿਤਾ-ਪੁਰਖੀ, ਅਮੀਰ ਮਰਦ ਦੇ ਗ਼ਲਬੇ ਦੀ ਨੁਮਾਇੰਦਗੀ ਕਰਦਾ ਹੈ। ਉਹ ਬੀਬੀਆਂ, ਦੂਜੀਆਂ ਜਾਤਾਂ ਅਤੇ ਗ਼ਰੀਬਾਂ ਨੂੰ ਆਪਣੀ ਅੰਨ੍ਹੀ ਰਈਅਤ ਮੰਨਦਾ ਹੈ ਜਿਨ੍ਹਾਂ ਨੂੰ ਖੈਰਾਤ ਰੂਪੀ ਰਿਆਇਤਾਂ ਸਰਕਾਰਾਂ ਅਤੇ ਸਿਆਸਤਦਾਨ ਵੀ ਦਿੰਦੇ ਹਨ। ਵਿਅਕਤੀਗਤ ਪੱਧਰ ਉੱਤੇ ਇਹ ਗ਼ਲਬਾ ਆਪਣੀ ਜਾਤ, ਧਰਮ ਅਤੇ ਪਰਿਵਾਰ ਵਿਚ ਉਸੇ ਤਰ੍ਹਾਂ ਕਾਰਜਸ਼ੀਲ ਰਹਿੰਦਾ ਹੈ ਜਿਵੇਂ ਜਥੇਬੰਦਕ ਰੂਪ ਵਿਚ ਸਮਾਜਕ ਪੱਧਰ ਉੱਤੇ ਸਰਗਰਮ ਹੈ। ਸ਼ਾਹਜਹਾਂਪੁਰ ਵਿਚੋਂ ਇੱਕ ਬਾਪ ਨੇ ਆਪਣੀ ਧੀ ਦੇ ਹਵਾਲੇ ਨਾਲ ਇਸ ਗ਼ਲਬੇ ਉੱਤੇ ਸਵਾਲ ਕੀਤਾ ਹੈ। ਇਸ ਸਵਾਲ ਨੂੰ ਇੱਕ ਪਾਸੇ ਸ਼ਰਧਾਲੂਆਂ ਦੀ ਹੈਂਕੜ ਨਾਲ ਰੱਦ ਕਰਨ ਦਾ ਰੁਝਾਨ ਚੱਲ ਰਿਹਾ ਹੈ ਅਤੇ ਦੂਜੇ ਪਾਸੇ ਪੀੜਤ ਨੂੰ ਕਮਜ਼ੋਰ ਕੜੀ ਮੰਨ ਕੇ ਸੰਕੋਚ ਕੀਤਾ ਜਾ ਰਿਹਾ ਹੈ। ਇਹ ਸੰਕੋਚ ਸ਼ਰਧਾ ਦੇ ਪੱਖ ਵਿਚ ਭੁਗਤੇਗਾ ਅਤੇ ਬਾਅਦ ਵਿਚ ਸ਼ਰਧਾ ਦਾ ਕਾਰੋਬਾਰ ਇਸ ਸੰਕੋਚ ਹੇਠੋਂ ਵੀ ਜ਼ਮੀਨ ਖਿਸਕਾਉਣ ਲਈ ਕਾਰਜਸ਼ੀਲ ਰਹੇਗਾ।

ਇਨ੍ਹਾਂ ਹਾਲਾਤ ਵਿਚ ਹਾਰ-ਜਿੱਤ ਦੇ ਹਿਸਾਬ-ਕਿਤਾਬ ਵਿਚੋਂ ਬਾਹਰ ਨਿਕਲ ਕੇ ਸ਼ਰਧਾ ਰਾਹੀਂ ਉਸਾਰੇ ਗਏ ਗ਼ਲਬੇ ਉੱਤੇ ਹੋਏ ਸਵਾਲ ਨੂੰ ਦੂਣ-ਸਵਾਇਆ ਕਰਨਾ ਜ਼ਰੂਰੀ ਹੈ। ਇਸ ਤਤਕਾਲੀ ਸਵਾਲ ਵਿਚੋਂ ਚਿਰਕਾਲੀ ਮਸਲਿਆਂ ਨਾਲ ਜੁੜੇ ਸਵਾਲਾਂ ਦਾ ਰਾਹ ਖੁੱਲ੍ਹਦਾ ਹੈ। ਜਗਿਆਸੂ ਮਨੁੱਖ ਇਸ ਦੌਰ ਵਿਚ ਦਰਸ਼ਕ ਨਹੀਂ ਹੋ ਸਕਦਾ, ਕਿਉਂਕਿ ਜਗਿਆਸਾ ਨੂੰ ਮਨੁੱਖੀ ਗੁਣ ਬਣਾਈ ਰੱਖਣ ਦੀ ਜ਼ਿੰਮੇਵਾਰੀ ਉਸੇ ਸਿਰ ਪੈਂਦੀ ਹੈ। ਡਾ. ਦਬਹੋਲਕਰ ਦੇ ਕਤਲ ਤੋਂ ਬਾਅਦ ਵਿਗਿਆਨਕ ਚੇਤਨਾ ਸ਼ਰਧਾਜਲੀ ਮਤਿਆਂ ਤੱਕ ਮਹਿਦੂਦ ਨਹੀਂ ਹੋਣੀ ਚਾਹੀਦੀ, ਸਗੋਂ ਇਹ ਸ਼ਹਾਦਤ ਸ਼ਰਧਾ ਦੇ ਕਾਰੋਬਾਰ ਉੱਤੇ ਸਵਾਲ ਕਰਨ ਦੀ ਤਾਕਤ ਬਣਨੀ ਚਾਹੀਦੀ ਹੈ। ਜਦੋਂ ਅਭੈ ਵਾਰਤਕ ਸ਼ਰਧਾਲੂਆਂ ਨੂੰ 'ਕੁਝ' ਦੇਖਣ ਅਤੇ ਪੜ੍ਹਨ ਦੀ ਸਲਾਹ ਦਿੰਦਾ ਹੈ ਤਾਂ ਸੋਚਣਾ ਬਣਦਾ ਹੈ ਕਿ ਸਿਰਫ਼ 'ਕੁਝ' ਦੇਖਣ ਜਾਂ ਪੜ੍ਹਨ ਦੀ ਸਲਾਹ ਮਨੁੱਖ ਨੂੰ 'ਕੱਖ ਦਾ ਨਾ ਛੱਡਣ' ਦੀ ਕੁਹਜੀ ਸਾਜ਼ਿਸ਼ ਕਿਵੇਂ ਹੈ! ਕੀ ਇਹ ਮਨੁੱਖੀ ਜਗਿਆਸਾ ਉੱਤੇ ਕਾਤਲਾਨਾ ਹਮਲਾ ਨਹੀਂ ਹੈ?

# ਮਹਿਫਲ ਆਟਾ ਚੱਕੀ ਦੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਲੌਢੇ ਕੁ ਵੇਲੇ ਪਿੰਡ ਦੀ ਸ਼ਾਂਤ ਫਿਜ਼ਾ ਵਿਚ ਚੜ੍ਹਦੇ ਦੀ ਗੁੱਠੋਂ ਗੂੰਜੀ ਘੁੱਗੂ ਦੀ 'ਤੁੱਕ... ਤੁੱਕ... ਤੁੱਕ... ਤੁੱਕ' ਦੀ ਆਵਾਜ਼ ਕੰਨੀਂ ਪੈਂਦਿਆਂ ਹੀ ਸਾਡੀ ਮਾਂ ਝਾੜੂ ਫੇਰਨੋਂ ਇਕ ਦਮ ਹਟ ਗਈ। ਛੱਟ ਸੁਆਰ ਕੇ ਰੱਖੇ ਹੋਏ ਦਾਣਿਆਂ ਦੇ ਥੈਲੇ ਵੱਲ ਇਸ਼ਾਰਾ ਕਰ ਕੇ 'ਚੱਕੋ ਵੇ ਪੁੱਤ ਚੁੱਕੋ' ਦਾ ਰੌਲਾ ਪਾ ਦਿੰਦੀ ਹੈ। ਆਪਣੇ ਹਾਣੀਆਂ ਨਾਲ ਗੋਲੀਆਂ ਦੀ ਜਿੱਤ ਹਾਰ 'ਚ ਮਸਤ ਹੋਇਆਂ ਨੇ ਅਸੀਂ ਮਾਂ ਦੀ ਗੱਲ ਵੱਲ ਕੰਨ ਹੀ ਨਾ ਕੀਤਾ ਪਰ ਉਹ ਆਟਾ ਚੱਕੀ 'ਤੇ ਜਾ ਕੇ ਦਾਣੇ ਪਿਹਾਉਣ ਬਾਰੇ ਹਦਾਇਤਾਂ ਦੇਣ ਲੱਗ ਪਈ।

"ਦਾਦੇ ਮਗੌਣੇ ਕਿਤੇ ਦਰੜ ਦੇ ਉਪਰੋਂ ਹੀ ਨਾ ਸਾਡੇ ਦਾਣੇ ਪਾ ਦੇਣ... ਦੇਖਦੇ ਰਿਹੋ, ਆਟਾ ਬਰੀਕ ਹੋਵੇ... ਤੁਲਾਉਣ ਲੱਗਿਆਂ ਵੱਟੇ ਦੇਖ ਲਈਦੇ ਹੁੰਦੇ ਆ... ਤੁਸੀਂ ਪਾਹੜੂ ਆਂ... ਉਡਾਰ ਦਾ ਕਿੰਨਾ ਆਟਾ ਕੱਢਦੇ ਐ? ਇਹ ਵੀ ਧਿਆਨ 'ਚ ਰੱਖਿਉ...।"

ਇਹ ਦੇਖ ਕੇ, ਕਿ ਅਸੀਂ ਨਾ ਦਾਣਿਆਂ ਦੇ ਥੈਲੇ ਵੱਲ ਝਾਕਿਆ ਹੈ ਅਤੇ ਨਾ ਹੀ ਉਹਦੀਆਂ ਗੱਲਾਂ ਵੱਲ ਧਿਆਨ ਦਿੱਤਾ ਹੈ, ਉਹ ਪਹਿਲਾਂ ਨਾਲੋਂ ਕਾਫ਼ੀ ਉਚੀ ਸੁਰ ਵਿਚ ਖਿਝ ਕੇ ਬੋਲਦਿਆਂ ਥੈਲੇ ਕੋਲ ਜਾ ਖੜ੍ਹੀ। ਬਦੋ-ਬਦੀ ਥੈਲਾ ਮੇਰੇ ਸਿਰ ਚੁਕਾ ਕੇ, ਪਹਿਲੋਂ ਦਿੱਤੀਆਂ ਨਸੀਹਤਾਂ ਦੁਹਰਾਉਣ ਲੱਗ ਪਈ। ਪਿਹਾਈ ਦੇ ਪੈਸੇ ਦੇਣ ਲਈ ਉਹ ਤਿੰਨ-ਚਾਰ ਅਠਿਆਨੀਆਂ ਮੇਰੀ ਜੇਬ 'ਚ ਪਾਉਂਦੀ ਹੈ, ਪਰ ਕੱਚ ਦੀਆਂ ਗੋਲੀਆਂ ਨਾਲ ਭਰੀ ਜੇਬ ਦੇਖ ਕੇ ਉਹਦਾ ਪਾਰਾ ਹੋਰ ਚੜ੍ਹ ਗਿਆ। ਸਾਰਾ ਗੁੱਸਾ ਗੋਲੀਆਂ 'ਤੇ ਲਾਹ ਕੇ ਉਹ ਜੇਬ ਖਾਲੀ ਕਰਦਿਆਂ ਫੇਰ ਅਠਿਆਨੀਆਂ ਪਾਉਂਦੀ ਹੈ। ਵੀਹ ਪੱਚੀ ਕਿਲੋ ਭਾਰਾ ਥੈਲਾ ਸਿਰ 'ਤੇ ਚੁੱਕ ਕੇ ਮੈਂ ਪਿੰਡ ਦੀ ਆਟਾ ਚੱਕੀ 'ਤੇ ਪਹੁੰਚਿਆ।

ਧਰਤੀ 'ਚ ਗੱਡੇ ਹੋਏ ਲੱਕੜੀ ਦੇ ਥਮਲੇ ਨਾਲ ਬੰਨ੍ਹੇ ਹੋਏ ਤੱਕ (ਕੰਡੇ) ਉਪਰ ਲੋਕੀਂ ਆਪੋ-ਆਪਣੀ ਥੈਲੇ-ਗਠੜੀਆਂ ਰੱਖ-ਰੱਖ ਤੁਲਾਈ ਜਾ ਰਹੇ ਸਨ। ਜੱਗੂ ਮਿਸਤਰੀ ਦਾ ਹਲਕਾ ਜਿਹਾ ਚੁਸਤ ਮੁੰਡਾ ਦਾਣੇ ਤੋਲਣ ਉਪਰੰਤ ਨੀਲੀ ਸਿਆਹੀ ਦੀ ਬੋਤਲ 'ਚੋਂ ਦਾਤਣ ਜਿਹੀ ਡੋਬ-ਡੋਬ ਕੇ ਥੈਲਿਆਂ 'ਤੇ ਨੰਬਰ ਲਾਈ ਜਾ ਰਿਹਾ ਸੀ। ਨਾਲ ਦੀ ਨਾਲ ਆਪਣੀ ਕਾਪੀ ਵਿਚ ਥੈਲੇ ਦਾ ਨੰਬਰ, ਵਜ਼ਨ ਅਤੇ ਮਾਲਕ ਦਾ ਨਾਂ ਲਿਖੀ ਜਾ ਰਿਹਾ ਸੀ। ਮੈਥੋਂ ਪਹਿਲਾਂ ਫੇਰੂ ਬੁੜ੍ਹਾ ਆਪਣੇ ਦਾਣਿਆਂ ਦੀ ਗਠੜੀ ਤੁਲਵਾ ਰਿਹਾ ਸੀ। ਆਪਣੀ ਹਰ ਗੱਲ ਨੂੰ ਚੋਂਦੀਆਂ-ਚੋਂਦੀਆਂ ਗਾਲਾਂ ਨਾਲ ਸ਼ਿੰਗਾਰਨ ਵਾਲਾ ਇਹ ਬੁੜ੍ਹਾ ਕਈ ਦਿਨਾਂ ਤੋਂ ਆਪਣੇ ਪੁੱਤ-ਨੂੰਹ ਦੇ ਭਰੇ-ਭੁਕੰਨੇ ਟੱਬਰ ਨਾਲੋਂ ਅਲੱਗ ਹੋਇਆ ਹੋਇਆ ਸੀ। ਉਨ੍ਹਾਂ ਦੇ ਆਂਢ-ਗੁਆਂਢ ਵਿਚ ਤਾਂ ਹਾਸੜ ਮਚੀ ਹੋਈ ਸੀ ਕਿ ਅਰਾਮ ਨਾਲ ਪੱਕੀਆਂ ਪਕਾਈਆਂ ਛੱਕਣ ਦੀ ਥਾਂ, ਉਹ ਬੁੱਢੇ-ਵਾਰੇ ਅਲੱਗ ਚੁੱਲ੍ਹਾ ਤਪਾਉਣ ਦਾ ਢਾਣਸ ਕਰ ਰਿਹਾ ਹੈ। ਪਿੰਡ ਵਿਚ ਤਾਂ ਸਾਰੇ ਹੀ ਇਹ ਗੱਲ ਫੈਲੀ ਹੋਈ ਸੀ ਪਰ ਸ਼ਾਇਦ ਚੱਕੀ ਵਾਲਿਆਂ ਕੋਲ ਇਹ 'ਕਨਸੋਅ' ਪਹੁੰਚੀ ਨਾ ਹੋਵੇ। ਸੋ, ਦੁਚਿੱਤੀ ਜਿਹੀ 'ਚ ਪਏ ਜੱਗੂ ਦੇ ਮੁੰਡੇ ਨੇ



ਉਸ ਦੇ ਦਾਣੇ ਤੋਲਣ ਪਿਛੋਂ ਕਾਪੀ 'ਤੇ ਨਾਂ ਲਿਖਣ ਲੱਗਿਆਂ ਉਚੀ ਆਵਾਜ਼ ਨਾਲ ਪੁੱਛਿਆ, "ਫੇਰੂ ਦਾ ਨਾਂ ਹੀ ਲਿਖ ਲਵਾਂ ਬੁੜ੍ਹਿਆ?"

ਆਪਣੇ ਪੋਤਰਿਆਂ ਦੇ ਹਾਣੀ-ਹਵਾਣੀ ਛੋਕਰੇ ਮੂੰਹੋਂ ਬੇਸਤਿਕਾਰੇ ਢੰਗ ਨਾਲ ਲਿਆ ਆਪਣਾ ਨਾਂ ਸੁਣ ਕੇ ਫੇਰੂ ਬੁੜ੍ਹੇ ਦੇ ਸੱਤੀਂ ਕੱਪੜੀਂ ਅੱਗ ਲੱਗ ਉਠੀ। ਹੱਥ 'ਚ ਫੜਿਆ ਢਾਂਗੂ ਉਤਾਂਹ ਨੂੰ ਉਲਾਰ ਕੇ ਉਹ ਗੜ੍ਹਕਿਆ, "ਖੜ੍ਹ'ਤਾਂ... ਤੇਰੇ ਜਮਾਉਂਦੇ ਦੀ ਦਵਾਂ...! ਹਰਾਮਜ਼ਾਦਿਆ... ਤੇਰਾ ਪਿਉ ਮੈਨੂੰ ਚਾਚਾ ਸੱਦਦੈ... ਤੇ ਤੂੰ ਕੱਲ੍ਹ ਜੰਮ ਕੇ ਮੇਰਾ ਨਾਂ ਲੈਣ ਡਿਹਾਂ... ਧੀ ਦਿਆ... ਕਿਸੇ ਸਾਲੇ ਨੇ ਮੱਤ ਦਿੱਤੀ ਊਈ ਨੀ?... ਹੈਂਅ? ਕਿੱਡਾ ਆਇਆ ਸਾਲਾ ਮੇਰਾ ਵੱਡਾ-ਵਡਾਰੂ!!"

ਸਿਰੇ ਦੇ ਕੁਪੱਤੇ ਬੁੜ੍ਹੇ ਕੋਲੋਂ ਆਪਣੀ ਗਰਮਾ-ਗਰਮ ਝੰਡ ਕਰਵਾ ਕੇ ਜੱਗੂ ਦਾ ਮੁੰਡਾ ਤਾਂ ਖਿਸਿਆਨੀ ਹਾਸੀ ਹੱਸਦਾ ਕੰਡੇ ਤੋਂ ਉਠ ਕੇ ਅੰਦਰ ਚੱਕੀ ਵੱਲ ਗੇੜਾ ਮਾਰਨ ਚਲਾ ਗਿਆ।

ਮੂੰਹੋਂ ਝੱਗ ਸੁੱਟ ਰਹੇ ਫੇਰੂ ਬੁੜ੍ਹੇ ਨੂੰ ਠੰਢਾ ਕੀਤਾ 'ਗਿਆਨੀ ਜੀ' ਨੇ ਜੋ ਜੱਗੂ ਦੇ ਬਾਪ ਸੰਤੇ ਮਿਸਤਰੀ ਦੀ ਅਹਿਰਨ ਹਾਲੀ ਤੋਂ ਆਪਣੇ ਰੰਬੇ ਦਾਤੀਆਂ ਚੰਡਾਉਣ ਤੋਂ ਬਾਅਦ, ਚੱਕੀ 'ਤੇ ਚੱਲ ਰਹੀ ਗੱਪ-ਗੋਸ਼ਟੀ 'ਚ ਮਘਨ ਹੋਏ ਬੈਠੇ ਸਨ।

"ਜਾਣ ਦੇ ਗੁੱਸੇ ਨੂੰ ਚਾਚਾ! ਆ ਜਾ, ਐਧਰ ਆ ਜਾ!!" ਵਰਾਂਡੇ 'ਚ ਡਹੇ ਅਣਘੜਤ ਜਿਹੇ ਤਖ਼ਤਪੋਸ਼ 'ਤੇ ਬੈਠੇ ਗਿਆਨੀ ਜੀ ਨੇ ਫੇਰੂ ਬੁੜ੍ਹੇ ਨੂੰ ਆਪਣੇ ਕੋਲ ਸੱਦਦਿਆਂ ਆਖਿਆ, "ਚਾਚਾ, ਇਸ ਕੱਲ੍ਹ ਦੇ ਛੋਕਰੇ 'ਤੇ ਕਿਆ ਗੁੱਸਾ ਕਰਨੈ... ਅੱਜਕੱਲ੍ਹ ਦੀ ਮੁੰਡੀਹਰ ਤਾਂ ਹੈ ਈ ਬੇਗੁਰੀ। ਆ ਜਾ ਤੈਨੂੰ ਇਕ ਧੌਲ ਦਾੜ੍ਹੀਏ ਦੀ ਅਕਲ ਦੀ ਗੱਲ ਸੁਣਾਵਾਂ।"

ਤੇੜ ਲਾਈ ਹੋਈ ਆਪਣੀ ਤੰਬੀ ਦੇ ਲੜਾਂ ਨੂੰ ਲੱਤਾਂ 'ਚ ਕਰ ਕੇ ਤਖ਼ਤਪੋਸ਼ 'ਤੇ ਬਹਿਣ ਲੱਗੇ ਫੇਰੂ ਬੁੜ੍ਹੇ ਨੇ ਦੋ-ਤਿੰਨ ਗਾਲਾਂ ਜੱਗੂ ਦੇ ਮੁੰਡੇ ਨੂੰ ਹੋਰ ਕੱਢ ਦਿੱਤੀਆਂ। ਜਿਵੇਂ ਕਿਤੇ ਉਹਦੇ ਕੋਲੋਂ ਬਦਲਾ ਲੈਣ ਦੀ ਹਾਲੇ ਕੋਈ ਕਸਰ ਰਹਿ ਗਈ ਹੋਵੇ! ਮਸਾਂ ਕਿਤੇ ਖੰਘੂਰੇ-ਖੰਘਾਰੇ ਮਾਰ ਕੇ ਬੁੜ੍ਹੇ ਨੇ ਆਪਣਾ ਮੂਡ ਠੀਕ ਕਰਦਿਆਂ ਗਿਆਨੀ ਜੀ ਵੱਲ ਮੂੰਹ ਘੁਮਾ ਕੇ ਪੁੱਛਿਆ, "ਸੁਣਾ ਮੱਲਿਆ, ਤੂੰ ਕੀ ਕਹਿਣ ਲੱਗਾ ਸੈਂ?"

"ਕਹਿਣਾ ਕਿਆ ਐ ਚਾਚਾ!", ਗਿਆਨੀ ਜੀ ਨੇ ਆਪਣੀ ਕਹਾਣੀ ਛੋਹ ਲਈ, "ਤੈਨੂੰ ਪਤਾ ਈ ਐ ਚਾਚਾ, ਮਹੀਨਾ ਕੁ ਹੋਇਆ ਮੈਂ ਆਪਣਾ ਮੁੰਡਾ ਵਿਆਹਿਐ। ਝੰਡੇ ਕਿਆਂ ਨੇ ਵੀ ਸਾਡੇ ਅੱਗੜ ਪਿੱਛੜ ਹੀ ਆਪਣੇ ਮੁੰਡੇ ਦਾ ਵਿਆਹ ਕੀਤਾ। ਆਹ ਹੁਣੇ ਈ, ਤੁਹਾਥੋਂ ਮੋਹਰੇ-ਮੋਹਰੇ ਉਨ੍ਹਾਂ ਦਾ ਬੁੜ੍ਹਾ ਮੇਰੇ ਕੋਲੋਂ ਉਠ ਕੇ ਗਿਆ। ਮੈਨੂੰ ਪੁੱਛਣ ਲੱਗਾ, ਅਖੇ, ਗਿਆਨੀ ਜੀ ਮੁੰਡਾ ਵਿਆਹ ਲਿਆ? ਫੇਰ ਦਾਜ ਬਾਰੇ ਪੁੱਛਣ ਲੱਗ ਪਿਆ। ਅਖੇ, ਬਹੂ ਖੱਟ-ਦਾਤ ਕਿੰਨੀ ਕੁ ਲਿਆਈ ਐ?"

"ਤੂੰ ਕਾਕਾ ਉਹਨੂੰ ਪੁੱਛਿਆ ਨੀ ਕਿ...", ਫੇਰੂ ਬੁੜ੍ਹਾ ਗੱਲ ਸੁਣਦਾ-ਸੁਣਦਾ ਬਿਫਰ ਪਿਆ, "ਤੈਂ ਆਪਣੀ ਮਾਂ ਦਿਆ... ਸਾਡੀ ਬਹੂ ਦੇ ਦਾਜ ਤੋਂ ਧਾਰਾਂ ਲੈਣੀਆਂ?"

"ਕਿੱਥੇ ਚਾਚਾ, ਤੂੰ ਉਹਦੀ ਅਗਲੀ ਗੱਲ ਤਾਂ ਸੁਣ...?" ਗਿਆਨੀ ਜੀ ਕਹਿਣ ਲੱਗੇ, "ਮੇਰੇ ਹਾਂ-ਹੂੰ ਕਰਦਿਆਂ ਤੇ ਸਹੁਰਾ ਬਣਾ ਸੁਆਰ ਕੇ ਕਹਿੰਦਾ, ਅਖੇ, ਗਿਆਨੀ ਬਹੂ ਕਹੀ ਕੁ ਐ?"

"ਆਹ ਤੇਰੇ ਕੰਜਰ ਦੀ ਦੇਵਾਂ...ਸਾਲਾ ਵਿਗੜਿਆ ਚੌਰਾ।" ਫੇਰੂ ਬੁੜ੍ਹੇ ਨੇ ਉਪਰੋਥਲੀ ਤਿੰਨ-ਚਾਰ ਗਾਲਾਂ ਕੱਢ ਕੇ ਆਪਣੀ ਖੂੰਡੀ ਦਾ ਤਿੱਖਾ ਪਾਸਾ ਗੁੱਸੇ 'ਚ ਆ ਕੇ ਧਰਤੀ 'ਤੇ ਇਉਂ ਮਾਰਿਆ, ਜਿੱਦਾਂ ਕਿਤੇ ਉਹ ਝੰਡੇ ਕਿਆਂ ਦੇ ਬੁੜ੍ਹੇ ਦੀ ਹਿੱਕ 'ਚ ਮਾਰਨਾ ਚਾਹੁੰਦਾ ਹੋਵੇ। ਆਪਣੀ ਐਨਕ ਦੇ ਮੋਟੇ-ਮੋਟੇ ਸ਼ੀਸ਼ਿਆਂ 'ਚੋਂ ਲਾਲ-ਲਾਲ ਅੱਖਾਂ ਕੱਢਦਿਆਂ ਉਸ ਨੇ ਗਿਆਨੀ ਜੀ ਨੂੰ ਪੁੱਛਿਆ, "ਫੇਰ?"

"ਬੱਸ ਫੇਰ ਕਿਆ ਜੀ, ਮੈਂ ਦੇਖਾਂ ਤਾਂਹ-ਠਾਂਹ ਨੂੰ, ਕਿ ਕੀ ਜਵਾਬ ਦਿਆਂ? ਐਨੇ ਨੂੰ ਸਾਡੀ ਗਲੀ ਦੀ ਇਕ ਕੁੜੀ ਐਥੇ ਦਾਣੇ ਪਿਹਾਉਣ ਆ ਗਈ। ਮੈਨੂੰ ਸੁਝ ਗਈ। ਮੈਂ ਕਿਹਾ, ਲੈ ਬਈ ਐਸ ਕੁੜੀ ਨੂੰ ਪੁੱਛ ਲੈ ਸਾਡੀ ਨੂੰਹ ਬਾਰੇ। ਉਹ ਕੁੜੀ ਨਿਆਣਿਆਂ ਵਾਂਗ ਸਾਡੀ ਬਹੂ ਦੀਆਂ ਸਿਫ਼ਤਾਂ ਕਰਨ ਲੱਗ ਪਈ, ਅਖੇ, ਸਾਡੀ ਨਵੀਂ ਭਾਬੀ ਤਾਂ ਬਹੁਤ ਈ ਸੋਹਣੀ ਆਂ! ਲੈ ਬਈ ਚਾਚਾ, ਇੰਨੀ ਗੱਲ ਕਹਿ ਕੇ ਕੁੜੀ ਤਾਂ ਅੰਦਰ ਵੜ ਗਈ, ਉਹ ਬੇ-ਅਕਲਾ ਮੇਰੇ ਨੇੜੇ ਜਿਹੇ ਨੂੰ ਹੋ ਕੇ ਕਹਿੰਦਾ, ਗਿਆਨੀ, ਸਾਡੇ ਮੁੰਡੇ ਦੀ ਵਹੁਟੀ ਵੀ ਮੋਰਨੀ ਵਰਗੀ ਆ! ਹੱਥ ਲਾਇਆਂ ਮੈਲੀ ਹੁੰਦੀ ਐ!!

"ਦੁਰ ਫਿਟੇ ਮੂੰਹ ਇਸ ਗੰਦੇ ਖਾਨਦਾਨ ਦੇ...!"

ਫੇਰੂ ਬੁੜ੍ਹੇ ਦੀਆਂ ਗਾਲਾਂ ਦੀ ਝੜੀ ਉਦੋਂ ਖ਼ਤਮ ਹੋਈ ਜਦ ਉਸ ਨੇ ਦੇਖਿਆ ਕਿ ਚੱਕੀ ਵਾਲੇ ਇੰਜਣ 'ਚੋਂ ਪਾਈਪ ਰਾਹੀਂ ਕੱਢੇ ਜਾ ਰਹੇ ਕੋਸੇ-ਕੋਸੇ ਪਾਣੀ ਨਾਲ, ਕਈ ਹਾਲੀ ਪਾਲੀ ਨਹਾ-ਨਹਾ ਕੇ ਜਾ ਰਹੇ ਨੇ। ਡੱਬੀਆਂ ਵਾਲੇ ਜਿਸ ਪਰਨੇ ਨੂੰ ਸਾਰੇ ਜਣੇ ਤੇੜ ਲਾ-ਲਾ ਨਹਾਈ ਜਾ ਰਹੇ ਸਨ, ਗੜੁੱਚ ਹੋਏ ਉਸੇ ਪਰਨੇ ਨੂੰ ਨਿਚੋੜ ਕੇ ਫੇਰੂ ਬੁੜ੍ਹੇ ਨੇ ਵੀ ਤੇੜ ਲਾ ਲਿਆ। ਬਿਨਾਂ ਕਿਸੇ ਸਾਬਣ-ਤੇਲ ਦੇ ਪਹਿਲੇ ਨਹਾਉਣ ਵਾਲਿਆਂ ਵਾਂਗ ਫੇਰੂ ਵੀ ਨਿੱਘੇ ਪਾਣੀ ਨਾਲ ਮਲ-ਮਲ ਕੇ ਨਹਾਇਆ। ਇੰਨੇ ਨੂੰ ਚੱਕੀ ਵਾਲਿਆਂ ਦੇ ਘਰੋਂ ਚਾਹ ਦੀ ਬਾਲਟੀ ਆ ਗਈ। ਸੀਰੇ ਵਰਗੀ ਗਾੜ੍ਹੀ ਚਾਹ ਪਿੱਤਲ ਦੇ ਗਲਾਸਾਂ 'ਚ ਪਾ ਕੇ ਸਭ ਨੂੰ ਵਰਤਾਈ ਗਈ।

ਅੰਦਰ ਸਾਰੀਆਂ ਗੱਠਾਂ (ਦਾਣਿਆਂ ਦੇ ਥੈਲੇ) ਮੁੱਕ ਗਈਆਂ ਸਨ। ਜੱਗੂ ਨੇ ਦੌੜ ਕੇ ਵੱਡੇ ਸਾਰੇ ਵੀਲ ਵਾਲਾ ਇੰਜਣ ਬੰਦ ਕਰ ਦਿੱਤਾ। ਘੁੱਗੂ ਦੀ 'ਤੁੱਕ...ਤੁੱਕ' ਹੌਲੀ-ਹੌਲੀ ਖਾਮੋਸ਼ ਹੋ ਗਈ। ਦਾਣੇ ਪਿਹਾਉਣ ਆਏ ਸਾਰੇ ਜਣੇ ਹਾਸੇ-ਮਸ਼ਕੂਲੇ ਕਰਦੇ ਆਪਣੇ ਘਰਾਂ ਨੂੰ ਤੁਰ ਗਏ। ਦੂਰ ਦੁਮੇਲਾਂ ਉਤੇ ਸੂਰਜ ਦੀ ਟਿੱਕੀ ਲਾਲ ਸੁਰਖ ਹੋ ਚੁੱਕੀ ਸੀ। ਘੁਸਮੁਸੇ ਦੀ ਰੁਮਕਦੀ ਹਵਾ ਵਿਚ ਜੀਅ ਜਨੌਰ ਆਪਣੇ ਆਲ੍ਹਣਿਆਂ ਵਿਚ ਜਾ ਬਿਰਾਜੇ ਸਨ।

ਰਹੇ ਨਾ ਕੁੰਢੀਆਂ ਮੁੱਛਾਂ ਵਾਲੇ
ਰਹੇ ਨਾ ਰਾਣੀ ਖਾਂ ਦੇ ਸਾਲੇ।
ਕਿੱਥੇ ਨੇ ਉਹ ਮੌਜੀ ਬੰਦੇ
ਜਿਹੜੇ ਛੱਡ ਦੁਨੀਆਂ ਦੇ ਧੰਦੇ।
ਬੈਠੇ ਚੰਦ ਦੀ ਟਿੱਕੀ ਥੱਲੇ
ਸਨ ਗਾਂਵਦੇ ਢੋਲੇ। *(ਪ੍ਰੋ. ਮੋਹਨ ਸਿੰਘ)*

---

## 'ਸ਼ਬਦ ਝਰੋਖਾ' ਵਿਚ ਸ਼ਬਦਾਂ ਦਾ ਮੇਲਾ

## ਸੰਪਾਦਕ ਦੀ ਡਾਕ

ਬਲਜੀਤ ਬਾਸੀ ਨੇ 'ਸ਼ਬਦ ਝਰੋਖਾ' ਨਾਲ ਸ਼ਬਦਾਂ ਦਾ ਚੰਗਾ ਮੇਲਾ ਲਾਇਆ ਹੋਇਆ ਹੈ। ਪਰਚੇ ਉਤੇ ਮੋਟੀ-ਮੋਟੀ ਝਾਤ ਮਾਰਨ ਤੋਂ ਬਾਅਦ ਮੈਂ ਸਭ ਤੋਂ ਪਹਿਲਾਂ ਇਹੀ ਕਾਲਮ ਪੜ੍ਹਦਾ ਹਾਂ। ਸ਼ਬਦਾਂ ਦੀਆਂ ਜੜ੍ਹਾਂ ਬਾਰੇ ਬਲਜੀਤ ਬਾਸੀ ਚੰਗੀ ਦੌੜ ਲਵਾਉਂਦਾ ਹੈ। ਇਹ ਕਾਲਮ ਪੜ੍ਹ-ਪੜ੍ਹ ਕੇ ਮੈਂ ਹੋਰ ਸ਼ਬਦਾਂ ਬਾਰੇ ਵੀ ਘੋਖ ਕਰਨੀ ਗਿੱਝ ਗਿਆ ਹਾਂ। ਬਹੁਤ ਸਾਰੇ ਸ਼ਬਦਾਂ ਬਾਰੇ 'ਭੁਲੇਖੇ' ਇਹ ਕਾਲਮ ਪੜ੍ਹਨ ਕਰ ਕੇ ਦੂਰ ਹੋਏ ਹਨ। 31 ਅਗਸਤ ਵਾਲੇ ਅੰਕ ਵਿਚ 'ਗਲੀ' ਬਾਰੇ ਛਾਣੀ ਖਾਕ ਬੜੀ ਦਿਲਚਸਪ ਸੀ। ਇਸ ਤੋਂ ਪਹਿਲਾਂ ਦੇ ਦੋ ਅੰਕਾਂ ਵਿਚ ਅੱਖਾਂ ਨਾਲ ਸਬੰਧਤ ਚਰਚਾ ਪੜ੍ਹ ਕੇ ਸੁਆਦ ਆ ਗਿਆ। ਸਭ ਤੋਂ ਦਿਲਚਸਪ ਸ਼ਬਦ ਮੀਨਾਕਸ਼ੀ (24 ਅਗਸਤ ਵਾਲੇ ਅੰਕ ਵਿਚ) ਲੱਗਿਆ- ਭਾਵ ਜਿਸ ਦੀ ਅੱਖ, ਮੱਛੀ ਵਰਗੀ ਸੋਹਣੀ ਹੈ। ਮੱਛੀ ਦੀ ਅੱਖ ਵੱਲ ਕਦੀ ਧਿਆਨ ਨਹੀਂ ਸੀ ਗਿਆ। ਇਹ ਲੇਖ ਪੜ੍ਹਨ ਤੋਂ ਬਾਅਦ ਜਦੋਂ ਇਕ ਸਟੋਰ ਉਤੇ ਰੱਖੇ ਮੱਛੀ-ਮਰਤਬਾਨ ਨੇੜੇ ਜਾ ਕੇ ਮੱਛੀ ਦੀ ਅੱਖ ਦੇਖੀ, ਤਾਂ ਇਹ ਨਾਂ ਸੁਝਾਉਣ ਵਾਲੇ ਨੂੰ ਅਤੇ ਇਸ ਲੇਖ ਦੇ ਲਿਖਾਰੀ ਨੂੰ ਪ੍ਰਣਾਮ ਕਰਨ ਨੂੰ ਦਿਲ ਕਰ ਆਇਆ। ਇਸ ਕਾਲਮ ਨੇ ਉਰਦੂ ਲੇਖਕ ਫਿਕਰ ਤੌਂਸਵੀ ਦੇ ਮਸ਼ਹੂਰ ਕਾਲਮ 'ਪਿਆਜ਼ ਕੇ ਛਿਲਕੇ' ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਜਿਸ ਤਰ੍ਹਾਂ ਫਿਕਰ ਤੌਂਸਵੀ ਆਪਣੇ ਲੇਖ ਵਿਚ ਕਿਸੇ ਇਕ ਨੁਕਤੇ ਬਾਰੇ ਗੱਲ ਕਰਦਿਆਂ ਪਿਆਜ਼ ਦੇ ਛਿਲਕੇ ਉਤਾਰਦਾ ਸੀ, ਐਨ ਉਸੇ ਤਰ੍ਹਾਂ ਬਲਜੀਤ ਬਾਸੀ ਸ਼ਬਦਾਂ ਦੀ ਛਿਲ ਲਾਹੀ ਤੁਰਿਆ ਜਾਂਦਾ ਹੈ।

*-ਭੁਪਿੰਦਰ ਸਿੰਘ ਮੁਨਾਵਾਂ*

### ਦੌੜਾਕ ਮੱਖਣ ਸਿੰਘ ਦੇ ਟੱਬਰ ਦੀ ਸਹਾਇਤਾ

ਦੌੜਾਕ ਮੱਖਣ ਸਿੰਘ ਦੇ ਟੱਬਰ ਨੂੰ 5 ਲੱਖ ਰੁਪਏ ਮਿਲਣ ਅਤੇ ਉਸ ਦੇ ਮੁੰਡੇ ਨੂੰ ਨੌਕਰੀ ਦੇਣ ਦੀ ਖਬਰ ਨਾਲ ਦਿਲ ਨੂੰ ਸਕੂਨ ਜਿਹਾ ਆ ਗਿਆ। ਅਜਿਹੇ ਬਥੇਰੇ ਲੋਕ ਨਾਇਕ ਹਨ ਜਿਹੜੇ ਕਿਸੇ ਨਾ ਕਿਸੇ ਕਾਰਨ ਰੁਲ ਜਾਂਦੇ ਹਨ। ਇਨ੍ਹਾਂ ਦੇ ਟੱਬਰ ਮੰਦੇ ਹਾਲੀਂ ਹਨ ਅਤੇ ਮੱਦਦ ਲਈ ਤੜਫ ਰਹੇ ਹਨ। ਸ਼ੁਕਰ ਹੈ ਕਿ ਕਿਸੇ ਨੂੰ ਤਾਂ ਮੱਖਣ ਸਿੰਘ ਦੇ ਟੱਬਰ ਦਾ ਚੇਤਾ ਆਇਆ ਹੈ। ਸਰਕਾਰਾਂ ਹੋਰ ਥਾਂਈਂ ਕਿੰਨੇ ਕਿੰਨੇ ਪੈਸੇ ਲਾਈ ਜਾਂਦੀਆਂ ਹਨ ਪਰ ਲੋੜਵੰਦਾਂ ਦੀ ਮਦਦ ਲਈ ਹੱਥ ਪਿਛੇ ਖਿੱਚ ਲੈਂਦੀਆਂ ਹਨ। ਮੈਂ ਤਾਂ ਕਹਿੰਦਾ ਹਾਂ ਕਿ ਹੋਰ ਲੋੜਵੰਦਾਂ ਨੂੰ ਲੱਭ ਕੇ ਉਨ੍ਹਾਂ ਦੀ ਵੀ ਸਹਾਇਤਾ ਕਰਨੀ ਚਾਹੀਦੀ ਹੈ।

*-ਸੁਰਮੁਖ ਸਿੰਘ ਕੰਗ, ਨਿਊ ਯਾਰਕ*

---

### ਗੁਰਦਿਆਲ ਬਲ ਦੀ 'ਮਾਇਆ'

'ਪੰਜਾਬ ਟਾਈਮਜ਼' ਦੇ 35 ਨੰਬਰ ਅੰਕ ਵਿਚ ਕਮਿੱਕਰ ਸਿੰਘ ਦਾ ਖਤ ਪੜ੍ਹਿਆ। ਖਤ ਪੜ੍ਹ ਕੇ ਮੇਰਾ ਵੀ ਕੁਝ ਕਹਿਣ ਨੂੰ ਮਨ ਕਰ ਆਇਆ ਹੈ। ਕਮਿੱਕਰ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ ਬਲ ਸਾਹਿਬ, ਸੁਰਿੰਦਰ ਨੀਰ ਨੂੰ ਕੁਝ ਜ਼ਿਆਦਾ ਹੀ ਚੜ੍ਹਾ ਰਹੇ ਹਨ। ਨਾਲੇ ਐਤਕੀਂ ਵਾਲੀ ਕਿਸ਼ਤ ਵਿਚ ਤਾਂ ਨਾਵਲ ਬਾਰੇ ਵੀ ਬਹੁਤਾ ਕੁਝ ਨਹੀਂ ਲੱਭਦਾ। ਲਾਲੀ ਬਾਬੇ ਦੁਆਲੇ ਗੱਲਾਂ ਘੁੰਮੀ ਜਾਂਦੀਆਂ ਹਨ। ਲਾਲੀ ਬਾਬੇ ਬਾਰੇ ਤੁਸੀਂ ਅੱਗੇ ਵੀ ਬਥੇਰਾ ਛਾਪ ਚੁੱਕੇ ਹੋ। ਐਡੀ ਵੀ ਕਿਹੜੀ ਗੱਲ ਹੈ ਕਿ ਇਕੋ ਬੰਦੇ ਬਾਰੇ ਲਿਖੀ ਜਾਉ। ਉਦਾਂ ਮੈਨੂੰ ਕਮਿੱਕਰ ਸਿੰਘ ਵੱਲੋਂ ਯੂਨੀਵਰਸਿਟੀ ਵਾਲੇ ਮਾਹੌਲ ਬਾਰੇ ਕੀਤੇ ਇਤਰਾਜ਼ ਦੀ ਸਮਝ ਨਹੀਂ ਲੱਗੀ। ਕੀ ਸਭਿਆਚਾਰਕ ਵਿਰਾਸਤ ਨੂੰ ਸਾਂਭਣ ਦੀ ਜ਼ਿੰਮੇਵਾਰੀ ਸਿਰਫ ਕੁੜੀਆਂ ਦੀ ਹੈ? ਸਭਿਆਚਾਰ ਦੇ ਨਾਂ ਉਤੇ ਅਸੀਂ ਬੜਾ ਕੁਝ ਆਪਣੀਆਂ ਧੀਆਂ-ਧਿਆਣੀਆਂ ਉਤੇ ਠੋਸੀ ਜਾਂਦੇ ਹਾਂ। ਇੱਦਾਂ ਕਰ ਕੇ ਅਸੀਂ ਉਨ੍ਹਾਂ ਨੂੰ ਵੀ ਤੰਗ ਕਰਦੇ ਹਾਂ ਅਤੇ ਆਪ ਵੀ ਪ੍ਰੇਸ਼ਾਨ ਰਹਿੰਦੇ ਹਾਂ। ਸਮਾਂ ਬਦਲਦਾ ਰਹਿੰਦਾ ਹੈ ਅਤੇ ਅੱਜ ਵੀ ਬਦਲ ਰਿਹਾ ਹੈ। ਸਾਨੂੰ ਵੀ ਸਮੇਂ ਨਾਲ ਬਦਲਣਾ ਚਾਹੀਦਾ ਹੈ। ਅਮਰੀਕਾ ਵਰਗੇ ਮਾਡਰਨ ਦੇਸ਼ ਵਿਚ ਵੀ ਸਾਡੇ ਸਿਰਾਂ ਵਿਚੋਂ ਪਿੰਡ ਦੀ ਜਗੀਰਦਾਰੀ ਨਹੀਂ ਨਿਕਲਦੀ। ਆਪਣੇ ਮੁੰਡਿਆਂ ਨੂੰ ਅਸੀਂ ਕੁਝ ਆਖਦੇ ਨਹੀਂ, ਸਾਰੀ ਕਸਰ ਕੁੜੀਆਂ ਉਤੇ ਕੱਢ ਲੈਂਦੇ ਹਾਂ। ਉਨ੍ਹਾਂ ਨੂੰ ਵੀ ਆਕਾਸ਼ ਵਿਚ ਉਡਣ ਦਾ ਬਰਾਬਰ ਦਾ ਮੌਕਾ ਮਿਲਣਾ ਚਾਹੀਦਾ ਹੈ।

ਇਕ ਗੱਲ ਹੋਰ, ਐਤਕੀਂ ਤੁਸੀਂ ਆਪਣੇ ਸੰਪਾਦਕੀ ਵਿਚ ਔਰਤ ਜਾਤ ਲਈ ਪੰਜ ਪਿਆਰੀਆਂ ਸ਼ਬਦ ਵਰਤਿਆ। ਪੜ੍ਹ ਕੇ ਬਹੁਤ ਚੰਗਾ ਲੱਗਾ। ਇਸ ਜਾਤ ਨੇ ਬੜਾ ਕੁਝ ਝੱਲਿਆ ਹੈ ਅਤੇ ਅਜੇ ਵੀ ਝੱਲ ਰਹੀ ਹੈ। ਮਰਦ ਨੂੰ ਹੁਣ ਹੈਂਕੜ ਛੱਡ ਕੇ ਇਨ੍ਹਾਂ ਨੂੰ ਵੀ ਇਨਸਾਨ ਮੰਨ ਲੈਣਾ ਚਾਹੀਦਾ ਹੈ। ਹੁਣ ਤੱਕ ਇਨ੍ਹਾਂ ਨਾਲ ਕਿੱਲੇ ਨਾਲ ਬੰਨ੍ਹੇ ਪਸ਼ੂਆਂ ਵਾਲਾ ਵਿਹਾਰ ਹੋਇਆ ਹੈ। ਸਾਡੇ ਗੁਰੂਆਂ ਨੇ ਵੀ ਇਨ੍ਹਾਂ ਦੇ ਹੱਕ ਦੀ ਗੱਲ ਕੀਤੀ ਸੀ। ਸਾਨੂੰ ਉਸ ਸਿਖਿਆ ਨੂੰ ਭੁਲਾਉਣਾ ਨਹੀਂ ਚਾਹੀਦਾ।

*-ਪ੍ਰੇਮ ਸਿੰਘ ਭਟਨੋਹਾ, ਐਲ.ਏ.*

---

# ਸਿੱਖ ਇਤਿਹਾਸ ਵਾਲੀਆਂ ਵਸਤਾਂ ਦੀ ਮੁਰੰਮਤ ਦੀ ਸੇਵਾ

**ਅੰਮ੍ਰਿਤਸਰ:** ਮਹਾਰਾਜਾ ਰਣਜੀਤ ਸਿੰਘ ਤੇ ਹੋਰ ਸੰਗਤ ਵੱਲੋਂ ਵੱਖ-ਵੱਖ ਸਮਿਆਂ 'ਤੇ ਗੁਰੂ ਘਰ ਨੂੰ ਭੇਟ ਕੀਤੀਆਂ ਗਈਆਂ ਬੇਸ਼ਕੀਮਤੀ ਵਸਤਾਂ ਦੀ ਮੁਰੰਮਤ ਦੀ ਸੇਵਾ ਮੁਕੰਮਲ ਹੋ ਗਈ ਹੈ। ਇਹ ਵਸਤਾਂ ਇਥੇ ਵੱਖ-ਵੱਖ ਗੁਰਪੁਰਬਾਂ ਮੌਕੇ ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖ਼ਤ ਤੇ ਗੁਰਦੁਆਰਾ ਸ੍ਰੀ ਅਟੱਲ ਰਾਏ ਵਿਖੇ ਸੁਸ਼ੋਭਿਤ ਕੀਤੇ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਕਰਨ ਵਾਲੇ ਪਰਿਵਾਰ ਤੇ ਮਾਹਿਰਾਂ ਦਾ ਸਨਮਾਨ ਕੀਤਾ ਗਿਆ।

ਇਹ ਬੇਸ਼ਕੀਮਤੀ ਵਸਤਾਂ ਵਿਚ ਸੋਨੇ-ਚਾਂਦੀ ਦੇ ਦਰਵਾਜ਼ੇ, ਸੋਨੇ ਦੇ ਬਾਟੇ, ਸੋਨੇ ਦੇ ਛਤਰ, ਨੀਲਮ ਦਾ ਮੋਰ, ਸੋਨੇ ਦਾ ਬਾਜੂਬੰਦ, ਜੜਾਊ ਛਤਰ, ਕੰਵਰ ਨੌਨਿਹਾਲ ਦਾ ਸਿਹਰਾ, ਮਹਾਰਾਜਾ ਰਣਜੀਤ ਸਿੰਘ ਵੱਲੋਂ ਭੇਟ ਕੀਤੀ ਸੋਨੇ ਦੇ ਮਿਆਨ ਵਾਲੀ ਸ੍ਰੀ ਸਾਹਿਬ ਤੇ ਹੋਰ ਵਸਤਾਂ ਸ਼ਾਮਲ ਹਨ। ਇਹ ਇਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਤੋਸ਼ੇਖਾਨੇ ਵਿਚ ਸੰਭਾਲੇ ਹੋਏ ਹਨ। ਸੋਨੇ ਦੀਆਂ ਇਨ੍ਹਾਂ ਵਸਤਾਂ ਦਾ ਰੰਗ ਸਮੇਂ ਦੇ ਨਾਲ ਮੈਲਾ ਹੋ ਰਿਹਾ ਸੀ ਤੇ ਕਈ ਵਸਤਾਂ ਨੂੰ ਮੁਰੰਮਤ ਦੀ ਵੀ ਲੋੜ ਸੀ। ਇਨ੍ਹਾਂ ਦੀ ਸ਼੍ਰੋਮਣੀ ਕਮੇਟੀ ਵੱਲੋਂ ਸੇਵਾ ਕਰਵਾਈ ਗਈ ਹੈ।

ਇਹ ਸੇਵਾ ਸਵਿੰਦਰ ਪਾਲ ਸਿੰਘ ਤੇ ਇੰਦਰਪਾਲ ਸਿੰਘ ਨੂੰ ਸੌਂਪੀ ਗਈ ਸੀ ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਕੋਲ ਇਨ੍ਹਾਂ ਬੇਸ਼ਕੀਮਤੀ ਵਸਤੂਆਂ ਦੀ ਮੁਰੰਮਤ ਤੇ ਪਾਲਿਸ਼ ਆਦਿ ਕਰਨ ਦੀ ਸੇਵਾ ਕਰਨ ਦੀ ਇੱਛਾ ਜ਼ਾਹਰ ਕੀਤੀ ਸੀ। ਇਹ ਸੇਵਾ ਇਸ ਪਰਿਵਾਰ ਨੂੰ ਮਈ ਵਿਚ ਸੌਂਪੀ ਗਈ ਸੀ ਤੇ ਤਕਰੀਬਨ ਤਿੰਨ ਮਹੀਨਿਆਂ ਵਿਚ ਇਹ ਮੁਕੰਮਲ ਹੋਈ ਹੈ। ਇਸ ਸੇਵਾ ਨੂੰ ਸਿਰੇ ਚਾੜ੍ਹਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਕ ਤਿੰਨ ਮੈਂਬਰੀ ਸਬ ਕਮੇਟੀ ਵੀ ਬਣਾਈ ਗਈ ਸੀ ਜਿਸ ਵਿਚ ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਗੁਰਬਚਨ ਸਿੰਘ ਕਰਮੂੰਵਾਲ ਤੇ ਮੀਤ ਸਕੱਤਰ ਸੁਖਦੇਵ



ਸਿੰਘ ਭੂਰਾ ਕੋਹਨਾ ਸ਼ਾਮਲ ਸਨ। ਮੁਰੰਮਤ ਲਈ ਮੁੰਬਈ, ਦਿੱਲੀ ਬਨਾਰਸ, ਜੈਪੁਰ, ਸੂਰਤ ਤੋਂ ਸੋਨੇ ਤੇ ਪੁਰਾਤਨ ਵਸਤਾਂ ਦੀ ਸਾਂਭ-ਸੰਭਾਲ ਦੇ ਮਾਹਰ ਸੱਦੇ ਗਏ ਸਨ। ਇਨ੍ਹਾਂ ਨੇ ਇਨ੍ਹਾਂ ਬੇਸ਼ਕੀਮਤੀ ਵਸਤਾਂ ਦੀ ਮੁਰੰਮਤ ਤੋਂ ਬਿਨਾ ਪਾਲਿਸ਼ ਦੀ ਸੇਵਾ ਕੀਤੀ। ਸੇਵਾ ਦੌਰਾਨ ਜੜਾਊ ਛੱਤਰਾਂ ਦੇ ਨਗ ਠੀਕ ਕੀਤੇ ਗਏ ਹਨ। ਸੋਨੇ ਦੇ ਬਾਟਿਆਂ ਦੀ ਸਫਾਈ ਕੀਤੀ ਗਈ ਹੈ। ਸੋਨੇ ਦੇ ਛੱਜਿਆਂ ਦੀ ਸੁਨਹਿਰੀ ਮੁਕੇਸ਼ ਨਵੀਂ ਲਾਈ ਗਈ ਹੈ, ਕੰਵਰ ਨੌਨਿਹਾਲ ਦਾ ਸਿਹਰਾ ਠੀਕ ਤੇ ਪਾਲਿਸ਼ ਕੀਤਾ ਗਿਆ ਹੈ।

# ਸਰਮਾਏਦਾਰੀ ਅਤੇ ਭਾਰਤੀ ਆਰਥਿਕਤਾ ਦਾ ਮੌਜੂਦਾ ਹਸ਼ਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਛੱਬੀ ਅਗਸਤ ਨੂੰ ਸ਼ੁਰੂ ਹੋਇਆ ਹਫਤਾ ਭਾਰਤ ਦੀ ਆਰਥਿਕਤਾ ਨੂੰ ਵੀ ਝੰਜੋੜ ਦੇਣ ਵਾਲਾ ਸਾਬਤ ਹੋਇਆ ਤੇ ਇਸ ਨੇ ਲੋਕਾਂ ਦੇ ਪੱਖ ਵਿਚ ਵੀ ਕੁਝ ਕਦਮ ਅੱਗੇ ਵੱਲ ਪੁੱਟੇ, ਪਰ ਪਾਰਲੀਮੈਂਟ ਵਿਚ ਦੋ ਗੱਲਾਂ ਇਹੋ ਜਿਹੀਆਂ ਹੋ ਗਈਆਂ, ਜਿਨ੍ਹਾਂ ਨੇ ਲੋਕਤੰਤਰ ਦੇ ਹਿਤੈਸ਼ੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇੱਕ ਘਟਨਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਹਫਤੇ ਦੇ ਅਖੀਰਲੇ ਕੰਮ-ਕਾਜੀ ਦਿਨ ਪਾਰਲੀਮੈਂਟ ਵਿਚ ਵਿਰੋਧੀ ਧਿਰ ਨੂੰ ਬਹੁਤ ਕੌੜੀ ਭਾਸ਼ਾ ਵਿਚ ਮੋੜਵਾਂ ਜਵਾਬ ਦੇਣ ਵਾਲੀ ਸੀ ਅਤੇ ਦੂਸਰੀ ਵਿਰੋਧੀ ਧਿਰ ਵਿਚ ਬੈਠੇ ਇੱਕ ਸਾਬਕਾ ਖਜ਼ਾਨਾ ਮੰਤਰੀ ਵੱਲੋਂ ਸਰਕਾਰ ਨੂੰ 'ਗੋ, ਫਾਰ ਗਾਡ ਸੇਕ, ਗੋ' (ਜਾਓ, ਰੱਬ ਦਾ ਵਾਸਤਾ ਹੈ, ਜਾਓ) ਕਹਿਣ ਵਾਲੀ।

ਸਾਨੂੰ ਇਸ ਗੱਲ ਨਾਲ ਬਹੁਤਾ ਮਤਲਬ ਨਹੀਂ ਕਿ ਵਿਰੋਧੀ ਧਿਰ ਦੀ ਵੱਡੀ ਪਾਰਟੀ ਕਿੰਨੇ ਨੀਵੇਂ ਪੱਧਰ ਤੱਕ ਜਾ ਕੇ ਪ੍ਰਧਾਨ ਮੰਤਰੀ ਬਾਰੇ ਜੋ ਮੂੰਹ ਆਵੇ, ਬੋਲਦੀ ਚਲੀ ਜਾਂਦੀ ਹੈ ਤੇ ਇਸ ਨਾਲ ਵੀ ਨਹੀਂ ਕਿ ਪ੍ਰਧਾਨ ਮੰਤਰੀ ਆਪਣੇ ਮੁਰਾਤਬੇ ਦਾ ਖਿਆਲ ਰੱਖੇ ਬਿਨਾਂ ਉਨ੍ਹਾਂ ਜਿੰਨੀਆਂ, ਸਗੋਂ ਉਨ੍ਹਾਂ ਤੋਂ ਵੀ ਵੱਧ, ਪੌੜੀਆਂ ਉਤਰ ਗਿਆ ਹੈ। ਜਿਸ ਪ੍ਰਧਾਨ ਮੰਤਰੀ ਦਾ ਇਹ ਅਕਸ ਹੋਵੇ ਕਿ ਉਹ ਬੜਾ ਘੱਟ ਬੋਲਦਾ ਹੈ, ਪਰ ਜਦੋਂ ਬੋਲਦਾ ਤਾਂ ਸੋਚ ਕੇ ਬੋਲਦਾ ਹੈ, ਉਹ ਵਿਰੋਧ ਦੀ ਧਿਰ ਨਾਲ ਮਿਹਣਿਆਂ ਦੀ ਜਿਹੜੀ ਭਾਸ਼ਾ ਵਰਤ ਗਿਆ, ਉਸ ਦਾ ਜ਼ਿਕਰ ਹੁਣ ਅਸੀਂ ਨਹੀਂ ਕਰ ਸਕਦੇ, ਕਿਉਂਕਿ ਉਹ ਸਭ ਕੁਝ ਪਾਰਲੀਮੈਂਟ ਦੇ ਰਿਕਾਰਡ ਤੋਂ ਕੱਢ ਦਿੱਤਾ ਗਿਆ ਹੈ। ਵਿਰੋਧ ਦੀ ਧਿਰ ਵਿਚ ਬੈਠੇ ਭਾਜਪਾ ਵਾਲੇ ਵੀ ਸ਼ਰਮ ਦਾ ਛਿੱਕਾ ਲਾਹ ਕੇ ਬੈਠੇ ਜਾਪਦੇ ਹਨ। ਜਿਹੜੀ ਬੋਲੀ ਉਹ ਬੋਲਦੇ ਹਨ, ਜੇ ਉਸੇ ਵਿਚ ਜਵਾਬ ਦਿੱਤੇ ਜਾਣ ਲੱਗ ਪਏ ਤਾਂ ਇਸ ਧਿਰ ਦੇ ਪੁਰਾਣੇ ਕਈ ਉਹ ਕਿੱਸੇ ਵੀ ਲੋਕਾਂ ਦੇ ਸਾਹਮਣੇ ਆ ਜਾਣੇ ਹਨ, ਜਿਨ੍ਹਾਂ ਦੇ ਬਾਅਦ ਕਾਂਗਰਸ ਵਾਲਿਆਂ ਤੋਂ ਵੱਧ ਔਖ ਇਨ੍ਹਾਂ ਨੂੰ ਪੇਸ਼ ਆ ਸਕਦੀ ਹੈ। ਜੇ ਕੱਲ੍ਹ ਨੂੰ ਕੋਈ ਇਹ ਕਹਿ ਦੇਵੇ ਕਿ ਇੱਕ ਪ੍ਰਧਾਨ ਮੰਤਰੀ ਭਾਰਤ ਨੂੰ ਇਸ ਤਰ੍ਹਾਂ ਦਾ ਵੀ ਮਿਲ ਗਿਆ ਸੀ, ਜਿਸ ਨੇ ਆਜ਼ਾਦੀ ਲਹਿਰ ਵੇਲੇ ਆਪਣੇ ਹੀ ਪਿੰਡ ਦੇ ਦੇਸ਼ਭਗਤਾਂ ਦੇ ਖਿਲਾਫ ਗਵਾਹੀ ਦੇ ਕੇ ਉਨ੍ਹਾਂ ਨੂੰ ਜੇਲ੍ਹ ਭਿਜਵਾਇਆ ਅਤੇ ਅੰਗਰੇਜ਼ਾਂ ਦੀ ਸੇਵਾ ਕੀਤੀ ਸੀ, ਇਸ ਨਾਲ ਦੇਸ਼ ਦਾ ਮਾਣ ਨਹੀਂ ਵਧ ਜਾਣਾ। ਕਈ ਮਾਮਲਿਆਂ ਦਾ ਦੇਸ਼ ਹਿੱਤ ਵਿਚ ਢੱਕੇ ਰਹਿਣਾ ਹੀ ਠੀਕ ਹੁੰਦਾ ਹੈ ਤੇ ਇਹ ਤਦੇ ਹੋ ਸਕਦਾ ਹੈ, ਜੇ ਦੋਵੇਂ ਮੁੱਖ ਧਿਰਾਂ ਹੱਦਾਂ ਵਿਚ ਰਹਿ ਕੇ ਚੱਲਣ।

ਇਸ ਘਟੀਆ ਬਹਿਸ ਨਾਲੋਂ ਅਸੀਂ ਦੂਸਰੇ ਮਾਮਲੇ ਬਾਰੇ ਚਰਚਾ ਕਰਨੀ ਵੱਧ ਜ਼ਰੂਰੀ ਸਮਝਦੇ ਹਾਂ। ਭਾਰਤੀ ਜਨਤਾ ਪਾਰਟੀ ਦੇ ਆਗੂ ਤੇ ਦੇਸ਼ ਦੇ ਦੋ ਵਾਰੀ ਖਜ਼ਾਨਾ ਮੰਤਰੀ ਰਹਿ ਚੁੱਕੇ ਯਸ਼ਵੰਤ ਸਿਨਹਾ ਨੇ ਸਰਕਾਰ ਨੂੰ 'ਗੋ, ਫਾਰ ਗਾਡ ਸੇਕ, ਗੋ' (ਜਾਓ, ਰੱਬ ਦਾ ਵਾਸਤਾ ਹੈ, ਜਾਓ) ਆਖਿਆ ਹੈ। ਅੱਗੋਂ ਮੌਜੂਦਾ ਖਜ਼ਾਨਾ ਮੰਤਰੀ ਪੀ. ਚਿਦੰਬਰਮ ਨੇ ਇਹ ਗੱਲ ਆਖ ਕੇ ਉਸ ਨੂੰ ਚਿੜਾਇਆ ਹੈ ਕਿ 'ਯਸ਼ਵੰਤ ਸਿਨਹਾ ਨੇ 2008 ਵਿਚ ਵੀ ਇਹੋ ਲਫਜ਼ ਪਾਰਲੀਮੈਂਟ ਵਿਚ ਵਰਤੇ ਸਨ ਤੇ ਅਗਲੇ ਸਾਲ 2009 ਵਿਚ ਅਸੀਂ ਪਾਰਲੀਮੈਂਟ ਚੋਣ ਜਿੱਤ ਕੇ ਫਿਰ ਆ ਗਏ ਸਾਂ। ਹੁਣ ਵੀ ਉਹ ਆਪਣੇ ਲਫਜ਼ ਯਾਦ ਰੱਖੇ ਤੇ ਉਡੀਕ ਕਰੇ, ਅਗਲੇ ਸਾਲ ਅਸੀਂ ਫਿਰ ਆ ਜਾਵਾਂਗੇ।' ਇਹ ਦੋ ਵੱਡੇ ਲੀਡਰਾਂ ਦੀ ਆਪਸੀ ਚੁੰਝ-ਭਿੜਾਈ ਹੈ, ਜਿਸ ਨਾਲ ਦੇਸ਼ ਦੇ ਲੋਕਾਂ ਨੂੰ ਕੋਈ ਮਤਲਬ ਨਹੀਂ ਹੋ ਸਕਦਾ। ਲੋਕਾਂ ਦੇ ਮਤਲਬ ਦੀ ਗੱਲ ਹੋਰ ਹੈ। ਭਾਜਪਾ ਲੀਡਰ ਜਦੋਂ ਕਾਂਗਰਸ ਵਾਲਿਆਂ ਨੂੰ ਆਖਦੇ ਹਨ ਕਿ 'ਰੱਬ ਦਾ ਵਾਸਤਾ ਹੈ, ਜਾਓ' ਤਾਂ ਉਨ੍ਹਾਂ ਦੇ ਮਨ ਵਿਚ ਇਹ ਸੁਫਨਾ ਹੁੰਦਾ ਹੈ ਕਿ ਇਹ ਜਾਣਗੇ ਤਾਂ ਅਸੀਂ ਆਉਣਾ ਹੈ। ਇਹ ਸੁਫਨਾ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਵੀ ਲੈਂਦਾ ਰਿਹਾ ਸੀ, ਪਰ ਸਿਰੇ ਨਹੀਂ ਸੀ ਚੜ੍ਹ ਸਕਿਆ। ਕਈ ਹੋਰ ਵੀ ਸੁਫਨੇ ਲੈਂਦੇ ਰਹਿ ਜਾਂਦੇ ਹਨ। ਭਾਜਪਾ ਲੀਡਰਾਂ ਦਾ ਇਹ ਸੁਫਨਾ ਸੁਖਾਵਾਂ ਤਾਂ ਹੈ, ਅਮਲ ਵਿਚ ਇਸ ਦੀ ਕੋਈ ਆਸ ਨਹੀਂ, ਪਰ ਜੇ ਹੋ ਵੀ ਜਾਵੇ ਤਾਂ ਦੇਸ਼ ਦੀ ਉਸ ਆਰਥਿਕ ਹਾਲਤ ਵਿਚ ਇਸ ਨਾਲ ਕੋਈ ਫਰਕ ਨਹੀਂ ਪੈਣਾ, ਜਿਸ ਕਾਰਨ ਉਹ ਕਾਂਗਰਸੀਆਂ ਨੂੰ 'ਰੱਬ ਦਾ ਵਾਸਤਾ ਹੈ, ਜਾਓ' ਕਹਿੰਦੇ ਹਨ।

ਏਦਾਂ ਦਾ ਦਾਅਵਾ ਭਾਜਪਾ ਵੱਲੋਂ ਯਸ਼ਵੰਤ ਸਿਨਹਾ ਕਰਦਾ ਹੈ, ਜਿਹੜਾ ਦੋ ਵਾਰ ਖਜ਼ਾਨਾ ਮੰਤਰੀ ਰਹਿ ਚੁੱਕਾ ਹੈ, ਪਰ ਪਹਿਲੀ ਵਾਰੀ ਨਾ ਉਹ ਭਾਜਪਾ ਦਾ ਆਗੂ ਹੁੰਦਾ ਸੀ ਤੇ ਨਾ ਉਸ ਦਾ ਤਜਰਬਾ ਚੰਗਾ ਸੀ। ਪਾਰਲੀਮੈਂਟ ਮੈਂਬਰ ਉਸ ਨੂੰ ਜਨਤਾ ਦਲ ਨੇ ਬਣਾਇਆ ਸੀ ਤੇ ਦਲ-ਬਦਲੀ ਕਰ ਕੇ ਜਦੋਂ ਕਾਂਗਰਸ ਦੀ ਮਦਦ ਨਾਲ ਚੰਦਰ ਸ਼ੇਖਰ ਨੇ ਸਰਕਾਰ ਬਣਾਈ, ਉਸ ਨਾਲ ਜੁੜੇ ਦਲ-ਬਦਲੂਆਂ ਵਿਚੋਂ ਇੱਕ ਇਹ ਵੀ ਸੀ, ਜਦੋਂ ਉਹ ਪਹਿਲੀ ਵਾਰ ਖਜ਼ਾਨਾ ਮੰਤਰੀ ਬਣਿਆ ਸੀ। ਇਸੇ ਯਸ਼ਵੰਤ ਸਿਨਹਾ ਦੇ ਸਮੇਂ ਭਾਰਤ ਦਾ ਰਾਖਵਾਂ ਪਿਆ ਸੋਨੇ ਦਾ ਭੰਡਾਰ ਚੁੱਕ ਕੇ ਵਿਦੇਸ਼ ਵਿਚ ਗਹਿਣੇ ਪਾਇਆ ਗਿਆ ਤੇ ਉਹ ਭੰਡਾਰ ਨਰਸਿਮਹਾ ਰਾਓ ਦੇ ਵੇਲੇ ਮੁੜਿਆ ਸੀ। ਸਿਰਫ ਛੇ ਸਾਲ ਪਿੱਛੋਂ ਉਹ ਭਾਜਪਾ ਵਿਚ ਚਲਾ ਗਿਆ ਤੇ ਜਦੋਂ 1998 ਵਿਚ ਅਟਲ ਵਾਜਪਾਈ ਬਿਹਾਰੀ ਸਰਕਾਰ ਬਣੀ, ਯਸ਼ਵੰਤ ਸਿਨਹਾ ਉਸ ਸਰਕਾਰ ਦਾ ਖਜ਼ਾਨਾ ਮੰਤਰੀ ਬਣਿਆ ਸੀ। ਅਟਲ ਬਿਹਾਰੀ ਵਾਜਪਾਈ ਨੇ ਇੱਕ ਵੱਡੇ ਆਰਥਿਕ ਮਾਹਰ ਮੋਹਨ ਗੁਰੂਮੂਰਤੀ ਨੂੰ ਇਸ ਲਈ ਆਪਣੇ ਨਾਲ ਲਾਇਆ ਸੀ ਕਿ ਪਹਿਲੀ ਵਾਰੀ ਸਰਕਾਰ ਚਲਾ ਰਹੀ ਭਾਜਪਾ ਨੂੰ ਸੇਧਾਂ ਦੇ ਸਕੇ, ਪਰ ਅੱਧਾ ਸਾਲ ਨਹੀਂ ਸੀ ਲੰਘਿਆ ਤੇ ਉਹ ਆਰਥਿਕ ਮਾਹਰ ਇਹ ਕਹਿ ਕੇ ਛੱਡ ਗਿਆ ਸੀ ਕਿ ਜਿੰਨੇ ਘਾਲੇ-ਮਾਲੇ ਇਸ ਸਰਕਾਰ ਦੇ ਖਜ਼ਾਨਾ ਮੰਤਰਾਲੇ ਵਿਚ ਹੋ ਰਹੇ ਹਨ, ਇਹ ਤਾਂ ਕਾਂਗਰਸੀ ਸਰਕਾਰਾਂ ਨੂੰ ਵੀ ਪਿੱਛੇ ਛੱਡ ਗਏ ਹਨ। ਭਾਜਪਾ ਦੇ ਅੰਦਰੋਂ ਉਦੋਂ ਇਹ ਮੰਗ ਉਠੀ ਸੀ ਕਿ ਯਸ਼ਵੰਤ ਸਿਨਹਾ ਨੂੰ ਪਾਸੇ ਕਰ ਦਿੱਤਾ ਜਾਵੇ, ਪਰ ਵਾਜਪਾਈ ਸਾਹਿਬ ਨਹੀਂ ਸੀ ਮੰਨੇ। ਸਾਢੇ ਚਾਰ ਸਾਲ ਬਾਅਦ ਹਾਲਤ ਇਹ ਬਣ ਗਈ ਕਿ ਵਾਜਪਾਈ ਨੂੰ ਉਸ ਯਸ਼ਵੰਤ ਸਿਨਹਾ ਨੂੰ ਪਾਸੇ ਕਰਨਾ ਪਿਆ, ਜਿਹੜਾ ਹੁਣ ਕਹਿੰਦਾ ਹੈ ਕਿ ਕਾਂਗਰਸ ਵਾਲੇ ਚਲੇ ਜਾਣ ਤਾਂ ਅਸੀਂ ਆ ਕੇ ਹਾਲਾਤ ਸੰਭਾਲ ਲਵਾਂਗੇ।

ਹਾਲਾਤ ਦੇ ਸੰਭਾਲੇ ਜਾਣ ਦਾ ਦਾਅਵਾ ਉਹ ਕਰ ਸਕਦਾ ਹੈ, ਜਿਹੜਾ ਬਿਮਾਰੀ ਦੀ ਅਸਲ ਜੜ੍ਹ ਬਾਰੇ ਸੱਚ ਬੋਲਣ ਦੀ ਜੁਰਅੱਤ ਕਰ ਸਕਦਾ ਹੋਵੇ। ਇਸ ਕੰਮ ਲਈ ਕਾਂਗਰਸ ਤੇ ਭਾਜਪਾ-ਦੋਵਾਂ ਧਿਰਾਂ ਦੇ ਆਗੂ ਨਾ ਤਿਆਰ ਹਨ ਤੇ ਨਾ ਹੋ ਸਕਦੇ ਹਨ। ਕਾਂਗਰਸੀ ਕਹਿੰਦੇ ਹਨ ਕਿ ਰੁਪਈਆ ਵੀ ਡਿੱਗਾ ਤੇ ਆਰਥਿਕਤਾ ਨੂੰ ਵੀ ਝਟਕੇ ਲੱਗੇ, ਪਰ ਇਹ ਇਸ ਲਈ ਲੱਗੇ ਹਨ ਕਿ ਹਰ ਮਾਮਲਾ ਸੁਪਰੀਮ ਕੋਰਟ ਵਿਚ ਜਾ ਕੇ ਬਰੇਕ ਲੱਗ ਜਾਂਦੀ ਹੈ ਤੇ ਦੇਸ਼ ਦੇ ਵਿਕਾਸ ਦੇ ਕੰਮ ਰੁਕੇ ਹੋਏ ਹੋਣ ਕਾਰਨ ਵਿਦੇਸ਼ ਵਿਚ ਸਾਡੀ ਸਾਖ ਡਿੱਗਦੀ ਜਾਂਦੀ ਹੈ। ਇਹ ਅੱਧਾ ਸੱਚ ਹੈ। ਜਦੋਂ ਭਾਜਪਾ ਆਗੂ ਕਹਿੰਦੇ ਹਨ ਕਿ ਇਹ ਮਾਮਲੇ ਅਦਾਲਤਾਂ ਵਿਚ ਜਾ ਕੇ ਵਿਕਾਸ ਦੇ ਕਾਰਜ ਰੁਕਦੇ ਹਨ, ਪਰ ਉਨ੍ਹਾਂ ਦੀ ਬਰੇਕ ਲਈ ਵੀ ਕਾਂਗਰਸੀ ਸਰਕਾਰ ਜ਼ਿਮੇਵਾਰ ਹੈ, ਜਿਸ ਦੇ ਹੁੰਦਿਆਂ ਸਕੈਂਡਲਾਂ ਦੀ ਭਰਮਾਰ ਹੋਣ ਲੱਗ ਪਈ ਹੈ, ਉਦੋਂ ਉਹ ਵੀ ਅੱਧਾ ਸੱਚ ਬੋਲ ਰਹੇ ਹਨ। ਪੂਰਾ ਸੱਚ ਦੋਵਾਂ ਵਿਚੋਂ ਕੋਈ ਵੀ ਨਹੀਂ ਬੋਲ ਰਿਹਾ। ਸੱਚ ਇਹ ਹੈ ਕਿ ਦੋਵਾਂ ਧਿਰਾਂ



ਨੇ ਦੇਸ਼ ਦੀ ਤੇ ਵਿਦੇਸ਼ਾਂ ਦੀ ਸਰਮਾਏਦਾਰੀ ਨਾਲ ਅੱਖ ਮਿਲਾ ਕੇ ਭਾਰਤ ਦੀ ਆਰਥਿਕਤਾ ਨੂੰ ਏਨੀ ਜ਼ਿਆਦੀ ਵਿਗਾੜ ਦਿੱਤਾ ਹੈ ਕਿ ਇਸ ਦਾ ਖੜੇ ਪੈਰ ਹੱਲ ਕੱਢਣ ਲਈ ਕਿਸੇ ਆਰਥਿਕ ਮਾਹਰ ਕੋਲ ਵੀ ਲੁਕਮਾਨ ਹਕੀਮ ਵਾਲਾ ਨੁਸਖਾ ਨਹੀਂ ਹੈ।

ਹੁਣੇ ਜਿਹੇ ਪਾਰਲੀਮੈਂਟ ਨੇ ਖੁਰਾਕ ਸੁਰੱਖਿਆ ਬਾਰੇ ਇੱਕ ਬਿੱਲ ਪਾਸ ਕੀਤਾ ਹੈ, ਜਿਸ ਦਾ ਲਾਭ ਸੱਤਰ ਕਰੋੜ ਗਰੀਬ ਲੋਕਾਂ ਨੂੰ ਮਿਲਣ ਦੀ ਗੱਲ ਕਹੀ ਗਈ ਹੈ। ਮਿਲਦਾ ਕਿੰਨੇ ਲੋਕਾਂ ਨੂੰ ਹੈ, ਇਹ ਪਿੱਛੋਂ ਪਤਾ ਲੱਗਣਾ ਹੈ ਤੇ ਇਹ ਰੌਲਾ ਦੇਸ਼ ਦੇ ਵੱਡੇ ਪੂੰਜੀਪਤੀ ਹੁਣੇ ਪਾਈ ਜਾਂਦੇ ਹਨ ਕਿ ਇਸ ਸਕੀਮ ਨਾਲ ਇੱਕ ਲੱਖ ਤੀਹ ਹਜ਼ਾਰ ਕਰੋੜ ਰੁਪਏ ਦਾ ਬੋਝ ਦੇਸ਼ ਦੇ ਖਜ਼ਾਨੇ ਉਤੇ ਪੈ ਜਾਣਾ ਹੈ। ਉਹ ਇਹ ਵੀ ਗਿਣਾਈ ਜਾਂਦੇ ਹਨ ਕਿ ਸਕੂਲੀ ਬੱਚਿਆਂ ਵਾਸਤੇ ਮਿੱਡ-ਡੇਅ ਮੀਲ ਅਤੇ ਨਰੇਗਾ ਵਜੋਂ ਜਾਣੀ ਜਾਂਦੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ ਦੇ ਖਰਚੇ ਜੋੜ ਕੇ ਭਾਰਤ ਦੇ ਖਜ਼ਾਨੇ ਉਤੇ ਚਾਰ ਲੱਖ ਕਰੋੜ ਰੁਪਏ ਦਾ ਬੋਝ ਪੈ ਗਿਆ ਹੈ। ਪੈਂਦਾ ਹੈ ਤਾਂ ਪੈ ਜਾਵੇ। ਇਹ ਬੋਝ ਉਨ੍ਹਾਂ ਨੂੰ ਚੁਭਦਾ ਹੈ, ਪਰ ਸਰਮਾਏਦਾਰੀ ਦਾ ਪੱਖ ਪੂਰਨ ਵਾਲਿਆਂ ਨੂੰ ਉਨ੍ਹਾਂ ਗੱਲਾਂ ਦਾ ਕੋਈ ਬੋਝ ਕਦੀ ਦਿਖਾਈ ਨਹੀਂ ਦੇਂਦਾ, ਜਿਸ ਨੂੰ ਦੇਸ਼ ਦੀ ਆਰਥਿਕਤਾ ਦੇ ਜੜ੍ਹੀਂ ਬੈਠਣ ਵਾਲਾ ਸਾਰਿਆਂ ਤੋਂ ਵੱਡਾ ਜ਼ਹਿਰ ਮੰਨਿਆ ਜਾਣਾ ਚਾਹੀਦਾ ਹੈ।

ਸਾਨੂੰ ਉਨ੍ਹਾਂ ਦੋ ਭਾਰਤੀ ਤੇਲ ਕੰਪਨੀਆਂ ਦਾ ਕਿੱਸਾ ਯਾਦ ਕਰਨਾ ਚਾਹੀਦਾ ਹੈ, ਜਿਹੜੀਆਂ ਦੇਸ਼ ਦੇ ਅੰਦਰੋਂ ਤੇਲ ਕੱਢਣ ਦੇ ਕਾਰੋਬਾਰ ਵਿਚ ਲੱਗੀਆਂ ਹਨ। ਇਨ੍ਹਾਂ ਨੂੰ ਤੇਲ ਦਾ ਭਾਅ ਉਨ੍ਹਾਂ ਦੀ ਮਰਜ਼ੀ ਦਾ ਦਿੱਤਾ ਗਿਆ ਸੀ। ਭਾਰਤ ਨੇ ਕਈ ਵਾਰੀ ਕਣਕ ਤੇ ਕੁਝ ਹੋਰ ਚੀਜ਼ਾਂ ਬਾਹਰੋਂ ਮੰਗਵਾਈਆਂ, ਪਰ ਜਿਸ ਭਾਅ ਉਤੇ ਮੰਗਵਾਈਆਂ ਗਈਆਂ, ਓਦਾਂ ਦਾ ਭਾਅ ਭਾਰਤ ਦੇ ਕਿਸਾਨਾਂ ਨੂੰ ਕਦੀ ਨਹੀਂ ਦਿੱਤਾ ਗਿਆ। ਜਿਵੇਂ ਕਿਸਾਨ ਜ਼ਮੀਨ ਵਿਚੋਂ ਫਸਲ ਪੈਦਾ ਕਰਦਾ ਹੈ, ਇਨ੍ਹਾਂ ਨੇ ਵੀ ਤੇਲ ਭਾਰਤ ਦੀ ਧਰਤੀ ਵਿਚੋਂ ਕੱਢਿਆ ਸੀ, ਉਸ ਦਾ ਭਾਅ ਵਿਦੇਸ਼ ਵਾਲੇ ਤੇਲ ਨਾਲ ਮੇਲ ਕੇ ਨਹੀਂ ਸੀ ਦੇਣਾ ਚਾਹੀਦਾ, ਪਰ ਕਾਂਗਰਸੀ ਤੇ ਭਾਜਪਾ ਦੋਵਾਂ ਸਰਕਾਰਾਂ ਨੇ ਉਨ੍ਹਾਂ ਨੂੰ ਵਾਧੂ ਭਾਅ ਦਿੱਤਾ ਤੇ ਵਾਰੇ-ਨਿਆਰੇ ਕਰਨ ਪਿੱਛੋਂ ਉਨ੍ਹਾਂ ਦੋਵਾਂ ਕੰਪਨੀਆਂ ਦੇ ਪੈਟਰੋਲ ਪੰਪ ਹੁਣ ਬੰਦ ਪਏ ਹਨ। ਤਰਦਾ ਮਾਲ ਚੁੱਕਣ ਪਿੱਛੋਂ ਉਨ੍ਹਾਂ ਕੰਪਨੀਆਂ ਨੇ ਅੰਗੂਠਾ ਦਿਖਾ ਦਿੱਤਾ ਹੈ। ਕਦੀ ਕੇਂਦਰ ਜਾਂ ਕਿਸੇ ਰਾਜ ਦੀ ਸਰਕਾਰ ਉਨ੍ਹਾਂ ਦੀਆਂ ਮੁਸ਼ਕਾਂ ਕੱਸਣ ਲਈ ਕੁਝ ਕਰਦੀ ਦਿਖਾਈ ਨਹੀਂ ਦਿੱਤੀ। ਇੱਕ ਵਾਰ ਕੇਂਦਰੀ ਮੰਤਰੀ ਜੈਪਾਲ ਰੈਡੀ ਨੇ ਇਹ ਕੋਸ਼ਿਸ਼ ਕੀਤੀ ਅਤੇ ਰਿਲਾਇੰਸ ਵਾਲਿਆਂ ਨੂੰ ਕਈ ਹਜ਼ਾਰ ਕਰੋੜ ਰੁਪਏ ਦਾ ਜੁਰਮਾਨਾ ਪਾ ਦਿੱਤਾ ਸੀ, ਪਰ ਅਗਲੇ ਮਹੀਨੇ ਰੈਡੀ ਤੋਂ ਉਹ ਮਹਿਕਮਾ ਖੁੱਸ ਗਿਆ ਸੀ।

ਵਿਦੇਸ਼ੀ ਕੰਪਨੀਆਂ ਵੱਲ ਵੀ ਇਹੋ ਲਿਹਾਜੀ ਜਾਂ ਲੁਕਵੀਂ ਭਾਈਵਾਲੀ ਦਾ ਵਿਹਾਰ ਕੀਤਾ ਜਾ ਰਿਹਾ ਹੈ। ਬੀਮਾ ਖੇਤਰ ਦੀ ਇੱਕ ਕੰਪਨੀ ਏ ਆਈ ਜੀ ਵਾਲਿਆਂ ਨੇ ਅਮਰੀਕਾ ਤੋਂ ਭਾਰਤ ਆ ਕੇ ਬਹੁਤ ਸਾਰਾ ਕਾਰੋਬਾਰ ਕੀਤਾ ਹੈ ਤੇ ਭਾਰਤ ਦਾ ਇੱਕ ਵੱਡਾ ਪੂੰਜੀਪਤੀ ਘਰਾਣਾ ਉਸ ਨਾਲ ਭਾਈਵਾਲੀ ਕਰ ਕੇ ਚੱਲ ਰਿਹਾ ਹੈ। ਉਹ ਕੰਪਨੀ ਆਪਣੇ ਦੇਸ਼ ਵਿਚ ਕਈ ਦਹਾਕਿਆਂ ਤੱਕ ਬਹੁਤ ਨਾਮਣਾ ਕਮਾਉਂਦੀ ਰਹੀ, ਪਰ ਬਾਅਦ ਵਿਚ ਪਤਾ ਲੱਗਾ ਕਿ ਅੰਦਰੋ-ਅੰਦਰ ਉਹ ਬਹੁਤ ਸਾਰੀ ਹੇਰਾਫੇਰੀ ਕਰਦੀ ਹੈ। ਫਿਰ ਇਸ ਕੰਪਨੀ ਉਤੇ ਉਥੋਂ ਦੀ ਸਰਕਾਰ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਲੱਖਾਂ ਡਾਲਰਾਂ ਦੇ ਜੁਰਮਾਨੇ ਲੱਗਣ ਦੀ ਨੌਬਤ ਆ ਗਈ। ਥੋੜ੍ਹਾ ਚਿਰ ਬਾਅਦ ਇਸ ਕੰਪਨੀ ਦੇ ਹੋਰ ਮਾਮਲੇ ਨਿਕਲਣੇ ਸ਼ੁਰੂ ਹੋ ਗਏ ਤੇ ਹਾਲਤ ਇਹ ਬਣ ਗਈ ਕਿ ਉਸ ਦੇ ਦੇਸ਼ ਵਿਚ ਉਸ ਦਾ ਅਕਸ ਧੁੰਦਲਾ ਹੋਣ ਕਾਰਨ ਲੋਕਾਂ ਨੇ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ। ਫਿਰ ਉਹ ਕੰਪਨੀ ਭਾਰਤ ਆਣ ਵੜੀ। ਜਦੋਂ ਦੀ ਉਹ ਭਾਰਤ ਆਈ ਹੈ, ਅਮਰੀਕਾ ਵਿਚ ਉਸ ਦਾ ਹਾਲ ਅੱਜ ਵੀ ਉਹੋ ਹੈ ਤੇ ਭਾਰਤ ਵਿਚ ਉਸ ਦੀ ਕਮਾਈ ਅੱਖਾਂ ਚੁੰਧਿਆਉਣ ਵਾਲੀ ਹੱਦ ਪਾਰ ਕਰੀ ਜਾਂਦੀ ਹੈ। ਆਰਥਿਕ ਖੇਤਰ ਦੀ ਇਸ ਗੰਦੀ ਖੇਡ ਬਾਰੇ ਭਾਜਪਾ ਤੇ ਕਾਂਗਰਸ ਦਾ ਕੋਈ ਆਗੂ ਵੀ ਨਹੀਂ ਬੋਲਦਾ।

ਸਾਨੂੰ 1857 ਦੇ ਗਦਰ ਦੇ ਵਕਤ ਭਾਰਤ ਵਿਚ ਹੋਏ ਕਤਲੇਆਮ ਦੇ ਪਿੱਛੋਂ ਦੀ ਬ੍ਰਿਟਿਸ਼ ਪਾਰਲੀਮੈਂਟ ਦੀ ਇੱਕ ਬਹਿਸ ਦਾ ਚੇਤਾ ਕਰਨਾ ਚਾਹੀਦਾ ਹੈ। ਉਥੇ ਹਾਊਸ ਆਫ ਕਾਮਨਜ਼ ਵਿਚ ਇੱਕ ਪਾਰਲੀਮੈਂਟ ਮੈਂਬਰ ਨੇ ਇਹ ਕਿਹਾ ਸੀ ਕਿ ਭਾਰਤ ਦੇ ਲੋਕਾਂ ਨੂੰ ਗਦਰ ਜਾਂ ਬਗਾਵਤ ਕਰਨ ਦਾ ਦੋਸ਼ ਦੇ ਕੇ ਆਪਣੇ ਜ਼ੁਲਮ ਨੂੰ ਜਾਇਜ਼ ਨਾ ਠਹਿਰਾਓ, ਸਗੋਂ ਇਹ ਵੇਖਣ ਦੀ ਹਿੰਮਤ ਕਰੋ ਕਿ ਇਸ ਵਿਚ ਸਾਡੇ ਦੇਸ਼ ਦੇ ਕਿਹੜੇ ਲੋਕ ਸ਼ਾਮਲ ਹਨ? ਉਸ ਨੇ ਇਹ ਜ਼ਿਕਰ ਕੀਤਾ ਸੀ ਕਿ ਉਸ ਦੇ ਆਪਣੇ ਦੇਸ਼ ਇੰਗਲੈਂਡ ਦੇ ਸ਼ਹਿਰਾਂ ਵਿਚ ਜਿੰਨੇ ਵੀ ਟੁੱਚਲ ਕਿਸਮ ਦੇ ਬਦਮਾਸ਼ ਸਨ, ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਬਜਾਏ ਸਰਕਾਰ ਦੀ ਸ਼ਹਿ ਨਾਲ ਈਸਟ ਇੰਡੀਆ ਕੰਪਨੀ ਭਰਤੀ ਕਰ ਕੇ ਭਾਰਤ ਵੱਲ ਲੈ ਗਈ ਤੇ ਜਿਨ੍ਹਾਂ ਤੋਂ ਇੰਗਲੈਂਡ ਦੇ ਆਪਣੇ ਲੋਕ ਵੀ ਤੰਗ ਸਨ, ਉਨ੍ਹਾਂ ਨੇ ਜਾ ਕੇ ਭਾਰਤੀ ਲੋਕਾਂ ਦਾ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ ਹੈ। ਹੁਣ ਵੀ ਉਹੋ ਖੇਡ ਦੁਹਰਾਈ ਜਾ ਰਹੀ ਹੈ। ਇਸ ਵਾਰੀ ਉਨ੍ਹਾਂ ਦੇਸ਼ਾਂ ਵਿਚੋਂ ਗੁੰਡੇ-ਬਦਮਾਸ਼ ਨਹੀਂ ਆ ਰਹੇ, ਆਪਣੇ ਦੇਸ਼ ਵਿਚ ਆਰਥਿਕ ਧਾਂਦਲੀਆਂ ਕਰਨ ਵਾਲਿਆਂ ਦੀ ਧਾੜ ਭਾਰਤ ਦੇ ਲੋਕਾਂ ਦੀ ਛਿੱਲ ਲਾਹੁਣ ਆ ਰਹੀ ਹੈ ਤੇ ਇਥੋਂ ਦੀ ਹਾਕਮ ਅਤੇ ਵਿਰੋਧੀ ਧਿਰ ਦੋਵਾਂ ਦੇ ਲੀਡਰ ਉਨ੍ਹਾਂ ਦੀ ਸੈਨਤ ਉਤੇ ਲੱਗੇ ਹੋਏ ਹਨ।

ਇੱਕ ਐਨਰਾਨ ਕੰਪਨੀ ਨੂੰ ਨਰਸਿਮਹਾ ਰਾਓ ਦੀ ਸਰਕਾਰ ਮਹਾਂਰਾਸ਼ਟਰ ਵਿਚ ਬਿਜਲੀ ਪ੍ਰਾਜੈਕਟ ਲਾਉਣ ਨੂੰ ਲਿਆਈ ਸੀ, ਜਿਸ ਦੇ ਖਿਲਾਫ ਭਾਜਪਾ ਵਾਲਿਆਂ ਨੇ ਰੌਲਾ ਪਾਇਆ ਸੀ ਕਿ ਪੈਸਾ ਸੁੱਟ ਕੇ ਪ੍ਰਾਜੈਕਟ ਪਾਸ ਕਰਾਉਂਦੀ ਹੈ। ਜਦੋਂ ਅਟਲ ਬਿਹਾਰੀ ਵਾਜਪਾਈ ਦੀ ਤੇਰਾਂ ਦਿਨਾਂ ਦੀ ਕੰਮ-ਚਲਾਊ ਸਰਕਾਰ ਬਣੀ, ਉਸ ਕੰਪਨੀ ਦਾ ਪ੍ਰਾਜੈਕਟ ਉਸ ਨੇ ਪਾਸ ਕੀਤਾ ਸੀ ਤੇ ਪੈਸਾ ਉਦੋਂ ਵੀ ਚੱਲਿਆ ਹੋਵੇਗਾ। ਬਾਅਦ ਵਿਚ ਉਸ ਕੰਪਨੀ ਦੇ ਬਿਜਲੀ ਪ੍ਰਾਜੈਕਟ ਦਾ ਕੀ ਬਣਿਆ, ਕਿਸੇ ਨੂੰ ਇਸ ਦਾ ਚੇਤਾ ਨਹੀਂ, ਪਰ ਅਮਰੀਕਾ ਵਿਚ ਉਸ ਕੰਪਨੀ ਦੇ ਬੋਰਡ ਦੇ ਡਾਇਰੈਕਟਰਾਂ ਦੇ ਖਿਲਾਫ ਹੇਰਾਫੇਰੀ ਦੇ ਮਾਮਲੇ ਏਨੇ ਅੱਗੇ ਵਧੇ ਕਿ ਉਹ ਜੇਲ੍ਹ ਵਿਚ ਤਾੜਨੇ ਪਏ ਸਨ। ਏਦਾਂ ਦੀਆਂ ਕੰਪਨੀਆਂ ਨਾਲ ਸਾਂਝਾਂ ਪਾ ਕੇ ਭਾਰਤ ਦੀ ਆਰਥਿਕਤਾ ਜਿਵੇਂ ਗਰਕ ਕੀਤੀ ਗਈ ਹੈ, ਉਸ ਦਾ ਕੋਈ ਜ਼ਿਕਰ ਨਹੀਂ ਕਰਦਾ ਤੇ ਲੋਕਾਂ ਦਾ ਧਿਆਨ ਲਾਂਭੇ ਪਾਉਣ ਲਈ ਦੋਵੇਂ ਮੁੱਖ ਧਿਰਾਂ ਦੇ ਆਗੂ ਪਾਰਲੀਮੈਂਟ ਵਿਚ ਨਿੱਜੀ ਮਿਹਣਿਆਂ ਦੀ ਉਹ ਲੜਾਈ ਲੜ ਰਹੇ ਹਨ, ਜਿਸ ਦਾ ਇਸ ਦੇਸ਼ ਦੇ ਆਰਥਿਕ ਮੰਦੇ ਨਾਲ ਕੋਈ ਵਾਸਤਾ ਹੀ ਨਹੀਂ।

ਇਹ ਗੱਲ ਦੋਵਾਂ ਧਿਰਾਂ ਵਿਚੋਂ ਕੋਈ ਵੀ ਮੰਨਣ ਨੂੰ ਤਿਆਰ ਨਹੀਂ ਕਿ ਭਾਰਤ ਦੀ ਆਰਥਿਕਤਾ ਨੂੰ ਅਮਰੀਕਾ ਦੀ ਆਰਥਿਕਤਾ ਦੀ ਪੂਛ ਨਾਲ ਬੰਨ੍ਹ ਦਿੱਤਾ ਗਿਆ ਹੈ। ਨਰਸਿਮਹਾ ਰਾਓ ਵੇਲੇ ਸ਼ੁਰੂ ਹੋਇਆ ਤੇ ਵਾਜਪਾਈ ਸਰਕਾਰ ਵੇਲੇ ਅੱਗੇ ਵਧਿਆ ਠੱਗੀ-ਠੋਰੀ ਵਾਲੀ ਖੁੱਲ੍ਹੀ ਮੰਡੀ ਦਾ ਅਮਲ ਮਨਮੋਹਨ ਸਿੰਘ ਦੇ ਵਕਤ ਜਿੰਨਾ ਅੱਗੇ ਵਧ ਗਿਆ ਹੈ, ਉਸ ਨੂੰ ਮੋੜਾ ਪਾਏ ਬਿਨਾਂ ਇਸ ਦਾ ਹੱਲ ਕੋਈ ਕੱਢ ਹੀ ਕਿਵੇਂ ਸਕਦਾ ਹੈ?



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਅਕਾਲ ਤਖਤ ਸਾਹਿਬ ‘ਤੇ ਗੂੰਜੇ ਖਾਲਿਸਤਾਨ ਦੇ ਨਾਅਰੇ

## ਗਰਮਖਿਆਲੀਆਂ ਨੇ ਦਿਲਾਵਰ ਸਿੰਘ ਦੀ ਬਰਸੀ ਸ਼ਹੀਦੀ ਦਿਹਾੜੇ ਵਜੋਂ ਮਨਾਈ



**ਅੰਮ੍ਰਿਤਸਰ:** ਗਰਮਖਿਆਲੀ ਸਿੱਖ ਜਥੇਬੰਦੀਆਂ ਵੱਲੋਂ 31 ਅਗਸਤ ਨੂੰ ਬੇਅੰਤ ਸਿੰਘ ਕਤਲ ਕਾਂਡ ਨਾਲ ਸਬੰਧਤ ਦਿਲਾਵਰ ਸਿੰਘ ਦੀ ਬਰਸੀ ਸ਼ਹੀਦੀ ਦਿਵਸ ਵਜੋਂ ਅਕਾਲ ਤਖ਼ਤ ਵਿਖੇ ਮਨਾਈ ਗਈ ਪਰ ਇਸ ਬਰਸੀ ਸਮਾਗਮ ਦੌਰਾਨ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਨੁਮਾਇੰਦੇ ਗ਼ੈਰਹਾਜ਼ਰ ਰਹੇ। ਦਿਲਾਵਰ ਸਿੰਘ ਦੀ ਬਰਸੀ ਸਬੰਧੀ ਅਖੰਡ ਪਾਠ ਉਸ ਦੇ ਪਿਤਾ ਹਰਨੇਕ ਸਿੰਘ ਵੱਲੋਂ ਅਕਾਲ ਤਖ਼ਤ ਵਿਖੇ ਰਖਵਾਇਆ ਗਿਆ ਸੀ।

ਇਸ ਮੌਕੇ ਦਲ ਖ਼ਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਧਿਆਨ ਸਿੰਘ ਮੰਡ, ਹਰਬੀਰ ਸਿੰਘ ਸੰਧੂ, ਜਰਨੈਲ ਸਿੰਘ ਸਖੀਰਾ, ਸੰਤ ਬਲਜੀਤ ਸਿੰਘ ਦਾਦੂਵਾਲ, ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰ ਮੁਹੰਮਦ, ਸਿੱਖ ਯੂਥ ਆਫ ਪੰਜਾਬ ਦੇ ਆਗੂ ਰਣਬੀਰ ਸਿੰਘ, ਦਮਦਮੀ ਟਕਸਾਲ ਵੱਲੋਂ ਅਜੈਬ ਸਿੰਘ ਅਭਿਆਸੀ, ਅਖੰਡ ਕੀਰਤਨੀ ਜਥੇ ਦੇ ਗਿਆਨੀ ਬਲਦੇਵ ਸਿੰਘ, ਫੈਡਰੇਸ਼ਨ ਮਹਿਤਾ ਦੇ ਪ੍ਰਧਾਨ ਪਰਮਜੀਤ ਸਿੰਘ ਖ਼ਾਲਸਾ ਤੇ ਹੋਰ ਸ਼ਾਮਲ ਸਨ।

ਇਹ ਸਮਾਗਮ ਭਾਵੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਅਕਾਲ ਤਖ਼ਤ ਦੀ ਉਪਰਲੀ ਮੰਜ਼ਲ ‘ਤੇ ਕਰਵਾਇਆ ਗਿਆ ਪਰ ਇਸ ਦੌਰਾਨ ਹਾਕਮ ਧਿਰ ਨਾਲ ਸਬੰਧਤ ਆਗੂ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਸਮੇਤ ਸ਼੍ਰੋਮਣੀ ਕਮੇਟੀ ਦੇ ਵਧੇਰੇ ਅਧਿਕਾਰੀ ਤੇ ਕਰਮਚਾਰੀ ਗ਼ੈਰਹਾਜ਼ਰ ਰਹੇ। ਸਮਾਗਮ ਦਾ ਪ੍ਰਬੰਧ ਗਰਮਖਿਆਲੀ ਸਿੱਖ ਜਥੇਬੰਦੀਆਂ ਵੱਲੋਂ ਰਲ ਕੇ ਕੀਤਾ ਗਿਆ। ਭੋਗ ਮਗਰੋਂ ਅਰਦਾਸ ਹੋਈ ਤੇ ਹੁਕਮਨਾਮਾ ਲਿਆ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਹੋਰਾਂ ਵੱਲੋਂ ਦਿਲਾਵਰ ਸਿੰਘ ਦੇ ਵੱਡੇ ਭਰਾ ਚਮਕੌਰ ਸਿੰਘ ਸਮੇਤ ਬੇਅੰਤ ਸਿੰਘ ਕਤਲ ਕਾਂਡ ਨਾਲ ਸਬੰਧਤ ਹੋਰ ਨੌਜਵਾਨ ਜੋ ਇਸ ਵੇਲੇ ਜੇਲ੍ਹਾਂ ਵਿਚ ਬੰਦ ਹਨ, ਦੇ ਪਰਿਵਾਰਾਂ ਨੂੰ ਸਿਰੋਪੇ ਦੇ ਕੇ ਸਨਮਾਨਤ ਕੀਤਾ ਗਿਆ।

ਸਮਾਗਮ ਦੌਰਾਨ ਭਾਵੇਂ ਕਿਸੇ ਆਗੂ ਵੱਲੋਂ ਭਾਸ਼ਨ ਨਹੀਂ ਦਿੱਤਾ ਗਿਆ ਪਰ ਇਸ ਮੌਕੇ ਪੰਜ ਮਤੇ ਪਾਸ ਕੀਤੇ ਗਏ। ਇਹ ਮਤੇ ਅਕਾਲ ਤਖ਼ਤ ਦੇ ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਸਤਨਾਮ ਸਿੰਘ ਵੱਲੋਂ ਪੜ੍ਹੇ ਗਏ ਤੇ ਹਾਜ਼ਰ ਇਕੱਠ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਇਕ ਮਤੇ ਰਾਹੀਂ ਕੇਂਦਰ ਸਰਕਾਰ ਵੱਲੋਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਯਾਦ ਵਿਚ ਡਾਕ ਟਿਕਟ ਜਾਰੀ ਕਰਨ ਦੀ ਪ੍ਰਸਤਾਵਿਤ ਯੋਜਨਾ ਦਾ ਤਿੱਖਾ ਵਿਰੋਧ ਕੀਤਾ ਗਿਆ ਤੇ ਇਸ ਨੂੰ ਸਿੱਖ ਵਿਰੋਧੀ ਕਾਰਵਾਈ ਕਰਾਰ ਦਿੱਤਾ ਗਿਆ। ਇਕੱਠ ਵੱਲੋਂ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਮੰਗ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਗਈ ਕਿ ਉਹ ਸਰਕਾਰ ਦੇ ਸਹਿਯੋਗ ਨਾਲ ਇਨ੍ਹਾਂ ਨੌਜਵਾਨਾਂ ਦੀ ਰਿਹਾਈ ਲਈ ਯਤਨ ਕਰਨ।

ਇਸੇ ਤਰ੍ਹਾਂ ਬੇਅੰਤ ਸਿੰਘ ਕਾਂਡ ਵਿਚ ਜੇਲ੍ਹ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਤੇ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਉਰਾ ਦੀ ਬੰਦਖ਼ਲਾਸੀ ਦੀ ਵੀ ਅਪੀਲ ਕੀਤੀ। ਇਕੱਠ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਗਈ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕਰਨ ਕਿ ਦਿਲਾਵਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਕੌਮੀ ਸ਼ਹੀਦ ਵਜੋਂ ਸਥਾਪਤ ਕੀਤੀ ਜਾਵੇ।

ਇਹ ਵੀ ਮੰਗ ਕੀਤੀ ਗਈ ਕਿ ਇਸ ਕੌਮੀ ਸ਼ਹੀਦ ਦਾ ਦਿਹਾੜਾ ਵੀ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਮਨਾਇਆ ਜਾਵੇ। ਵਿਸ਼ੇਸ਼ ਮਤੇ ਰਾਹੀਂ ਮੰਗ ਕੀਤੀ ਕਿ ਸਮਾਗਮ ਵਿਚ ਹਾਕਮ ਧਿਰ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਲ ਹੋਣ ਲਈ ਆਖਿਆ ਜਾਵੇ। ਸਮਾਪਤੀ ਮੌਕੇ ਜੈਕਾਰਿਆਂ ਦੇ ਨਾਲ ਖ਼ਾਲਿਸਤਾਨ ਪੱਖੀ ਨਾਅਰੇ ਲਾਏ ਗਏ।

ਮਗਰੋਂ ਪਰਿਕਰਮਾ ਵਿਚ ਤੇ ਸ਼ਹੀਦੀ ਯਾਦਗਾਰ ਵਿਖੇ ਵੀ ਸਿਮਰਨਜੀਤ ਸਿੰਘ ਮਾਨ ਸਮਰਥਕਾਂ ਨੇ ਇਹ ਨਾਅਰੇ ਲਾਏ। ਸ. ਮਾਨ ਤੇ ਉਨ੍ਹਾਂ ਦੇ ਸਮਰਥਕ ਜਦੋਂ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਵਿਖੇ ਗਏ ਤਾਂ ਉਨ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਂ ਵਾਲੀ ਗੋਲਕ ਜੋ ਉਥੇ ਉਲਟੀ ਕਰਕੇ ਰੱਖੀ ਗਈ ਸੀ, ਨੂੰ ਮੁੜ ਸਿੱਧਾ ਕਰਕੇ ਰੱਖ ਦਿੱਤਾ ਜਿਸ ਨੂੰ ਬਾਅਦ ਵਿਚ ਪ੍ਰਬੰਧਕਾਂ ਵੱਲੋਂ ਮੁੜ ਪਹਿਲਾਂ ਵਾਂਗ ਹੀ ਰੱਖ ਦਿੱਤਾ ਗਿਆ।

ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਬੇਅੰਤ ਸਿੰਘ ਸਰਕਾਰ ਵੱਲੋਂ ਸਿੱਖ ਮਨੁੱਖੀ ਹੱਕਾਂ ਦਾ ਵੱਡੇ ਪੱਧਰ ‘ਤੇ ਘਾਣ ਕੀਤਾ ਜਾ ਰਿਹਾ ਸੀ ਤੇ ਸੈਂਕੜੇ ਨੌਜਵਾਨ ਪੁਲਿਸ ਤਸ਼ੱਦਦ ਦਾ ਸ਼ਿਕਾਰ ਬਣੇ ਸਨ। ਸਰਕਾਰ ਦੀਆਂ ਸਿੱਖ ਵਿਰੋਧੀ ਕਾਰਵਾਈਆਂ ਤੋਂ ਪ੍ਰਭਾਵਿਤ ਹੋ ਕੇ ਦਿਲਾਵਰ ਸਿੰਘ ਨੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ।

# ਬੇਅੰਤ ਸਿੰਘ ਦੀ ਬਰਸੀ ਮੌਕੇ ਅਮਰਿੰਦਰ ਉਤੇ ਸੇਧੇ ਨਿਸ਼ਾਨੇ



**ਚੰਡੀਗੜ੍ਹ:** ਪੰਜਾਬ ਕਾਂਗਰਸ ਵੱਲੋਂ 31 ਅਗਸਤ ਨੂੰ ਚੰਡੀਗੜ੍ਹ ਦੇ ਸੈਕਟਰ-42 ਵਿਚ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਮਾਧ ‘ਤੇ ਕੀਤੀ ‘ਕੌਮੀ ਏਕਤਾ ਰੈਲੀ‘ ਦੌਰਾਨ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਨਿਸ਼ਾਨਾ ਬਣਾਇਆ ਗਿਆ। ਉਹ ਇਸ ਸਮਾਗਮ ਵਿਚ ਸ਼ਾਮਲ ਨਹੀਂ ਹੋਏ। ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਵੀ ਵਿਦੇਸ਼ ਗਏ ਹੋਣ ਕਾਰਨ ਸਮਾਗਮ ਵਿਚ ਨਹੀਂ ਪੁੱਜੇ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸੇਰ ਸਿੰਘ ਦੂਲੋਂ ਨੇ ਅਸਿੱਧੇ ਢੰਗ ਨਾਲ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਉਪਰ ਨਿਸ਼ਾਨਾ ਸਾਧਦਿਆਂ ਕਿਹਾ ਕਿ ਪਾਰਟੀ ਵਿਚ ਘੁਸਪੈਠ ਕਰ ਗਏ ‘ਖਾਲਿਸਤਾਨੀਆਂ’ ਨੂੰ ਕਾਂਗਰਸ ਵਿਚੋਂ ਛਾਂਗ ਕੇ ਹੀ ਬੇਅੰਤ ਸਿੰਘ ਨੂੰ ਸੱਚੀ ਸ਼ਰਧਾਂਜ਼ਲੀ ਦਿੱਤੀ ਜਾ ਸਕਦੀ ਹੈ।

ਇਸ ਮੌਕੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਤੇ ਪੰਜਾਬ ਕਾਂਗਰਸ ਦੇ ਇੰਚਾਰਜ ਡਾ. ਸ਼ਕੀਲ ਅਹਿਮਦ ਨੇ ਆਪਣੇ ਸੰਬੋਧਨ ਵਿਚ ਸਪਸ਼ਟ ਕੀਤਾ ਕਿ ਪੰਜਾਬ ਕਾਂਗਰਸ ਸ. ਬਾਜਵਾ ਦੀ ਅਗਵਾਈ ਹੀ ਅੱਗੇ ਵਧੇਗੀ। ਉਨ੍ਹਾਂ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਨੂੰ ਸ. ਬਾਜਵਾ ਦੀ ਅਗਵਾਈ ਹੇਠ ਕੰਮ ਕਰਨ ਦੀ ਨਸੀਹਤ ਦਿੱਤੀ। ਕੇਂਦਰੀ ਪੇਂਡੂ ਵਿਕਾਸ ਮੰਤਰੀ ਜੈਰਾਮ ਰਮੇਸ਼ ਨੇ ਸ. ਬਾਜਵਾ ਦੀ ਸਿਫਤ ਕਰਦਿਆਂ ਕਿਹਾ ਕਿ ਪੰਜਾਬ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਜਿਥੇ ਬਾਹਰ ਦੇ ਕੰਡਿਆਂ ਨੂੰ ਹਟਾਉਣਾ ਪਵੇਗਾ, ਉਥੇ ਘਰ ਵਿਚਲੇ ਕੰਡਿਆਂ ਨੂੰ ਵੀ ਵੱਢਣਾ ਜ਼ਰੂਰੀ ਹੈ। ਉਨ੍ਹਾਂ ਪੰਜਾਬ ਸਰਕਾਰ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਨੇ ਕਦੇ ਪੰਜਾਬ ਨਾਲ ਪੱਖਪਾਤ ਨਹੀਂ ਕੀਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜੋ ਮੰਗਿਆ ਹੈ, ਉਨ੍ਹਾਂ ਹਮੇਸ਼ਾ ਦਿੱਤਾ ਹੈ।

# ਨਾਮਧਾਰੀ ਮੁਖੀ ‘ਤੇ ਹਮਲੇ ਦਾ ਅਜੇ ਨਹੀਂ ਖੁੱਲ੍ਹਿਆ ਰਾਜ਼




**ਲੰਡਨ:** ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਠਾਕੁਰ ਉਦੈ ਸਿੰਘ ‘ਤੇ ਹਮਲੇ ਦਾ ਰਾਜ਼ ਅਜੇ ਬਰਕਰਾਰ ਹੈ। ਮੀਡੀਆ ਵਿਚ ਇਸ ਹਮਲੇ ਦੇ ਕਈ ਕਾਰਨ ਦੱਸੇ ਜਾ ਰਹੇ ਹਨ ਪਰ ਅਸਲ ਤਸਵੀਰ ੱਜੇ ਸਾਹਮਣੇ ਨਹੀਂ ਆ ਸਕੀ। ਲੰਘੇ ਦਿਨੀਂ 26 ਸਾਲਾ ਹਮਲਾਵਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਪਰ ਅਦਾਲਤ ਵਿਚ ਕੇਸ ‘ਤੇ ਕੋਈ ਖਾਸ ਰੋਸ਼ਨੀ ਨਹੀਂ ਪਾਈ ਗਈ। ਲਾਸੈਸਟਰ ਕਰਾਊਨ ਕੋਰਟ ਵਿਚ ਹਰਜੀਤ ਸਿੰਘ ਤੂਰ ਦੀ ਸਿਰਫ਼ ਤਿੰਨ ਮਿੰਟ ਦੀ ਪੇਸ਼ੀ ਦੌਰਾਨ ਉਸ ਦੇ ਨਾਂ ਦੀ ਪੁਸ਼ਟੀ ਕਰਨ ਲਈ ਸਵਾਲ ਪੁੱਛੇ ਗਏ। ਉਸ ‘ਤੇ ਜਨਤਕ ਥਾਂ ਉਤੇ ਗੰਡਾਸਾ ਲੈ ਕੇ ਧਮਕਾਉਣ ਦਾ ਵੀ ਦੋਸ਼ ਲਾਇਆ ਗਿਆ ਹੈ।

ਜੱਜ ਮਾਈਕਲ ਪੇਰਟ ਨੇ ਸੰਖੇਪ ਸੁਣਵਾਈ ਤੋਂ ਬਾਅਦ ਇਸ ਮਾਮਲੇ ਦੀ ਅਗਲੀ ਪੇਸ਼ੀ ਤਿੰਨ ਦਸੰਬਰ ਤੈਅ ਕੀਤੀ ਹੈ। ਹਰਜੀਤ ਸਿੰਘ ਤੂਰ ‘ਤੇ 11 ਅਗਸਤ ਨੂੰ ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਠਾਕੁਰ ਉਦੈ ਸਿੰਘ ਨੂੰ ਜਾਨ ਤੋਂ ਮਾਰਨ ਲਈ ਹਮਲਾ ਕਰਨ ਦਾ ਦੋਸ਼ ਹੈ। ਇਹ ਹਮਲਾ ਲਿੰਡੇਨ ਸਟਰੀਟ, ਸਪਿੰਨਲੇ ਹਿਲ, ਈਸਟ ਮਿਡਲੈਂਡਜ਼ ਵਿਖੇ ਸਥਿਤ ਨਾਮਧਾਰੀ ਗੁਰਦੁਆਰੇ ਵਿਚ ਕੀਤਾ ਗਿਆ ਸੀ। ਉਸ ਨੂੰ ਮੌਕੇ ਉਤੇ ਹੀ ਸ਼ਰਧਾਲੂਆਂ ਨੇ ਫੜ ਲਿਆ ਸੀ।

ਤੂਰ ਧਾਰਮਿਕ ਇਕੱਤਰਤਾ ਦੌਰਾਨ ਕੰਬਲ ਲਪੇਟ ਕੇ ਬੈਠਾ ਸੀ ਤੇ ਉਸ ਨੇ ਮੌਕਾ ਦੇਖਦਿਆਂ ਹੀ ਸਤਿਗੁਰੂ ਉਦੈ ਸਿੰਘ ਉਤੇ ਗੰਡਾਸੇ ਨਾਲ ਹਮਲਾ ਕਰ ਦਿੱਤਾ ਸੀ। ਭਾਵੇਂਕਿ ਹਮਲਾਵਰ ਆਪਣੇ ਇਰਾਦੇ ਵਿਚ ਕਾਮਯਾਬ ਨਹੀਂ ਹੋ ਸਕਿਆ ਸੀ ਪਰ ਇਸ ਹਮਲੇ ਵਿਚ ਨਾਮਧਾਰੀ ਮੁਖੀ ਦੀ ਬਾਂਹ ਤੇ ਮੂੰਹ ‘ਤੇ ਸੱਟਾਂ ਵੱਜੀਆਂ ਸਨ। ਗੁਰਦੁਆਰੇ ਦੇ ਜਨਰਲ ਸਕੱਤਰ ਰਣਜੀਤ ਸਿੰਘ ਅਨੁਸਾਰ ਹਰਜੀਤ ਸਿੰਘ ਤੂਰ ਨੂੰ ਕਿਸੇ ਨੇ ਹਮਲੇ ਲਈ ਸ਼ਾਇਦ ਭੜਕਾਇਆ ਹੋਵੇ।

ਜ਼ਿਕਰਯੋਗ ਹੈ ਕਿ ਬੀਤੇ ਸਾਲ ਦਸੰਬਰ ਵਿਚ ਸਤਿਗੁਰੂ ਜਗਜੀਤ ਸਿੰਘ ਦੇ ਗੁਰਪੁਰੀ ਸਿਧਾਰ ਜਾਣ ਉਪਰੰਤ ਠਾਕੁਰ ਉਦੈ ਸਿੰਘ ਨੂੰ ਨਾਮਧਾਰੀ ਸੰਪਰਦਾ ਦਾ ਮੁਖੀ ਐਲਾਨਿਆ ਗਿਆ ਸੀ। ਨਾਮਧਾਰੀ ਸੰਪਰਦਾ ਵਿਚੋਂ ਹੀ ਇਕ ਧਿਰ ਠਾਕੁਰ ਉਦੈ ਸਿੰਘ ਦਾ ਵਿਰੋਧ ਕਰ ਰਹੀ ਹੈ ਤੇ ਇਸ ਦੀ ਅਗਵਾਈ ਉਨ੍ਹਾਂ ਦੇ ਵੱਡੇ ਭਾਈ ਦਿਲੀਪ ਸਿੰਘ ਕਰਦੇ ਹਨ।

# ਮਾਨ ਵੱਲੋਂ ਵਧੀਕੀਆਂ ਖਿਲਾਫ ਰੈਲੀ ਦਾ ਐਲਾਨ



**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਪੰਜਾਬ ਵਿਚ ਲੋਕਾਂ ‘ਤੇ ਹੋ ਰਹੇ ਤਸ਼ੱਦਦ ਤੇ ਕੀਤੀਆਂ ਜਾ ਰਹੀਆਂ ਵਧੀਕੀਆਂ ਖਿਲਾਫ਼ ਪਾਰਟੀ ਵੱਲੋਂ 28 ਸਤੰਬਰ ਨੂੰ ਮਾਝੇ ਦੇ ਪਿੰਡ ਨੌਸ਼ਹਿਰਾ ਪੰਨੂਆਂ ਵਿਚ ‘ਇਨਸਾਫ਼ ਰੈਲੀ‘ ਕੀਤੀ ਜਾਵੇਗੀ। ਇਸ ਰੈਲੀ ਵਿਚ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ।

ਸ. ਮਾਨ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਰਨੈਲ ਰਣਜੀਤ ਸਿੰਘ ਬ੍ਰਹਮਪੁਰਾ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਜਰਨੈਲ ਬਿਕਰਮ ਸਿੰਘ ਮਜੀਠੀਆ ਨੇ ਵਿਰੋਧੀਆਂ ਖ਼ਿਲਾਫ਼ ਹਜ਼ਾਰਾਂ ਝੂਠੇ ਪਰਚੇ ਦਰਜ ਕਰਵਾਏ ਹਨ। ਇਨ੍ਹਾਂ ਲੋਕਾਂ ਨੂੰ ਇਨਸਾਫ਼ ਦਿਵਾਉਣ ਵਿਚ ਇਹ ਰੈਲੀ ਅਹਿਮ ਭੂਮਿਕਾ ਨਿਭਾਏਗੀ। ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਆਏ ਸ. ਮਾਨ ਨੇ ਕਿਹਾ ਕਿ ਪੀੜਤ ਲੋਕਾਂ ਨੂੰ ਕੋਈ ਸਰਕਾਰੀ ਸਹਾਇਤਾ ਨਹੀਂ ਮਿਲ ਰਹੀ। ਦਲਿਤ ਲੋਕਾਂ ਦਾ ਮੰਦਾ ਹਾਲ ਹੈ ਜਿਨ੍ਹਾਂ ਨੂੰ ਖਾਣ ਲਈ ਵੀ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਕਿਸੇ ਵੀ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਕੋਈ ਮਦਦ ਨਹੀਂ ਕੀਤੀ ਤੇ ਨਾ ਹੀ ਲੰਗਰ ਲਾਏ ਹਨ। ਉਨ੍ਹਾਂ ਕਾਰ ਸੇਵਾ ਵਾਲਿਆਂ ਬਾਬਿਆਂ ‘ਤੇ ਗਿਲਾ ਕੀਤਾ ਕਿ ਉਨ੍ਹਾਂ ਨੇ ਵੀ ਕਿਸੇ ਹੜ੍ਹ ਪ੍ਰਭਾਵਿਤ ਖੇਤਰ ਵਿਚ ਲੰਗਰ ਨਹੀਂ ਲਾਏ। ਗੁਜਰਾਤ ਦੇ ਸਿੱਖਾਂ ਵੱਲੋਂ ਪੰਜਾਬ ਸਰਕਾਰ ਤੋਂ ਕਾਨੂੰਨੀ ਮਦਦ ਲੈਣ ਤੋਂ ਇਨਕਾਰ ਕੀਤੇ ਜਾਣ ਨੂੰ ਵਧੀਆ ਫ਼ੈਸਲਾ ਦੱਸਦਿਆਂ ਸ. ਮਾਨ ਨੇ ਕਿਹਾ ਕਿ ਮੋਦੀ ਤੇ ਬਾਦਲ ਦੀ ਦੋਸਤੀ ਸਿੱਖਾਂ ਦਾ ਵਿਗਾੜ ਤਾਂ ਸਕਦੀ ਹੈ ਪਰ ਕੁਝ ਸੰਵਾਰ ਨਹੀਂ ਸਕਦੀ।

# ਜ਼ਮਾਨਤ ਦੇ ਬਾਵਜੂਦ 70 ਸਾਲਾ ਔਰਤ ਨੂੰ ਜੇਲ੍ਹ ਵਿਚ ਡੱਕਿਆ

**ਚੰਡੀਗੜ੍ਹ:** ਪੰਜਾਬ ਪੁਲਿਸ ਨੂੰ ਉਦੋਂ ਨਮੋਸ਼ੀ ਸਹਿਣੀ ਪਈ ਜਦੋਂ 70 ਸਾਲ ਦੀ ਇਕ ਕਮਜ਼ੋਰ ਬਿਰਧ ਔਰਤ ਨੂੰ ਜ਼ਮਾਨਤ ਦੇ ਹੁਕਮਾਂ ਦੇ ਬਾਵਜੂਦ ਗ੍ਰਿਫਤਾਰ ਕਰਨ ਤੇ ਜੇਲ੍ਹ ਵਿਚ ਬੰਦ ਕਰਨ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਦੀ ਜ਼ੋਰਦਾਰ ਖਿਚਾਈ ਕੀਤੀ। ਅਦਾਲਤ ਨੇ ਇਹ ਕੁਤਾਹੀ ਕਰਨ ਵਾਲੇ ਪੁਲਿਸ ਅਫਸਰਾਂ ਖ਼ਿਲਾਫ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਹੈ।

ਇਹ ਹੁਕਮ ਜਸਟਿਸ ਨਰੇਸ਼ ਕੁਮਾਰ ਸਾਂਘੀ ਦੀ ਅਦਾਲਤ ਨੇ ਪੀੜਤ ਔਰਤ ਮਨਜੀਤ ਕੌਰ ਵੱਲੋਂ ਦਾਇਰ ਪਟੀਸ਼ਨ ਦੇ ਆਧਾਰ ‘ਤੇ ਸੁਣਾਏ। ਅਦਾਲਤ ਨੇ ਕਿਹਾ ਕਿ ਪੁਲਿਸ ਨੇ ਇਸ ਮਾਮਲੇ ਵਿਚ ਬੇਲੋੜੀ ਸਖਤੀ ਵਰਤੀ। ਜੱਜ ਨੇ ਜਾਂਚ ਅਧਿਕਾਰੀ ਦੀ ਵੀ ਬੇਦਰਦੀ ਵਾਲਾ ਰਵੱਈਆ ਅਪਣਾਉਣ ਲਈ ਝਾੜਝੰਬ ਕੀਤੀ।

ਪੀੜਤਾ ਮਨਜੀਤ ਕੌਰ ਨੂੰ ਇਕ ਕੁੜੀ ਨੂੰ ਅਗਵਾ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ ਜਦੋਂਕਿ ਬਾਅਦ ਵਿਚ ਸਾਹਮਣੇ ਆਇਆ ਕਿ ਉਹ ਕੁੜੀ ਆਪਣੀ ਮਰਜ਼ੀ ਨਾਲ ਸ਼ਿਮਲਾ ਗਈ ਸੀ। ਇਸ ਲਈ ਅਦਾਲਤ ਨੇ ਮਾਮਲੇ ਦੀ ਮੁੜ ਤੋਂ ਸਹੀ ਜਾਂਚ ਕਰਨ ਦਾ ਹੁਕਮ ਵੀ ਦਿੱਤਾ ਹੈ। ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਤਰਨ ਤਾਰਨ ਵਿਚ ਇਕ ਮੁਟਿਆਰ ਨੂੰ ਸ਼ਰ੍ਹੇਆਮ ਕੁੱਟਦਿਆਂ ਦੋ ਪੁਲੀਸ ਮੁਲਾਜ਼ਮਾਂ ਦੇ ਕੈਮਰੇ ਵਿਚ ਬੰਦ ਹੋ ਜਾਣ ਦੇ ਮਾਮਲੇ ਉੱਤੇ ਸੁਪਰੀਮ ਕੋਰਟ ਨੇ ਵੀ ਪੰਜਾਬ ਪੁਲਿਸ ਦੀ ਝਾੜਝੰਬ ਕੀਤੀ ਸੀ।

ਇਹ ਕੇਸ 30 ਦਸੰਬਰ, 2012 ਨੂੰ ਜਲੰਧਰ ਜ਼ਿਲ੍ਹੇ ਦੇ ਮਕਸੂਦਾਂ ਪੁਲਿਸ ਥਾਣੇ ਵਿਚ ਸੁਰਿੰਦਰ ਕੁਮਾਰ ਨਾਮੀ ਵਿਅਕਤੀ ਨੇ ਦਰਜ ਕਰਵਾਇਆ ਸੀ ਤੇ ਜਲੰਧਰ ਦੀ ਵਸਨੀਕ ਮਨਜੀਤ ਕੌਰ ਖ਼ਿਲਾਫ ਧਾਰਾ 120-ਬੀ, 364 ਤੇ 365 ਤਹਿਤ ਦਰਜ ਕੀਤਾ ਗਿਆ ਸੀ। ਪਹਿਲਾਂ ਸੁਰਿੰਦਰ ਕੁਮਾਰ ਨੇ ਮਨਜੀਤ ਕੌਰ ਦੇ ਜਵਾਈ ਅਮਰੀਕ ਸਿੰਘ ‘ਤੇ ਸ਼ੱਕ ਜ਼ਾਹਰ ਕਰ ਲਿਆ ਸੀ ਤੇ ਫੇਰ ਮਨਜੀਤ ਕੌਰ ਨੂੰ ਇਸ ਕੇਸ ਵਿਚ ਸ਼ਾਮਲ ਕਰ ਕੇ 17 ਜਨਵਰੀ, 2013 ਨੂੰ ਗ੍ਰਿਫਤਾਰ ਕਰ ਲਿਆ ਗਿਆ ਹਾਲਾਂਕਿ ਉਸ ਨੂੰ ਫੌਰੀ ਬਾਅਦ ਜ਼ਮਾਨਤ ਮਿਲ ਗਈ ਸੀ।

# ਲਿਵਰਮੋਰ ਨੂੰ ਚੜ੍ਹਿਆ ਤੀਆਂ ਦਾ ਗੂੜ੍ਹਾ ਰੰਗ

**ਲਿਵਰਮੋਰ (ਐਸ. ਅਸ਼ੋਕ ਭੌਰਾ):** 'ਸਾਉਣ ਵੀਰ 'ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ...' ਵਾਂਗ ਪੂਰੇ ਕੈਲੀਫੋਰਨੀਆ ਵਿਚ ਸਾਉਣ ਦੀਆਂ ਤੀਆਂ ਦਾ ਰੰਗ ਗੂੜ੍ਹਾ ਹੋ ਕੇ ਚੜ੍ਹਿਆ। ਲਿਵਰਮੋਰ ਵਿਚ ਪਹਿਲੀ ਵਾਰ ਮੰਚ 'ਤੇ ਕੁਲਦੀਪ ਬਰਾੜ ਦੀ ਅਗਵਾਈ ਵਿਚ ਇੰਡੀਅਨ ਅਮੈਰਿਕਨ ਕਲਚਰਲ ਸੁਸਾਇਟੀ ਵੱਲੋਂ ਇੱਥੋਂ ਦੇ ਕਮਿਊਨਿਟੀ ਸੈਂਟਰ ਵਿਚ ਤੀਆਂ ਮਨਾਈਆਂ ਗਈਆਂ ਜਿਥੇ ਕੁੜੀਆਂ ਨੇ ਗਿੱਧਾ ਤੇ ਬੋਲੀਆਂ ਦਾ ਤੂਫ਼ਾਨ ਲਿਆ ਦਿੱਤਾ। ਮੁਟਿਆਰਾਂ ਖਰੀਦੋ-ਫਰੋਖ਼ਤ ਦੇ ਨਾਲ ਖਾਣ-ਪੀਣ ਤੇ ਪੀਂਘ ਦੇ ਹੁਲਾਰਿਆਂ ਵਿਚ ਝੂਮਦੀਆਂ ਰਹੀਆਂ। ਅਜੈ ਅਕੈਡਮੀ ਵੱਲੋਂ ਪੇਸ਼ ਗਿੱਧਾ ਤੇ ਭੰਗੜਾ ਕਮਾਲ ਦਾ ਸੀ ਤੇ 'ਹੰਭ ਗਈ ਬਣਾਉਂਦੀ ਮੈਂ ਤਾਂ ਚਾਹ ਪਟਵਾਰੀਆ' ਵਰਗੇ ਦੋ-ਗਾਣਿਆਂ ਨਾਲ ਕੋਰਿਓਗ੍ਰਾਫੀ ਬੇਮਿਸਾਲ ਸੀ। ਡਿੰਪਲ ਬੈਂਸ ਦੀ 'ਧੜਕਣ ਜੂਨੀਅਰ' ਨੇ ਗਿੱਧਾ ਪਾ ਕੇ ਇਕ ਤਰ੍ਹਾਂ ਨਾਲ ਪੁਰਾਣਾ ਵਿਰਸਾ ਯਾਦ ਕਰਵਾ ਦਿੱਤਾ। ਟਰੇਸੀ ਦੀਆਂ ਮੁਟਿਆਰਾਂ ਵੱਲੋਂ ਪੇਸ਼ 'ਧਮਕ ਮੁਟਿਆਰਾਂ ਦੀ' ਇਕ ਨਿਵੇਕਲੀ ਪੇਸ਼ਕਾਰੀ ਸੀ। ਮੋਨੀ ਮਾਨ ਤੇ ਨੋਨੀ ਮੁਹਾਰ ਵੱਲੋਂ ਦੀਦਾਰ ਸੰਧੂ ਦੇ ਗੀਤ 'ਮਾਹੀ ਵੇ ਮਾਹੀ ਮੈਨੂੰ ਵੈਦ ਮੰਗਾ ਦੇ, ਮੇਰਾ ਕੱਲੂ ਦਾ ਕਾਲਜਾ ਦੁਖਦਾ' ਨਾਲ ਐਕਟਿੰਗ ਬਹੁਤ ਖ਼ੂਬ ਰਹੀ।

ਲਿਵਰਮੋਰ ਦੇ ਤੀਆਂ ਦੇ ਮੇਲੇ ਦੀ ਰੂਹੇ-ਰਵਾਂ ਕੁਲਦੀਪ ਬਰਾੜ ਦੀ ਅਗਵਾਈ ਹੇਠ ਲੋਕ ਨਾਚ 'ਗਿੱਧਾ ਸ਼ੌਕੀਨਣਾਂ ਦਾ' ਇਕ ਤਰ੍ਹਾਂ ਨਾਲ ਮੇਲੇ ਦੀ ਸਿਖ਼ਰ ਸੀ। ਬਰਾੜ ਦੇ ਹੀ 'ਕੂੰਜਾਂ ਦੀ ਡਾਰ' ਗਰੁਪ ਨੇ ਸੁਰਿੰਦਰ ਕੌਰ ਦਾ ਗੀਤ 'ਕਾਲੇ ਰੰਗ ਦਾ ਪਰਾਂਦਾ, ਮੇਰੇ ਸੱਜਣਾਂ ਨੇ ਆਂਦਾ, ਨੀ ਮੈਂ ਚੁੰਮ ਚੁੰਮ ਰੱਖਦੀ ਫਿਰਾਂ' ਜੂਨੀਅਰ ਬੱਚਿਆਂ ਦੀ ਇਹ ਪੇਸ਼ਕਾਰੀ ਆਪਣੇ-ਆਪ ਵਿਚ ਖਾਸ ਸੀ। ਖਰੀਦੋ-ਫਰੋਖ਼ਤ ਵਿਚ ਦ੍ਰਿਸ਼ ਸਦਰ ਬਾਜ਼ਾਰ ਜਿਹਾ ਸੀ ਤੇ ਚਾਟ ਭਵਨ ਤੇ ਹੋਰ ਖਾਣ-ਪੀਣ ਦਾ ਵੀ ਸਾਰਾ ਬੰਦੋਬਸਤ ਸੀ। ਕੁਲਦੀਪ ਬਰਾੜ ਤੇ ਰਾਜਦੀਪ ਧਾਲੀਵਾਲ ਵੱਲੋਂ ਸਾਰੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਸਹਿਯੋਗੀਆਂ ਤੇ ਪੇਸ਼ਕਾਰੀ ਕਰਨ ਵਾਲੀਆਂ ਕੁੜੀਆਂ ਨੂੰ ਸਨਮਾਨ ਚਿੰਨ੍ਹ ਵੀ ਦਿੱਤੇ ਗਏ। ਲਿਵਰਮੋਰ ਵਿਚ ਭਾਵੇਂ ਇਹ ਤੀਆਂ ਦਾ ਪਹਿਲਾ ਮੇਲਾ ਸੀ ਪਰ ਇੰਡੀਅਨ ਅਮੈਰਿਕਨ ਕਲਚਰਲ ਸੁਸਾਇਟੀ ਦੇ ਯਤਨਾਂ ਨਾਲ ਪਹਿਲੀ ਵਾਰ ਹੀ ਤੀਆਂ ਦੇ ਉਹ ਸਭ ਰੰਗ ਬਖੇਰੇ ਗਏ ਜੋ ਰਵਾਇਤੀ ਤੌਰ 'ਤੇ ਵੇਖਣ ਨੂੰ ਮਿਲਦੇ ਹਨ। ਮੰਚ ਸੰਚਾਲਨ ਆਸ਼ਾ ਸ਼ਰਮਾ ਨੇ ਕੀਤਾ ਅਤੇ ਮੇਲੇ ਦੇ ਅਖ਼ੀਰ ਵਿਚ ਡੀ.ਜੇ. ਦੀ ਧਮਕ ਤੇ ਤਾਲ 'ਤੇ ਬੀਬੀਆਂ, ਬੱਚਿਆਂ, ਔਰਤਾਂ, ਮੁਟਿਆਰਾਂ ਵੱਲੋਂ ਸਾਂਝੇ ਰੂਪ ਵਿਚ ਪੇਸ਼ ਗਿੱਧੇ ਨੇ ਜਿਵੇਂ ਚਾਰ-ਚੁਫੇਰਾ ਨੱਚਣ ਲਾ ਦਿੱਤਾ ਹੋਵੇ।



















**American**
**Travel & Tours**

**Lowest Air Fares**

To India, Australia, New Zealand, Canada, London or any where in the world.

**India Tour Packages**
**Golden Triangle**
Pacakage Starts From $380 per person. Based on 2 persons minimum +Air Fares.





ਇੰਡੀਆ ਲਈ ਟਿਕਟ ਵਾਸਤੇ ਸੰਪਰਕ ਕਰੋ, ਡਿੰਪਲ
**530-312-3422**

**Contact Us For:**
Indian Passport Renewal
Dual Citizenship
India Visa OCI Application
India Tour Packages
Passport Photos
China Visa

IATAN

**1-888-737-9289**

**Ph: 916-737-9287**

Fax: 916-451-8656
e-mail: dimple.americantravel@yahoo.com

Head Office: 5246 Fruitridge Road, Sacramento, CA 95820








**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

**510-794-7058**

**WWW.DRNIJJAR.COM**

*(Across From Washigton Hospital & Bart)*
*1895 Mowry Ave. Ste 104 Fremont*


PANNU'S
Legal Services
ਵੇਵਰ 601A
ਵਾਸਤੇ ਕਾਲ ਕਰੋ
G.S. Pannu
Immigration Consultant - LDA
M.K. Pannu
Manager
ਇਮੀਗਰੇਸ਼ਨ ਸਿਟੀਜਨਸ਼ਿਪ
ਤਲਾਕ ਬੱਚਿਆਂ ਦੀ ਇਮਦਾਦ
ਇੰਡੀਅਨ ਪਾਸਪੋਰਟ
ਇੰਡੀਅਨ ਵੀਜ਼ਾ
ਓ.ਸੀ.ਆਈ. ਕਾਰਡ, ਮੁਖਤਿਆਰਨਾਮਾ ਅਤੇ ਹੋਰ ਸਬੰਧਤ ਮਾਮਲੇ
ਅਸੀਂ ਪੰਜਾਬ ਵਿਚਲੇ ਜਾਇਦਾਦ ਅਤੇ ਤਲਾਕ ਦੇ ਕੇਸ ਵੀ ਹੱਲ ਕਰਦੇ ਹਾਂ
ਹੁਣ ਤੁਹਾਡੀ ਸੇਵਾ ਲਈ ਤਿੰਨ ਸ਼ਹਿਰਾਂ ਵਿੱਚ
ਫਰੀਮੌਂਟ
4127 Bay St., Unit 7
Fremont, CA 94538
(Near Fremont Bharat Bazar)
(510) 677-5200
ਮਨਟੀਕਾ
1381 E. Yosemite Ave
Manteca, CA 95336
(Open Wed & Sat 10:00 am - 4:00 pm)
(209) 679-8025
ਸੈਨ ਫਰਾਂਸਿਸਕੋ
4444 Geary Blvd, Suite 210,
San Francisco, CA 94118
(510) 677-8440
pannugurwant@yahoo.com
Fax: (510) 279-7624
indiavisa123@gmail.com
Fax: (510) 952-4411


A & I Transport
123 E Lee Rd., Watsonville, CA, 95076
Ph:831-763-7805
A&I
WATSONVILLE, CA.
ਓਨਰ ਅਪਰੇਟਰਾਂ ਅਤੇ
ਡਰਾਈਵਰਾਂ ਦੀ ਲੋੜ ਹੈ
11 ਵੈਸਟਰਨ ਸਟੇਟਾਂ ਅਤੇ
ਲੋਕਲ (ਕੈਲੀਫੋਰਨੀਆ) ਵਾਸਤੇ
> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 22 ਸਾਲਾਂ ਤੋਂ ਸਮੇਂ ਸਿਰ ਪੇਮੈਂਟ
Weekly Pay Roll
2012, 13 ਤੇ 14 ਮਾਡਲ ਦੇ ਨਵੇਂ ਨਕੋਰ ਟਰੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 1-888-664-4004
Fax: 831-724-2010 e-mail: aa@aitruckingllc.com
ਏ. ਐਂਡ ਆਈ. ਟਰਾਂਸਪੋਰਟ
ਵਾਟਸਨਵਿਲ, ਕੈਲੀਫੋਰਨੀਆ


COMMERCIAL GRADE
SECURITY SOLUTIONS
MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS
SPECIAL OFFER
4 CAMERAS WITH 4 CH DVR
LED MONITOR INCLUDED
$1349 +Tax
SPECIAL OFFER
8 CAMERAS INSTALLATION INCLUDED
LED MONITOR INCLUDED
$2349 +Tax
SPECIAL OFFER
12 CAMERAS INSTALLATION INCLUDED
LED MONITOR INCLUDED
$3749 +Tax
Buy Online : www.ezchase.com
Email : commvision@sbcglobal.net
Call Sukhpal
661-586-5080
Vista
CCTV TECHNOLOGY


The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available

ੴ ਸਤਿਨਾਮ ਸ੍ਰੀ ਵਾਹਿਗੁਰੂ॥

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 15 ਸਤੰਬਰ 2013 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।





ਫੋਟੋ:ਮੀਕਾ ਸਟੂਡੀਓ

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

**13 ਸਤੰਬਰ 2013: ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

**15 ਸਤੰਬਰ 2013: ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਟੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

*ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

ਰਜਬ ਅਲੀ ਦੇ ਰੰਗ-5



# ਦਰਦ ਪੰਜਾਬੀ ਬੋਲੀ ਦਾ

॥ਸੋਲ੍ਹਾਂ ਅੱਖਰਾ ਛੰਦ॥

ਖੰਡ ਤੋਂ ਮਿੱਠੀ ਬੋਲੀ,
ਪਿਆਰੇ ਵਤਨ ਪੰਜਾਬ ਦੀ।
ਮੁੱਖ 'ਚੋਂ ਲਪਟਾਂ ਮਾਰਨ,
ਜੈਸੇ ਅਤਰ ਗੁਲਾਬ ਦੀ।
ਹੋਰ ਸਤਾਉਣ ਜ਼ਬਾਨਾਂ,
ਅੱਖੋਂ ਜਲ ਭਰ ਡੋਹਲੀ ਦਾ।
ਕਰਦੇ ਨਾ ਹਮਦਰਦੋ,
ਦਰਦ ਪੰਜਾਬੀ ਬੋਲੀ ਦਾ।

ਜਣਦਿਆਂ ਖਾਣੀਂ ਪਸ਼ਤੋ,
ਵਸਦੀ ਦੇਸ ਪਠਾਣਾਂ ਦੇ।
ਇਹ ਆ ਕੇ ਪਿੜ ਨ੍ਹਾਤੀ,
ਸ਼ਾਸਤਰ ਵੇਦ ਪੁਰਾਣਾਂ ਦੇ।
ਤੇ ਘਰ ਬਾਰਨ ਨਾਲੋਂ,
ਕਦਰ ਵਧਾ 'ਤਾ ਗੋਲੀ ਦਾ।
ਕਰਦੇ ਨਾ ਹਮਦਰਦੋ,
ਦਰਦ ਪੰਜਾਬੀ ਬੋਲੀ ਦਾ।

ਮੈਂ ਅੱਗੇ ਇਕ ਨੂੰ ਰੋਵਾਂ,
ਉਠਦੀ ਦਿਲੋਂ ਕੁਹਾਰ ਸੀ।
ਫਿਰ ਪਸ਼ਤੋ ਦੀ ਆਗੀ,
ਹੋਰ ਹਮੈਤਣ ਫ਼ਾਰਸੀ।
ਮੈਂ ਭਲੀਮਾਣਸ ਭੋਲੀ,
ਚਲਦਾ ਹੁਕਮ ਜਰੋਲੀ ਦਾ।
ਕਰਦੇ ਨਾ ਹਮਦਰਦੋ,
ਦਰਦ ਪੰਜਾਬੀ ਬੋਲੀ ਦਾ।

ਫਿਰ ਨੁਕਸਾਨ ਉਠਾਇਆ,
ਉਰਦੂ ਘਰ-ਜੰਮ ਵੈਰੀ ਤੋਂ।
ਟੁੱਟ ਪੈਣੇ ਨੇ ਕੱਢ 'ਤੀ,
ਬਾਹੋਂ ਪਕੜ ਕਚਹਿਰੀ 'ਚੋਂ।
ਅਣ-ਪੁੱਜ ਕੀ ਕਰ ਸਕਦੀ?
ਜ਼ਹਿਰ ਬਥੇਰਾ ਘੋਲੀ ਦਾ।
ਕਰਦੇ ਨਾ ਹਮਦਰਦੋ,
ਦਰਦ ਪੰਜਾਬੀ ਬੋਲੀ ਦਾ।

ਤੇ ਇੰਗਲੈਂਡ ਘੁੰਡ ਲਾਹ,
ਆ ਅੰਗਰੇਜ਼ੀ ਨਚਲੀ ਜ੍ਹੀ।
ਰੰਗ ਗੋਰਾ, ਅੱਖ ਕਹਿਰੀ,
ਸਖ਼ਤ ਬੁਲਾਰਾ, ਘਚਲੀ ਜ੍ਹੀ।
ਹੱਥ ਲਗਿਆਂ ਪਤਾ ਲੱਗਿਆ,
ਕਰੜ ਲਫੇੜਾ ਪੋਲੀ ਦਾ।
ਕਰਦੇ ਨਾ ਹਮਦਰਦੋ,
ਦਰਦ ਪੰਜਾਬੀ ਬੋਲੀ ਦਾ।

ਅਬ ਹਿੰਦੀ ਦੀ ਪੁਗਦੀ,
ਬਾਤ ਮਜਾਜਣ ਸੌਂਕਣ ਦੀ।
ਮੈਂ ਚੁੱਪ ਕੀਤੀ ਫਿਰਦੀ,
ਇਸ ਦੀ ਆਦਤ ਭੌਂਕਣ ਦੀ।
ਬੁਰੜ੍ਹੀ, ਪਏ ਦੰਦ ਨਿਕਲੇ,
ਇਹ ਨਾ ਵਕਤ ਘੜੋਲੀ ਦਾ।
ਕਰਦੇ ਨਾ ਹਮਦਰਦੋ,
ਦਰਦ ਪੰਜਾਬੀ ਬੋਲੀ ਦਾ।

ਤਕੜੇ ਰਹੋ ਪੰਜਾਬੀਓ,
ਕਿਹੜਾ ਛਡਦਾ ਨਿਵਿਆਂ ਤੋਂ।
ਚਿਰ ਦੀ ਫੂਕੀ ਹੋਈ ਮਰੀ,
ਉਠਾ ਲੀ ਸਿਵਿਆਂ ਤੋਂ।
ਅੱਠ ਨੌਂ ਸੂਬੇ ਨਿਗਲ੍ਹੇ,
ਢਿੱਡ ਨਾ ਭਰੇ ਭੜੋਲੀ ਦਾ।
ਕਰਦੇ ਨਾ ਹਮਦਰਦੋ,
ਦਰਦ ਪੰਜਾਬੀ ਬੋਲੀ ਦਾ।

ਸੋਂਹਦੇ ਮਰਦ ਮੁਕਾਮੀ,
ਕੀ ਗੱਲ ਸਮਝਣ ਲੋਕਲ ਜੀ।
ਮੇਰੇ ਨਾਲ ਮੋਗੇ ਪੜ੍ਹਿਆ,
ਸੂਦ ਸਲ੍ਹੀਣਿਉਂ ਗੋਕਲ ਜੀ।
'ਬਾਬੂ' ਰਣੀਉਂ ਇੰਦਰ,
ਤੇ ਸੰਤੋਖ ਡਰੋਲੀ ਦਾ।
ਕਰਦੇ ਨਾ ਹਮਦਰਦੋ,
ਦਰਦ ਪੰਜਾਬੀ ਬੋਲੀ ਦਾ।

## ਮਿੱਠੇ ਬੋਲ

॥ਮੁਕੰਦ ਛੰਦ॥

ਖੜ੍ਹੇ ਹੋ ਗਏ ਰੱਖ ਕੇ ਭਰੋਸਾ ਰੱਬ ਤੇ।
ਰੀਝ ਲਾ ਕੇ ਕਵਿਤਾ ਸੁਣਾਉਂਦੇ ਕਬਤੇ।
ਸ਼ੈਰੀ ਦੇ ਕਚਹਿਰੀ 'ਚ ਭੰਡਾਰ ਖੋਲ੍ਹੀ ਦੇ।
ਮਿੱਠੇ ਬੋਲ ਬੋਲੀਦੇ, ਪੰਜਾਬੀ ਬੋਲੀ ਦੇ।

ਨੱਥ ਘੜੇ ਸਿਉਨੇ ਤੇ, ਸੁਨਿਆਰਾ ਮੁੱਲ ਲੈ।
ਹਾਰ ਗੁੰਦੇ ਮਾਲਣ, ਬਗ਼ੀਚਿਉਂ ਫੁੱਲ ਲੈ।
ਬੁੱਲ੍ਹ, ਦੰਦ, ਜੀਭੋਂ, ਲਫ਼ਜ਼ ਪਰੋਲੀ ਦੇ।
ਮਿੱਠੇ ਬੋਲ ਬੋਲੀਦੇ, ਪੰਜਾਬੀ ਬੋਲੀ ਦੇ।

ਨਵੇਂ ਗੀਤ ਨਵੀਆਂ ਵਿਖਾਉਂਦੇ ਰੰਗਤਾਂ।
ਸੁਣ-ਸੁਣ ਹੁੰਦੀਆਂ ਨਿਹਾਲ ਸੰਗਤਾਂ।
ਦਿਲ ਖ਼ੁਸ਼ ਕਰਾਂਗੇ ਹਰੇਕ ਟੋਲੀ ਦੇ।
ਮਿੱਠੇ ਬੋਲ ਬੋਲੀਦੇ, ਪੰਜਾਬੀ ਬੋਲੀ ਦੇ।

ਏਸ਼ੀਆ 'ਚ ਏਹੋ ਜ੍ਹੀ ਜ਼ਬਾਨ ਮਿੱਠੀ ਨਾ।
ਯੂਰਪ, 'ਫ਼ਰੀਕਾ, ਅਮਰੀਕਾ ਡਿੱਠੀ ਨਾ।
ਦੁੱਧ ਵਿਚ ਖੰਡ ਦੇ ਪਤਾਸੇ ਘੋਲੀ ਦੇ।
ਮਿੱਠੇ ਬੋਲ ਬੋਲੀਦੇ, ਪੰਜਾਬੀ ਬੋਲੀ ਦੇ।

ਆ ਜੋ ਗੁਰਮੁਖੀ ਕਿਸੇ ਨੇ ਜੇ ਸਿੱਖਣੀ।
ਪੜ੍ਹਨੀ ਅਸਾਨ ਤੇ ਸੁਖ਼ਾਲੀ ਲਿੱਖਣੀ।
ਅੱਖਰ ਜਿਉਂ ਫਾਗ ਜ੍ਹਿ ਜਲੇਬੀ ਪੋਲੀ ਦੇ।
ਮਿੱਠੇ ਬੋਲ ਬੋਲੀਦੇ, ਪੰਜਾਬੀ ਬੋਲੀ ਦੇ।




ਬਾਬੇ ਗੁਰੂ ਨਾਨਕ ਗਰੰਥ ਰਚੇ ਜੀ।
ਸ਼ੌਕ ਨਾਲ ਲੱਗਦੇ ਪੜ੍ਹਨ ਬੱਚੇ ਜੀ।
ਦਸਾਂ ਗੁਰੂਆਂ ਦੇ ਇਤਿਹਾਸ ਫੋਲੀ ਦੇ।
ਮਿੱਠੇ ਬੋਲ ਬੋਲੀਦੇ, ਪੰਜਾਬੀ ਬੋਲੀ ਦੇ।

ਫੜ ਜਮ ਅੱਗੇ ਲੈਂਣਗੇ ਡਰਾਵਣੇ।
ਪੈਜੂ ਰੱਬ ਸੱਚੇ ਦੇ ਖੜੋਣਾ ਸਾਹਮਣੇ।
ਸੁਣਿਐਂ 'ਸੱਚ ਖੰਡ' 'ਚ ਅਮਲ ਤੋਲੀ ਦੇ।
ਮਿੱਠੇ ਬੋਲ ਬੋਲੀਦੇ, ਪੰਜਾਬੀ ਬੋਲੀ ਦੇ।

'ਬਾਬੂ' ਦੇ ਜਮਾਤੀ ਅੰਮ੍ਰਿਤ ਪੀਣਿਉਂ।
ਘੋਲੀਉਂ ਬਿੱਕਰ, ਗੋਕਲ ਸਲ੍ਹੀਣਿਉਂ।
ਬੱਗਾ ਸਿਉਂ ਤੇ ਸੰਤੋਖ ਸਿਉਂ 'ਡਰੋਲੀ' ਦੇ।
ਮਿੱਠੇ ਬੋਲ ਬੋਲੀਦੇ, ਪੰਜਾਬੀ ਬੋਲੀ ਦੇ।

## ਪੰਜਾਬੀ ਬੋਲੀ

ਬਹਿ ਜੋ ਪਾਉਣਾ ਸ਼ੋਰ ਮਾੜਾ,
ਲੈ ਜਲਾਬ ਨ੍ਹਾਉਣ ਮਾੜਾ,
ਮਿੱਠੜੀ ਜ਼ਬਾਨ ਰਾਗ, ਵਧੀਆ ਅਲਾਪਦੀ।
ਸੋਗ ਵਿਚ ਗਾਉਣ ਮਾੜਾ,
ਵੈਰ ਨੂੰ ਵਧਾਉਣ ਮਾੜਾ,
ਰੱਖਣਾ ਲਿਹਾਜ਼, ਗੱਲ ਕਰਨੀ ਮਿਲਾਪ ਦੀ।
ਦੁਖੀ ਨੂੰ ਦੁਖਾਉਣ ਮਾੜਾ,
ਮਾੜਿਆਂ ਨੂੰ ਢਾਉਣ ਮਾੜਾ,
ਦੂਏ ਦੀ ਸ਼ਰਮ ਨੂੰ ਸ਼ਰਮ ਜਾਣ ਆਪ ਦੀ।
'ਬਾਬੂ ਜੀ' ਪੰਜਾਬੀ ਫਿਰੇ ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ, ਤੇਰੇ ਮਾਂ ਤੇ ਬਾਪ ਦੀ।

ਬੈਂਗਲੋ ਬੰਗਾਲੀ ਬੋਲੇ, ਪਸ਼ਤੋ ਪਠਾਣ ਬੋਲੇ,
ਆਪ ਦੀ ਜ਼ਬਾਨ 'ਚ, ਕਿਤਾਬ ਲੋਕੀ ਛਾਪਦੀ।
ਹਿੰਦੀ, ਅਰਬੀ ਤੇ ਤੀਜੀ ਫ਼ਾਰਸੀ ਰਲਾ ਕੇ ਨਾਲ,
ਏਸ ਵਜ੍ਹਾ ਉਰਦੂ ਜ਼ਬਾਨ ਪਈ ਜਾਪਦੀ।
ਘਚਲੀ ਜ੍ਹੀ ਬੋਲੀ ਛੱਡ, ਚਲੇ ਗਏ ਵਲੈਤ ਗੋਰੇ,
ਚੜ੍ਹੀ 'ਵੀ ਜ਼ਹਿਰ ਤੈਨੂੰ, ਅੰਗਰੇਜ਼ੀ ਸਾਂਪ ਦੀ।
'ਬਾਬੂ ਜੀ' ਪੰਜਾਬੀ ਫਿਰੇ ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ, ਤੇਰੇ ਮਾਂ ਤੇ ਬਾਪ ਦੀ।

ਕੋਟ ਸੀ ਬਨਾਉਣਾ ਫਿਰੇ,
ਨੀਕਰਾਂ ਦਾ ਮੇਚ ਲੈਂਦਾ,
ਲਿਆਉਣੀ ਸਲਵਾਰ ਤੇ ਕਮੀਜ਼
ਲੈਂਦਾ ਫਿਰੇ ਨਾਪ ਦੀ।
ਹੋਇਆ ਅਧਰੰਗ ਵੈਦ ਖੰਘ ਦੀ ਦਵਾਈ ਕਰੇ,
ਪੇਟ ਦੀ ਦਰਦ ਨੂੰ, ਕਰੂ ਕੀ ਗੋਲੀ ਤਾਪ ਦੀ।
ਮਾਦਰੀ ਜ਼ਬਾਨ ਛੱਡ, ਗ਼ੈਰਾਂ ਦੇ ਮਗਰ ਲੱਗਾ,
ਏਦੂੰ ਵੱਧ ਬੇਵਕੂਫ਼ ਕਿਹੜੀ ਗੱਲ ਪਾਪ ਦੀ।
'ਬਾਬੂ ਜੀ' ਪੰਜਾਬੀ ਫਿਰੇ ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ, ਤੇਰੇ ਮਾਂ ਤੇ ਬਾਪ ਦੀ।

ਢੋਲ ਗੱਜ ਪਾਵੇ,
ਮਿੱਠੀ ਤੂੱਰਰੀ ਦੀ ਅਵਾਜ਼ ਹੁੰਦੀ,
ਰੇਲ ਚੀਕਾਂ ਮਾਰਦੀ,
ਡਰਾਉਣੀ 'ਵਾਜ਼ ਭਾਫ਼ ਦੀ।
ਹਿਣਕੇ ਵਛੇਰਾ, ਸ਼ੇਰ ਬਬਰ ਚੰਘਿਆੜੇ,
ਹੋਰ ਮੇਮਨੀ ਦੇ ਨਾਲ,
'ਵਾਜ਼ ਰਲੇ ਨਾ ਗੜ੍ਹਾਪ ਦੀ।
ਕੋਇਲ ਕੂ ਕੂ, ਕਰੇ ਸਦਾ,
ਆਪਣੀ ਜ਼ਬਾਨ ਵਿਚੋਂ,
ਬੁਲਬੁਲ ਆਪਣੀ ਜ਼ਬਾਨ ਕਰਲਾਪ ਦੀ।
'ਬਾਬੂ ਜੀ' ਪੰਜਾਬੀ ਫਿਰੇ ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ, ਤੇਰੇ ਮਾਂ ਤੇ ਬਾਪ ਦੀ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਸਤੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-81



*ਰਿਹਾ ਵੱਜਦਾ ਕਦੇ ਬਨੇਰਿਆਂ 'ਤੇ*
*'ਭਾਂਡੇ ਕਲੀ ਕਰਾ ਲਉ ਜੀ' ਗੀਤ ਮੇਰਾ।*
*ਪਿੱਤਲ ਗਿਆ ਸਟੀਲ ਪ੍ਰਧਾਨ ਹੋਇਆ*
*ਯਾਰੋ ਗਿਆ ਜ਼ਮਾਨਾ ਵੀ ਬੀਤ ਮੇਰਾ!*

## ਕੈਪਸ਼ਨ ਮੁਕਾਬਲਾ-79



ਲਾ ਢੋਲ 'ਤੇ ਡੱਗਾ ਜੱਗਿਆ,
ਆਪਣੇ ਜ਼ੌਹਰ ਦਿਖਾਵਾਂਗੇ।
ਬਿਨ ਸਾਡੇ ਪਿੰਡ ਸੁੰਨੇ ਹੋ ਗਏ,
ਰੌਣਕ ਖੂਬ ਲਗਾਵਾਂਗੇ।
ਬਾਰਾਂ ਸਾਲੀਂ ਆਈ ਬਾਜ਼ੀ,
ਛਾਲ ਚੌਂਕੀ ਦੀ ਲਾਵਾਂਗੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

ਬਾਜੀ ਪਾਉਣ ਲਈ
ਬਾਜੀਗਰਾਂ ਨੇ ਭੇਸ ਵਟਾਇਆ।
ਇਕ ਨੇ ਢੋਲ ਵਜਾਇਆ
ਦੂਜੇ ਨੇ ਮੰਗਲਾਚਰਨ ਗਾਇਆ।
***-ਪਰਸ਼ੋਤਮ ਸਿੰਘ ਯੂਬਾ ਸਿਟੀ***

---

ਪਿੰਡਾਂ ਵਿਚ ਚੌਰਾਹਿਆਂ ਉਤੇ
ਬਾਜੀ ਜਦੋਂ ਪੈਂਦੀ ਸੀ।
ਫਿਰ ਸ਼ਾਹੀ ਖਲਕਤ
ਬਹਿ ਜਾ ਬਹਿ ਜਾ ਕਹਿੰਦੀ ਸੀ।
ਕੀ ਬੁੱਢੇ, ਕੀ ਬੱਚੇ ਤੇ ਕੀ ਜਵਾਨ,
ਸਾਰੇ ਰਲ ਕੇ ਸੀ ਖੁਸ਼ੀ ਮਨਾਉਂਦੇ।
ਜਦੋਂ ਬਾਜੀਗਰ ਆਪਣੀ ਕਲਾ ਦੀਆਂ
ਬਾਜੀਆਂ ਸੀ ਪਾਉਂਦੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਪਹਿਲਾਂ ਰੱਬ ਦਾ ਨਾਮ ਧਿਆ ਕੇ
ਆਪਣੀ ਕਲਾ ਦਿਖਾਵਾਂਗੇ।
ਨਗਰ ਸਾਰਾ 'ਕੱਠਾ ਹੋ ਜਾਏ
ਬਾਜ਼ੀ ਦੇ ਜੌਹਰ ਦਿਖਾਵਾਂਗੇ।
***-ਫਕੀਰ ਚੰਦ ਸੈਂਪਲਾ, ਐਲ ਏ***

# ਬਜ਼ੁਰਗ ਮਹਿਲਾ ਨੇ ਤੈਰ ਕੇ ਇਤਿਹਾਸ ਰਚਿਆ

**ਮਿਆਮੀ:** ਅਮਰੀਕਾ ਦੀ 64 ਸਾਲਾ ਤੈਰਾਕ ਡਾਇਨਾ ਨੇਯਾਡ ਨੇ ਸ਼ਾਰਕ ਕੇਜ ਤੋਂ ਬਗੈਰ ਤੈਰ ਕੇ ਕਿਊਬਾ ਤੋਂ ਅਮਰੀਕਾ ਦਾ ਸਮੁੰਦਰੀ ਸਫਰ ਤੈਅ ਕਰਨ ਦਾ ਸੰਸਾਰ ਰਿਕਾਰਡ ਬਣਾ ਦਿੱਤਾ ਹੈ। ਬੀਤੇ 35 ਸਾਲਾਂ ਵਿਚ ਪੰਜ ਵਾਰ ਸਮੁੰਦਰੀ ਰਸਤੇ ਕਿਊਬਾ ਤੋਂ ਸਿੱਧੇ ਫਲੋਰਿਡਾ ਤੱਕ ਪੁੱਜਣ ਦੀ ਕੋਸ਼ਿਸ਼ ਕਰ ਚੁੱਕੀ ਡਾਇਨਾ ਫਲੋਰੀਡਾ ਜਲਡਮਰੂ ਮੱਧ ਨੂੰ ਪਾਰ ਕਰਨ ਵਾਲੀ ਦੁਨੀਆਂ ਦੀ ਪਹਿਲੀ ਤੈਰਾਕ ਹੈ। ਉਸ ਨੇ ਹਵਾਨਾ (ਕਿਊਬਾ) ਤੋਂ ਆਪਣਾ ਸਫਰ ਸ਼ੁਰੂ ਕੀਤਾ ਤੇ 53 ਘੰਟੇ ਤੈਰਨ ਮਗਰੋਂ ਉਹ ਫਲੋਰਿਡਾ ਦੇ ਕੀ ਵੈਸਟ ਪੁੱਜੀ। ਡਾਇਨਾ ਦੀ 110 ਮੀਲ ਚੌੜੇ, ਸ਼ਾਰਕਾਂ ਤੇ ਜੈਲੀਫਿਸ਼ ਨਾਲ ਭਰੇ ਫਲੋਰੀਡਾ ਜਲਡਮਰੂ ਮੱਧ ਨੂੰ ਪਾਰ ਕਰਨ ਦੀ ਇਹ ਪੰਜਵੀਂ ਕੋਸ਼ਿਸ਼ ਸੀ। ਇਸ ਤੋਂ ਪਹਿਲਾਂ ਡਾਇਨਾ ਨੇ 1978 ਵਿਚ ਇੱਕ ਵਾਰ, 2011 ਵਿਚ ਦੋ ਵਾਰ ਅਤੇ 2012 ਵਿਚ ਵੀ ਇੱਕ ਵਾਰ ਕੋਸ਼ਿਸ਼ ਕੀਤੀ ਸੀ।

# 55 ਕਰੋੜ ਦੀ ਹੈਰੋਇਨ ਬਰਾਮਦ

**ਖਾਲੜਾ:** ਬੀ.ਐਸ.ਐਫ਼ ਦੇ ਜਵਾਨਾਂ ਨੇ ਖੇਮਕਰਨ ਸੈਕਟਰ ਦੀ ਚੌਕੀ ਅਮਰ ਤੋਂ 11 ਕਿਲੋ ਹੈਰੋਇਨ ਬਰਾਮਦ ਕੀਤੀ ਹੈ।ਹੈਰੋਇਨ ਦੇ ਪੈਕਟਾਂ ਉਤੇ ਪਾਕਿ-ਅਫਗਾਨ ਦੀ ਮੋਹਰ ਲੱਗੀ ਹੋਈ ਹੈ। ਯਾਦ ਰਹੇ ਕਿ ਇਸ ਸਾਲ ਇਕੱਲੇ ਅੰਮ੍ਰਿਤਸਰ ਸੈਕਟਰ ਵਿਚ 77 ਕਿਲੋ ਹੈਰੋਇਨ ਅਤੇ 2,33,500 ਰੁਪਏ ਦੀ ਜਾਅਲੀ ਕਰੰਸੀ ਫੜੀ ਗਈ ਹੈ।







Listen for free:

1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

DOWNLOAD THE NEW **FREE** IPHONE and ANDROID APP (Search for "Punjabi Radio USA" in App store and Google Play)



# KHALSA

## INSURANCE AGENCY, INC.







**STARTING A NEW OR HAVE AN EXISTING TRUCKING BUSINESS?**

**LONG HAUL OR LOCAL TRUCKING**

» General Liability
» Auto Liability
» Bobtail Liability (Non-Trucking)
» Cargo
» Physical Damage
» Work - Comp

Call now for the LOWEST PRICES!

**408-272-2500**

www.KHALSAINSURANCE.com

3750 McKee Rd Suite A , San Jose, CA 95127

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin

Khalsa Insurance Agency, Inc. CA LICENSE #0F89805

# ਡਾ. ਮਨਮੋਹਨ ਸਿੰਘ ਆਰਥਕ ਸੁਧਾਰ ਜਾਰੀ ਰੱਖਣ ਲਈ ਦ੍ਰਿੜ੍ਹ

**ਨਵੀਂ ਦਿੱਲੀ:** ਰੁਪਏ ਦੀ ਘਟ ਰਹੀ ਕੀਮਤ 'ਤੇ ਦੇਸ਼ ਭਰ ਵਿਚ ਪੈਦਾ ਹੋਏ ਭੈਅ ਦੇ ਬਾਵਜੂਦ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਐਲਾਨ ਕੀਤਾ ਹੈ ਕਿ ਸਰਕਾਰ ਨਾ ਤਾਂ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਵਾਪਸ ਲਵੇਗੀ ਤੇ ਨਾ ਹੀ ਰੁਪਏ ਨੂੰ ਸੰਭਾਲਣ ਲਈ ਪੂੰਜੀ ਦੀ ਆਵਾਜਾਈ 'ਤੇ ਕੰਟਰੋਲ ਕਰੇਗੀ। ਡਾ. ਸਿੰਘ ਨੇ ਕਿਹਾ ਕਿ ਰੁਪਏ ਦੀ ਕੀਮਤ ਘਰੇਲੂ ਤੇ ਵਿਸ਼ਵ ਪੱਧਰ ਦੇ ਕਈ ਕਾਰਨਾਂ ਕਰਕੇ ਘਟੀ ਹੈ। ਅਰਥ ਵਿਵਸਥਾ ਦੀ ਹਾਲਤ ਸਬੰਧੀ ਪ੍ਰਧਾਨ ਮੰਤਰੀ ਨੇ ਸੰਸਦ ਵਿਚ ਬਿਆਨ ਦਿੰਦਿਆਂ ਕਿਹਾ ਕਿ ਦੇਸ਼ ਨੂੰ ਆਰਜ਼ੀ ਝਟਕਿਆਂ ਲਈ ਤਿਆਰ ਰਹਿਣਾ ਚਾਹੀਦਾ ਹੈ।



ਇਸ ਦੇ ਨਾਲ ਹੀ ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਇਹ ਗੱਲ ਯਕੀਨੀ ਬਣਾਵੇਗੀ ਕਿ ਅਰਥ ਵਿਵਸਥਾ ਦੀ ਬੁਨਿਆਦ ਮਜ਼ਬੂਤ ਬਣੀ ਰਹੇ। ਡਾ. ਸਿੰਘ ਨੇ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਮੌਜੂਦਾ ਹਾਲਾਤ ਨਾਲ ਨਜਿੱਠਣ ਲਈ ਸਹਿਯੋਗ ਦੇਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਦੇਸ਼ ਸਾਹਮਣੇ ਚੁਣੌਤੀਆਂ ਜ਼ਰੂਰ ਹਨ ਪਰ ਉਨ੍ਹਾਂ ਨਾਲ ਨਜਿੱਠਣ ਦਾ ਦਮ ਵੀ ਮੌਜੂਦ ਹੈ। ਲੋਕ ਸਭਾ ਵਿਚ ਰੁਪਏ ਦੀ ਗਿਰਾਵਟ 'ਤੇ ਆਪਣੀ ਚੁੱਪ ਤੋੜਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਰਥ ਵਿਵਸਥਾ ਨੂੰ ਆਰਜ਼ੀ ਝਟਕੇ ਲੱਗ ਸਕਦੇ ਹਨ ਤੇ ਇਨ੍ਹਾਂ ਨੂੰ ਝੱਲਣਾ ਪਵੇਗਾ।

ਇਹ ਅਰਥ ਵਿਵਸਥਾ ਦੀ ਵਿਸ਼ਵੀਕਰਨ ਦੀ ਸਚਾਈ ਹੈ ਜਿਸ ਦਾ ਫਾਇਦਾ ਵੀ ਹੋਇਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿਰਫ ਇਸ ਲਈ ਨੀਤੀਆਂ ਨੂੰ ਵਾਪਸ ਲੈਣ ਦਾ ਸਵਾਲ ਹੀ ਪੈਦਾ ਨਹੀਂ ਕਿ ਪੂੰਜੀ ਤੇ ਵਿਦੇਸ਼ੀ ਮੁਦਰਾ ਵਟਾਂਦਰਾ ਬਾਜ਼ਾਰ ਵਿਚ ਉਤਰਾਅ-ਚੜ੍ਹਾਅ ਆ ਰਹੇ ਹਨ। ਉਨ੍ਹਾਂ ਕਿਹਾ ਕਿ ਰੁਪਏ ਦੀ ਵਟਾਂਦਰਾ ਦਰ ਵਿਚ ਅਚਾਨਕ ਗਿਰਾਵਟ ਇਕ ਝਟਕਾ ਹੈ ਪਰ ਇਸ ਦਾ ਮੁਕਾਬਲਾ ਹੋਰ ਪਹਿਲੂਆਂ ਰਾਹੀਂ ਕੀਤਾ ਜਾਵੇਗਾ ਨਾ ਕਿ ਪੂੰਜੀ 'ਤੇ ਕੰਟਰੋਲ ਕਰਕੇ ਜਾਂ ਸੁਧਾਰ ਪ੍ਰਕਿਰਿਆ ਤੋਂ ਪਿੱਛੇ ਹਟ ਕੇ।

ਪ੍ਰਧਾਨ ਮੰਤਰੀ ਦੇ ਬਿਆਨ ਤੋਂ ਨਿਰਾਸ਼ ਵਿਰੋਧੀ ਪਾਰਟੀਆਂ ਨੇ ਲੋਕ ਸਭਾ ਤੋਂ ਵਾਕਆਊਟ ਕੀਤਾ ਜਿਨ੍ਹਾਂ ਵਿਚ ਭਾਜਪਾ, ਅੰਨਾ. ਡੀ.ਐਮ.ਕੇ., ਖੱਬੀਆਂ ਪਾਰਟੀਆਂ ਤੇ ਸ਼੍ਰੋਮਣੀ ਅਕਾਲੀ ਦਲ ਸ਼ਾਮਲ ਹਨ। ਸੁਧਾਰ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਹਿਲਾਂ ਸੌਖੇ ਸੁਧਾਰ ਕੀਤੇ ਜਾ ਚੁੱਕੇ ਹਨ ਤੇ ਹੁਣ ਔਖੇ ਸੁਧਾਰ ਬਾਕੀ ਹਨ। ਉਨ੍ਹਾਂ ਕਿਹਾ ਕਿ ਹੁਣ ਮੁਸ਼ਕਲਾਂ ਵਾਲੇ ਸੁਧਾਰ ਅਪਣਾਉਣੇ ਪੈਣਗੇ ਜਿਨ੍ਹਾਂ ਵਿਚ ਸਬਸਿਡੀ ਵਿਚ ਕਟੌਤੀ, ਬੀਮਾ ਤੇ ਪੈਨਸ਼ਨ ਖੇਤਰ ਵਿਚ ਸੁਧਾਰ, ਲਾਲਫੀਤਾਸ਼ਾਹੀ ਨੂੰ ਖਤਮ ਕਰਨਾ ਤੇ ਵਸਤੂ ਤੇ ਸੇਵਾ ਕਰ ਲਾਗੂ ਕਰਨਾ ਸ਼ਾਮਲ ਹੈ।

ਡਾ. ਸਿੰਘ ਨੇ ਕਿਹਾ ਕਿ ਇਹ ਸੁਧਾਰ ਅਸਾਨੀ ਨਾਲ ਲਾਗੂ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਲਈ ਰਾਜਨੀਤਕ ਆਮ ਸਹਿਮਤੀ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨੇ ਰੁਪਏ ਵਿਚ ਅਚਾਨਕ ਗਿਰਾਵਟ ਲਈ ਚਾਲੂ ਖਾਤੇ ਦੇ ਉੱਚੇ ਘਾਟੇ, ਅਮਰੀਕੀ ਫੈਡਰਲ ਰਿਜ਼ਰਵ ਦੀ ਬਾਂਡ ਵੇਚਣ ਦਾ ਪ੍ਰੋਗਰਾਮ ਹੌਲੀ-ਹੌਲੀ ਵਾਪਸ ਲੈਣ ਦੀ ਯੋਜਨਾ ਤੇ ਸੀਰੀਆ ਵਿਚ ਤਣਾਅ ਵਰਗੇ ਵਿਸ਼ਵੀ ਤੇ ਘਰੇਲੂ ਕਾਰਨਾਂ ਨੂੰ ਜ਼ਿੰਮੇਵਾਰ ਦੱਸਿਆ ਹੈ। ਡਾ. ਸਿੰਘ ਨੇ ਕਿਹਾ ਕਿ ਸੋਨੇ ਦੀ ਭਾਰੀ ਦਰਾਮਦ ਤੇ ਦਰਾਮਦ ਕੀਤੇ ਜਾਂਦੇ ਕੱਚੇ ਤੇਲ ਦੀ ਉੱਚੀ ਕੀਮਤ ਤੇ ਹਾਲ ਹੀ ਵਿਚ ਕੋਲੇ ਦੀ ਦਰਾਮਦ ਨਾਲ ਚਾਲੂ ਖਾਤੇ ਦਾ ਘਾਟਾ ਵਧਿਆ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਚਾਲੂ ਖਾਤੇ ਦੇ ਘਾਟੇ ਨੂੰ 70 ਅਰਬ ਡਾਲਰ ਤਕ ਲਿਆਉਣ ਲਈ ਕਦਮ ਚੁੱਕੇਗੀ ਜਿਹੜਾ ਮੌਜੂਦਾ ਸਮੇਂ ਕੁਲ ਘਰੇਲੂ ਉਤਪਾਦਨ 4.8 ਫ਼ੀਸਦੀ ਭਾਵ 88 ਅਰਬ ਡਾਲਰ ਤਕ ਪਹੁੰਚ ਚੁੱਕਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਸ ਸਾਲ ਭਰਵੀਂ ਮੌਨਸੂਨ ਹੋਣ ਕਾਰਨ 2013-14 ਦੇ ਦੂਸਰੇ ਅੱਧ ਵਿਚ ਵਿਕਾਸ ਦੀ ਰਫ਼ਤਾਰ ਵਿਚ ਤੇਜ਼ੀ ਆਵੇਗੀ ਤੇ ਇਹ ਆਰਥਿਕ ਵਿਕਾਸ ਦਰ ਛੇ ਫ਼ੀਸਦੀ ਤਕ ਪਹੁੰਚ ਸਕਦੀ ਹੈ ਜਿਹੜੀ 2012-13 ਵਿਚ ਘਟ ਕੇ ਪੰਜ ਫ਼ੀਸਦੀ 'ਤੇ ਆ ਗਈ ਸੀ।

ਉਨ੍ਹਾਂ ਕਿਹਾ ਕਿ ਮੌਨਸੂਨ ਨਾਲ ਭਰਵੀਂ ਫਸਲ ਦੀ ਆਸ ਹੈ ਜਿਸ ਨਾਲ ਅਨਾਜ ਦੀਆਂ ਕੀਮਤਾਂ ਘਟਣਗੀਆਂ ਤੇ ਮਹਿੰਗਾਈ ਘਟੇਗੀ। ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਦੇਸ਼ ਕੋਲ ਵਿਦੇਸ਼ੀ ਮੁਦਰਾ ਦਾ 278 ਅਰਬ ਡਾਲਰ ਦਾ ਭੰਡਾਰ ਹੈ ਜਿਹੜਾ ਦੇਸ਼ ਦੀਆਂ ਬਾਹਰੀ ਵਿੱਤੀ ਲੋੜਾਂ ਪੂਰੀਆਂ ਕਰਨ ਲਈ ਕਾਫੀ ਹੈ। ਉਨ੍ਹਾਂ ਕਿਹਾ ਕਿ ਰੁਪਏ ਦੀ ਘਟ ਰਹੀ ਕੀਮਤ ਆਰਥਿਕਤਾ ਲਈ ਵਧੀਆ ਹੋ ਸਕਦੀ ਹੈ ਕਿਉਂਕਿ ਇਸ ਨਾਲ ਮੁਕਬਾਲੇ ਵਾਲੇ ਬਾਜ਼ਾਰ ਵਿਚ ਬਰਾਮਦ ਵਧੇਗੀ ਤੇ ਦਰਾਮਦ ਉਤਸ਼ਾਹਹੀਣ ਹੋਵੇਗੀ।

# ਭਟਕਲ ਦੀ ਗ੍ਰਿਫਤਾਰੀ ਨਾਲ ਇੰਡੀਅਨ ਮੁਜਾਹਿਦੀਨ ਦਾ ਲੱਕ ਟੁੱਟਿਆ

**ਨਵੀਂ ਦਿੱਲੀ:** ਖੁਫੀਆ ਏਜੰਸੀਆਂ ਤੇ ਬਿਹਾਰ ਪੁਲਿਸ ਦੀ ਸਾਂਝੀ ਮੁਹਿੰਮ ਦੌਰਾਨ ਦੇਸ਼ ਵਿਚ ਹੋਏ ਤਕਰੀਬਨ 40 ਬੰਬ ਧਮਾਕਿਆਂ ਵਿਚ ਲੋੜੀਂਦੇ ਇੰਡੀਅਨ ਮੁਜ਼ਾਹਦੀਨ ਦੇ ਸਹਿ-ਸੰਸਥਾਪਕ ਯਾਸੀਨ ਭਟਕਲ ਨੂੰ ਬਿਹਾਰ ਵਿਚ ਨਿਪਾਲ ਦੀ ਸਰਹੱਦ ਨੇੜਿਓਂ ਗ੍ਰਿਫਤਾਰ ਕਰ ਲਿਆ ਗਿਆ। ਉਸ 'ਤੇ ਵੱਖ-ਵੱਖ ਸੂਬਿਆਂ ਦੀ ਪੁਲਿਸ ਨੇ 35 ਲੱਖ ਦੇ ਇਨਾਮ ਐਲਾਨੇ ਹੋਏ ਹਨ।



30 ਸਾਲਾ ਯਾਸੀਨ ਭਟਕਲ ਪਿਛਲੇ ਪੰਜ ਸਾਲਾਂ ਤੋਂ ਭਗੌੜਾ ਹੈ ਤੇ ਨਿਪਾਲ ਰਸਤੇ ਬੰਗਲਾਦੇਸ਼ ਜਾਣ ਦੀ ਤਿਆਰੀ ਵਿਚ ਸੀ। ਕੇਂਦਰੀ ਸੁਰੱਖਿਆ ਏਜੰਸੀਆਂ ਤੇ ਬਿਹਾਰ ਪੁਲਿਸ ਦੀ ਸਾਂਝੀ ਮੁਹਿੰਮ ਵਿਚ ਯਾਸੀਨ ਭਟਕਲ ਤੇ ਉਸ ਦੇ ਸਾਥੀ ਅਸਦਉਲਾ ਅਖਤਰ ਉਰਫ ਹਲੀਦੀ ਨੂੰ ਬਿਹਾਰ ਦੇ ਪੂਰਬੀ ਚੰਪਾਰਨ ਵਿਚਰਾਕਸੁਅਲ ਸਬ-ਡਵੀਜ਼ਨ ਵਿਚੋਂ ਗ੍ਰਿਫਤਾਰ ਕੀਤਾ ਗਿਆ। ਭਟਕਲ ਇੰਡੀਅਨ ਮੁਜਾਹਦੀਨ ਦੇ ਬਾਨੀ ਮੈਂਬਰਾਂ ਵਿਚੋਂ ਇਕ ਹੈ ਤੇ ਉਸ ਉਪਰ ਅਹਿਮਦਾਬਾਦ, ਸੂਰਤ, ਮੁੰਬਈ, ਪੁਣੇ, ਬੈਂਗਲੂਰੂ ਤੇ ਦਿੱਲੀ, ਹੈਦਰਾਬਾਦ ਤੇ ਦੇਸ਼ ਦੇ ਕਈ ਹੋਰ ਹਿੱਸਿਆਂ ਵਿਚ ਹੋਏ ਬੰਬ ਧਮਾਕਿਆਂ ਸਮੇਤ ਘੱਟੋ-ਘੱਟ 40 ਅਤਿਵਾਦੀ ਵਾਰਦਾਤਾਂ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਇਸ ਸਾਲ ਫਰਵਰੀ ਮਹੀਨੇ ਵਿਚ ਮਹਾਂਰਾਸ਼ਟਰ ਦੇ ਅਤਿਵਾਦ ਵਿਰੋਧੀ ਦਸਤੇ (ਏ.ਟੀ.ਐਸ.) ਨੇ ਯਾਸੀਨ ਤੇ ਉਸ ਦੇ ਤਿੰਨ ਸਾਥੀਆਂ ਦੀ ਸੂਚਨਾ ਦੇਣ ਵਾਲੇ ਨੂੰ 10 ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਸੀ।

ਇਸ ਤੋਂ ਇਲਾਵਾ ਦਿੱਲੀ ਪੁਲਿਸ ਨੇ ਵੀ ਦਸੰਬਰ 2011 ਵਿਚ ਯਾਸੀਨ ਭਟਕਲ ਦੀ ਸੂਚਨਾ ਦੇਣ ਵਾਲੇ ਨੂੰ 15 ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਸੀ। ਜਾਣਕਾਰੀ ਅਨੁਸਾਰ ਯਾਸੀਨ ਭਟਕਲ 'ਤੇ ਖੁਫੀਆ ਏਜੰਸੀਆਂ ਪਿਛਲੇ ਕਈ ਦਿਨਾਂ ਤੋਂ ਨਜ਼ਰ ਰੱਖ ਰਹੀਆਂ ਸਨ ਤੇ ਉਹ ਬਿਹਾਰ ਦੇ ਦਰਭੰਗਾ ਵਿਚ ਸ਼ਿਵਧਾਰਾ ਇਲਾਕੇ ਵਿਚ ਆਪਣਾ ਨਾਂ ਬਦਲ ਕੇ ਰਹਿ ਰਿਹਾ ਸੀ। ਕੌਮੀ ਜਾਂਚ ਏਜੰਸੀ ਦੀ ਟੀਮ ਨੇ ਉਸ ਦੀ ਗ੍ਰਿਫਤਾਰੀ ਲਈ ਦਰਭੰਗਾ ਤੇ ਤੇ ਆਸਪਾਸ ਦੇ ਇਲਾਕਿਆਂ ਵਿਚ ਡੇਰੇ ਲਾਏ ਹੋਏ ਸਨ। ਭਟਕਲ ਆਧੁਨਿਕ ਅਤਿਵਾਦ ਦੇ ਖੌਫਨਾਕ ਚਿਹਰਾ ਹੈ ਜੋ ਨਿਸ਼ਾਨੇ ਵਾਲੀ ਥਾਂ 'ਤੇ ਆਪ ਬੰਬ ਰੱਖ ਕੇ ਵਾਰਦਾਤ ਨੂੰ ਅੰਜ਼ਾਮ ਦਿੰਦਾ ਰਿਹਾ ਤੇ ਬੜੀ ਸਫਾਈ ਨਾਲ ਬਚ ਕੇ ਨਿਕਲ ਜਾਂਦਾ ਰਿਹਾ।

15 ਜਨਵਰੀ, 1983 ਨੂੰ ਕਰਨਾਟਕ ਦੇ ਭਟਕਲ ਪੁਲਿਸ ਥਾਣੇ ਅਧੀਨ ਪੈਂਦੀ ਮਕਦੂਮ ਕਾਲੋਨੀ ਜਨਮੇ ਯਾਸੀਨ ਭਟਕਲ ਦਾ ਅਸਲੀ ਨਾਂ ਸਈਦ ਅਹਿਮਦ ਜ਼ਰੂਰ ਸਿਦੀਬੱਪਾ ਹੈ ਤੇ ਉਸ ਨੇ ਕਰਨਾਟਕ ਦੇ ਭਟਕਲ ਤੋਂ ਇੰਜਨੀਅਰਿੰਗ ਗ੍ਰੈਜੂਏਸ਼ਨ ਕੀਤੀ। ਭਾਵੇਂ ਉਸ ਨੇ ਇੰਜਨੀਅਰਿੰਗ ਦੀ ਪੜ੍ਹਾਈ ਕੀਤੀ ਪਰ ਉਹ ਸੂਚਨਾ ਤਕਨੀਕ ਦੀ ਬਹੁਤ ਘੱਟ ਵਰਤੋਂ ਕਰਦਾ ਹੈ। ਯਾਸੀਨ ਇਕ ਅਜਿਹਾ ਅਤਿਵਾਦੀ ਹੈ ਜੋ ਕਦੇ ਈ ਮੇਲ ਨਹੀਂ ਕਰਦਾ ਤੇ ਮੋਬਾਈਲ ਸਿਮ ਦੀ ਵਰਤੋਂ ਕਰਕੇ ਉਸ ਨੂੰ ਕੁਝ ਸੈਕਿੰਡਾਂ ਵਿਚ ਨਸ਼ਟ ਕਰ ਦਿੰਦਾ ਹੈ। 21 ਸਾਲ ਦੀ ਉਮਰ ਵਿਚ ਯਾਸੀਨ ਇੰਡੀਅਨ ਮੁਜਾਹਦੀਨ ਦੇ ਬਾਨੀ ਆਮਿਰ ਰਾਣਾ ਨਾਲ ਹੋਈ। ਪਹਿਲਾਂ ਉਸ ਨੇ ਇੰਡੀਅਨ ਮੁਜਾਹਦੀਨ ਦੇ ਅਤਿਵਾਦੀਆਂ ਨੂੰ ਧਮਾਕਾਖੇਜ਼ ਸਮੱਗਰੀ ਪਹੁੰਚਾਉਂਦਾ ਸੀ। ਉਸ ਨੇ ਸਾਲ 2008 ਵਿਚ ਆਪਣੇ ਚਚੇਰੇ ਭਰਾ ਰਿਆਜ਼ ਤੇ ਹੋਰਾਂ ਨਾਲ ਮਿਲ ਕੇ ਅਤਿਵਾਦੀ ਸੰਗਠਨ ਇੰਡੀਅਨ ਮੁਜਾਹਦੀਨ ਦੀ ਸਥਾਪਨਾ ਕੀਤੀ।

# ਸਿੱਖਿਆ ਮੰਤਰੀ ਮਲੂਕਾ ਖਿਲਾਫ ਜਾਂਚ ਠੰਢੇ ਬਸਤੇ 'ਚ

**ਚੰਡੀਗੜ੍ਹ:** ਲਾਇਬ੍ਰੇਰੀ ਕਿਤਾਬਾਂ ਦੀ ਖਰੀਦ ਵਿਚ ਹੋਏ ਘਪਲੇ ਬਾਰੇ ਪੰਜਾਬ ਸਰਕਾਰ ਨੇ ਕੇਂਦਰ ਨੂੰ ਕੋਈ ਠੋਸ ਜਵਾਬ ਨਹੀਂ ਦਿੱਤਾ ਤੇ ਜਾਂਚ ਜਾਰੀ ਹੈ ਕਹਿ ਕੇ ਹੀ ਪੱਲਾ ਝਾੜ ਲਿਆ ਹੈ। ਕੇਂਦਰੀ ਮਾਨਵ ਸਰੋਤ ਮੰਤਰਾਲੇ ਨੇ ਪੰਜਾਬ ਵਿਚ ਲਾਇਬਰੇਰੀ ਕਿਤਾਬਾਂ ਤੇ ਸਾਇੰਸ ਕਿੱਟਾਂ ਦੀ ਖਰੀਦ ਦੇ ਮਾਮਲੇ ਦੀ ਪੜਤਾਲ ਕੇਂਦਰੀ ਤੱਥ ਖੋਜ ਕਮੇਟੀ ਤੋਂ ਕਰਵਾਈ ਹੈ। ਮੰਤਰਾਲੇ ਵੱਲੋਂ ਇਸ ਕਮੇਟੀ ਦੀ ਪੜਤਾਲ ਰਿਪੋਰਟ ਸਿੱਖਿਆ ਵਿਭਾਗ ਪੰਜਾਬ ਨੂੰ ਟਿੱਪਣੀ ਵਾਸਤੇ ਭੇਜੀ ਗਈ ਸੀ।

## ਕੇਂਦਰੀ ਟੀਮ ਨੂੰ ਜਵਾਬ ਦੇਣੋਂ ਟਾਲਾ ਵੱਟਿਆ

ਸਿੱਖਿਆ ਵਿਭਾਗ ਪੰਜਾਬ ਨੇ ਕੇਂਦਰ ਸਰਕਾਰ ਨੂੰ ਦਿੱਤੇ ਜਵਾਬ ਵਿਚ ਕਿਹਾ ਹੈ ਕਿ ਇਸ ਮਾਮਲੇ ਦੀ ਪੜਤਾਲ ਕਮਿਸ਼ਨ ਆਫ ਇਨਕੁਆਇਰੀ ਐਕਟ 1952 ਤਹਿਤ ਜਸਟਿਸ (ਰਿਟਾ) ਏ.ਐਨ ਜਿੰਦਲ ਤੋਂ ਕਰਵਾਈ ਜਾ ਰਹੀ ਹੈ। ਮਨੁੱਖੀ ਸਰੋਤ ਮੰਤਰਾਲੇ ਵੱਲੋਂ ਇਸ ਮਾਮਲੇ 'ਤੇ ਹਾਲੇ ਕੋਈ ਕਦਮ ਨਹੀਂ ਚੁੱਕਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸਿੱਖਿਆ ਵਿਭਾਗ ਵਿਚ ਪੁਸਤਕ ਘਪਲੇ ਦਾ ਕਾਫੀ ਰੌਲਾ ਪਿਆ ਹੈ ਜਿਸ ਮਗਰੋਂ ਪੰਜਾਬ ਸਰਕਾਰ ਨੇ ਸੇਵਾਮੁਕਤ ਜਸਟਿਸ ਨੂੰ ਪੜਤਾਲ ਸੌਂਪੀ।

ਕੇਂਦਰੀ ਮਾਨਵ ਸਰੋਤ ਮੰਤਰਾਲੇ ਦੀ ਸੂਚਨਾ ਮੁਤਾਬਕ ਇਕੱਲੇ ਪੰਜਾਬ ਵਿਚ ਹੀ ਨਹੀਂ ਬਲਕਿ ਹਰਿਆਣਾ ਤੇ ਰਾਜਸਥਾਨ ਵਿਚ ਵੀ ਸਰਬ ਸਿੱਖਿਆ ਅਭਿਐਨ ਤੇ ਰਮਸਾ ਤਹਿਤ ਖਰੀਦ ਕੀਤੀਆਂ ਕਿਤਾਬਾਂ ਵਿਚ ਗੜਬੜਾਂ ਹੋਈਆਂ ਹਨ। ਵੇਰਵਿਆਂ ਮੁਤਾਬਕ ਕੇਂਦਰ ਸਰਕਾਰ ਨੇ ਸਰਬ ਸਿੱਖਿਆ ਅਭਿਐਨ ਤਹਿਤ ਪੰਜਾਬ ਨੂੰ ਲੰਘੇ ਤਿੰਨ ਵਰ੍ਹਿਆਂ ਵਿਚ 1361 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਹਨ ਤੇ ਰਮਸਾ ਤਹਿਤ ਇਨ੍ਹਾਂ ਵਰ੍ਹਿਆਂ ਵਿਚ 535 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ। ਸਰਬ ਸਿੱਖਿਆ ਅਭਿਆਨ ਤਹਿਤ ਸਾਲ 2012-13 ਦੌਰਾਨ 494 ਕਰੋੜ ਰੁਪਏ ਤੇ ਰਮਸਾ ਤਹਿਤ 258 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਕੇਂਦਰ ਸਰਕਾਰ ਵੱਲੋਂ ਹਰ ਵਰ੍ਹੇ ਪੰਜਾਬ ਨੂੰ ਸਰਬ ਸਿੱਖਿਆ ਅਭਿਐਨ ਤਹਿਤ ਦਿੱਤੇ ਜਾਂਦੇ ਫੰਡਾਂ ਵਿਚ ਵਾਧਾ ਕੀਤਾ ਗਿਆ ਹੈ। ਸਾਲ 2010-11 ਵਿਚ ਪੰਜਾਬ ਨੂੰ ਸਰਬ ਸਿੱਖਿਆ ਅਭਿਆਨ ਤਹਿਤ 396 ਕਰੋੜ ਰੁਪਏ ਮਿਲੇ ਸਨ ਤੇ 2011-12 ਵਿਚ 481 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਗਏ। ਲੰਘੇ ਮਾਲੀ ਵਰ੍ਹੇ ਇਹ ਰਾਸ਼ੀ 494 ਕਰੋੜ ਰੁਪਏ ਹੋ ਗਈ। ਮੰਤਰਾਲੇ ਦੇ ਵੇਰਵਿਆਂ ਮੁਤਾਬਕ ਹਰਿਆਣਾ ਵਿਚ ਵੀ ਰਮਸਾ ਦੇ ਫੰਡਾਂ ਨਾਲ ਖਰੀਦ ਕੀਤੀਆਂ ਕਿਤਾਬਾਂ ਵਿਚ ਗੜਬੜ ਹੋਈ ਹੈ। ਇਨ੍ਹਾਂ ਕਿਤਾਬਾਂ ਦੀ ਖਰੀਦ ਪੁਸਤਕ ਮੇਲਿਆਂ ਲਈ ਕੀਤੀ ਗਈ ਸੀ। ਸਿਰਸਾ ਦੀ ਹਰਿਆਣਾ ਇਨਟਰੱਸਟ ਸੁਸਾਇਟੀ ਨੇ ਇਸ ਖਰੀਦ ਖ਼ਿਲਾਫ਼ ਕੇਂਦਰੀ ਮੰਤਰਾਲੇ ਨੂੰ ਸ਼ਿਕਾਇਤ ਭੇਜੀ ਸੀ। ਕੇਂਦਰ ਨੇ ਹਰਿਆਣਾ ਸਰਕਾਰ ਨੂੰ ਮਾਮਲੇ ਦੀ ਪੜਤਾਲ ਕਰਾਉਣ ਦੇ ਹੁਕਮ ਦਿੱਤੇ। ਹਰਿਆਣਾ ਸਰਕਾਰ ਨੇ ਹਰਿਆਣਾ ਸਕੂਲ ਪ੍ਰੀਯੋਜਨ ਪ੍ਰੀਸ਼ਦ ਤੋਂ ਪੜਤਾਲ ਕਰਵਾਈ ਤੇ ਕੇਂਦਰ ਨੂੰ ਇਸ ਦੀ ਰਿਪੋਰਟ ਦਸੰਬਰ 2012 ਵਿਚ ਦੇ ਦਿੱਤੀ ਸੀ।



ਕੇਂਦਰੀ ਮੰਤਰਾਲੇ ਨੇ ਪੜਤਾਲ ਦੀ ਪ੍ਰਵਾਨਗੀ ਦੇ ਪੱਧਰ 'ਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਕੇਂਦਰੀ ਮੰਤਰਾਲੇ ਨੇ ਇਸ ਮਾਮਲੇ 'ਤੇ ਹਰਿਆਣਾ ਸਰਕਾਰ ਤੋਂ ਜਵਾਬ ਮੰਗਿਆ ਜੋ ਹਾਲੇ ਤੱਕ ਮਾਨਵ ਸਰੋਤ ਮੰਤਰਾਲੇ ਨੂੰ ਪ੍ਰਾਪਤ ਨਹੀਂ ਹੋਇਆ ਹੈ। ਇਸੇ ਤਰ੍ਹਾਂ ਰਾਜਸਥਾਨ ਵਿਚ ਵਾਪਰਿਆ ਹੈ ਜਿਥੇ ਰਮਸਾ ਦੇ ਫੰਡਾਂ ਨਾਲ ਐਨ.ਸੀ.ਈ.ਆਰ.ਟੀ. ਸਾਇੰਸ ਤੇ ਮੈਥ ਕਿੱਟਾਂ ਦੀ ਖਰੀਦ ਕੀਤੀ ਗਈ ਹੈ। ਕੇਂਦਰੀ ਮੰਤਰਾਲੇ ਵੱਲੋਂ ਐਨ.ਸੀ.ਈ.ਆਰ.ਟੀ ਤੋਂ ਇਸ ਸ਼ਿਕਾਇਤ 'ਤੇ ਟਿੱਪਣੀ ਮੰਗੀ ਗਈ ਹੈ ਪਰ ਇਸ ਅਦਾਰੇ ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ। ਕੇਂਦਰੀ ਮੰਤਰਾਲੇ ਨੇ ਇਸ ਅਦਾਰੇ ਨੂੰ ਮੁੜ 14 ਜੂਨ 2013 ਨੂੰ ਰੀਮਾਈਂਡਰ ਭੇਜਿਆ ਹੈ।

# ਨੂੰਹ ਨੂੰ ਆਈ.ਏ.ਐਸ. ਬਣਾਉਣ ਦੀ ਤਿਆਰੀ

**ਚੰਡੀਗੜ੍ਹ:** ਆਈ.ਏ.ਐਸ ਵਜੋਂ ਨਾਮਜ਼ਦਗੀ ਲਈ ਪੰਜਾਬ ਦੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਤੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਸ਼ਿਵਕਰਨ ਸਿੰਘ ਕਾਹਲੋਂ ਸਮੇਤ 15 ਅਫਸਰ ਮੁੱਖ ਸਕੱਤਰ ਦੀ ਅਗਵਾਈ ਹੇਠਲੀ ਕਮੇਟੀ ਅੱਗੇ ਪੇਸ਼ ਹੋਏ। ਸੂਬਾ ਸਰਕਾਰ ਨੇ ਨਾਨ ਪੀ.ਸੀ.ਐਸ ਅਫਸਰਾਂ ਦੇ ਕੋਟੇ ਦੀ ਇਕ ਅਸਾਮੀ ਭਰਨ ਲਈ ਪੰਜ ਅਫਸਰਾਂ ਦੇ ਨਾਵਾਂ ਦਾ ਪੈਨਲ ਸੰਘੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ) ਨੂੰ ਭੇਜਣਾ ਹੈ। ਮੁੱਖ ਸਕੱਤਰ ਰਾਕੇਸ਼ ਸਿੰਘ ਦੀ ਅਗਵਾਈ ਹੇਠਲੀ ਇਸ ਕਮੇਟੀ ਵਿਚ ਪ੍ਰਮੁੱਖ ਸਕੱਤਰ (ਗ੍ਰਹਿ) ਧਨਬੀਰ ਸਿੰਘ ਬੈਂਸ, ਪ੍ਰਮੁੱਖ ਸਕੱਤਰ (ਟਰਾਂਸਪੋਰਟ) ਜਗਪਾਲ ਸਿੰਘ ਸੰਧੂ ਤੇ ਸਕੱਤਰ (ਪ੍ਰਸੋਨਲ) ਅਨਿਰੁਧ ਤਿਵਾੜੀ ਸਨ। ਅਧਿਕਾਰੀਆਂ ਦੀ ਇਸ ਟੀਮ ਨੇ 15 ਅਫਸਰਾਂ ਦੀ ਇੰਟਰਵਿਊ ਲਈ। ਨਾਨ ਪੀ.ਸੀ.ਐਸ ਅਸਾਮੀ ਲਈ ਕੁੱਲ 29 ਅਫਸਰਾਂ ਨੇ ਅਰਜ਼ੀਆਂ ਦਿੱਤੀਆਂ ਸਨ ਜਿਨ੍ਹਾਂ ਵਿਚੋਂ 15 ਨੂੰ ਹੀ ਬੁਲਾਇਆ ਗਿਆ ਸੀ। ਨਿਯਮਾਂ ਮੁਤਾਬਕ ਇਸ ਅਸਾਮੀ ਲਈ ਡਿਪਟੀ ਕੁਲੈਕਟਰ ਦੇ ਤਨਖਾਹ ਸਕੇਲ 'ਤੇ ਘੱਟੋ-ਘੱਟ ਅੱਠ ਸਾਲ ਦਾ ਸੇਵਾ ਕਾਲ ਹੋਣਾ ਜ਼ਰੂਰੀ ਹੈ। ਮੁੱਖ ਸਕੱਤਰ ਦਫ਼ਤਰ ਦੇ ਸੂਤਰਾਂ ਅਨੁਸਾਰ ਸਿੱਖਿਆ ਮੰਤਰੀ ਦੀ ਨੂੰਹ ਇਹ ਸ਼ਰਤਾਂ ਪੂਰੀਆਂ ਨਹੀਂ ਕਰਦੀ ਕਿਉਂਕਿ ਪਰਮਪਾਲ ਕੌਰ 2011 ਵਿਚ ਹੀ ਇਸ ਤਨਖਾਹ ਸਕੇਲ ਵਿਚ ਆਈ ਹੈ।

ਜੁਲਾਈ ਦੌਰਾਨ ਵੀ ਮੁੱਖ ਸਕੱਤਰ ਨੇ ਇਸ ਅਸਾਮੀ ਦੀ ਚੋਣ ਲਈ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ ਪਰ ਉਸ ਸਮੇਂ ਕੋਈ ਇੰਟਰਵਿਊ ਨਹੀਂ ਸੀ ਹੋਈ। ਉਸ ਸਮੇਂ ਪੰਜ ਅਫਸਰਾਂ ਦੀ ਚੋਣ ਹੋ ਗਈ ਸੀ ਜਿਨ੍ਹਾਂ ਦੇ ਨਾਂ ਯੂ.ਪੀ.ਐਸ.ਸੀ. ਨੂੰ ਭੇਜੇ ਜਾਣੇ ਸਨ। ਇਨ੍ਹਾਂ ਵਿਚ ਪਰਮਪਾਲ ਕੌਰ ਦਾ ਨਾਂ ਨਹੀਂ ਸੀ ਜਦੋਂ ਕਿ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਦੀ ਚੋਣ ਹੋ ਗਈ ਸੀ। ਮੁੱਖ ਸਕੱਤਰ ਦੀ ਅਗਵਾਈ ਹੇਠਲੀ ਕਮੇਟੀ ਦੇ ਅੱਗੇ ਜਿਹੜੇ ਅਫਸਰ ਪੇਸ਼ ਹੋਏ, ਉਨ੍ਹਾਂ ਵਿਚ ਪੰਜਾਬ ਦੇ ਆਰਥਿਕ ਸਲਾਹਕਾਰ ਐਮ.ਐਲ. ਸ਼ਰਮਾ, ਪਰਮਪਾਲ ਕੌਰ, ਡਾ. ਸ਼ਿਵ ਕਰਨ ਸਿੰਘ ਕਾਹਲੋਂ, ਲੋਕ ਸੰਪਰਕ ਵਿਭਾਗ ਤੋਂ ਓਪਿੰਦਰ ਸਿੰਘ ਲਾਂਬਾ, ਸੇਨੂ ਦੁੱਗਲ, ਤਕਨੀਕੀ ਸਿੱਖਿਆ ਵਿਭਾਗ ਤੋਂ ਮੋਹਨਬੀਰ ਸਿੰਘ ਤੇ ਦਲਜੀਤ ਕੌਰ, ਖੁਰਾਕ ਤੇ ਸਪਲਾਈ ਵਿਭਾਗ ਤੋਂ ਇੰਦਰਦੀਪ ਸਿੰਘ, ਡਾ. ਗੁਰਸ਼ਰਨ ਸਿੰਘ, ਰਾਕੇਸ਼ ਕੁਮਾਰ, ਦੋ ਅਫਸਰ ਆਬਕਾਰੀ ਤੇ ਕਰ ਵਿਭਾਗ ਤੋਂ ਤੇ ਹੋਰ ਸ਼ਾਮਲ ਸਨ।

# ਭਾਰਤ ਵਿਚ ਦਹੇਜ ਲਈ ਹਰ ਘੰਟੇ ਇਕ ਬਲੀ

**ਚੰਡੀਗੜ੍ਹ:** ਦੇਸ਼ ਵਿਚ ਦਾਜ ਨਾਲ ਸਬੰਧਤ ਕਾਰਨਾਂ ਕਰਕੇ ਔਸਤਨ ਹਰੇਕ ਘੰਟੇ ਵਿਚ ਇਕ ਔਰਤ ਦੀ ਮੌਤ ਹੁੰਦੀ ਹੈ ਤੇ ਇਨ੍ਹਾਂ ਮਾਮਲਿਆਂ ਦੀ ਗਿਣਤੀ ਵਿਚ 2007 ਅਤੇ 2011 ਦਰਮਿਆਨ ਵੱਡਾ ਵਾਧਾ ਹੋਇਆ ਹੈ। ਅਪਰਾਧਾਂ ਦਾ ਰਿਕਾਰਡ ਰੱਖਣ ਵਾਲੀ ਕੌਮੀ ਬਿਊਰੋ (ਐਨ.ਸੀ.ਆਰ.ਬੀ.) ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 2012 ਵਿਚ ਵੱਖ-ਵੱਖ ਰਾਜਾਂ ਵਿਚ ਦਾਜ ਦੀ ਖਾਤਰ 8233 ਮੌਤਾਂ ਹੋਈਆਂ। ਅੰਕੜਿਆਂ ਮੁਤਾਬਕ ਹਰੇਕ ਘੰਟੇ ਵਿਚ ਇਕ ਮੌਤ ਹੁੰਦੀ ਹੈ।

2011 ਵਿਚ ਔਰਤਾਂ ਖਿਲਾਫ ਜੁਰਮ ਦੇ ਇਸ ਵਰਗ ਵਿਚ ਮੌਤਾਂ ਦੀ ਗਿਣਤੀ 8618 ਸੀ ਪਰ ਸਜ਼ਾ ਦੀ ਦਰ 35.8 ਫ਼ੀਸਦੀ ਸੀ ਜੋ 2012 ਵਿਚ ਦਰਜ ਕੀਤੇ ਅੰਕੜੇ 32 ਫ਼ੀਸਦੀ ਤੋਂ ਥੋੜ੍ਹੀ ਵੱਧ ਸੀ। ਇਹ ਏਜੰਸੀ ਕੌਮੀ ਪੱਧਰ 'ਤੇ ਅਪਰਾਧ ਅੰਕੜਿਆਂ ਨੂੰ ਇਕੱਤਰ ਕਰਨ ਵਾਲਾ ਇਕੋ ਇਕ ਕੇਂਦਰੀ ਮੁੱਖ ਵਿਭਾਗ ਹੈ। ਪੁਲਿਸ ਅਧਿਕਾਰੀਆਂ 'ਤੇ ਵੀ ਵੱਖ ਵੱਖ ਕਾਰਨਾਂ ਕਰਕੇ ਦੋਸ਼ ਲਗਦੇ ਹਨ। ਦਿੱਲੀ ਪੁਲਿਸ ਦੀ ਵਧੀਕ ਡਿਪਟੀ ਕਮਿਸ਼ਨਰ ਸੁਮਨ ਨਲਵਾ (ਔਰਤਾਂ ਤੇ ਬੱਚਿਆਂ ਬਾਰੇ ਵਿਸ਼ੇਸ਼ ਇਕਾਈ) ਦਾ ਕਹਿਣਾ ਕਿ ਇਹ ਸਮੱਸਿਆ ਕੇਵਲ ਹੇਠਲੇ ਜਾਂ ਮੱਧਵਰਗੀ ਪਰਿਵਾਰਾਂ ਵਿਚ ਨਹੀਂ। ਖਾਂਦੇ-ਪੀਂਦੇ ਪਰਿਵਾਰ ਵੀ ਇਨ੍ਹਾਂ ਮਾਮਲਿਆਂ ਵਿਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਮਾਜ ਦੇ ਬਹੁਤ ਹੀ ਪੜ੍ਹੀ-ਲਿਖੀ ਜਮਾਤ ਵੀ ਦਾਜ ਨੂੰ ਨਾਂਹ ਨਹੀਂ ਆਖਦੀ। ਇਹ ਸਮੱਸਿਆ ਤਾਂ ਸਮਾਜਿਕ ਤਾਣੇ ਬਾਣੇ ਵਿਚ ਡੂੰਘਾ ਘਰ ਕਰ ਚੁੱਕੀ ਹੈ। 1961 ਦਾ ਦਾਜ ਸਬੰਧੀ ਕਾਨੂੰਨ ਦਾਜ ਦੇਣ ਤੇ ਦਾਜ ਲੈਣ ਦੀ ਮਨਾਹੀ ਕਰਦਾ ਹੈ ਪਰ ਵਿਆਹ ਲਈ ਪੇਸ਼ਗੀ ਸ਼ਰਤ ਵਜੋਂ ਇਸ ਦਾ ਸ਼ਰੇਆਮ ਲੈਣ-ਦੇਣ ਚਲ ਰਿਹਾ ਹੈ। ਮੈਡਮ ਨਲਵਾ ਦਾ ਕਹਿਣਾ ਕਿ ਮੌਜੂਦਾ ਕਾਨੂੰਨ ਵਿਚ ਕਈ ਖਾਮੀਆਂ ਹਨ ਤੇ ਇਸ ਨੂੰ ਸਖਤ ਬਣਾਉਣ ਦੀ ਲੋੜ ਹੈ।

# ਉਰਦੂ, ਹਿੰਦੀ, ਪੰਜਾਬੀ ਦਾ ਸੁਮੇਲ ਟੀ ਐਨ ਰਾਜ਼

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਉਰਦੂ ਤੇ ਹਿੰਦੀ ਦੀ ਐਮ ਏ ਅਤੇ ਪੰਜਾਬੀ ਦੀ ਗਿਆਨੀ ਪਾਸ ਟੀ ਐਨ ਰਾਜ਼ ਪਟਿਆਲਾ ਦਾ ਜੰਮਪਲ ਤੇ ਹਰਿਆਣਾ ਸਰਕਾਰ ਦਾ ਸੇਵਾ ਮੁਕਤ ਡਿਪਟੀ ਸੈਕਟਰੀ ਹੈ। ਉਸ ਨੇ ਉਰਦੂ ਸ਼ਾਇਰੀ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਦਾ ਜਿਹੜਾ ਕੰਮ ਕੀਤਾ ਹੈ ਉਸ ਦਾ ਕੋਈ ਸਾਨੀ ਨਹੀਂ। ਖੁਸ਼ਵੰਤ ਸਿੰਘ, ਗੋਪੀ ਚੰਦ ਨਾਰੰਗ, ਕਮਲੇਸ਼ਵਰ ਤੇ ਸੁਰਜੀਤ ਪਾਤਰ-ਅੰਗਰੇਜ਼ੀ, ਉਰਦੂ, ਹਿੰਦੀ ਤੇ ਪੰਜਾਬੀ (ਕਰਮਵਾਰ) ਦੇ ਉਚ ਕੋਟੀ ਦੇ ਲੇਖਕਾਂ ਨੇ ਉਸ ਦੀ ਦੇਣ ਨੂੰ ਸਲਾਹਿਆ ਤੇ ਪ੍ਰਵਾਨ ਕੀਤਾ ਹੈ। ਗਾਲਿਬ-ਜੀਵਨ ਤੇ ਸ਼ਾਇਰੀ, ਰੰਗਾਰੰਗ ਉਰਦੂ ਸ਼ਾਇਰੀ, ਹਿੰਦੁਸਤਾਨ ਤੇ ਪਾਕਿਸਤਾਨ ਦੀ ਬਿਹਤਰੀਨ ਹਾਸ ਰਸੀ ਕਵਿਤਾ, ਅਹਿਮਦ ਫਰਾਜ਼ ਮੁਨੱਵਰ ਰਾਣਾ ਤੇ ਪਰਵੀਨ ਸ਼ਾਕਿਰ ਦੀ ਚੋਣਵੀਂ ਸ਼ਾਇਰੀ ਦੇ ਸੰਗ੍ਰਿਹ 'ਦੁਨੀਯਾ-ਏ-ਗ਼ਜ਼ਲ' ਤੇ 'ਮੈਖਾਨਾ-ਜਾਮ-ਓ-ਪੈਮਾਨਾ' ਸਮੇਤ ਉਸ ਦੀਆਂ 8 ਪੁਸਤਕਾਂ ਪੰਜਾਬੀ ਦੇ ਨਾਲ ਨਾਲ ਹਿੰਦੀ ਵਿਚ ਵੀ ਛਪ ਚੁੱਕੀਆਂ ਹਨ। ਉਸ ਨੇ ਪੰਜਾਬੀ ਤੇ ਹਿੰਦੀ ਪਾਠਕਾਂ ਨੂੰ ਉਰਦੂ ਗ਼ਜ਼ਲ ਦੀ ਨਜ਼ਾਕਤ, ਨਫਾਸਤ, ਰੰਗੀਨੀ ਤੇ ਸ਼ੀਰੀਨੀ ਨਾਲ ਮਾਲਾ ਮਾਲ ਕੀਤਾ ਹੈ। ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਹਿੰਦੀ ਪੰਜਾਬੀ ਦੇ ਪ੍ਰਮੁਖ ਕਵੀਆਂ ਨੂੰ ਉਰਦੂ ਫਾਰਸੀ ਵਾਲੀ ਰੰਗੀਨੀ ਆਪਣੀ ਕਵਿਤਾ ਵਿਚ ਲਿਆਉਣ ਲਈ ਗ਼ਜ਼ਲ ਦਾ ਪੱਲਾ ਫੜਨਾ ਪਿਆ ਹੈ। ਸਾਧੂ ਸਿੰਘ ਹਮਦਰਦ ਦੇ ਸਮੇਂ ਪੰਜਾਬੀ ਭਾਸ਼ਾ ਤੇ ਵਿਆਕਰਣ ਨੂੰ ਗ਼ਜ਼ਲ ਦੇ ਮੇਚ ਦੀ ਨਾ ਕਹਿਣ ਵਾਲੇ ਸਾਰੇ ਆਲੋਚਕ ਅੱਜ ਥਾਂ ਥਾਂ ਜਗਤਾਰ, ਪਾਤਰ ਤੇ ਸੁਖਵਿੰਦਰ ਅੰਮ੍ਰਿਤ ਦੀਆਂ ਗ਼ਜ਼ਲਾਂ ਦਾ ਗੁਣਗਾਇਨ ਕਰਦੇ ਹਨ।

ਉਪਰੋਕਤ ਵਿਚਾਰਾਂ ਨੂੰ ਨਵਾਂ ਕਰਨ ਵਾਲੀ ਮੇਰੇ ਸਾਹਮਣੇ ਟੀ ਐਨ ਰਾਜ਼ ਦੀ ਸੰਪਾਦਤ ਪੁਸਤਕ 'ਦੁਨੀਯਾ-ਏ-ਗ਼ਜ਼ਲ' ਹੈ। ਇਸ ਵਿਚ



*ਟੀ ਐਨ ਰਾਜ਼*

'ਖ਼ੂਬ ਰੂ ਖ਼ੂਬ ਕਾਮ ਕਰਤੇ ਹੈਂ/ਯਕ ਨਿਗਾਹ ਮੇਂ ਗੁਲਾਮ ਕਰਤੇ ਹੈਂ' ਤੋਂ 'ਜਿਸੇ ਦੁਨੀਯਾ-ਏ-ਮੁਹਬੱਤ ਨੇ ਸਮਝ ਰੱਖਾ ਹੈ/ਬਾਤ ਐਸੀ ਭੀ ਨਹੀਂ ਹੈ ਰੁਸਵਾਈ ਕੀ' ਤੱਕ ਉਰਦੂ ਗ਼ਜ਼ਲ ਦਾ 300 ਸਾਲ ਦਾ ਸਫਰ ਹੈ। ਪਹਿਲਾ ਸ਼ਿਅਰ ਕਹਿਣ ਵਾਲੇ ਵਲੀ ਦਕਨੀ ਦਾ ਜਨਮ 1667 ਦਾ ਹੈ, ਦੂਜੇ ਸ਼ਿਅਰ ਵਾਲੀ ਰੁਬੀਨਾ ਸ਼ਬਨਮ ਦਾ 1971 ਦਾ। ਇਸ ਵਿਚ ਵਲੀ ਦਕਨੀ ਤੋਂ ਬਿਨਾਂ ਇੰਸ਼ਾ, ਮੀਰ, ਦਰਦ, ਗਾਲਿਬ, ਮੋਮਿਨ, ਜ਼ੌਕ, ਜ਼ਫ਼ਰ, ਦਾਗ ਵਰਗੇ ਪੁਰਾਣੇ ਸ਼ਾਇਰਾਂ ਦੀਆਂ ਗ਼ਜ਼ਲਾਂ ਹੀ ਨਹੀਂ ਅਜੋਕੀ ਦੁਨੀਆਂ ਦੇ ਇਕਬਾਲ, ਫੈਜ਼, ਕੈਫੀ, ਅਖਤਰ, ਸਰਦਾਰ, ਕਾਸਮੀ, ਸਾਹਿਰ, ਗੁਲਜ਼ਾਰ, ਫਿਰਾਕ, ਫਾਜ਼ਲੀ, ਕਿਸ਼ਵਰ, ਰਾਣਾ, ਸ਼ਾਕਿਰ ਤਕ 300 ਸ਼ਾਇਰਾਂ ਦੀਆਂ ਗ਼ਜ਼ਲਾਂ ਹਨ। ਪ੍ਰਵਾਣਤ ਗ਼ਜ਼ਲਗੋਆਂ ਦੀ ਪ੍ਰਤੀਨਿਧ ਤੇ ਸਮਝ ਆਉਣ ਵਾਲੀ ਗ਼ਜ਼ਲ ਚੁਣਨਾ ਕੋਈ ਖੇਲ੍ਹ ਨਹੀਂ ਸੀ। ਇਹ ਗ਼ਜ਼ਲਾਂ ਤੁਸੀਂ ਸਹਿਗਲ, ਗੁਲਾਮ ਅਲੀ, ਮੇਹਦੀ ਹਸਨ, ਬੇਗਮ ਅਖਤਰ, ਮਲਿਕਾ ਪੁਖਰਾਜ ਤੇ ਜਗਜੀਤ ਦੀ ਆਵਾਜ਼ ਵਿਚ ਅਕਾਸ਼ਵਾਣੀ, ਦੂਰਦਰਸ਼ਨ 'ਤੇ ਗੀਤ-ਸੰਗੀਤ ਦੇ ਪ੍ਰੋਗਰਾਮ ਸੁਣਦੇ ਆਏ ਹੋ। ਟੀ ਐਨ ਰਾਜ਼ ਦੀ ਉਰਦੂ ਸ਼ਬਦ-ਜੋੜਾਂ, ਮੁਹਾਵਰੇ ਤੇ ਵਿਆਕਰਣ ਉਤੇ ਪਕੜ ਹੈ। ਉਸ ਨੇ ਸ਼ਬਦਾਂ ਦੀ ਆਬਰੂ ਉਤੇ ਪੂਰਾ ਪਹਿਰਾ ਦਿੱਤਾ ਹੈ। ਰਾਜ਼ ਨੇ ਔਖੇ ਸ਼ਬਦਾਂ ਦੇ ਅਰਥ ਦੇ ਕੇ ਇਨ੍ਹਾਂ ਨੂੰ ਮਾਨਣਯੋਗ ਬਣਾਇਆ ਹੈ।

ਚੇਤੇ ਰਹੇ ਕਿ ਏਨਾ ਗੰਭੀਰ ਤੇ ਹਰਮਨ ਪਿਆਰਾ ਕੰਮ ਕਰਨ ਵਾਲਾ ਸਿਰੜੀ ਤੇ ਸਿਆਣਾ ਟੀ ਐਨ ਰਾਜ਼ ਮੂਲ ਰੂਪ ਵਿਚ ਮਜ਼ਾਹੀਆ ਗ਼ਜ਼ਲਾਂ ਲਿਖਦਾ ਰਿਹਾ ਹੈ। ਇਸ ਲਈ ਅੰਗਰੇਜ਼ੀ ਦਾ ਸ਼ਬਦ ਪੈਰੋਡੀ ਵਰਤਣਾ ਵਧੇਰੇ ਉਚਿਤ ਹੈ। ਉਸ ਦੀ ਪੁਸਤਕ 'ਗਾਲਿਬ ਤੇ ਦੁਰਗਤ' ਦਾ ਬਸ਼ੀਰ ਬਦਰ, ਨਿਦਾ ਫਾਜ਼ਲੀ, ਜਗਨ ਨਾਥ ਆਜ਼ਾਦ ਤੇ ਇਬਰਾਹਿਮ ਅਸ਼ਕ ਵਰਗੇ ਮੰਨੇ ਪ੍ਰਮੰਨੇ ਹਸਤਾਖਰ ਸਵਾਗਤ ਕਰ ਚੁੱਕੇ ਹਨ। ਗਾਲਿਬ ਤੇ ਗੁਰਬਾਣੀ ਦਾ ਮੱਦਾਹ ਖੁਸ਼ਵੰਤ ਸਿੰਘ ਇਸ ਨੂੰ ਸਰ੍ਹਾਣੇ ਰਖ ਕੇ ਸੌਂਦਾ ਰਿਹਾ ਹੈ। ਦੇਸ਼ ਵੰਡ ਤੋਂ ਪਿੱਛੋਂ ਉਰਦੂ ਸ਼ਾਇਰੀ ਦਾ ਪੱਲਾ ਫੜਨ ਵਾਲਿਆਂ ਵਿਚ ਟੀ ਐਨ ਰਾਜ਼ ਪਹਿਲਾ ਵਿਅਕਤੀ ਨਹੀਂ। ਇਸ ਤੋਂ ਪਹਿਲਾਂ ਪ੍ਰਕਾਸ਼ ਪੰਡਤ ਦੇ ਤਿਆਰ ਕੀਤੇ ਕਈ ਸੰਗ੍ਰਿਹ ਮਕਬੂਲ ਹੋਏ। ਪਰ ਪੰਡਿਤ ਨੂੰ ਲੋਕਗੀਤ ਪ੍ਰਕਾਸ਼ਨ ਦੇ ਹਰੀਸ਼ ਜੈਨ ਵਰਗਾ ਕੋਈ ਅਜਿਹਾ ਪ੍ਰਕਾਸ਼ਕ ਨਹੀਂ ਸੀ ਮਿਲਿਆ ਜੋ ਪੁਸਤਕ ਦੀ ਦਿੱਖ ਤੇ ਛਪਾਈ ਵਲ ਧਿਆਨ ਦਿੰਦਾ। ਰਾਜ਼ ਦੇ ਕੰਮ ਦਾ ਰੱਜਵਾਂ ਤੇ ਵੱਡਾ ਸਵਾਗਤ ਹੋਣਾ ਚਾਹੀਦਾ ਹੈ। ਇਹ ਦੱਸਣ ਲਈ ਕਿ ਉਰਦੂ ਦੇ ਕਦਰਦਾਨ ਆਜ਼ਾਦ ਭਾਰਤ 'ਚ ਵੀ ਕਾਇਮ ਹਨ। ਪੁਸਤਕ 'ਚੋਂ ਚੋਣਵੇਂ ਸ਼ਿਅਰ ਦਿੱਤੇ ਬਿਨਾਂ ਇਹ ਗੱਲ ਕਹਿਣਾ ਚੰਗਾ ਤਾਂ ਨਹੀਂ ਲਗਦਾ ਪਰ ਥਾਂ ਦੀ ਥੁੜ ਆਗਿਆ ਨਹੀਂ ਦਿੰਦੀ। ਮੁਹਤਰਿਮਾ ਯਾਸਮੀਨ ਹਮੀਦ ਦੇ ਇਕ ਸ਼ਿਅਰ ਨਾਲ ਆਗਿਆ ਲੈਂਦਾ ਹਾਂ,

ਵਕਤ ਕਟਤਾ ਨਹੀਂ ਕਿਸੀ ਸੂਰਤ
ਲੋਗ ਕਹਿਤੇ ਹੈਂ ਜ਼ਿੰਦਗੀ ਕਮ ਹੈ।

**ਸਮੂਹਕ ਬਲਾਤਕਾਰ ਦੀ ਸਬਕ ਸਿਖਾਊ ਸਜ਼ਾ:** ਨਵੀਂ ਦਿੱਲੀ ਦੇ ਦਸੰਬਰ ਸੋਲਾਂ ਬਲਾਤਕਾਰ ਤੋਂ ਪਿੱਛੋਂ ਸਰਕਾਰ ਨੇ ਐਲਾਨ ਕੀਤਾ ਸੀ ਕਿ ਇਸ ਨੂੰ ਨਾਦਰ ਨਦੀਦ ਦੋਸ਼ ਗਰਦਾਨ ਕੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾ ਸਕਦੀ ਹੈ। ਅੱਠ ਮਹੀਨੇ ਲੰਘ ਜਾਣ 'ਤੇ ਵੀ ਦੋਸ਼ੀ ਮੁਫਤ ਪਰਸ਼ਾਦੇ ਪਾੜੀ ਜਾ ਰਹੇ ਹਨ। ਨਾਬਾਲਗ ਮੰਨੇ ਜਾਂਦੇ ਦੋਸ਼ੀ ਨੂੰ ਡਰ ਡਰ ਕੇ ਹੱਥ ਪਾਇਆ ਜਾ ਰਿਹਾ ਹੈ। ਹੁਣ ਮੁੰਬਈ ਦੇ ਤਾਜ਼ਾ ਬਲਾਤਕਾਰ ਨੂੰ ਦਿੱਲੀ ਵਾਲੇ ਦੋਸ਼ੀਆਂ ਨੂੰ ਹੋ ਰਹੀ ਸਜ਼ਾ ਦੀ ਦੇਰੀ ਤੋਂ ਵਖ ਕਰਕੇ ਨਹੀਂ ਦੇਖਿਆ ਜਾ ਸਕਦਾ। ਨਿਆਂ ਦੀ ਦੇਰੀ ਵੀ ਬੇਨਿਆਈਂ ਤੋਂ ਘੱਟ ਨਹੀਂ ਹੁੰਦੀ। ਮਾਂਵਾਂ, ਧੀਆਂ ਤੇ ਭੈਣਾਂ ਵਾਲੀ ਸਰਕਾਰ ਤੇ ਕਚਹਿਰੀ ਕਿੱਥੇ ਸੁੱਤੀ ਪਈ ਹੈ। ਜਾਪਦਾ ਹੈ ਕਿ ਸੰਸਦ ਤੇ ਵਿਧਾਨ ਸਭਾਵਾਂ ਵੀ ਉਸੇ ਹੀ ਨੀਂਦ ਸੌਂ ਰਹੀਆਂ ਹਨ। ਸਬਕ ਸਿਖਾਊ ਸਜ਼ਾ ਲੱਭੋ ਤੇ ਉਸ 'ਤੇ ਅਮਲ ਕਰੋ!! ਜਾਗੋ!!!

**ਅੰਤਿਕਾ:**

ਤਵਾਇਫ ਕੀ ਤਰਹ
ਅਪਨੇ ਗ਼ਲਤ ਕਾਮੋਂ ਕੇ ਚਿਹਰੇ ਪਰ
ਹਕੂਮਤ ਮੰਦਰ-ਓ-ਮਸਜਿਦ ਕਾ
ਪਰਦਾ ਡਾਲ ਦੇਤੀ ਹੈ।
ਭਟਕਤੀ ਹੈ ਹਵਸ ਦਿਨ ਰਾਤ
ਸੋਨੇ ਕੀ ਦੁਕਾਨੋਂ ਪਰ
ਗਰੀਬੀ ਕਾਨ ਛਿਦਵਾਤੀ ਹੈ
ਤਿਨਕਾ ਡਾਲ ਦੇਤੀ ਹੈ।
*(ਮੁਨਵੱਰ ਰਾਣਾ: 'ਦੁਨੀਯਾ-ਏ-ਗ਼ਜ਼ਲ' 'ਚੋਂ)*

# ਨਿੱਕੀ ਹੈਲੀ ਵੱਲੋਂ ਭਾਰਤੀ ਉਦਮੀਆਂ ਨੂੰ ਸੱਦਾ

**ਕੋਲੰਬੀਆ:** ਭਾਰਤੀ ਮੂਲ ਦੀ ਅਮਰੀਕਨ ਤੇ ਸਾਊਥ ਕੈਰੋਲਾਈਨਾ ਦੀ ਗਵਰਨਰ ਨਿੱਕੀ ਹੈਲੀ ਨੇ ਕਿਹਾ ਹੈ ਕਿ ਉਹ ਆਪਣੇ ਸੂਬੇ ਵਿਚ ਭਾਰਤੀ ਪ੍ਰਾਈਵੇਟ ਸੈਕਟਰ ਵੱਲੋਂ ਉਦਯੋਗ ਸਥਾਪਤ ਕਰਨ ਵਿਚ ਸਹਾਇਤਾ ਦੇਣ ਲਈ ਤਿਆਰ ਹੈ। ਨਿੱਕੀ ਹੈਲੀ ਨੇ ਭਾਰਤ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਵਸਤਾਂ ਬਣਾਉਣ ਤੇ ਤਕਨੀਕੀ ਖੇਤਰ ਵਿਚ ਭਾਰਤ ਨੂੰ ਵਿਸ਼ੇਸ਼ਤਾ ਹਾਸਲ ਹੈ ਤੇ ਜੇਕਰ ਭਾਰਤੀ ਉਦਯੋਗਪਤੀ ਸੂਬੇ ਵਿਚ ਕੋਈ ਅਜਿਹਾ ਉਦਯੋਗ ਲਾਉਂਦੇ ਹਨ ਜਿਸ ਨਾਲ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲਣ ਦੇ ਵਸੀਲੇ ਪੈਦਾ ਹੋਣ, ਉਹ ਉਸ ਦਾ ਸਵਾਗਤ ਕਰੇਗੀ।

ਉਨ੍ਹਾਂ ਦੱਸਿਆ ਕਿ ਉਹ ਇਸ ਬਾਰੇ ਅਮਰੀਕਾ ਵਿਚ ਭਾਰਤੀ ਰਾਜਦੂਤ ਨਿਰੂਪਮਾ ਰਾਓ ਨਾਲ ਸੰਪਰਕ ਵਿਚ ਹਨ ਤੇ ਆਸ ਕਰਦੇ ਹਨ ਕਿ ਛੇਤੀ ਹੀ ਕੋਈ ਨਾ ਕੋਈ ਨਤੀਜਾ ਨਿਕਲ ਆਵੇਗਾ। ਹੈਲੀ ਜੋ ਦੂਜੀ ਵਾਰ ਗਵਰਨਰ ਬਣਨ ਦੀ ਦੌੜ ਵਿਚ ਸ਼ਾਮਲ ਹੈ, ਭਾਰਤੀ ਮੂਲ ਦੇ ਅਮਰੀਕਨ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਯਤਨਸ਼ੀਲ ਹੈ ਤੇ ਉਸ ਦਾ ਕਹਿਣਾ ਹੈ ਕਿ ਉਸ ਨੂੰ ਮੁੜ ਤੋਂ ਚੁਣ ਕੇ ਭਾਰਤੀ ਮੂਲ ਦੇ ਅਮਰੀਕਨ ਆਪਣੀ ਗੂੜ੍ਹੀ ਪਛਾਣ ਛੱਡ ਸਕਦੇ ਹਨ।



ਨਿੱਕੀ ਹੈਲੀ ਦਾ ਕਹਿਣਾ ਹੈ ਕਿ ਭਾਰਤੀ ਮੂਲ ਦੇ ਅਮਰੀਕੀਆਂ ਨੇ ਦਵਾਈਆਂ, ਕਾਨੂੰਨ, ਸਿੱਖਿਆ, ਵਿਗਿਆਨ ਤੇ ਹੋਰ ਖੇਤਰਾਂ ਵਿਚ ਅਹਿਮ ਯੋਗਦਾਨ ਪਾਇਆ ਹੈ ਤੇ ਹੁਣ ਉਨ੍ਹਾਂ ਨੂੰ ਰਾਜਨੀਤੀ ਵਿਚ ਵੀ ਭਰਵਾਂ ਯੋਗਦਾਨ ਪਾਉਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਨਿੱਕੀ ਹੈਲੀ ਦਾ ਜਨਮ ਸਾਊਥ ਕੈਰੋਲਾਈਨਾ ਦੇ ਬੈਮਬਰਗ ਵਿਚ ਇਕ ਸਿੱਖ ਪਰਿਵਾਰ ਵਿਚ ਹੋਇਆ ਹੈ ਤੇ ਉਸ ਦੇ ਪਰਿਵਾਰ ਦਾ ਪਿਛੋਕੜ ਅੰਮ੍ਰਿਤਸਰ ਦਾ ਹੈ।

# ਮੰਗਲ ਦੀ ਫੇਰੀ ਲਈ ਅੱਠ ਹਜ਼ਾਰ ਭਾਰਤੀ ਤਿਆਰ

**ਚੇਨਈ:** ਅੱਠ ਹਜ਼ਾਰ ਤੋਂ ਵੱਧ ਭਾਰਤੀ ਮੰਗਲ ਗ੍ਰਹਿ ਦੀ ਫੇਰੀ ਲਾਉਣ ਲਈ ਰਜਿਸਟਰੇਸ਼ਨ ਕਰਾ ਚੁੱਕੇ ਹਨ ਜਦਕਿ 'ਮਾਰਜ਼ ਵੰਨ' ਪ੍ਰਾਜੈਕਟ ਵੱਲੋਂ ਉਥੇ ਅਗਲੇ 10 ਸਾਲਾਂ ਵਿਚ ਇਕ ਬਸਤੀ ਵਸਾਉਣ ਦੀ ਯੋਜਨਾ ਹੈ। ਇਹ ਗ਼ੈਰ-ਮੁਨਾਫ਼ਾਖੋਰ ਫਾਊਂਡੇਸ਼ਨ 2023 ਤੱਕ ਮੰਗ ਗ੍ਰਹਿ 'ਤੇ ਪੱਕੀ ਬਸਤੀ ਵਸਾਉਣਾ ਚਾਹੁੰਦੀ ਹੈ ਤੇ ਉਥੇ ਜਾ ਕੇ ਵਸਣ ਦੇ ਚਾਹਵਾਨਾਂ ਦੀ ਰਜਿਸਟਰੇਸ਼ਨ ਕੀਤੀ ਜਾ ਰਹੀ ਹੈ। 27 ਅਗਸਤ ਤੱਕ 8107 ਬਿਨੈਕਾਰਾਂ ਨਾਲ ਭਾਰਤ ਇਸ ਪੱਖੋਂ ਚੌਥੇ ਨੰਬਰ 'ਤੇ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ 22 ਅਗਸਤ ਤੱਕ ਇਸ ਸੂਚੀ ਦੇ ਦਸ ਚੋਟੀ ਦੇ ਦੇਸ਼ਾਂ ਵਿਚ ਅਮਰੀਕਾ (37852), ਚੀਨ 13124), ਬ੍ਰਾਜ਼ੀਲ (8686), ਭਾਰਤ (8107), ਰੂਸ (7138), ਬਰਤਾਨੀਆ (6999), ਮੈਕਸਿਕੋ (6771), ਕੈਨੇਡਾ (6593), ਸਪੇਨ (3621) ਤੇ ਫਿਲਪੀਨ (3516) ਹਨ। ਰਜਿਸਟਰੇਸ਼ਨ ਲਈ 31 ਅਗਸਤ ਆਖਰੀ ਤਾਰੀਕ ਸੀ ਤੇ 'ਮਾਰਜ ਵੰਨ' ਨੂੰ ਹੁਣ ਤੱਕ 165000 ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਹਨ।ਤਕਰੀਬਨ 140 ਦੇਸ਼ਾਂ ਦੇ ਲੋਕ ਕਿਸੇ ਹੋਰ ਗ੍ਰਹਿ 'ਤੇ ਜਾ ਕੇ ਜਿਉਣ ਦਾ ਸੁਪਨਾ ਦੇਖ ਰਹੇ ਹਨ। ਮਾਰਜ਼ ਵੰਨ ਦਾ ਵਿਸ਼ਵਾਸ ਹੈ ਕਿ ਮੌਜੂਦਾ ਤਕਨਾਲੋਜੀਆਂ ਸਦਕਾ ਲਾਲ ਗ੍ਰਹਿ 'ਤੇ ਮਨੁੱਖੀ ਬਸਤੀ ਵਸਾਈ ਜਾ ਸਕਦੀ ਹੈ ਤੇ ਇਸ ਵੱਲੋਂ ਪੂਰੀ ਤਰ੍ਹਾਂ ਪਰਖੇ ਹੋਏ ਤੇ ਦੁਨੀਆਂ ਭਰ ਵਿਚ ਇਸ ਸਨਅਤ ਦੇ ਮੋਹਰੀਆਂ ਤੋਂ ਆਸਾਨੀ ਨਾਲ ਮਿਲਣ ਵਾਲੇ ਖਾਨਿਆਂ ਨੂੰ ਜੋੜਨ ਦੀ ਯੋਜਨਾ ਬਣਾਈ ਜਾ ਰਹੀ ਹੈ। ਸਥਾਈ ਬਸਤੀ ਲਈ ਇਨਸਾਨੀ ਚਾਲਕ ਦਸਤੇ ਦੀ ਚੋਣ ਅਤੇ ਸਿਖਲਾਈ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ।

ਮਾਰਜ਼ ਵੰਨ ਦੇ ਮੁੱਖ ਕਾਰਜਕਾਰੀ ਅਫਸਰ ਅਤੇ ਸਹਿ-ਬਾਨੀ ਬੈਸ ਲੈਨਜ਼ਡੌਰਪ ਮੁਤਾਬਕ ਮਾਰਜ਼ ਵੰਨ ਦੇ ਬਿਨੈਕਾਰਾਂ ਦੀ ਸਭਿਆਚਾਰਕ ਵਿਭਿੰਨਤਾ ਇਸ ਪ੍ਰਾਜੈਕਟ ਦੀ ਕੌਮਾਂਤਰੀ ਫਿਤਰਤ ਨੂੰ ਉਜਾਗਰ ਕਰਦੀ ਹੈ ਤੇ ਅੰਤ ਇਸ ਨੂੰ ਮੰਗਲ ਲਈ ਮਾਨਵਤਾ ਦਾ ਮਿਸ਼ਨ ਬਣਾਉਂਦੀ ਹੈ।

punjabtimesusa.com



# Global Multi Services

1950 E. Miner Ave., Stockton, CA 95205

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

### ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

**ਇਸ ਮਹੀਨੇ ਸਪੈਸ਼ਲ ਆਫਰ**

**2 steer tire Michellin 22.5 lp for 1150.00 including wheel balancing.**



*Repair Shop*

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

**ਫੋਨ: 209-547-9210**
**ਫੈਕਸ: 209-547-9211**

**ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop**

**ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ**

*Registration Services*

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

**ਫੋਨ: 209-982-9996 ਫੈਕਸ: 209-982-9997**

**e-mail: globalmultiservices123@yahoo.com**

# ਜੰਮੂ-ਕਸ਼ਮੀਰ ਦਾ ਨਰਕ ਕੁਨਨ-ਪੌਸ਼ਪੋਰਾ

## ਦੋ ਦਹਾਕਿਆਂ ਬਾਅਦ ਵੀ ਨਾ ਮਿਲਿਆ ਨਿਆਂ

***ਔਰਤਾਂ ਕਹਿੰਦੀਆਂ ਹਨ ਕਿ ਪਿੰਡ ਉੱਪਰ ਲੱਗੇ ਕਲੰਕ ਕਾਰਨ ਅੱਜ ਵੀ ਉਨ੍ਹਾਂ ਨੂੰ ਆਪਣੀਆਂ ਧੀਆਂ ਲਈ ਚੰਗੇ ਵਰ ਲੱਭਣ ਦੀ ਮੁਸ਼ਕਿਲ ਬਣੀ ਹੋਈ ਹੈ। ਹੰਝੂ ਪੂੰਝਦੀ ਹੋਈ ਸਮੀਨਾ ਕਹਿੰਦੀ ਹੈ ਕਿ ਅੱਜ ਵੀ ਉਨ੍ਹਾਂ ਦੀਆਂ ਧੀਆਂ ਦੇ ਰਿਸ਼ਤੇ ਰਿਸ਼ਤੇਦਾਰੀਆਂ ਜਾਂ ਦੋਵਾਂ ਪਿੰਡਾਂ ਦੇ ਅੰਦਰ ਹੀ ਹੁੰਦੇ ਹਨ। "ਬਾਹਰਲਾ ਕੋਈ ਵੀ ਪਰਿਵਾਰ ਸਾਡੇ ਇੱਥੇ ਰਿਸ਼ਤਾ ਲੈਣ ਲਈ ਨਹੀਂ ਆਉਂਦਾ। ਜ਼ਿੰਦਗੀ ਜਿਉਂਦਾ ਜਾਗਦਾ ਨਰਕ ਬਣੀ ਹੋਈ ਹੈ।" ਜਦੋਂ ਉਹ ਇਹ ਕਹਿ ਰਹੀ ਸੀ ਤਾਂ ਉਸ ਦੇ ਆਲੇ-ਦੁਆਲੇ ਬੈਠੀਆਂ ਔਰਤਾਂ ਸਿਰ ਹਿਲਾ ਕੇ ਇਸ ਦੀ ਹਾਮੀ ਭਰ ਰਹੀਆਂ ਸਨ। ਫਿਰ ਉਦੋਂ ਦੇ ਡਿਵੀਜ਼ਨਲ ਕਮਿਸ਼ਨਰ ਵਜਾਹਤ ਹਬੀਬਉੱਲਾ ਦੀ ਅਗਵਾਈ 'ਚ ਫ਼ੌਜ, ਬੀ.ਐੱਸ.ਐੱਫ. ਅਤੇ ਪੁਲਿਸ ਅਫ਼ਸਰਾਂ ਦੀ ਟੀਮ ਕੁਨਨ-ਪੌਸ਼ਪੁਰਾ ਗਈ ਸੀ। ਉਸ ਨੇ 41 ਔਰਤਾਂ ਨਾਲ ਗੱਲਬਾਤ ਕੀਤੀ ਅਤੇ ਆਪਣੀ ਰਿਪੋਰਟ ਵਿਚ ਸਿੱਟਾ ਕੱਢਿਆ ਕਿ ਹੋਰ ਵਿਸਤਾਰ 'ਚ ਜਾਂਚ ਕੀਤੀ ਜਾਣੀ ਜ਼ਰੂਰੀ ਹੈ, ਪਰ ਜਦੋਂ ਸੂਬਾ ਸਰਕਾਰ ਨੇ ਰਿਪੋਰਟ ਛਾਪੀ ਤਾਂ ਉਸ ਦੀਆਂ ਸਿਫ਼ਾਰਸ਼ਾਂ ਇਸ ਵਿਚੋਂ ਹਟਾ ਦਿੱਤੀਆਂ ਗਈਆਂ।***

ਕਮਰਾ ਉਦਾਸ ਚਿਹਰਿਆਂ ਅਤੇ ਗ਼ਮਗੀਨ ਝਾਕਣੀ ਵਾਲੀਆਂ ਔਰਤਾਂ ਨਾਲ ਭਰਿਆ ਹੋਇਆ ਹੈ। ਸੁੱਝ ਨਹੀਂ ਰਿਹਾ, ਗੱਲ ਕਿੱਥੋਂ ਸ਼ੁਰੂ ਕਰਾਂ ਤਾਂ ਜੋ ਬੀਤੇ ਦੇ ਸਦਮੇ ਦੇ ਜ਼ਖ਼ਮ ਨਾ ਉਚੇੜੇ ਜਾਣ। ਜਕਦੀ ਜਕਦੀ ਸਵਾਲ ਕਰਦੀ ਹਾਂ- "ਸਮਾਂ ਕਿਵੇਂ ਲੰਘ ਰਿਹੈ", "ਕਦੇ ਕਿਸੇ ਸਰਕਾਰੀ ਅਧਿਕਾਰੀ ਜਾਂ ਮੰਤਰੀ-ਵਿਧਾਇਕ ਨੇ ਆ ਕੇ ਮਦਦ ਦੀ ਕੋਈ ਪੇਸ਼ਕਸ਼ ਕੀਤੀ?"... "ਸਾਨੂੰ ਮਦਦ ਨਹੀਂ, ਨਿਆਂ ਚਾਹੀਦੈ", ਇਕ ਅੱਧਖੜ ਔਰਤ ਭੜਕ ਪੈਂਦੀ ਹੈ- "ਸਾਨੂੰ ਖ਼ੈਰਾਤ ਦੀ ਝਾਕ ਨਹੀਂ; ਅਸੀਂ ਚਾਹੁੰਦੀਆਂ ਹਾਂ ਕਿ ਉਨ੍ਹਾਂ ਫ਼ੌਜੀਆਂ ਨੂੰ ਗ੍ਰਿਫ਼ਤਾਰ

**ਸੀਮਾ ਮੁਸਤਫਾ**

ਕੀਤਾ ਜਾਵੇ ਅਤੇ ਲੋਕ ਉਸ ਨੂੰ ਸਵੀਕਾਰ ਕਰਨ ਜੋ ਸਾਡੇ ਨਾਲ ਹੋਇਐ।" ਉਹ ਬਹੁਤ ਭਾਵੁਕ ਸੁਰ 'ਚ ਕਹਿੰਦੀ ਹੈ।

ਬਾਈ ਸਾਲ ਪਹਿਲਾਂ 23 ਫਰਵਰੀ 1991 ਨੂੰ ਉੱਤਰੀ ਕਸ਼ਮੀਰ ਦੇ ਕੁੱਪਵਾੜਾ ਜ਼ਿਲ੍ਹੇ ਦੇ ਦੂਰ-ਦਰਾਜ਼ ਦੇ ਦੋ ਪਿੰਡ ਕੁਨਨ ਅਤੇ ਪੌਸ਼ਪੁਰਾ ਅਜੇ ਰਾਤ ਦੀ ਗੋਦ 'ਚ ਲੇਟੇ ਹੀ ਸਨ। ਗਿਆਰਾਂ ਕੁ ਵੱਜੇ ਸਨ ਅਤੇ ਪਿੰਡ 'ਚ ਬਿਜਲੀ ਨਾ ਹੋਣ ਕਾਰਨ ਘੁੱਪ ਹਨ੍ਹੇਰ ਸੀ। ਹੱਡ ਚੀਰਵਾਂ ਪਾਲਾ ਸੀ, ਬਰਫ਼ਬਾਰੀ ਹੋ ਰਹੀ ਸੀ। ਚਾਣਚੱਕ, ਬੰਦੂਕਧਾਰੀ ਬੰਦੇ ਢਾਰਿਆਂ 'ਚ ਵੜ ਕੇ ਡਰਾਉਣ-ਧਮਕਾਉਣ ਲੱਗੇ ਕਿ ਜੇ ਵਿਰੋਧ ਕੀਤਾ ਤਾਂ ਮਾਰ ਦਿੱਤੇ ਜਾਉਗੇ। ਉਨ੍ਹਾਂ ਨੂੰ ਝੱਟ ਪਤਾ ਲੱਗ ਗਿਆ ਕਿ ਇਹ ਤਾਂ ਭਾਰਤੀ ਫ਼ੌਜ ਦੇ ਸਿਪਾਹੀ ਸਨ ਜੋ ਜਹਾਦੀਆਂ ਦੇ ਪਿੱਛੇ ਪਏ ਹੋਣਗੇ। ਹਰ ਘਰ ਵਿਚ ਔਰਤਾਂ ਹਾਲ-ਦੁਹਾਈ ਪਾਉਂਦੀਆਂ ਤੇ ਰਹਿਮ ਲਈ ਹਾੜ੍ਹੇ ਕੱਢਦੀਆਂ ਰਹੀਆਂ, ਪਰ ਉਹ ਮਰਦਾਂ ਨੂੰ ਬੰਦੂਕ ਦੀ ਨੋਕ 'ਤੇ ਲੈ ਗਏ।

ਇਸ ਪਿੱਛੋਂ ਜੋ ਹੋਇਆ, ਉਹ ਤਾਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ। ਫ਼ੌਜੀ ਮੁੜ ਆਏ ਅਤੇ ਘਰਾਂ ਵਿਚ ਵੜ ਕੇ ਔਰਤਾਂ ਉੱਪਰ ਭੇੜੀਆਂ ਵਾਂਗ ਟੁੱਟ ਪਏ। ਉਨ੍ਹਾਂ ਨੂੰ ਬੇਪੱਤ ਅਤੇ ਜਬਰ ਜਨਾਹ ਕਰਨ ਲੱਗੇ। ਸਾਰਾ ਦੱਸਦੀ ਹੈ ਕਿ ਉਸ ਨੇ ਸੋਚਿਆ ਕਿ ਸ਼ਾਇਦ ਉਸ ਨਾਲ ਹੀ ਇਹ ਕੁਝ ਹੋ ਰਿਹਾ ਸੀ; ਸਵੇਰੇ ਜਦੋਂ ਮਰਦ ਘਰ ਪਰਤੇ ਤਾਂ ਪਤਾ ਲੱਗਿਆ ਕਿ ਦੋਵਾਂ ਹੀ ਪਿੰਡਾਂ ਵਿਚ ਜਬਰ ਜਨਾਹ ਕੀਤੇ ਗਏ ਸਨ, ਕਈਆਂ ਨਾਲ ਤਾਂ ਸਮੂਹਕ ਜਬਰ ਜਨਾਹ ਹੋਏ ਸਨ। "ਅਸੀਂ ਚੀਕ ਵੀ ਨਹੀਂ ਸੀ ਸਕਦੀਆਂ, ਕੋਈ ਉਥੇ ਹੁੰਦਾ ਤਾਂ ਬਹੁੜਦਾ, ਲੋਅ ਨਾ ਹੋਣ ਕਰ ਕੇ ਘੁੱਪ ਹਨ੍ਹੇਰਾ ਸੀ ਅਤੇ ਉੱਥੇ ਬਸ ਇਹੀ ਬੰਦੇ ਸਨ", ਪਰਵੀਨ ਉਸ ਰਾਤ ਦਾ ਖ਼ਿਆਲ ਆਉਂਦਿਆਂ ਹੀ ਤ੍ਰਬਕ ਜਾਂਦੀ ਹੈ। (ਔਰਤਾਂ ਦੇ ਨਾਂ ਬਦਲ ਦਿੱਤੇ ਗਏ ਹਨ)

ਇਕ ਖੂੰਜੇ 'ਚ ਬੈਠੀ, ਅੱਧ ਚਾਲੀਵਿਆਂ ਦੀ ਔਰਤ ਕੁਝ ਨਹੀਂ ਬੋਲ ਰਹੀ, ਬਸ ਡੂੰਘੇ ਗ਼ਮ 'ਚ ਡੁੱਬੀ ਹਟਕੋਰੇ ਲੈ ਰਹੀ ਹੈ। ਯਾਦਾਂ ਇਨ੍ਹਾਂ ਔਰਤਾਂ ਦਾ ਪਿੱਛਾ ਨਹੀਂ ਛੱਡਦੀਆਂ; ਲਗਦਾ ਹੈ ਜਿਵੇਂ ਕੱਲ੍ਹ ਦੀ ਗੱਲ ਹੋਵੇ। ਇਨਫੈਕਸ਼ਨ ਅਤੇ ਜ਼ਖ਼ਮਾਂ ਕਾਰਨ 15 ਜਾਂ ਵੱਧ ਔਰਤਾਂ ਨੂੰ ਬੱਚੇਦਾਨੀਆਂ ਕਢਾਉਣੀਆਂ ਪਈਆਂ। ਜ਼ਖ਼ਮ ਤਾਂ ਭਰ ਗਏ, ਪਰ ਗਹੁ ਨਾਲ ਦੇਖਣ 'ਤੇ ਨਿਸ਼ਾਨ ਸਾਫ਼ ਨਜ਼ਰ ਆਉਂਦੇ ਹਨ, ਅਤੇ ਮਾਨਸਿਕ ਪੀੜਾ ਜਿਉਂ ਦੀ ਤਿਉਂ ਹੈ। ਜ਼ਾਹਰਾ ਤੌਰ 'ਤੇ ਉਨ੍ਹਾਂ ਨੂੰ ਮਨੋ-ਚਕਿਤਸਕ ਇਲਾਜ ਅਤੇ ਮਦਦ ਦੀ ਲੋੜ ਹੈ; ਉਨ੍ਹਾਂ ਦੀਆਂ ਜ਼ਿੰਦਗੀਆਂ ਦੋ ਦਹਾਕੇ ਪਹਿਲਾਂ ਦੀ ਉਸ ਰਾਤ 'ਤੇ ਆ ਕੇ ਰੁਕ ਗਈਆਂ ਹਨ। ਉਨ੍ਹਾਂ ਤੋਂ ਅੱਗੇ ਨਹੀਂ ਵਧਿਆ ਜਾ ਰਿਹਾ। ਇਸ ਦੀ ਥਾਂ, ਉਹ ਦੇਖ ਰਹੀਆਂ ਹਨ ਕਿ ਸਮਾਜ ਵਿਚ ਉਨ੍ਹਾਂ ਦਾ ਖੁੱਸਿਆ ਰੁਤਬਾ ਦੁਬਾਰਾ ਮਿਲਣਾ ਅਸੰਭਵ ਹੈ। ਸਮਾਜ ਦੀਆਂ ਨਜ਼ਰਾਂ 'ਚ ਹੁਣ ਉਹ 'ਜਬਰ ਜਨਾਹ ਪੀੜਤ' ਹਨ ਅਤੇ ਇਹ ਦੋਵੇਂ ਪਿੰਡ 'ਜਬਰ ਜਨਾਹ ਹੋਏ ਪਿੰਡ' ਹਨ।

ਅਕਬਰ ਉਦੋਂ ਅਠੱਤੀਆਂ ਦਾ ਸੀ ਅਤੇ ਉਸ ਨੂੰ ਉਹ ਰਾਤ ਨਹੀਂ ਭੁੱਲਦੀ। ਉਸ ਨੂੰ ਤੇ ਹੋਰ ਆਦਮੀਆਂ ਨੂੰ ਬਰਫ਼ਬਾਰੀ ਵਿਚੋਂ ਦੀ ਇਕ ਇਮਾਰਤ 'ਚ ਲਿਜਾਇਆ ਗਿਆ ਜਿਥੇ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ। ਲੱਤਾਂ 'ਤੇ ਰੋਲਰ ਫੇਰੇ ਜਾਣ, ਗੁਪਤ ਅੰਗਾਂ ਅਤੇ ਪੁੜਪੁੜੀਆਂ ਨੂੰ ਬਿਜਲੀ ਦੇ ਝਟਕੇ ਦਿੱਤੇ ਜਾਣ ਬਾਰੇ ਦੱਸਦਿਆਂ ਉਸ ਦੀਆਂ ਅੱਖਾਂ ਅੱਗੇ ਹਨ੍ਹੇਰਾ ਆ ਜਾਂਦਾ ਹੈ (ਉਸ ਦੀਆਂ ਲੱਤਾਂ ਤਕਰੀਬਨ ਅਪਾਹਜ ਹੋ ਚੁੱਕੀਆਂ ਹਨ)। ਅਹਿਮਦ ਵੀ ਉਹ ਸੰਤਾਪ ਬਿਆਨ ਕਰਦਾ ਹੈ। ਇਸੇ ਤਰ੍ਹਾਂ ਚਾਲੀ ਕੁ ਜਣੇ ਆਪਣੇ ਨਾਲ ਬੀਤੀ ਦੱਸਦੇ ਹਨ ਜੋ ਉਨ੍ਹਾਂ ਦਿਨਾਂ ਅਤੇ ਹੁਣ ਤੱਕ ਦਾ ਦਰਦ ਬਿਆਨ ਕਰਨ ਲਈ ਉੱਥੇ ਜੁੜੇ ਹਨ ਜੋ ਉਨ੍ਹਾਂ ਨੇ ਅੰਦਰੋ ਅੰਦਰੀ ਪੀ ਲਿਆ ਹੋਇਆ ਹੈ।

ਆਦਮੀਆਂ ਨੂੰ ਅਗਲੇ ਦਿਨ ਸਵੇਰੇ 10 ਵਜੇ ਘਰਾਂ ਨੂੰ ਜਾਣ ਦਿੱਤਾ ਗਿਆ। ਜੋ ਉਨ੍ਹਾਂ ਨੇ ਆ ਕੇ ਦੇਖਿਆ, ਉਹ ਉਸ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਸਨ। ਪਿੰਡ ਪੂਰੀ ਤਰ੍ਹਾਂ ਸਦਮੇ 'ਚ ਸਨ। ਉਨ੍ਹਾਂ ਦੀਆਂ ਕਈ ਔਰਤਾਂ ਬੇਸੁਰਤ ਪਈਆਂ ਸਨ। ਕਈ ਰੋ-ਰੋ ਹਾਲੋਂ-ਬੇਹਾਲ ਸਨ। ਉਦੋਂ ਦੋਵਾਂ ਪਿੰਡਾਂ ਵਾਲਿਆਂ ਨੂੰ ਮਾਲੂਮ ਹੋਇਆ ਕਿ ਫ਼ੌਜੀਆਂ ਨੇ ਤਾਂ ਉਨ੍ਹਾਂ ਦੀਆਂ ਔਰਤਾਂ ਨੂੰ ਵੀ ਨਹੀਂ ਸੀ ਬਖ਼ਸ਼ਿਆ।

### ਸਕੂਲ ਵਿਚ ਤਾਅਨਿਆਂ ਦਾ ਤਾੜਾ

... ਤੇ ਝੱਟ 'ਜਬਰ ਜਨਾਹ' ਦਾ ਕਲੰਕ ਪਿੰਡ ਦੇ ਮੱਥੇ 'ਤੇ ਚਿਪਕ ਗਿਆ। ਇਕ ਸੁਹਣਾ-ਸੁਨੱਖਾ ਮੁੰਡਾ ਖਾਲਿਦ ਹੌਲੀ ਜਿਹੇ ਦੱਸਦਾ ਹੈ ਕਿ ਉਸ ਨੂੰ ਤੇ ਉਸ ਦੇ ਨਾਲ ਦੇ ਕਈਆਂ ਨੂੰ ਸਕੂਲ ਛੱਡਣਾ ਪਿਆ। ਕਿਉਂ?... "ਹੋਰ ਬੱਚੇ ਸਾਨੂੰ ਅਜੇ ਵੀ ਮਿਹਣੇ ਮਾਰਦੇ ਰਹਿੰਦੇ ਹਨ। ਉਹ ਪੁੱਛਦੇ ਨੇ ਕਿ ਸਾਡੀਆਂ ਮਾਵਾਂ ਜਾਂ ਦਾਦੀਆਂ ਜਾਂ ਚਾਚੀਆਂ-ਤਾਈਆਂ ਨਾਲ ਵੀ ਜਬਰ ਜਨਾਹ ਹੋਏ ਸੀ। ਸਾਥੋਂ ਇਹ ਝੱਲਿਆ ਨਹੀਂ ਜਾਂਦਾ... ਇਸ ਲਈ ਸਾਡੇ ਵਿਚੋਂ ਜ਼ਿਆਦਾਤਰ ਪੜ੍ਹ ਨਹੀਂ ਰਹੇ, ਜਾਂ ਜੇ ਅਸੀਂ ਪੜ੍ਹਦੇ ਹਾਂ, ਇੱਥੋਂ ਦੂਰ ਕਿਸੇ ਸਕੂਲ-ਕਾਲਜ ਵਿਚ ਜਾ ਕੇ", ਉਹ ਦੱਸਦਾ ਹੈ।

ਹੈਰਾਨੀ ਇਸ ਗੱਲ ਦੀ ਹੈ, ਇਥੇ ਗੁੱਸਾ ਨਹੀਂ ਝਲਕ ਰਿਹਾ। ਆਮ ਨਾਅਰੇਬਾਜ਼ੀ ਅਤੇ ਰੋਹ ਭਰਪੂਰ ਮੰਗਾਂ, ਅਤੇ ਕਸ਼ਮੀਰੀ ਨੌਜਵਾਨਾਂ ਨਾਲ ਜੁੜੇ ਆਮ ਹਾਵ-ਭਾਵ ਇਥੇ ਗ਼ਾਇਬ ਹਨ। ਬਸ ਬੇਵਸੀ ਹੈ ਅਤੇ ਭਾਣਾ ਮੰਨ ਲਿਆ ਗਿਆ ਹੈ ਕਿ ਉਸ ਅਭਾਗੀ ਰਾਤ ਦੇ ਪੀੜਤਾਂ ਨੂੰ ਕੋਈ ਨਿਆਂ ਜਾਂ ਢੋਈ ਨਹੀਂ ਮਿਲੇਗੀ।

ਪੂਰੇ ਦੋ ਦਿਨ ਇਨ੍ਹਾਂ ਪਿੰਡਾਂ ਦੇ ਬਾਸ਼ਿੰਦੇ ਚੁੱਪ ਬੈਠੇ ਹੰਝੂ ਕੇਰਦੇ ਰਹੇ। ਕੁਝ ਨੇ ਦੱਸਿਆ ਕਿ ਫ਼ੌਜੀ ਦਸਤਿਆਂ ਨੇ ਇਸ ਸਮੇਂ ਪਿੰਡਾਂ ਨੂੰ ਘੇਰਿਆ ਹੋਇਆ ਸੀ। ਦੋ ਦਿਨ ਬਾਅਦ, ਲੋਕ ਰਪਟ ਦਰਜ ਕਰਾਉਣ ਕੁਪਵਾੜਾ ਗਏ। ਜ਼ਿਲ੍ਹਾ ਮੈਜਿਸਟ੍ਰੇਟ ਐੱਸ.ਐੱਮ. ਯਾਸਿਨ ਨੇ ਪਿੰਡ ਦਾ ਦੌਰਾ ਕੀਤਾ ਅਤੇ ਆਪਣੀ ਰਿਪੋਰਟ ਵਿਚ ਦਰਜ ਕੀਤਾ, "ਫ਼ੌਜੀ ਬਲ ਦਰਿੰਦਿਆਂ ਵਾਂਗ ਪੇਸ਼ ਆਏ।" ਫ਼ੌਜੀ ਚੌਥੀ ਰਾਜਪੂਤਾਨਾ ਰਾਈਫ਼ਲਜ਼ ਨਾਲ ਸਬੰਧਤ ਸਨ। ਇਹ ਤੱਥ ਪਹਿਲੀ ਵਾਰ ਯਾਸਿਨ ਦੀ ਰਿਪੋਰਟ 'ਚ ਰਿਕਾਰਡ ਕੀਤਾ ਗਿਆ।

ਕੁਝ ਵੱਖਵਾਦੀ ਆਗੂ ਇਥੇ ਗਏ, ਬਸ ਇਕ ਵਾਰ। ਬਾਕੀ ਦੇ ਗਏ ਹੀ ਨਹੀਂ। ਮੁੱਖ ਧਾਰਾ ਦੀ ਕਿਸੇ ਸਿਆਸੀ ਪਾਰਟੀ ਨੇ ਪ੍ਰਵਾਹ ਹੀ ਨਹੀਂ ਕੀਤੀ ਕਿ ਕੀ ਹੋਇਆ ਸੀ ਅਤੇ ਕਿਵੇਂ ਹੋਇਆ ਸੀ!

ਤਕਰੀਬਨ ਇਕ ਮਹੀਨਾ ਪਿੱਛੋਂ, 17 ਮਾਰਚ 1991 ਨੂੰ ਉਦੋਂ ਦੇ ਚੀਫ਼ ਜਸਟਿਸ ਮੁਫਤੀ ਬਹਾਊਦੀਨ ਫਾਰੂਕੀ ਦੀ ਅਗਵਾਈ ਹੇਠ ਵਫ਼ਦ, 53 ਔਰਤਾਂ ਨੂੰ ਮਿਲਿਆ ਜਿਨ੍ਹਾਂ ਨੇ ਜਬਰ ਜਨਾਹ ਦਾ ਇਲਜ਼ਾਮ ਲਾਇਆ ਸੀ, ਅਤੇ ਇਹ ਜਾਣਨ ਦਾ ਯਤਨ ਕੀਤਾ ਕਿ ਇਸ ਘਟਨਾ ਦੀ ਪੁਲਿਸ ਨੇ ਤਫ਼ਤੀਸ਼ ਕਿਉਂ ਨਹੀਂ ਸੀ ਕੀਤੀ। ਕਿਹਾ ਜਾਂਦਾ ਹੈ ਕਿ ਫਾਰੂਕੀ ਨੇ ਉਸ ਵਕਤ ਕਿਹਾ ਸੀ ਕਿ ਉਸ ਨੇ "ਕਦੇ ਐਸਾ ਮਾਮਲਾ ਨਹੀਂ ਦੇਖਿਆ ਜਿਸ ਵਿਚ ਤਫ਼ਤੀਸ਼ ਦਾ ਆਮ ਤੌਰ-ਤਰੀਕਾ ਹੀ ਦਰਕਿਨਾਰ ਕਰ ਦਿੱਤਾ ਗਿਆ ਹੋਵੇ ਜਿਵੇਂ ਇਥੇ ਕੀਤਾ ਗਿਆ ਸੀ।"

### ਧੀਆਂ ਦਾ ਦਰਦ

ਕੁਨਨ-ਪੌਸ਼ਪੁਰਾ ਦੀਆਂ ਔਰਤਾਂ ਦੱਸਦੀਆਂ ਹਨ ਕਿ ਜਿਨ੍ਹਾਂ ਕੁੜੀਆਂ ਨਾਲ ਜਬਰ ਜਨਾਹ ਕੀਤੇ ਗਏ ਸਨ, ਉਨ੍ਹਾਂ ਨੂੰ ਪਿੰਡ ਵਾਲਿਆਂ ਨੇ ਸਾਹਮਣੇ ਆ ਕੇ ਪੁਲਿਸ ਰਪਟ ਦਰਜ ਕਰਾਉਣ ਤੋਂ ਵਰਜ ਦਿੱਤਾ। ਸ਼ਕੀਨਾ ਜਿਸ ਨੂੰ ਆਪਣੀ ਬੱਚੇਦਾਨੀ ਕਢਾਉਣੀ ਪਈ ਸੀ, ਦੱਸਦੀ ਹੈ, "ਓੜਕ ਉਨ੍ਹਾਂ ਦੇ ਨਿਕਾਹ ਵੀ ਤਾਂ ਕਰਨੇ ਸਨ। ਅਸੀਂ ਨਹੀਂ ਸੀ ਚਾਹੁੰਦੇ, ਸਾਡੀਆਂ ਧੀਆਂ ਨੂੰ ਇਹ ਭੋਗਣਾ ਪਵੇ।"

ਔਰਤਾਂ ਕਹਿੰਦੀਆਂ ਹਨ ਕਿ ਪਿੰਡ ਉੱਪਰ ਲੱਗੇ ਕਲੰਕ ਕਾਰਨ ਅੱਜ ਵੀ ਉਨ੍ਹਾਂ ਨੂੰ ਆਪਣੀਆਂ ਧੀਆਂ ਲਈ ਚੰਗੇ ਵਰ ਲੱਭਣ ਦੀ ਮੁਸ਼ਕਿਲ ਬਣੀ ਹੋਈ ਹੈ। ਹੰਝੂ ਪੂੰਝਦੀ ਹੋਈ ਸਮੀਨਾ ਕਹਿੰਦੀ ਹੈ ਕਿ ਅੱਜ ਵੀ ਉਨ੍ਹਾਂ ਦੀਆਂ ਧੀਆਂ ਦੇ ਰਿਸ਼ਤੇ ਰਿਸ਼ਤੇਦਾਰੀਆਂ ਜਾਂ ਦੋਵਾਂ ਪਿੰਡਾਂ ਦੇ ਅੰਦਰ ਹੀ ਹੁੰਦੇ ਹਨ। "ਬਾਹਰਲਾ ਕੋਈ ਵੀ ਪਰਿਵਾਰ ਸਾਡੇ ਇੱਥੇ ਰਿਸ਼ਤਾ ਲੈਣ ਲਈ ਨਹੀਂ ਆਉਂਦਾ। ਜ਼ਿੰਦਗੀ ਜਿਉਂਦਾ ਜਾਗਦਾ ਨਰਕ ਬਣੀ ਹੋਈ ਹੈ।" ਜਦੋਂ ਉਹ ਇਹ ਕਹਿ ਰਹੀ ਸੀ ਤਾਂ ਉਸ ਦੇ ਆਲੇ-ਦੁਆਲੇ ਬੈਠੀਆਂ ਔਰਤਾਂ ਸਿਰ ਹਿਲਾ ਕੇ ਇਸ ਦੀ ਹਾਮੀ ਭਰ ਰਹੀਆਂ ਸਨ।

ਫਿਰ ਉਦੋਂ ਦੇ ਡਿਵੀਜ਼ਨਲ ਕਮਿਸ਼ਨਰ ਵਜਾਹਤ ਹਬੀਬਉੱਲਾ ਦੀ ਅਗਵਾਈ 'ਚ ਫ਼ੌਜ, ਬੀ.ਐੱਸ.ਐੱਫ. ਅਤੇ ਪੁਲਿਸ ਅਫ਼ਸਰਾਂ ਦੀ ਟੀਮ ਕੁਨਨ-ਪੌਸ਼ਪੁਰਾ ਗਈ ਸੀ। ਉਸ ਨੇ 41 ਔਰਤਾਂ ਨਾਲ ਗੱਲਬਾਤ ਕੀਤੀ ਅਤੇ ਆਪਣੀ ਰਿਪੋਰਟ ਵਿਚ ਸਿੱਟਾ ਕੱਢਿਆ ਕਿ ਹੋਰ ਵਿਸਤਾਰ 'ਚ ਜਾਂਚ ਕੀਤੀ ਜਾਣੀ ਜ਼ਰੂਰੀ ਹੈ, ਪਰ ਜਦੋਂ ਸੂਬਾ ਸਰਕਾਰ ਨੇ ਰਿਪੋਰਟ ਛਾਪੀ ਤਾਂ ਉਸ ਦੀਆਂ ਸਿਫ਼ਾਰਸ਼ਾਂ ਇਸ ਵਿਚੋਂ ਹਟਾ ਦਿੱਤੀਆਂ ਗਈਆਂ। ਇਹ ਤੱਥ ਉਸ ਨੇ ਪਿੱਛੇ ਜਿਹੇ ਪੱਤਰਕਾਰਾਂ ਦੇ ਮੁੜ ਧਿਆਨ 'ਚ ਲਿਆਂਦਾ ਹੈ। ਉਹ ਜ਼ੁਲਮਾਂ ਦੀ ਹੱਦ ਦਾ ਅੰਦਾਜ਼ਾ ਨਹੀਂ ਲਗਾ ਸਕਿਆ, ਪਰ ਉਸ ਨੂੰ ਇਹ ਮਹਿਸੂਸ ਜ਼ਰੂਰ ਹੋ ਗਿਆ ਸੀ ਕਿ ਇਨ੍ਹਾਂ ਪਿੰਡਾਂ ਦੇ ਲੋਕਾਂ ਨਾਲ ਕੁਝ ਭਿਆਨਕ ਵਾਪਰਿਆ ਸੀ।

### ਮੀਡੀਆ ਵਿਚ ਖਲਬਲੀ

ਇਹ ਕਾਂਡ ਕੌਮਾਂਤਰੀ ਮੀਡੀਆ 'ਚ ਉਦੋਂ ਚਰਚਾ ਦਾ ਵਿਸ਼ਾ ਬਣਿਆ ਜਦੋਂ ਦੋ ਮਹੀਨੇ ਬਾਅਦ, ਅਪਰੈਲ ਵਿਚ, ਦਿ ਨਿਊ ਯਾਰਕ ਟਾਈਮਜ਼' ਨੇ ਇਹ ਸੁਰਖ਼ੀ ਲਾ ਕੇ ਜਬਰ ਜਨਾਹ ਦੀ ਰਿਪੋਰਟ ਛਾਪੀ: "ਭਾਰਤ ਦੀ ਕਸ਼ਮੀਰੀ ਬਾਗ਼ੀਆਂ ਖ਼ਿਲਾਫ਼ ਮੁਹਿੰਮ।" ਇਕ ਵਾਰ ਤਾਂ ਦੁਨੀਆਂ ਭਰ ਦੇ ਮੀਡੀਆ, ਕੌਮਾਂਤਰੀ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਸਿਵਲ ਸੁਸਾਇਟੀ ਗਰੁੱਪਾਂ ਨੇ ਇਨ੍ਹਾਂ ਪਿੰਡਾਂ 'ਤੇ ਧਾਵਾ ਹੀ ਬੋਲ ਦਿੱਤਾ। ਪਿੰਡ ਦੇ ਮਰਦ ਚੇਤੇ ਕਰਦੇ ਹੋਏ ਦੱਸਦੇ ਹਨ, "ਉਹ ਇਥੇ ਆ ਕੇ ਸਾਨੂੰ ਉਹੀ ਸਵਾਲ ਕਰ ਕੇ, ਮੁੜ ਮੁੜ ਉਸ ਰਾਤ ਦੀ ਭਿਆਨਕਤਾ ਨਾਲ ਪਿੰਜਦੇ ਰਹਿੰਦੇ। ਸਭ ਤੁਰਦੇ ਬਣੇ, ਵਾਅਦਿਆਂ ਦੇ ਬਾਵਜੂਦ ਇਥੇ ਪੱਤਾ ਵੀ ਹਿੱਲ ਕੇ ਦੂਜੀ ਜਗ੍ਹਾ ਨਹੀਂ ਹੋਇਆ।" ਇੱਥੋਂ ਦਾ ਇਕ ਬਾਸ਼ਿੰਦਾ ਮੁਸਾਵਿਰ ਕਹਿੰਦਾ ਹੈ- ਉਨ੍ਹਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਹੁਣ ਕਿਸੇ "ਬਾਹਰਲੇ ਬੰਦੇ" ਨੂੰ ਨਹੀਂ ਮਿਲਣਾ, ਅਤੇ ਹੁਣ ਉਨ੍ਹਾਂ ਨੂੰ ਚੁੱਪ-ਚਾਪ, ਅਲੱਗ-ਥਲੱਗ ਰਹਿਣ ਦੀ ਪੂਰੀ ਆਦਤ ਪੈ ਗਈ ਹੈ।

ਮੀਡੀਆ ਵਿਚ ਖਲਬਲੀ ਦਾ ਨਤੀਜਾ ਇਹ ਹੋਇਆ ਕਿ ਪ੍ਰੈੱਸ ਕੌਂਸਲ ਆਫ ਇੰਡੀਆ ਦੇ ਆਦੇਸ਼ 'ਤੇ ਨਾਮਵਰ ਪੱਤਰਕਾਰ ਬੀ.ਜੀ. ਵਰਗ਼ੀਜ਼ ਅਤੇ ਕੇ. ਵਿਕਰਮ ਰਾਓ ਪਿੰਡ ਵਿਚ ਜਾਂਚ ਕਰਨ ਆਏ। ਇਹ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਸਭ ਤੋਂ ਵੱਧ ਭੰਡਣ ਵਾਲੀ ਰਿਪੋਰਟ ਸੀ। ਇਸ ਨੇ ਫ਼ੌਜੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਤੇ ਸ੍ਰੀਨਗਰ ਤੇ ਦਿੱਲੀ ਦੋਵਾਂ ਹਕੂਮਤਾਂ ਨੂੰ ਇਸ ਮਾਮਲੇ ਨੂੰ ਬਿਨਾਂ ਕਿਸੇ ਮੁਕੱਦਮੇ ਦੇ ਬੰਦ ਕਰ ਦੇਣ ਦੀ ਖੁੱਲ੍ਹ ਦੇ ਦਿੱਤੀ।




ਔਰਤਾਂ ਨੂੰ ਸਿਹਤ ਦੀਆਂ ਸਮੱਸਿਆਵਾਂ ਨਾਲ ਲਗਾਤਾਰ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਇਕ ਸਮੇਂ, ਸੂਬਾ ਸਰਕਾਰ ਨੇ ਪੀੜਤਾਂ ਨੂੰ ਕੁਝ ਪੈਸੇ ਵੰਡੇ, ਬਿਨਾਂ ਲੇਖੇ-ਪੱਤੇ 'ਚ ਦਰਜ ਕੀਤੇ ਅਤੇ ਬਿਨਾਂ ਇਸ ਦਾ ਜ਼ਿਕਰ ਕੀਤੇ ਤਾਂ ਜੋ ਹਕੂਮਤ ਨੂੰ ਸਰਕਾਰੀ ਤੌਰ 'ਤੇ ਇਹ ਨਾ ਮੰਨਣਾ ਪਵੇ ਕਿ ਸਮੂਹਕ ਜਬਰ ਜਨਾਹ ਹੋਏ ਸਨ। ਕੁਨਨ-ਪੌਸ਼ਪੁਰਾ ਦੇ ਆਦਮੀ ਕਹਿੰਦੇ ਹਨ ਕਿ ਇਹ ਤਾਂ ਪਿੰਡਾਂ ਵਾਲਿਆਂ ਦੀ ਜ਼ੁਬਾਨਬੰਦੀ ਲਈ ਕੀਤਾ ਗਿਆ ਸੀ ਕਿ ਕਹਾਣੀ ਦੱਬੀ ਰਹੇ।

ਅਕਤੂਬਰ 2011 ਵਿਚ, ਸਥਾਨਕ ਸ਼ਹਿਰੀ ਹੱਕਾਂ ਦੇ ਕਾਰਕੁਨਾਂ ਦੇ ਜ਼ੋਰ ਪਾਉਣ 'ਤੇ ਦੋਵਾਂ ਪਿੰਡਾਂ ਦੇ ਬਾਸ਼ਿੰਦਿਆਂ ਨੇ ਜੰਮੂ-ਕਸ਼ਮੀਰ ਮਨੁੱਖੀ ਅਧਿਕਾਰ ਕਮਿਸ਼ਨ ਤੱਕ ਪਹੁੰਚ ਕੀਤੀ। ਉਨ੍ਹਾਂ ਦਾ ਪੱਖ ਸੁਣਨ ਤੋਂ ਬਾਅਦ, ਕਮਿਸ਼ਨ ਨੇ ਮਾਮਲੇ ਨੂੰ ਮੁੜ ਖੋਲ੍ਹਣ ਦਾ ਹੁਕਮ ਦਿੱਤਾ ਅਤੇ ਸਿਫ਼ਾਰਸ਼ ਕੀਤੀ ਕਿ ਇਕ ਵਿਸ਼ੇਸ਼ ਜਾਂਚ ਟੀਮ ਬਣਾ ਕੇ ਇਸ ਦੀ ਪੜਤਾਲ ਕਰਵਾਈ ਜਾਵੇ ਅਤੇ ਪੀੜਤਾਂ ਨੂੰ ਮੁਆਵਜ਼ਾ ਦਿੱਤਾ ਜਾਵੇ।

ਇਸ ਸਾਲ ਦੀ ਅਠਾਰਾਂ ਜੂਨ ਨੂੰ ਕੁਪਵਾੜਾ ਦੀ ਜ਼ਿਲ੍ਹਾ ਅਦਾਲਤ ਨੇ ਲੋਕ ਹਿੱਤ ਪਟੀਸ਼ਨ ਦਾ ਨੋਟਿਸ ਲੈਂਦਿਆਂ "ਇਸ ਕਾਂਡ ਨੂੰ ਅੰਜਾਮ ਦੇਣ ਵਾਲਿਆਂ ਦੀ ਸ਼ਨਾਖ਼ਤ ਸਾਹਮਣੇ ਲਿਆਉਣ ਲਈ ਹੋਰ ਛਾਣਬੀਣ" ਕਰਨ ਲਈ ਕਿਹਾ। ਕੁਝ ਪਿੰਡ ਵਾਲਿਆਂ ਨੂੰ ਖੁਸ਼ੀ ਹੋਈ ਹੈ ਕਿ ਚੱਲੋ ਗੱਲ ਕੁਝ ਤਾਂ ਅੱਗੇ ਤੁਰੀ, ਪਰ ਜ਼ਿਆਦਾਤਰ ਨੂੰ ਇਸ ਵਿਚੋਂ ਕੋਈ ਉਮੀਦ ਨਜ਼ਰ ਨਹੀਂ ਆਉਂਦੀ। ਉਨ੍ਹਾਂ ਵਿਚੋਂ ਇਕ ਕਹਿੰਦਾ ਹੈ, "ਦੇਖੋ ਕੀ ਹੁੰਦਾ ਹੈ।"

ਸਾਰਾ ਉਨ੍ਹਾਂ ਸਾਰਿਆਂ ਦੇ ਮਨ ਦੀ ਗੱਲ ਕਹਿ ਦਿੰਦੀ ਹੈ, "ਹੁਣ ਉਹ ਸਾਡੇ ਲਈ ਕਰ ਵੀ ਕੀ ਸਕਦੇ ਹਨ, ਸਾਡਾ ਸਭ ਕੁਝ ਲੁੱਟਿਆ ਗਿਆ।" ਕੁਨਨ-ਪੌਸ਼ਪੁਰਾ ਦੀ ਜਵਾਨੀ 'ਚ ਪੈਰ ਧਰ ਰਹੀ ਪੀੜ੍ਹੀ ਚਾਹੁੰਦੀ ਹੈ ਕਿ ਇਹ ਮਾਮਲਾ ਹੁਣ ਕਿਸੇ ਪਾਸੇ ਲੱਗ ਜਾਵੇ। ਉਹ ਚਾਹੁੰਦੇ ਨੇ ਕਿ ਜਬਰ ਜਨਾਹ ਦਾ ਧੱਬਾ ਮਿੱਟ ਜਾਵੇ, ਅਤੇ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਇਹ ਤਦ ਹੀ ਹੋਵੇਗਾ, ਜੇ ਪੀੜਤਾਂ ਦੀਆਂ ਗਵਾਹੀਆਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਨਿਆਂ ਦਿੱਤਾ ਜਾਂਦਾ ਹੈ।

ਕਸ਼ਮੀਰੀ ਉਸ ਦੇ ਪੂਰੇ ਆਦੀ ਹੋ ਚੁੱਕੇ ਹਨ ਜਿਸ ਨੂੰ ਨੌਜਵਾਨ ਪੱਤਰਕਾਰ ਦੋ 'ਸੀ' ਕਹਿੰਦੇ ਹਨ- ਚਰਅਚਕਦੌਂਨ (ਹਮਲਾ) ਅਤੇ ਚੋਵਏਰ-ਪ (ਪਰਦਾਪੋਸ਼ੀ)। ਹੁਣੇ ਜਿਹੇ, ਘਾਟੀ ਵਿਚ ਰੋਸ ਵਿਖਾਵਿਆਂ ਦਾ ਤਾਂਤਾ ਲੱਗ ਗਿਆ ਜਦੋਂ ਜਹਾਦੀਆਂ ਦੀ ਭਾਲ ਕਰਦੇ ਫ਼ੌਜੀਆਂ ਨੇ ਬਾਂਦੀਪੁਰਾ ਵਿਚ ਦੋ ਨੌਜਵਾਨਾਂ ਨੂੰ ਗੋਲੀਆਂ ਨਾਲ ਮਾਰ ਸੁੱਟਿਆ। ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ, ਹਾਲਾਂਕਿ ਬਾਂਦੀਪੁਰਾ ਦੇ ਡਿਪਟੀ ਕਮਿਸ਼ਨਰ ਨੇ ਮੀਡੀਆ ਨੂੰ ਦੱਸਿਆ ਕਿ ਰਾਸ਼ਟਰੀਆ ਰਾਈਫਲਜ਼ ਬਟਾਲੀਅਨ ਦੇ ਖ਼ਿਲਾਫ਼ ਐੱਫ.ਆਈ.ਆਰ. ਲਿਖ ਲਈ ਗਈ ਸੀ ਅਤੇ ਜਾਂਚ ਦੀ ਕੋਈ ਲੋੜ ਨਹੀਂ ਕਿਉਂਕਿ ਫ਼ੌਜ ਖ਼ਿਲਾਫ਼ ਇਲਜ਼ਾਮ ਸਾਬਤ ਹੋ ਚੁੱਕਾ ਸੀ।

ਸਰਕਾਰੀ ਰਿਪੋਰਟਾਂ ਅਨੁਸਾਰ, ਰਾਸ਼ਟਰੀਆ ਰਾਈਫ਼ਲਜ਼ ਦੇ ਫ਼ੌਜੀ, ਮੁਖ਼ਬਰ ਨੂੰ ਨਾਲ ਲੈ ਕੇ ਬੇਪਛਾਣ ਵਾਹਨਾਂ ਵਿਚ ਸਵਾਰ ਹੋ ਕੇ ਪਿੰਡਾਂ ਵਿਚ ਗਏ। ਪਿੰਡਾਂ ਦੇ ਲੋਕ ਡੰਗਰ ਚੋਰੀ ਕਰਨ ਵਾਲਿਆਂ ਦੇ ਡਰੋਂ ਦਿਨ ਰਾਤ ਪਹਿਰਾ ਦੇ ਰਹੇ ਸਨ। ਜਦੋਂ ਇਕ ਪਾਲ਼ੀ ਮੁੰਡੇ ਨੇ ਫ਼ੌਜੀਆਂ ਨੂੰ ਚੋਰ ਸਮਝ ਕੇ ਲਲਕਾਰਿਆ ਤਾਂ ਉਨ੍ਹਾਂ ਨੇ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਸ ਪਿੱਛੋਂ ਲੋਕ ਇਕੱਠੇ ਹੋ ਕੇ ਇਸ ਦੇ ਖ਼ਿਲਾਫ਼ ਰੋਸ ਪ੍ਰਗਟਾਉਣ ਲੱਗੇ ਤਾਂ ਫ਼ੌਜੀਆਂ ਨੇ ਮੁੜ ਗੋਲੀਆਂ ਚਲਾ ਕੇ ਇਕ ਹੋਰ ਗੱਭਰੂ ਮਾਰ ਸੁੱਟਿਆ। ਫ਼ੌਜ ਹੁਣ ਪਾਲ਼ੀ ਨੂੰ ਮਾਰਨ ਦਾ ਇਲਜ਼ਾਮ ਮੁਖ਼ਬਰ ਸਿਰ ਲਾ ਰਹੀ ਹੈ।

ਮੁੱਖ ਮੰਤਰੀ ਉਮਰ ਅਬਦੁੱਲਾ ਕਹਿੰਦਾ ਹੈ ਕਿ ਮੁੰਡਿਆਂ ਦੀਆਂ ਮੌਤਾਂ ਨੇ ਹਥਿਆਰਬੰਦ ਬਲਾਂ ਦੇ ਵਿਸ਼ੇਸ਼ ਅਧਿਕਾਰ ਕਾਨੂੰਨ (ਅਫਸਪਾ) ਨੂੰ ਵਾਪਸ ਲਏ ਜਾਣ ਦੀ ਜ਼ਰੂਰਤ ਵੱਲ ਦੁਬਾਰਾ ਧਿਆਨ ਖਿੱਚਿਆ ਹੈ। "ਮੈਂ ਸਮਝਦਾ ਹਾਂ ਕਿ ਫ਼ੌਜ ਨੂੰ ਕੰਮ ਕਰਨ ਲਈ ਕਾਨੂੰਨੀ ਸਹਾਰੇ ਦੀ ਲੋੜ ਤਾਂ ਹੈ। ਮੇਰਾ ਨੁਕਤਾ ਇਹ ਹੈ ਕਿ ਕਾਨੂੰਨੀ ਸਹਾਰੇ ਨੂੰ ਬੇਖ਼ੌਫ਼ ਹੋ ਕੇ ਕਾਰਵਾਈਆਂ ਕਰਨ ਤੱਕ ਕਿਉਂ ਵਧਾਇਆ ਜਾਵੇ। ਇਹੀ ਹੋ ਰਿਹਾ ਹੈ", ਉਸ ਨੇ ਅੱਗੇ ਕਿਹਾ ਕਿ ਕੇਂਦਰੀ ਹਕੂਮਤ ਨੂੰ ਆਹਲਾ ਮਿਆਰੀ ਪੱਧਰ 'ਤੇ ਇਨ੍ਹਾਂ ਘਟਨਾਵਾਂ ਦੀ ਜਾਂਚ ਲਾਜ਼ਮੀ ਕਰਾਉਣੀ ਚਾਹੀਦੀ ਹੈ ਅਤੇ ਅਹਿਸਾਸ ਕਰ ਲੈਣਾ ਚਾਹੀਦਾ ਹੈ ਕਿ "ਜਦੋਂ ਤੱਕ ਨਿਆਂ ਨਜ਼ਰ ਨਹੀਂ ਆਉਂਦਾ, ਲੋਕਾਂ ਦਾ ਸਰਕਾਰੀ ਅਦਾਰਿਆਂ 'ਚ ਭਰੋਸਾ ਨਹੀਂ ਬੱਝੇਗਾ।"

ਇਨ੍ਹਾਂ ਸਖ਼ਤ ਸ਼ਬਦਾਂ ਦੇ ਬਾਵਜੂਦ, ਜ਼ਮੀਨੀ ਪੱਧਰ 'ਤੇ ਕੋਈ ਫ਼ਰਕ ਨਹੀਂ ਪਿਆ। ਕਸ਼ਮੀਰੀ ਅਜੇ ਵੀ ਇਸ ਇੰਤਜ਼ਾਰ 'ਚ ਹਨ ਕਿ ਉਨ੍ਹਾਂ ਨੂੰ ਨਿਆਂ ਮਿਲੇ ਅਤੇ ਜਿਨ੍ਹਾਂ ਨੇ 2010 ਵਿਚ ਘਾਟੀ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਘੱਟੋ-ਘੱਟ 117 ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ, ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਉਨ੍ਹਾਂ ਉੱਪਰ ਮੁਕੱਦਮੇ ਚਲਾਏ ਜਾਣ। ਇਸ ਰਿਆਸਤ ਦੀ ਕਾਇਨਾਤ ਉਪਰ ਅਜਿਹੇ ਕਾਂਡਾਂ ਦੇ ਨਿਸ਼ਾਨ ਹਨ। ਕੁਨਨ-ਪੌਸ਼ਪੁਰਾ ਦੀ ਇਕ ਔਰਤ ਨੇ ਕਿਹਾ, "ਜਦੋਂ ਦਿੱਲੀ ਵਿਚ ਇਕ ਬੇਵੱਸ ਕੁੜੀ ਨਾਲ ਜਬਰ ਜਨਾਹ ਹੋਇਆ, ਤੁਸੀਂ ਕਾਨੂੰਨ ਬਦਲ ਲਿਆ। ਇਥੇ ਜਦੋਂ ਸਾਡੀਆਂ ਔਰਤਾਂ ਦੀ ਇੱਜ਼ਤ ਵਰਦੀਧਾਰੀ ਸਾਰੀ ਰਾਤ ਰੋਲਦੇ ਰਹੇ, ਤੁਸੀਂ ਸਿਰਫ਼ ਉਨ੍ਹਾਂ ਨੂੰ ਕਲੀਨ ਚਿੱਟ ਦੇਣ ਲਈ ਹੀ ਦਖ਼ਲ ਦਿੱਤਾ। ਕੀ ਇਹ ਨਿਆਂ ਹੈ?"

*-ਪੇਸ਼ਕਸ਼: ਬੂਟਾ ਸਿੰਘ*

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਵਸਦੇ ਘਰਾਂ ਦੇ ਉਜੜ ਗਏ ਲੋਕ

*ਲਗਾਤਾਰ ਨਾਜਾਇਜ਼ ਰਿਸ਼ਤੇ ਉਸਰਨ ਕਰ ਕੇ ਸਿਆਣੇ ਲੋਕ ਕੰਧਾਂ 'ਚ ਸਿਰ ਹੀ ਨਹੀਂ ਮਾਰ ਰਹੇ, ਸਗੋਂ ਕੰਧਾਂ ਹੀ ਧੜਾ-ਧੜ ਸਿਰਾਂ 'ਚ ਵੱਜਣ ਲੱਗ ਗਈਆਂ ਹਨ। ਜੁਆਨੀ ਦੀ ਉਮਰ ਵਿਚ ਦੋਸਤੀ ਦੇ ਦੋ ਪਹਿਲੇ ਦਰਜੇ, ਮੁਹੱਬਤ ਦਾ ਗਲਾ ਘੁਟ ਕੇ ਸਰੀਰਕ ਸਬੰਧਾਂ ਦੀ ਖਾਈ 'ਚ ਡਿਗਦੇ ਨਜ਼ਰ ਆਉਣ ਲੱਗ ਪਏ ਹਨ। ਜਸੂਸੀ ਦਾ ਕੰਮ ਕਰਨ ਵਾਲੇ ਕੈਦੋਂ ਵਿਚਾਰੇ ਬੜੀ ਦੇਰ ਤੋਂ ਨਿਰਾਸ਼ ਹੋ ਕੇ ਮੂੰਹ ਬੰਦ ਕਰ ਕੇ ਬੈਠ ਗਏ ਹਨ। ਕਾਨੂੰਨ ਵਿਚ ਹਾਕਮਾਂ ਦੀ ਘੁਸਪੈਠ ਹੋਣ ਕਰ ਕੇ ਤਰਾਜੂ, ਇਨਸਾਫ਼ ਵੱਲ ਪਿੱਠ ਕਰ ਕੇ ਰੋਣ ਲੱਗ ਪਈ ਹੈ। ਤੱਕੜੀ ਪਹਿਲਾਂ ਤਾਂ ਦੁਖੀ ਸੀ ਕਿ ਇਹਦੇ ਨਾਲ ਬਾਣੀਆਂ ਨੇ ਬਹੁਤ ਸ਼ਰਾਰਤਾਂ ਕੀਤੀਆਂ, ਫਿਰ ਵੋਟਾਂ ਵਾਲੇ ਖਿੱਚ-ਧੂਹ ਕਰਨ ਲੱਗ ਗਏ, ਤੇ ਅੱਖਾਂ ਲਾਉਣ ਦੀਆਂ ਗੱਲਾਂ ਕਰਨ ਵਾਲਿਆਂ ਨੇ ਪਿਆਰ ਭੁੰਜੇ ਬਿਠਾ ਲਿਆ ਹੈ ਤੇ ਸਰੀਰ ਪਲੜਿਆਂ ਵਿਚ ਬੈਠੇ ਹਨ। ਜੁਆਨੀ, ਬਾਤਾਂ ਤਾਂ ਮੁਹੱਬਤ ਦੇ ਸ਼ਹਿਦ ਦੀਆਂ ਪਾ ਰਹੀ ਹੈ, ਪਰ ਸੁਆਦ ਹੁੰਗਾਰੇ ਦੇ ਰੂਪ ਵਿਚ ਆਚਾਰ ਵਰਗਾ ਆ ਰਿਹਾ ਹੈ। ਕਈ ਵਿਚਾਰੇ ਸਾਰਾ ਦਿਨ ਬੁਢਾਪਾ ਲਕੋਣ ਲਈ ਵਾਲ ਰੰਗਦੇ ਰਹੇ, ਪਰ ਪ੍ਰਵਾਨ ਕਰਨ ਵਾਲਿਆਂ ਨੇ ਧੌਲਿਆਂ ਵੱਲ ਧਿਆਨ ਹੀ ਨਹੀਂ ਦਿੱਤਾ। ਹੁਣ ਦੀਵਾਲੀ, ਦੁਸਿਹਰੇ ਤੋਂ ਪਹਿਲਾਂ ਮਨਾਉਣ ਦੀ ਰਵਾਇਤ ਤਾਂ ਤੁਰਨ ਲੱਗੀ ਹੈ, ਕਿਉਂਕਿ ਜਵਾਨੀ ਬੱਤੀਆਂ ਦੀ ਨਹੀਂ, ਦੀਵਿਆਂ ਦੀ ਦੀਵਾਨੀ ਹੋ ਗਈ ਹੈ। ਮੁੱਠੀ ਜਦੋਂ ਦੀ ਪੈਸੇ ਕਰ ਕੇ ਨਿੱਘੀ ਰਹਿਣ ਲੱਗੀ ਹੈ, ਲੀੜੇ ਭਾਰੇ ਹੋ ਗਏ ਹਨ ਤੇ ਸਰੀਰ ਹਲਕੇ। ਮੌਸਮ ਦੀ ਧੁੰਦ ਪੈਂਦੀ ਹੈ, ਹਟ ਜਾਂਦੀ ਹੈ ਪਰ ਲਾਲਚ, ਲੋਭ, ਕਾਮ, ਅਗਿਆਨਤਾ ਦੀ ਧੁੰਦ ਹੋਰ ਗੂੜ੍ਹੀ ਹੋਈ ਜਾਣ ਕਰ ਕੇ ਧੀਆਂ ਭੈਣਾਂ ਦੇ ਦਿਨੇ ਵੀ ਸੁਰੱਖਿਅਤ ਹੋਣ ਦੀ ਆਸ ਮੁੱਕ ਗਈ ਹੈ। ਟੈਲੀਫੋਨ ਵਧ ਗਏ ਹਨ, ਕੁਨੈਕਸ਼ਨ ਧੜਾ-ਧੜ ਦਿੱਤੇ ਜਾ ਰਹੇ ਹਨ, ਪਰ ਸਿਸਟਮ ਡਾਊਨ ਹੁੰਦਾ ਜਾ ਰਿਹਾ ਹੈ। ਪਤੀ ਨੂੰ ਛੱਡ ਕੇ ਜੇ ਔਰਤ ਪ੍ਰੇਮੀ ਨਾਲ ਭਰਾ ਦੇ ਰੱਖੜੀ ਬੰਨ੍ਹਣ ਜਾ ਰਹੀ ਹੈ ਤਾਂ ਇਸ ਕਰ ਕੇ ਕਿ ਭੈਣ ਸਮਝ ਗਈ ਹੈ ਕਿ ਹੁਣ ਇਹ ਧੁਆਂਖਿਆ ਭਰਾ ਉਹਦੀ ਰੱਖਿਆ ਕਰਨ ਦੇ ਸਮਰੱਥ ਰਿਹਾ ਹੀ ਨਹੀਂ ਹੈ। ਖ਼ੈਰ! ਕਾਂ ਤਾਂ ਰੂੜੀਆਂ 'ਤੇ ਬੈਠੀ ਜਾਣ, ਕੋਈ ਗੱਲ ਨਹੀਂ, ਕਬੂਤਰ ਵੀ ਗੰਦ ਫਰੋਲਣ ਲੱਗ ਪਏ ਹਨ। ਆਹ ਚਾਰ ਅੱਖਰ ਪੜ੍ਹ ਕੇ ਲੱਗੇਗਾ, ਮਲਾਈ ਥੱਲੇ ਬੈਠ ਗਈ ਹੈ ਤੇ ਦੁੱਧ ਉਪਰ ਆ ਗਿਆ ਹੈ।*

ਲੋਕਾਂ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਮੁਕਤ ਹੋਣ ਦਾ ਉਪਦੇਸ਼ ਦੇਣ ਵਾਲੇ ਖੁਦ ਇਸ ਦਲ-ਦਲ ਵਿਚ ਫਸਦੇ ਦੇਖੇ ਹਨ। ਚਲੋ, ਮਨੁੱਖ ਪੈਸੇ ਦਾ ਲੋਭੀ ਹੋਈ ਜਾਂਦਾ ਤਾਂ ਕੋਈ ਗੱਲ ਨਹੀਂ ਸੀ, ਉਹ ਤਾਂ ਹਰ ਚੀਜ਼ 'ਤੇ ਕਾਬਜ਼ ਹੋਣ ਲਈ ਘੂਰੀਆਂ ਵੱਟ ਰਿਹਾ ਹੈ। ਜਿਨ੍ਹਾਂ ਨੂੰ ਮੈਥ ਦੇ ਵਿਸ਼ੇ ਬਾਰੇ ਕੁਝ ਜਾਣਕਾਰੀ ਹੈ ਕਿ ਅਲਜਬਰੇ ਵਿਚ ਸਮੀਕਰਨਾਂ ਭਾਵੇਂ ਜਿੰਨੀਆਂ ਮਰਜ਼ੀ ਲਾ ਕੇ ਵੇਖ ਲਈਏ, ਪਰ ਕੁਝ ਪ੍ਰਸ਼ਨਾਂ ਦੇ ਉਤਰ 'ਇਨਫਿਨਿਟੀ' ਬਣ ਜਾਂਦੇ ਹਨ। ਬੁਢਾਪਾ ਕਿਉਂਕਿ 'ਕੱਲਿਆਂ ਨੇ ਗੁਜ਼ਾਰਨਾ ਹੁੰਦਾ ਹੈ, ਇਸ ਲਈ ਆਪਣੇ ਆਪ ਨੂੰ ਸਤਿਕਾਰ ਦਾ ਪਾਤਰ ਬਣਾਈ ਰੱਖਣ ਲਈ ਸਿਆਣਪ ਦੀ ਲੋੜ ਹੁੰਦੀ ਹੈ; ਪਰ ਕਈਆਂ ਦੇ ਪੋਤੇ ਤਾਂ ਚੰਗੇ ਨਿਕਲੇ, ਪਰ ਬਾਪੂ ਸਿਰ ਸੁਆਹ ਪੁਆਉਂਦੇ ਰਹੇ। ਕਈ ਪੁੱਤਰਾਂ ਨੂੰ ਕਹਿਣਾ ਪਿਆ-'ਚਾਲ ਚੱਲਣ ਤਾਂ ਠੀਕ ਸੀ ਪਿਉ ਦਾ।'' ਸਾਧਾਂ ਦੀਆਂ ਚੇਲੀਆਂ ਨਾਲ ਛੇੜ-ਛਾੜ ਦੀਆਂ ਖ਼ਬਰਾਂ ਤਾਂ ਆਉਂਦੀਆਂ ਸਨ, ਪਰ ਹੁਣ ਮਾਸੂਮ ਬੱਚੀਆਂ ਵੀ ਇਨ੍ਹਾਂ ਸਿਰ ਇਲਜ਼ਾਮਾਂ ਦੀ ਸੁਆਹ ਸੁੱਟਣ ਲੱਗ ਪਈਆਂ ਹਨ। ਸ਼ਰਧਾ ਅੰਨ੍ਹੀ ਹੋਣ ਕਰ ਕੇ ਸ਼ਰਧਾਲੂ ਇਨ੍ਹਾਂ ਦੇ ਸਤਾਏ ਲੋਕਾਂ ਨਾਲ ਹੱਥੋਪਾਈ ਹੋਣ ਲੱਗ ਪਏ ਹਨ।

ਕੁਝ ਲੋਕ ਦੂਜਿਆਂ ਦੇ ਪ੍ਰਛਾਵੇਂ ਪਿੱਛੇ ਭੱਜਦੇ ਰਹੇ, ਪਰ ਆਪਣਾ ਵਜੂਦ ਵੀ ਕਾਇਮ ਨਹੀਂ ਰੱਖ ਸਕੇ। ਕਈਆਂ ਨੇ ਪ੍ਰਸ਼ਾਦਾ ਘੱਟ ਛਕਿਆ ਹੈ, ਤੇ ਜੂਠ ਵੱਧ ਛੱਡੀ ਹੈ। ਬਹੁਤ ਸਾਰੇ ਲੋਕਾਂ ਨੇ ਸੁਆਲ ਹੀ ਕੀਤੇ ਹਨ, ਪਰ ਜਦੋਂ ਜਵਾਬ ਦੇਣ ਦੀ ਵਾਰੀ ਆਈ ਤਾਂ ਮੂੰਹ ਗੋਡਿਆਂ 'ਚ ਦੇ ਲਿਆ। ਇਕ ਵਾਰ ਸਵਾਮੀ ਵਿਵੇਕਾਨੰਦ ਅਮਰੀਕਾ ਆਏ ਤਾਂ ਕਿਸੇ ਅਜਨਬੀ ਨੇ ਉਨ੍ਹਾਂ ਨੂੰ ਸੁਆਲ ਕੀਤਾ, ''ਤੁਹਾਡਾ ਇਥੇ ਕੋਈ ਕਾਰੋਬਾਰ ਤਾਂ ਨਹੀਂ ਹੈ, ਰੋਟੀ ਖਾਣ ਲਈ ਤੁਹਾਡੇ ਕੋਲ ਪੈਸਾ ਕਿੰਨਾ ਹੈ?''

ਸਵਾਮੀ ਜੀ ਹੱਸ ਕੇ ਕਹਿਣ ਲੱਗੇ, ''ਬੜੇ ਲੋਕਾਂ ਕੋਲ ਪੈਸਾ ਹੈ, ਪਰ ਰੋਟੀ ਰੱਜ ਕੇ ਨਸੀਬ ਨਹੀਂ ਹੋ ਰਹੀ। ਇਸ ਲਈ ਰੋਟੀ, ਪੈਸਾ ਨਹੀਂ ਦਿੰਦਾ; ਉਹ ਦਿੰਦਾ ਹੈ ਜਿਹਨੇ ਜਨਮ ਦਿੱਤਾ ਹੈ।''

ਪੁੱਛਣ ਵਾਲੇ ਨੂੰ ਸੰਗ ਤਾਂ ਆਈ, ਪਰ ਇਕ ਗੱਲ ਹੋਰ ਪੁੱਛ ਲਈ, ''ਤੁਹਾਨੂੰ ਇਥੇ ਕੋਈ ਜਾਣਦੈ?''

''ਹਾਂ।''

''ਕੌਣ ਹੈ ਉਹ?''

''ਉਹ ਸਿਰਫ਼ ਤੁਸੀਂ ਹੋ।''

ਉਹਨੇ ਝੁਕ ਕੇ ਸਵਾਮੀ ਜੀ ਦੇ ਚਰਨ ਫੜ ਲਏ ਤੇ ਕਹਿਣ ਲੱਗਾ, ''ਹੁਣ ਤੁਸੀਂ ਹੋਰ ਕਿਤੇ ਨਹੀਂ ਜਾਉਗੇ, ਤੁਹਾਨੂੰ ਰਹਿਣ ਤੇ ਖਾਣ ਦੀ ਕੋਈ ਚਿੰਤਾ ਨਹੀਂ।''

ਗੱਲ ਅਸਲ ਵਿਚ ਇਹ ਸੀ ਕਿ ਸਵਾਮੀ ਜੀ ਨੇ ਸਿਰਫ਼ ਅੰਦਰਲੇ ਬੁਝੇ ਹੋਏ ਗਿਆਨ ਦੇ ਦੀਵੇ ਵਿਚ ਤੇਲ ਪਾ ਕੇ ਬੱਤੀ ਲਟ-ਲਟ ਬਲਣ ਲਾ ਦਿੱਤੀ ਸੀ।

ਜਿਸਮਾਂ ਦੀ ਖੇਡ ਲਈ ਜੇ ਕੋਠਿਆਂ 'ਤੇ ਕੁਝ ਮਜਬੂਰ ਤੇ ਲਾਚਾਰ ਜ਼ਿੰਦੜੀਆਂ ਸ਼ਤਰੰਜ ਵਿਛਾ ਕੇ ਬੈਠੀਆਂ ਹਨ ਤਾਂ ਬਾਦਸ਼ਾਹ ਤੇ ਪਿਆਦਾ ਇਸ ਕਰ ਕੇ ਵਾਰੋ-ਵਾਰੀ ਜਾ ਰਹੇ ਹਨ ਕਿਉਂਕਿ ਠਰਕ ਦੀ ਥਾਲੀ ਵਜਾਉਣ ਦੀ ਆਦਤ ਦੋਹਾਂ ਨੂੰ ਹੈ। ਇਨ੍ਹਾਂ ਥਾਂਵਾਂ ਤੋਂ ਪਰਤਦਿਆਂ ਮਰਦ ਅਕਸਰ ਸ਼ਰਮਿੰਦੇ ਹੋ ਜਾਂਦੇ ਹਨ, ਪਰ ਜਿਨ੍ਹਾਂ ਨੇ ਇਸ ਕੁ-ਰੀਤ ਨੂੰ ਸ਼ੌਕ ਬਣਾਇਆ ਹੈ, ਉਨ੍ਹਾਂ ਬਾਰੇ ਉਤਰ ਅਲਜਬਰੇ ਵਾਂਗ 'ਇਨਫਿਨਟੀ' ਵਿਚ ਹੈ। ਜਦੋਂ ਮਰਦ ਹੋਰ ਨੂੰ ਚਾਹਵੇ ਤੇ ਬੀਵੀ ਹੋਰ ਨੂੰ, ਤਾਂ ਸਤਲੁਜ ਤੇ ਯਮੁਨਾ ਦਾ ਲਿੰਕ ਉਸਾਰੇ ਜਾਣ ਦੀ ਆਸ ਨਹੀਂ ਹੁੰਦੀ; ਸਿਰਫ਼ ਹਰਿਆਣੇ ਵਾਂਗ ਰੌਲਾ ਹੀ ਪਾਇਆ ਜਾ ਸਕਦਾ ਹੈ। ਵੇਲਣੇ 'ਚ ਪੀੜਨ ਲਈ ਫਸਾਇਆ ਤਾਂ ਗੰਨਾ ਸੀ, ਪਰ ਰਸ ਨਿਕਲਣ ਦੀ ਥਾਂ ਜ਼ਹਿਰ ਕਿਥੋਂ ਆ ਗਈ, ਪਤਾ ਮੈਨੂੰ ਵੀ ਨਹੀਂ ਲੱਗਾ। ਗੱਲ ਤੁਹਾਡੇ 'ਤੇ ਛੱਡਦੇ ਹਾਂ। ਲਗਦੈ, ਜ਼ਿੰਦਗੀ ਦੀ ਸ਼ਿਕੰਜਵੀ ਵਿਚ ਮਿੱਠਾ ਪਾਉਣ ਦਾ ਚੇਤਾ ਹੀ ਭੁੱਲ ਗਿਐ।

ਮਨਜੀਤ ਹਾਲੇ ਚੰਡੀਗੜ੍ਹ ਦੀਆਂ ਕਚਿਹਰੀਆਂ 'ਚੋਂ ਬਾਹਰ ਹੀ ਨਿਕਲਿਆ ਸੀ ਕਿ ਪਤਨੀ ਸੁਮਨ ਦਾ ਫੋਨ ਆਇਆ, ''ਰਜਿਸਟਰੀ ਹੋ ਗਈ ਐ? ਤੁਸੀਂ ਸਵੇਰ ਦਾ ਕੁਝ ਦੱਸਿਆ ਈ ਨ੍ਹੀਂ?''

''ਬੱਸ ਫੋਨ ਕਰਨ ਈ ਵਾਲਾ ਸੀ। ਰੱਬ ਤਾਂ ਅੱਜ ਆਏਂ ਲੱਗਾ ਜਿਵੇਂ ਮੋਢਿਆਂ 'ਤੇ ਆ ਕੇ ਬੈਠ ਗਿਆ ਹੋਵੇ। ਇਹ ਰਾਜੂ, ਰਘਬੀਰ ਤੇ ਬੰਤ ਤਾਂ ਆਏਂ ਲਗਦਾ ਜਿਵੇਂ ਪਾਂਡਵਾਂ ਦੇ ਕਾਫ਼ਲੇ 'ਚੋਂ ਵਿਛੜ ਕੇ ਸਾਡੇ ਨਾਲ ਆ ਰਲੇ ਹੋਣ। ਉਂਜ ਗਿਣਤੀ ਨੇੜੇ ਈ ਐ। ਇਨ੍ਹਾਂ 'ਚ ਚੌਥਾ ਮੈਂ ਹੈਗਾਂ, ਤਾਂ ਪੰਜਵੀਂ ਤੂੰ ਮੇਰੀ ਦਰੋਪਤੀ ਤਾਂ ਹੈਂ ਈਂ ਮੇਰੀ।''

''ਅੱਜ ਲਗਦੈ ਬਿਰਲੇ ਤੇ ਟਾਟੇ ਨੂੰ 'ਕੱਠਿਆਂ ਜੱਫੀ ਪਾ ਲਈ ਐ ਤੁਸੀਂ। ਦੱਸੋ ਤਾਂ ਸਹੀ, ਬਚਿਆ ਕੀ ਹੈ ਹੁਣ ਵਾਲੀ ਪ੍ਰਾਪਰਟੀ ਵਿਚੋਂ?''

''ਮਸ਼ੀਨ ਲੈ ਆਇਆਂ ਗਿਣਨ ਲਈ। ਲੋਕ ਤਾਂ ਚੁਰਾਸੀ ਜੂਨ ਆਂਹਦੇ, ਪਰ ਸਾਨੂੰ ਇਸ ਜ਼ਮੀਨ ਨੇ ਉਹ ਕੁਝ ਦਿੱਤਾ ਜੋ ਸ਼ਾਇਦ ਸੋਨੇ ਦੀ ਖਾਣ ਵੀ ਨਾ ਦੇਵੇ। ਪੂਰਾ ਚੁਰਾਸੀ ਕਰੋੜ ਬਚਿਆ। 'ਕੱਲੇ 'ਕੱਲੇ ਨੂੰ ਇਕੀ ਇਕੀ।''

''ਮੈਂ ਸਦਕੇ ਜਾਵਾਂ ਆਪਣੇ ਪਤੀ ਪਰਮੇਸ਼ਰ ਦੇ। ਇਨ੍ਹਾਂ ਪਾਂਡਵਾਂ ਨੂੰ ਕਿਤੇ ਘਰ ਵੀ ਲਿਆਈਓ।''

''ਠੀਕ ਐ। ਅੱਜ ਤਾਂ ਅਸੀਂ ਸਾਰਿਆਂ ਨੇ ਸ਼ਿਮਲੇ ਘੁੰਮਣ ਦਾ ਮਨ ਬਣਾਇਐ, ਮੈਂ ਭਲਕੇ ਆਊਂ। ਤੂੰ ਐਂ ਕਰੀਂ, ਸ਼ਾਮੀਂ ਨਹਾ-ਧੋ ਕੇ ਬਾਹਰ ਵਾਲੇ ਬਾਬਿਆਂ ਦੇ ਮੱਥਾ ਟੇਕ ਕੇ ਆਈਂ, ਤੇ ਗੱਲੇ 'ਚ ਗਿਆਰਾਂ ਹਜ਼ਾਰ ਪਾ ਕੇ ਹੱਥ ਜੋੜੀਂ ਕਿ ਬਾਬਾ ਜੀ! ਆਏਂ ਬਰਕਤਾਂ ਦਾ ਮੀਂਹ ਪਾਉਂਦੇ ਰਿਹੋ। ਹੁਣ ਮਗਰ ਫੋਨ-ਫਾਨ ਨਾ ਕਰੀ ਜਾਈਂ, ਅਸੀਂ 'ਕੱਠਿਆਂ ਨੇ ਫ਼ਿਲਮ-ਫੁਲਮ ਵੀ ਵੇਖਣੀ ਐ ਤੇ ਕੁਛ ਤੇਰੇ ਲਈ ਖਰੀਦ ਲਿਆਊਂ।''

ਤੇ ਖੁਸ਼ੀ 'ਚ ਖੀਵੇ ਹੋਏ ਮਨਜੀਤ ਨੇ ਮੂੰਹ ਤੇ ਫੋਨ 'ਕੱਠੇ ਬੰਦ ਕਰ ਦਿੱਤੇ।

ਉਂ ਮਨਜੀਤ ਨੂੰ ਕਦੇ ਯਾਦ-ਚਿੱਤ ਵੀ ਨਹੀਂ ਸੀ ਕਿ ਉਹ ਕਰੋੜਾਂ 'ਚ ਖੇਡੇਗਾ, ਕਿਉਂਕਿ ਛੋਟੇ ਜਿਹੇ ਕਸਬੇ ਵਿਚ ਰੰਗ-ਰੋਗਨ ਦੀ ਦੁਕਾਨ ਉਹਦੀ ਰੋਜ਼ੀ-ਰੋਟੀ ਚੰਗੀ ਚਲਾ ਰਹੀ ਸੀ। ਦੁਕਾਨ ਤਾਂ ਉਹਦੇ ਬਾਪੂ ਨੇ ਪਾਈ ਸੀ, ਪਰ ਉਹ 'ਕੱਲਾ ਪੁੱਤ ਹੋਣ ਕਰ ਕੇ ਪੂਰੇ ਦਾ ਪੂਰਾ ਵਾਰਿਸ ਬਣ ਗਿਆ ਸੀ। ਪਹਿਲਾਂ ਉਹਨੇ ਦੁਕਾਨ ਲਾਗੇ ਛੋਟਾ ਜਿਹਾ ਪਲਾਟ ਖਰੀਦਿਆ ਜਿਹੜਾ ਦੋ ਕੁ ਸਾਲਾਂ ਵਿਚ ਚੰਗਾ ਭਾਅ ਦੇ ਗਿਆ; ਫਿਰ ਲਾਗਲੇ ਸ਼ਹਿਰ ਵਿਚ ਪੂਰਾ ਕਿੱਲਾ ਖਰੀਦ ਕੇ ਪਲਾਟ ਕੱਟ ਕੇ ਵੇਚ ਦਿੱਤੇ। ਲੱਖਾਂ ਦੀ ਗੱਲ ਕਰੋੜਾਂ 'ਚ ਚਲੇ ਗਈ।

ਚੰਡੀਗੜ੍ਹ ਦੁਆਲੇ ਜ਼ਮੀਨਾਂ ਹੀਰਿਆਂ ਦੇ ਭਾਅ ਵਿਕਣ ਲੱਗੀਆਂ। ਮਨਜੀਤ ਦਾ ਇਕ ਹਮਜਮਾਤੀ ਸੁਰਜੀਤ ਚੰਡੀਗੜ੍ਹ ਰਹਿੰਦਾ ਸੀ। ਸੁਰਜੀਤ ਲੱਗਾ ਤਾਂ ਭਾਵੇਂ ਕਲਰਕ ਸੀ, ਪਰ ਮਨਜੀਤ ਨੇ ਉਹਨੂੰ ਵੀ ਪ੍ਰਾਪਰਟੀ ਡੀਲਰ ਬਣਾ ਲਿਆ। ਬਦਕਿਸਮਤੀ ਇਹ ਕਿ ਦੋਹਾਂ ਦਾ ਅਜੇ ਇਕੋ ਸੌਦਾ ਸਿਰੇ ਲੱਗਿਆ ਸੀ ਕਿ ਸੁਰਜੀਤ ਮੁਹਾਲੀ ਲਾਗੇ ਦੁਰਘਟਨਾ ਦਾ ਸ਼ਿਕਾਰ ਹੋ ਗਿਆ। ਫਿਰ ਹਾਲਾਤ ਇਹ ਬਣ ਗਏ ਕਿ ਸੋਨੇ ਦੀ ਲੰਕਾ ਬਣਾਉਣ ਵਾਲੇ ਮਿਸਤਰੀਆਂ ਨਾਲ ਮੇਲ-ਜੋਲ ਵਧਦਾ ਗਿਆ। ਦੁਕਾਨ ਉਹਨੇ ਛੱਡੀ ਨਹੀਂ ਸੀ, ਨੌਕਰ ਆਪੇ ਚਲਾਈ ਜਾਂਦੇ ਸਨ।

ਰੱਬ ਦੀ ਰਜ਼ਾ ਇਹ ਸੀ ਕਿ ਮਨਜੀਤ ਕੋਲ ਧੜਾ-ਧੜ ਪੈਸਾ ਆਉਣ ਦੇ ਬਾਵਜੂਦ ਕੋਈ ਮਾੜੀ ਆਦਤ ਉਹਦੀ ਜ਼ਿੰਦਗੀ ਵਿਚ ਘੁਸਪੈਠ ਨਹੀਂ ਕਰ ਸਕੀ ਸੀ। ਦਾਰੂ ਤਾਂ ਕੀ, ਉਹ ਚਾਹ ਦਾ ਕੱਪ ਵੀ ਨਹੀਂ ਸੀ ਪੀਂਦਾ। ਲੋੜਵੰਦਾਂ ਦਾ ਮਦਦਗਾਰ ਵੀ ਸੀ। ਉਤੋਂ ਘਰ ਦੇ ਹਾਲਾਤ ਇਹ ਸਨ ਕਿ ਬਾਪੂ ਵਧੀਆ ਘਰ ਛੱਤ ਕੇ ਦੇ ਗਿਆ ਸੀ। ਮਨਜੀਤ ਦੀ ਪਤਨੀ ਦਾ ਨਾਂ ਸੁਮਨ ਸੀ, ਤੇ ਸੁਨੱਖੀ ਇੰਨੀ ਕਿ ਵੇਖ ਕੇ ਚੰਨ ਵੀ ਨਵੀਂ ਵਿਆਹੀ ਆਈ ਵਾਂਗ ਪੱਲਾ ਕਰ ਲੈਂਦਾ ਹੋਊ! ਮਨਜੀਤ ਦਾ ਵਿਆਹ ਉਨ੍ਹਾਂ ਦਿਨਾਂ ਵਿਚ ਹੋਇਆ ਸੀ ਜਦੋਂ ਰਾਜ ਕਪੂਰ ਦੀ ਫਿਲਮ 'ਰਾਮ ਤੇਰੀ ਗੰਗਾ ਮੈਲੀ' ਆਈ ਸੀ। ਮੰਦਾਕਿਨੀ ਇਹਦੇ 'ਚ ਮੁੱਖ ਅਭਿਨੇਤਰੀ ਸੀ। ਪਰੀਆਂ ਵਰਗੀ ਹੋਣ ਕਰ ਕੇ ਫਿਲਮ ਘੱਟ, ਤੇ ਮੰਦਾਕਿਨੀ ਵੱਧ ਚਰਚਿਤ ਹੋਈ ਸੀ ਤੇ ਰਿਸ਼ਤੇਦਾਰਾਂ ਤੇ ਜਾਣ-ਪਛਾਣ ਵਾਲਿਆਂ ਨੇ ਰੂੰ ਦੇ ਫਹੇ ਵਰਗੀ ਹੋਣ ਕਰ ਕੇ ਸੁਮਨ ਦਾ ਨਾਂ ਰੱਖਿਆ ਤਾਂ ਮਜ਼ਾਕ 'ਚ ਸੀ, ਪਰ ਹੌਲੀ-ਹੌਲੀ ਉਹਨੂੰ ਮੰਦਾਕਿਨੀ ਹੀ ਕਿਹਾ ਜਾਣ ਲੱਗ ਪਿਆ। ਮਨਜੀਤ ਵੀ ਸੋਹਣਾ ਸੀ, ਪਰ ਦੋਵੇਂ ਬੱਚੇ ਲੀਨਾ ਤੇ ਹਰਮਨ, ਮਾਂ ਉਤੇ ਗਏ ਸਨ।

ਚੰਡੀਗੜ੍ਹੋਂ ਜ਼ਮੀਨ ਦੇ ਚਾਅ 'ਚ ਜਦੋਂ ਚਾਰੇ ਭਾਈਵਾਲ ਸ਼ਿਮਲੇ ਨੂੰ ਪੈਸਿਆਂ ਦੇ ਨਸ਼ੇ ਵਿਚ ਤੁਰਨ ਲੱਗੇ ਤਾਂ ਚਾਰ-ਪੰਜ ਵੱਜ ਚੁੱਕੇ ਸਨ। ਖਾਣ-ਪੀਣ ਲਈ ਉਹ ਇਕ ਹੋਟਲ ਵਿਚ ਚਲੇ ਗਏ। ਰਾਜੂ ਨੇ ਪਹਿਲਾਂ ਬੀਅਰ ਦਾ ਆਰਡਰ ਕੀਤਾ, ਫਿਰ ਪੱਕੀ ਮੰਗਾ ਲਈ ਪੀਟਰ ਸਕਾਚ। ਲੀਹ ਸ਼ਰਾਬੀਆਂ ਆਲੀ ਚੱਲ ਪਈ। ਰਾਹ ਕੁਰਾਹ ਹੋਣ ਲੱਗਾ। ਸ਼ਿਮਲੇ ਦਾ ਟੂਰ ਮੁਲਤਵੀ ਹੋ ਗਿਆ। ਚਾਰ-ਪੰਜ ਘੰਟੇ ਹੋਟਲ 'ਤੇ ਹੀ ਸ਼ਰਾਬ ਨਾਲ ਮੁਰਗੇ ਦੀਆਂ ਲੱਤਾਂ ਦੀ ਖਿੱਚ- ਧੂਹ ਹੁੰਦੀ ਰਹੀ।

ਉਂ ਹੈ ਸਾਰੇ ਹੋਸ਼ ਵਿਚ ਸਨ। ਮਨਜੀਤ ਨੇ ਮਸ਼ਵਰਾ ਦਿੱਤਾ ਕਿ ਅੱਜ ਸਾਰੇ ਮੇਰੇ ਨਾਲ ਚੱਲੋ। ਹਰੀ ਦੇ ਢਾਬੇ ਦਾ ਮੁਰਗਾ ਖਾ ਕੇ ਚੰਡੀਗੜ੍ਹ ਭੁੱਲ ਜਾਉਗੇ।

ਸ਼ਰਾਬੀਆਂ ਦਾ ਮੂਡ! 'ਚਲੋ ਬਈ ਚਲੋ ਬਈ' ਨਾਲ ਮਹਿਫ਼ਲ ਉਠ ਕੇ ਗੱਡੀ ਵਿਚ ਬਿਰਾਜਮਾਨ ਹੋ ਗਈ। ਸੋਫੀ ਹੋਣ ਕਰ ਕੇ ਸਟੇਅਰਿੰਗ ਮਨਜੀਤ ਹੱਥ ਦੇ ਦਿੱਤਾ ਗਿਆ। ਇਕ ਨਸ਼ੇ ਦਾ ਸਰੂਰ, ਦੂਜੀ ਪੈਸੇ ਦੀ ਪਾਣ; ਦੋ-ਢਾਈ ਘੰਟੇ ਦੇ ਰਾਹ 'ਚ ਲੁੱਡੀਆਂ ਹੀ ਪੈਂਦੀਆਂ ਆਈਆਂ। ਕੋਈ ਕਹੇ, ਹੁਣ ਆਪਾਂ ਸ਼ਿਵਾਲਿਕ ਹੀ ਖਰੀਦਣੈ। ਰਘਬੀਰ ਮਸ਼ਵਰਾ ਦੇਵੇ, ''ਨਹੀਂ ਯਾਰ, ਹਿਮਾਚਲ ਵਿਚ ਚੈਲ 'ਚ ਮਾਰੋ ਕੋਈ ਸੌਦਾ। ਨਾਲੇ ਮਹਾਰਾਜਿਆਂ ਵਾਂਗ ਹੋਰ ਵੀ ਬੜੀਆਂ ਮੌਜਾਂ ਨੇ।''

ਤੇ ਇਉਂ ਜਸ਼ਨਾਂ ਦੇ ਪਤੰਗ ਉਡਦੇ ਰਹੇ ਤੇ ਜਦ ਨੂੰ ਮਨਜੀਤ ਦਾ ਕਸਬਾ ਵੀ ਆ ਗਿਆ। ਰਾਤ ਦੇ ਦਸ ਵੱਜ ਚੁੱਕੇ ਸਨ। ਹਫ਼ਤਾ ਤਾਂ ਦਸੰਬਰ ਦਾ ਪਹਿਲਾ ਹੀ ਸੀ, ਪਰ ਠੰਢ ਦੇ ਨਾਲ-ਨਾਲ ਹਲਕੀ ਧੁੰਦ ਵੀ ਪੈ ਗਈ ਸੀ। ਪਹਿਲਾਂ ਸਾਰੇ ਮਨਜੀਤ ਦੇ ਹਾਰਡਵੇਅਰ ਸਟੋਰ 'ਤੇ ਗਏ। ਬੰਦ ਹੋਣ ਕਰ ਕੇ ਬਾਹਰੋਂ ਹੀ ਦਰਸ਼ਨ ਕਰਦਿਆਂ ਬੰਤ ਬੋਲਿਆ, ''ਬਾਈ ਮਨਜੀਤ ਸਿਹਾਂ! ਵੇਚ ਇਹਨੂੰ ਹੁਣ। ਸੁਨਿਆਰਾ, ਕਰਿਆਨੇ ਦੀ ਦੁਕਾਨ ਕਰਦਾ ਚੰਗਾ ਨ੍ਹੀਂ ਲਗਦਾ।'' ਮਨਜੀਤ ਨੇ ਵੀ ਬੁੱਲ੍ਹਾਂ 'ਚ ਹੱਸ ਕੇ ਸਿਰ ਹਿਲਾ ਦਿੱਤਾ ਕਿ ਕਿਹੜਾ ਸ਼ਰਾਬੀਆਂ ਨਾਲ ਮੱਥਾ ਮਾਰੇ।

''ਅੱਜ ਹੋਰ ਪੀਣੀ ਆਂ।'' ਤਿੰਨਾਂ ਦੇ ਮਸ਼ਵਰੇ ਨੇ ਮਨਜੀਤ ਦਾ ਘਰ ਜਾਣਾ ਰੱਦ ਕਰ ਦਿੱਤਾ। ਉਹ ਵੀ ਚਾਹੁੰਦਾ ਸੀ ਬਾਹਰੇ ਠੀਕ ਐ। ਘਰੇ ਕਦੇ ਸੋਫੀਆਂ ਨੂੰ ਲਿਜਾਵਾਂਗੇ। ਕਸਬੇ 'ਚ ਛੋਟਾ ਜਿਹਾ ਹੋਟਲ ਸੀ, ਉਥੇ ਜਾਣ ਦਾ ਮਨ ਬਣ ਗਿਆ। ਕਮਰਾ ਲਿਆ, ਅੰਦਰ ਜਾ ਵੱਜੇ। ਬਾਹਰੋਂ ਆ ਕੇ ਕੁਝ ਲੋਕਾਂ ਨੇ ਸਿਨੇਮਾ ਢਾਹ ਕੇ ਹੋਟਲ ਤੇ ਮੈਰਿਜ ਪੈਲੇਸ 'ਕੱਠੇ ਬਣਾ ਦਿੱਤੇ ਸਨ।

ਬੋਤਲ ਤੇ ਮੁਰਗਾ ਫਿਰ ਇਕ ਵਾਰ ਆਹਮੋ-ਸਾਹਮਣੇ ਹੋਣ ਲੱਗੇ। ਦੋ ਕੁ ਪੈਗ ਅੰਦਰ ਗਏ ਸਨ ਕਿ ਰਘਬੀਰ ਅੰਦਰ ਬੈਠਾ ਸ਼ੈਤਾਨ, ਜਿੰਨ ਬਣ ਕੇ ਬਾਹਰ ਨਿਕਲਣ ਲੱਗਾ, ''ਬਾਈ ਮਨਜੀਤ! ਹੋਰ ਕੁਝ ਹੈ ਨ੍ਹੀਂ? ਠੰਢ ਬਹੁਤ ਐ ਅੱਜ।''

''ਰੰਮ ਮੰਗਾਵਾਂ?''

''ਮੱਝ ਤਾਂ ਖਰੀਦ ਲਈ ਐ ਮਨਜੀਤ ਸਿਹਾਂ! ਧਾਰ ਕੱਢਣੀ ਨ੍ਹੀਂ ਆਉਂਦੀ, ਕੱਟੇ ਦਾ ਪਤਾ ਨ੍ਹੀਂ ਕਦੋਂ ਛੱਡੀਦਾ?''

''ਮੈਂ ਸਮਝਿਆ ਨ੍ਹੀਂ?''

''ਭੋਲਿਆ ਮਿੱਤਰਾ! ਸ਼ਰਾਬ ਤੂੰ ਚੱਲ ਪੀਂਦਾ ਨ੍ਹੀਂ, ਪਰ ਪੈਸਾ ਤਾਂ ਬਥੇਰਾ ਆ ਗਿਐ ਤੇ ਜਦੋਂ ਪੈਸਾ ਹੋਵੇ ਤਾਂ ਉਸ ਚੀਜ਼ ਦਾ ਖਿਆਲ ਵੀ ਰੱਖੀਦਾ।''

''ਕਿਹੜੀ?''

''ਸ਼ੇਰਾਂ ਨਾਲ ਰਹਿ ਕੇ ਮਾਸ ਖਾਣਾ ਸਿੱਖ। ਸ਼ਬਾਬ ਦਾ ਕਰ ਬੰਦੋਬਸਤ।''

ਮਾਹੌਲ ਤੈਸ਼ ਵਾਲਾ ਬਣਦਾ ਵੇਖ ਕੇ ਮਨਜੀਤ ਜਿਵੇਂ ਸ਼ਰਾਬੀਆਂ ਅੱਗੇ ਹਾਰ ਗਿਆ ਹੋਵੇ। ਉਹਨੇ ਮੈਨੇਜਰ ਨਾਲ ਗੱਲ ਕੀਤੀ। ਪਹਿਲਾਂ ਤਾਂ ਉਹ ਮੰਨੇ ਨਾ, ਫਿਰ ਕਹਿਣ ਲੱਗਾ, ''ਸ਼ਬਾਬ ਤਾਂ ਹੈ, ਹੈ ਸ਼ੌਕੀਆ; ਪਰ ਦਸ ਹਜ਼ਾਰ ਲੱਗ ਜੂ।''

ਗੱਲ ਨਿਬੜ ਗਈ। ਮਨਜੀਤ ਹੋਰ ਕਮਰੇ 'ਚ ਜਾ ਕੇ ਲੇਟ ਗਿਆ। ਉਹਦੀ ਅੱਖ ਲੱਗ ਗਈ ਤੇ ਉਹਨੂੰ ਪਤਾ ਨ੍ਹੀਂ ਲੱਗਾ, ਲੰਕਾ ਕਦੋਂ ਉਜੜਦੀ ਰਹੀ!

ਤੜਕੇ ਜਿਹੇ ਅੱਖ ਖੁੱਲ੍ਹੀ ਤਾਂ ਰਾਜੂ ਮਨਜੀਤ ਦੇ ਨਾਲ ਵਾਲੇ ਬੈਡ 'ਤੇ ਪਿਆ ਸੀ। ਉਹਨੇ ਪੁੱਛਿਆ, ''ਰਾਜੂ ਬਾਕੀ?''

''ਉਹ ਤਾਂ ਰਾਤ ਹੀ ਨਿਕਲ ਗਏ ਸਨ।''

''ਕਿਉਂ?''

''ਸ਼ਰਾਬੀਆਂ ਦਾ ਮੂਡ ਈ ਹੁੰਦੈ। ਤੇਰੇ ਗੁਣ ਗਾਉਂਦੇ ਨਿਕਲ ਗਏ।''

''ਚੱਲ ਆਪਾਂ ਹੁਣ ਘਰ ਚੱਲਦੇ ਆਂ।''

ਦੋਵੇਂ ਨਹਾ ਧੋ ਕੇ ਜਦੋਂ ਬਰੇਕ-ਫਾਸਟ ਕਰਨ ਲੱਗੇ ਤਾਂ ਬੇਟੀ ਲੀਨਾ ਤੇ ਪੁੱਤਰ ਹਰਮਨ, ਮਨਜੀਤ ਦੇ ਗਲ ਨੂੰ ਚਿੰਬੜ ਗਏ, ''ਪਾਪਾ ਤੁਸੀਂ ਕਦੋਂ ਆਏ?''

''ਹੁਣੇ ਪੁੱਤ, ਇਹ ਥੋਡੇ ਅੰਕਲ ਨੇ ਰਾਜੂ।''

''ਪਾਪਾ ਸਾਨੂੰ ਡਰ ਬਹੁਤ ਲੱਗਾ ਰਾਤੀਂ।''

''ਕਿਉਂ?''

''ਮੰਮਾ ਵੀ ਰਾਤ ਬਹੁਤ ਲੇਟ ਆਏ ਸੀ।''

''ਮੰਮਾ ਕਿਥੇ ਗਏ ਸੀ ਪੁੱਤ?''

''ਪਾਪਾ ਜਦੋਂ ਤੁਸੀਂ ਬਾਹਰ ਹੁੰਨੇ ਨਾ, ਮੰਮਾ ਆਪਣੀ ਭੂਆ ਦੇ ਜਾਂਦੀ ਹੁੰਦੀ ਐ। ਕਹਿੰਦੀ, ਜਦੋਂ ਥੋਡੇ ਪਾਪਾ ਘਰ ਹੋਣ ਤਾਂ ਉਹ ਉਥੇ ਜਾਣ ਨ੍ਹੀਂ ਦਿੰਦੇ।''

ਤੇ ਜਦ ਨੂੰ ਪਲੇਟਾਂ 'ਚ ਦਹੀਂ ਦੀਆਂ ਕੌਲੀਆਂ, ਮੱਖਣ ਦੇ ਟੁਕੜੇ, ਆਲੂਆਂ ਦੇ ਪਰੌਂਠੇ ਲੈ ਕੇ ਸੁਮਨ ਆ ਗਈ। ਮਨਜੀਤ ਨੇ ਤੁਆਰਫ ਕਰਵਾਇਆ, ''ਰਾਜੂ ਇਹ ਮੇਰੀ ਪਤਨੀ ਆ ਸੁਮਨ, ਉਂਜ ਮੰਦਾਕਿਨੀ ਆਂਹਦੇ ਨੇ।''

ਤੇ ਰਾਜੂ ਪੱਥਰ ਦਾ ਨਹੀਂ, ਲੋਹੇ ਦਾ ਬੁੱਤ ਬਣ ਗਿਆ ਸੀ। ਉਹ ਪਥਰਾਈਆਂ ਨਜ਼ਰਾਂ ਨਾਲ ਸੁੰਨ ਹੋਏ ਦਿਮਾਗ ਨੂੰ ਪੁੱਛਣ ਲੱਗਾ, ''ਮੈਂ ਤਾਂ ਰਾਜ ਕਪੂਰ ਦੀ ਫਿਲਮ 'ਰਾਮ ਤੇਰੀ ਗੰਗਾ ਮੈਲੀ' ਨਹੀਂ ਸੀ ਦੇਖੀ... ਫਿਲਮ ਤਾਂ ਪਹਿਲਾਂ ਆਈ ਹੋਊ, ਪਰ ਗੰਗਾ ਤਾਂ ਰਾਤੀਂ ਮੈਲੀ ਹੋ ਕੇ ਹਟੀ ਸੀ।''

... ਤੇ ਲਾਸ਼ ਲੈ ਕੇ ਸੁਮਨ ਵੀ ਘੁੰਮਣ ਲੱਗ ਪਈ।

ਬਰੇਕ-ਫਾਸਟ ਤਾਂ ਹੋ ਗਿਆ ਸੀ, ਪਰ ਰਾਜੂ ਦੀ ਗੈਰਤ ਦੀ ਭੁੱਖ ਜਾਗ ਪਈ ਸੀ। ਟੈਕਸੀ ਸਟੈਂਡ ਤੋਂ ਜਦੋਂ ਹੁਸ਼ਿਆਰਪੁਰ ਜਾਣ ਲਈ ਰਾਜੂ ਕਾਰ ਵਿਚ ਬੈਠਣ ਲੱਗਾ, ਤਾਂ ਲਾਵਾ ਫਟਣ ਨਾਲ ਜਵਾਲਾਮੁਖੀ ਪਿਘਲ ਗਿਆ। ਰਾਤ ਦੀ ਵਾਰਦਾਤ ਮਨਜੀਤ ਦੇ ਕੰਨਾਂ ਥਾਣੀਂ ਦਿਮਾਗ ਤੱਕ ਚਲੇ ਗਈ ਸੀ।

ਡੂਢ ਘੰਟੇ 'ਚ ਸੁਮਨ ਦੀ ਲਾਸ਼ ਰਸੋਈ 'ਚ ਸੀ, ਤੇ ਮਨਜੀਤ ਦੀ ਬੈਡਰੂਮ 'ਚ। ਬੱਚੇ ਪਾਪਾ ਦਾ ਰਿਵਾਲਵਰ ਹੱਥਾਂ 'ਚ ਫੜੀ ਵਿਲਕ ਰਹੇ ਸਨ, ''ਪਾਪਾ ਤੁਸੀਂ ਤਾਂ ਕਹਿੰਦੇ ਸੀ, ਮੈਂ ਮੰਮਾ ਨਾਲ ਮਜ਼ਾਕ ਕਰਨ ਲੱਗਾਂ; ਫਿਰ ਆਪਣੇ ਆਪ ਨਾਲ ਵੀ ਕਰ ਲਿਆ।''

ਸਤਵੰਜਾ ਕਰੋੜ ਦੇ ਵਾਰਸ ਦੋ ਬੱਚੇ ਬਣ ਗਏ ਸਨ, ਪਰ ਬਾਕੀ ਸਭ ਕੁਝ ਗੁਆਚ ਗਿਆ ਸੀ।

ਮੰਨਣਾ ਪਵੇਗਾ ਕਿ ਕਈ ਕਤਲ, ਇਰਾਦਾ ਕਤਲ ਨਹੀਂ ਹੁੰਦੇ; ਇਸੇ ਲਈ ਉਹ ਭੇਤ ਬਣ ਜਾਂਦੇ ਹਨ।

ਖਾਣੇ ਦਾ ਸੁਆਦ ਜੀਭ ਲੈਂਦੀ ਹੈ, ਪਰ ਹਜ਼ਮ ਕਰਨ ਲਈ ਪ੍ਰੀਖਿਆ ਢਿੱਡ ਤੇ ਮਿਹਦਾ ਦੇ ਰਹੇ ਹੁੰਦੇ ਹਨ।

### ਵਸੀਅਤ

ਜਦੋਂ ਮੈਂ ਕਤਲ-ਨਾਮਾ ਵੇਖਿਆ ਆਪਣਾ
ਕਈ ਰੰਗਾਂ ਦੀਆਂ ਮੋਹਰਾਂ ਸੀ
ਮੇਰੇ ਕਤਲ-ਨਾਮੇ 'ਤੇ..
ਕਿਤੇ ਭਗਵੀਂ, ਕਿਤੇ ਨੀਲੀ
ਕਿਤੇ ਪੀਲੀ, ਕਿਤੇ ਸੀ ਕੇਸਰੀ ਮੋਹਰ
ਇਕੱਲਾ ਮੈਂ ਹੀ ਮੋਹਰਾਂ ਸਾਮ੍ਹਣੇ
ਅਹਿੱਲ ਖੜੋਤਾ ਸਾਂ
ਜਾਂ ਉਹ ਰੱਸੀ ਸੀ ਰੰਗ-ਹੀਣੀ
ਮੈਂ ਜਿਸ 'ਤੇ
ਮਾਤਮੀ ਪਰਚਮ ਵਾਂਗੂੰ ਝੂਲਣਾ ਸੀ।
ਮੈਂ ਫਾਂਸੀ ਚੜ੍ਹਨ ਤੋਂ ਪਹਿਲਾਂ
ਦਰੱਖਤਾਂ ਨੂੰ ਦੁਆ ਦਿੱਤੀ-
'ਹਰੇ ਰਹਿਣਾ, ਭਰੇ ਰਹਿਣਾ
ਸਦਾ ਨਿਰਭਉ, ਨਿਰਵੈਰ ਵੀ ਰਹਿਣਾ
ਮਗਰ ਗੁਮਰਾਹ ਨਾ ਹੋਣਾ।
ਤੁਹਾਡੇ ਕੋਲ ਭਗਵਾਂ ਰੰਗ ਜੇ ਆਵੇ
ਤਾਂ ਸੀਸ-ਆਸਣ ਨਹੀਂ ਹੋਣਾ
ਜੇ ਆਵੇ ਕੇਸਰੀ ਤਾਂ ਢਾਲ ਨਾ ਬਣਨਾ
ਤਰੰਗੇ ਰੰਗ ਦੇ ਹਰ ਜਾਲ ਤੋਂ
ਤੇ ਚਾਲ ਤੋਂ ਬਚਣਾ।
ਜੇ ਨੀਲੇ ਆਉਣ ਤਾਂ ਪੁੱਛਣਾ ਤੇ ਕਹਿਣਾ,
ਜਦੋਂ ਬਰਸਾਤ ਵਿਚ ਹਰ ਛੱਤ ਚੋਂਦੀ ਸੀ,
ਜਦੋਂ ਇਹ ਬਸਤੀਆਂ ਸੜੀਆਂ,
ਜਾਂ ਕਤਲੇ-ਆਮ ਹੋਇਆ,
ਤੁਸੀਂ ਉਸ ਵਕਤ ਕਿੱਥੇ ਸੀ?
ਜ਼ਰਾ ਹਟ ਕੇ ਖੜ੍ਹੇ ਹੋਵੋ
ਅਸੀਂ ਬਾਰਸ਼ ਤੇ ਸੂਰਜ ਦੀ
ਉਡੀਕ ਅੰਦਰ ਖੜੋਤੇ ਹਾਂ
ਅਸਾਡੇ ਨਾਲ ਹਰਿਆਲੀ ਦੀ ਸੂਰਤ ਵਿਚ
ਸ਼ਹਾਦਤ ਦੇਣ ਵਾਲੇ ਲੋਕ ਹਾਜ਼ਰ ਹਨ,
ਜਿਨ੍ਹਾਂ ਦੇ ਕਤਲ-ਨਾਮੇ 'ਤੇ
ਤੁਸੀਂ ਵੀ ਮੋਹਰ ਲਾਈ ਸੀ।
ਅਸਾਡੀ ਛਾਂ ਪਵਿੱਤਰ ਰਹਿਣ ਦੇਵੋ,
ਜ਼ਰਾ ਹਟ ਕੇ ਖੜ੍ਹੇ ਹੋਵੋ।

**-ਡਾ. ਜਗਤਾਰ**
**(1989 ਵਿਚ ਲਿਖੀ ਕਵਿਤਾ)**

# ਬਿਨਾ ਸੰਤੋਖ ਨਹੀ ਕੋਊ ਰਾਜੈ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ 'ਸੰਤੋਖ' ਦੇ ਸੁਭਾਅ ਦੀ ਚਰਚਾ ਕਰਨ ਤੋਂ ਪਹਿਲਾਂ ਕੁੱਝ ਪ੍ਰਸ਼ਨ ਉਠਾਏ ਗਏ ਸਨ ਕਿ ਮਨੁੱਖ ਨੂੰ ਕਿਸ ਨਾਲ ਜਾਂ ਕਿਵੇਂ ਸੰਤੋਖ ਆਉਣਾ ਹੈ? ਕੀ ਮਨੁੱਖ ਨੂੰ ਗ਼ਰੀਬੀ, ਭੁੱਖ ਜਾਂ ਥੁੜ ਤੋਂ ਬਿਨਾਂ ਇਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਦੇ ਸੰਤੋਖ ਕਰ ਲੈਣਾ ਚਾਹੀਦਾ ਹੈ? ਕੀ ਸੰਤੋਖ ਦਾ ਅਰਥ ਹਾਲਾਤ ਨੂੰ ਜਿਵੇਂ ਦਾ ਤਿਵੇਂ ਮਨਜ਼ੂਰ ਕਰ ਲੈਣਾ ਚਾਹੀਦਾ ਹੈ? ਕੀ ਇਸ ਦਾ ਮਤਲਬ ਬੁਰਾਈ, ਆਲਸ ਜਾਂ ਅਕਰਨੀ ਤੇ ਸੰਤੋਖ ਕਰ ਲੈਣਾ ਹੈ? ਕੀ ਸੰਤੋਖ ਦਾ ਅਰਥ ਹੈ ਆਪਣੇ ਮੌਜੂਦਾ ਹਾਲਾਤ ਨੂੰ ਬਿਨਾ ਨੈਤਿਕ-ਅਧਿਆਤਮਕ ਉਨਤੀ ਵੱਲ ਕਦਮ ਪੁੱਟਿਆਂ ਸਵੀਕਾਰ ਕਰ ਲੈਣਾ ਹੈ? ਇੱਕ ਗੱਲ ਪੱਕੀ ਹੈ ਕਿ ਇਹ ਸਭ ਸੰਤੋਖ ਨਹੀਂ ਹੈ। ਸੰਤੋਖ ਦਾ ਅਰਥ ਕਿਸਮਤਵਾਦ, ਭਾਂਜਵਾਦ ਜਾਂ ਬੁਰਾਈ ਨਾਲ ਸਮਝੌਤਾ ਨਹੀਂ ਹੈ। ਸੰਤੋਖ ਦਾ ਸਿੱਧਾ ਅਰਥ ਬੁਰਾਈ ਨਾਲ ਸਮਝੌਤਾ ਕਰਨ ਦੇ ਬਿਲਕੁਲ ਉਲਟ ਹੈ। ਉਹ ਮਨੁੱਖ ਜਿਹੜਾ ਅੱਗੇ ਵਧਣ ਤੋਂ ਕਤਰਾਉਂਦਾ ਹੈ ਅਤੇ ਕਿਸੇ ਕਿਸਮ ਦੀ ਹਾਰ ਸਹਿਣ ਲਈ ਤਿਆਰ ਨਹੀਂ ਹੈ ਜੋ ਕਿ ਉਸ ਨੂੰ ਅੱਗੇ ਵਧਣ ਦੇ ਅਮਲ ਵਿਚ ਸਹਿਣੀ ਪੈ ਸਕਦੀ ਹੈ, ਨੂੰ ਸੰਤੋਖੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਆਪਣੇ ਸੰਤੋਖ ਨੂੰ ਇਮਤਿਹਾਨ ਵਿਚ ਪਾਉਣ ਤੋਂ ਡਰਦਾ ਹੈ। ਅਸਲੀ ਸੰਤੋਖ ਦਾ ਸਖਤ ਇਮਤਿਹਾਨ ਇਸ ਤੱਥ ਵਿਚ ਹੈ ਕਿ ਮਨੁੱਖ ਸਫ਼ਲਤਾ ਅਤੇ ਹਾਰ ਨੂੰ ਸ਼ਾਂਤ-ਚਿੱਤ ਮਨਜ਼ੂਰ ਕਰੇ। ਸੰਤੋਖ ਦੁਬਾਰਾ ਕਰਮ ਕਰਨ ਦੀ ਮਨੁੱਖੀ ਦ੍ਰਿੜਤਾ ਵੱਲ ਸੰਕੇਤਕ ਹੈ ਕਿਉਂਕਿ ਅਸਫ਼ਲਤਾ ਸੰਤੋਖ ਰਾਹੀਂ ਪ੍ਰਾਪਤ ਕੀਤੇ ਸੰਤੁਲਨ ਨੂੰ ਭੰਗ ਨਹੀਂ ਕਰਦੀ।

ਮਨੁੱਖ ਵਿਚ ਸੰਤੋਖ ਕਿਉਂ ਨਹੀਂ ਹੁੰਦਾ? ਇਸ ਦਾ ਕਾਰਨ ਸ਼ਾਇਦ ਉਸ ਅੰਦਰ ਬੈਠੇ ਹੋਏ ਡਰ ਵਿਚ ਹੁੰਦਾ ਹੈ। ਆਪਣੇ ਸੰਤੋਖ ਨੂੰ ਮਨੁੱਖ ਇਮਤਿਹਾਨ ਵਿਚ ਪਾਉਣ ਤੋਂ ਇਨਕਾਰ ਇਸ ਲਈ ਕਰਦਾ ਹੈ ਕਿਉਂਕਿ ਇਸ ਦਾ ਪਹਿਲਾ ਕਾਰਨ ਇਹ ਡਰ ਹੁੰਦਾ ਹੈ ਕਿ ਸ਼ਾਇਦ ਉਹ ਸਫ਼ਲ ਨਾ ਹੋਵੇ। ਇਹ ਡਰ ਅਤੇ ਭਲਮਾਣਸੀ 'ਸੰਤੋਖ' ਦੇ ਗੁਣ ਦੇ ਵਿਰੋਧੀ ਹਨ।

ਗੁਰੂ ਰਾਮਦਾਸ ਨੇ ਫਰਮਾਇਆ ਹੈ ਕਿ ਹੇ ਮੇਰੀ ਜਿੰਦੇ! ਗੁਰੂ ਦੀ ਸ਼ਰਨ ਪੈ ਕੇ ਨਾਮ ਜਪ, ਤੇਰੇ ਭਾਗ ਜਾਗ ਪਏ ਹਨ। ਗੁਰੂ ਦੀ ਦਿੱਤੀ ਹੋਈ ਮਤਿ ਨੂੰ ਆਪਣੀ ਮਾਂ ਬਣਾ ਅਤੇ ਮਤਿ ਨੂੰ ਹੀ ਜੀਵਨ ਦਾ ਆਸਰਾ ਬਣਾ। ਸੰਤੋਖ ਨੂੰ ਪਿਤਾ ਬਣਾ ਅਤੇ ਅਜੋਨੀ ਅਕਾਲ ਪੁਰਖ ਦੇ ਰੂਪ ਗੁਰੂ ਦੀ ਸ਼ਰਨ ਪੈ। ਇਸ ਤਰ੍ਹਾਂ ਅਕਾਲ ਪੁਰਖ ਨੂੰ ਮਿਲ, ਤੇਰੀ ਕਿਸਮਤ ਚੰਗੀ ਹੋ ਗਈ ਹੈ,

ਗੁਰਮਖਿ ਜਿੰਦੂ ਜਪਿ ਨਾਮੁ ਕਰੰਮਾ॥
ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ॥
ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ॥
ਵਡਭਾਗੀ ਮਿਲੁ ਰਾਮਾ॥1॥ (ਪੰਨਾ 172)

ਇਥੇ ਗੁਰੂ ਰਾਮਦਾਸ ਨੇ 'ਸੰਤੋਖ' ਨੂੰ ਪਿਤਾ ਬਣਾਉਣ ਲਈ ਕਿਹਾ ਹੈ। ਇੱਕ ਪਿਤਾ ਦੀਆਂ ਕੀ ਵਿਸ਼ੇਸ਼ਤਾਈਆਂ ਹੁੰਦੀਆਂ ਹਨ? ਪਿਤਾ ਉਸ ਸਾਧਨ ਦਾ ਚਿੰਨ੍ਹ ਹੈ ਜੋ ਡਰ ਦੂਰ ਕਰਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਅਨੁਸਾਰ ਸੰਤੋਖ ਸਹਿਜ ਦੀ, ਸੰਤੁਲਨ ਦੀ ਰਾਖੀ ਸਫ਼ਲਤਾ ਅਤੇ ਹਾਰ-ਦੋਵਾਂ ਹਾਲਤਾਂ ਵਿਚ ਕਰਦਾ ਹੈ। ਇਸ ਜੀਵਨ ਤੋਂ ਬਾਅਦ ਕੀ ਹੋਵੇਗਾ ਦਾ ਸੰਦੇਹ ਵੀ ਮਨੁੱਖ ਦੇ ਅੰਦਰ ਡਰ ਦਾ ਕਾਰਨ ਬਣਦਾ ਹੈ। ਪੰਚਮ ਪਾਤਸ਼ਾਹ ਫਰਮਾਉਂਦੇ ਹਨ ਕਿ ਜੋ ਮਨੁੱਖ ਪਰਮਾਤਮਾ ਦੇ ਨਾਮ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ ਉਹ ਆਪਣੇ ਜੀਵਨ ਦੀ ਰਾਸਿ-ਪੂੰਜੀ ਨੂੰ ਵਿਕਾਰਾਂ ਤੋਂ ਬਚਾ ਕੇ ਆਪਣੇ ਹਿਰਦੇ-ਘਰ ਵਿਚ ਟਿਕਿਆ ਰਹਿੰਦਾ ਹੈ। ਦੁਨੀਆਂ ਦੀ ਕਿਰਤ-ਕਮਾਈ ਕਰਦਿਆਂ ਵੀ ਉਸ ਦੇ ਮਨ ਵਿਚ ਸੰਤੋਖ ਬਣਿਆ ਰਹਿੰਦਾ ਹੈ ਕਿਉਂਕਿ ਗੁਰੂ ਨੇ ਬਾਂਹ ਫੜ ਕੇ ਉਸ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਦਾ ਸੁਨੇਹਾ ਦੇ ਦਿੱਤਾ ਹੈ,

ਪ੍ਰਭੁ ਅਪੁਨਾ ਰਿਦੈ ਧਿਆਏ॥
ਘਰਿ ਸਹੀ ਸਲਾਮਤਿ ਆਏ॥
ਸੰਤੋਖੁ ਭਇਆ ਸੰਸਾਰੇ॥
ਗੁਰਿ ਪੂਰੈ ਲੈ ਤਾਰੇ॥1॥ (ਪੰਨਾ 629)

ਸੰਤੋਖ, ਮੁਕਤੀ ਪ੍ਰਤੀ ਕਿਸੇ ਕਿਸਮ ਦੀ ਭ੍ਰਾਂਤੀ ਤੋਂ ਛੁਟਕਾਰੇ ਵੱਲ ਵੀ ਇਸ਼ਾਰਾ ਹੈ। ਗੁਰੂ ਨੇ ਸੰਸਾਰ ਦੇ ਸਾਰੇ ਮਨੁੱਖਾਂ ਦੇ ਕਲਿਆਣ ਦੀ ਸੰਭਾਵਨਾ ਦਾ ਸੰਦੇਸ਼ ਦੇ ਦਿੱਤਾ ਹੈ। ਮਨੁੱਖ ਨੂੰ ਮਨ ਵਿਚ ਇਹ ਭੈ ਰੱਖਣ ਦੀ ਲੋੜ ਨਹੀਂ ਹੈ ਕਿ ਮੁਕਤੀ ਪ੍ਰਾਪਤ ਕਰਨ ਲਈ ਉਸ ਨੂੰ ਵੱਖਰੇ ਸਮਾਜਿਕ ਭਾਈਚਾਰੇ ਵਿਚ ਹੋਰ ਜਨਮ ਲੈਣੇ ਪੈਣਗੇ। ਸੰਤੋਖੀ ਇਨਸਾਨ ਉਚਾਈ ਵੱਲ ਵਧਦਾ ਹੈ ਅਤੇ ਸਾਰੇ ਭੈ ਦੂਰ ਕਰਕੇ ਕੋਸ਼ਿਸ਼ ਜ਼ਾਰੀ ਰੱਖਦਾ ਹੈ। ਸੰਤੋਖ ਈਮਾਨਦਾਰ ਭਰੋਸੇ ਵਿਚੋਂ ਪੈਦਾ ਹੋਇਆ ਸੁਭਾਅ ਹੈ, ਰੁੱਚੀ ਹੈ ਕਿ ਮਨੁੱਖ ਆਪਣੇ ਵੱਲੋਂ ਹਲੀਮੀ ਦੀ ਭਾਵਨਾ ਨਾਲ ਚੰਗੇ ਤੋਂ ਚੰਗਾ ਕਰ ਰਿਹਾ ਹੈ। ਇਸ ਤਰ੍ਹਾਂ ਸੰਤੋਖ ਦਾ ਗੁਣ ਮਨੁੱਖ ਵੱਲੋਂ ਚੰਗਾ ਕਰਨ ਅਤੇ ਬਾਕੀ ਦਾ ਅਕਾਲ ਪੁਰਖ ਤੇ ਛੱਡ ਦੇਣ ਦੀ ਭਾਵਨਾ ਹੈ।

ਸੰਤੋਖੀ ਮਨੁੱਖ, ਜਿਵੇਂ ਕਿ ਉਪਰ ਦੱਸਿਆ ਹੈ ਭੈ ਅਤੇ ਨਿਰਾਸ਼ਾ ਤੋਂ ਮੁਕਤ ਹੁੰਦੇ ਹਨ। ਉਹ ਆਸ਼ਾਵਾਦੀ ਹੁੰਦੇ ਹਨ ਜੋ ਗੁਰੂ ਵੱਲੋਂ ਦਿੱਤੇ ਅਮਨ ਦੇ ਸੁਨੇਹੇ ਵਿਚ ਭਰੋਸਾ ਰੱਖਦੇ ਹਨ। ਗੁਰੂ ਅਮਰਦਾਸ ਸਪੱਸ਼ਟ ਕਰਦੇ ਹਨ ਕਿ ਇੱਕ ਪਵਿੱਤਰ ਮਨੁੱਖ ਜਿਸ ਦੇ ਮਨ ਵਿਚੋਂ ਖੋਟ ਅਤੇ ਵਿਕਾਰ ਦੂਰ ਹੋ ਗਏ ਹਨ, ਜਿਸ ਨੇ ਆਪਣਾ ਮਨ ਜਿਤ ਲਿਆ ਹੈ, ਉਸ ਨੂੰ ਹੀ ਸੱਚਾ ਅਤੇ ਸੰਤੋਖੀ ਮਨੁੱਖ ਕਿਹਾ ਜਾ ਸਕਦਾ ਹੈ,

ਸਤੁ ਸੰਤੋਖੁ ਸਭੁ ਸਚੁ ਹੈ
ਗੁਰਮੁਖਿ ਪਵਿਤਾ॥
ਅੰਦਰਹੁ ਕਪਟੁ ਵਿਕਾਰੁ ਗਇਆ
ਮਨੁ ਸਹਜੇ ਜਿਤਾ॥ (ਪੰਨਾ 512)

ਉਸ ਨੂੰ ਹਰ ਥਾਂ ਪਰਮਾਤਮਾ ਨਜ਼ਰ ਆਉਂਦਾ ਹੈ। ਇਸ ਅਵਸਥਾ ਵਿਚ ਪਹੁੰਚ ਕੇ ਉਸ ਦੇ ਅੰਦਰ ਪਰਮਾਤਮ-ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਸ ਦਾ ਅਗਿਆਨ ਦੂਰ ਹੋ ਜਾਂਦਾ ਹੈ ਅਤੇ ਮਨ ਅਨੰਦ ਨਾਲ ਸਰਸ਼ਾਰ ਹੋ ਜਾਂਦਾ ਹੈ। ਅਜਿਹਾ ਮਨੁੱਖ ਜਿਹੜਾ ਆਪਣੇ ਆਦਰਸ਼ ਦਾ ਮਨਨ ਕਰਦਾ ਹੈ ਅਤੇ ਗੁਰੂ ਕੋਲੋਂ ਅਗਵਾਈ ਲੈਂਦਾ ਹੈ, ਸਦਾ ਸਕ੍ਰਿਅ ਰਹਿੰਦਾ ਹੈ, ਇਸ ਭਰੋਸੇ ਅਤੇ ਆਸ਼ਾ ਨਾਲ ਅੱਗੇ ਵੱਧਦਾ ਹੈ ਕਿ ਰਸਤੇ ਵਿਚ ਜੋ ਵੀ ਰੁਕਾਵਟਾਂ ਆਉਣਗੀਆਂ, ਉਨ੍ਹਾਂ ਨਾਲ ਜੂਝੇਗਾ। ਉਸ ਦੇ ਅੰਦਰ ਰੱਬੀ ਗੁਣ ਪੈਦਾ ਹੋ ਜਾਂਦੇ ਹਨ ਅਤੇ ਸਮਝ ਲੱਗ ਜਾਂਦੀ ਹੈ ਕਿ ਅਕਾਲ ਪੁਰਖ ਸਭ ਦਾ ਦਾਤਾ ਅਤੇ ਸਖਾ ਹੈ।

ਵੈਰਾਗ ਅਤੇ ਸੰਤੋਖ ਵਿਚ ਵੱਡਾ ਫਰਕ ਇਹ ਹੈ ਕਿ ਵੈਰਾਗ ਕਿਸੇ ਖਾਸ ਹਾਲਾਤ ਦਾ ਤਿਆਗ ਹੈ, ਉਸ ਤੋਂ ਭੱਜਣਾ ਹੈ ਪ੍ਰੰਤੂ ਸੰਤੋਖ ਮਨੁੱਖੀ ਭਲਾਈ ਵਾਸਤੇ ਅੱਗੇ ਵੱਧਣ ਦੀ ਕੋਸ਼ਿਸ਼ ਵਿਚ ਜੁਟੇ ਰਹਿਣਾ ਹੈ। ਸੰਤੋਖੀ ਮਨੁੱਖ ਅਸਫ਼ਲਤਾ ਨੂੰ ਮਨ ਵਿਚ ਨਹੀਂ ਰੱਖਦਾ ਕਿਉਂਕਿ ਉਸ ਨੂੰ ਅਕਾਲ ਪੁਰਖ ਦੇ ਨਿਆਉਂ ਵਿਚ ਭਰੋਸਾ ਹੁੰਦਾ ਹੈ ਜੋ ਸੁਭਾ ਵੱਲੋਂ ਕ੍ਰਿਪਾਲੂ ਹੈ। ਸੰਤੋਖ ਦਾ ਸੁਭਾਅ ਸਦਮੇ ਨੂੰ ਝੱਲਣਾ ਹੈ, ਭਾਵੇਂ ਇਹ ਸਦਮੇ ਕਿਹੋ ਜਿਹੇ ਵੀ ਹੋਣ। ਇਹ ਮਨੁੱਖ ਨੂੰ ਕਿਸੇ ਕਾਰਜ ਦਾ ਤਿਆਗ ਕੀਤੇ ਬਿਨਾਂ ਉਸ ਕਾਰਜ ਵਿਚੋਂ ਪੈਦਾ ਹੋਣ ਵਾਲੇ ਮਾਨਸਿਕ ਕ੍ਰੋਧ ਦੀ ਭਿਅੰਕਰਤਾ ਤੋਂ ਬਚਾ ਕੇ ਕਾਰਜ ਵਿਚ ਜੋੜੀ ਰੱਖਦਾ ਹੈ। ਅਜਿਹੇ ਕਾਰਜ ਨੂੰ ਅਸੀਂ ਨੈਤਿਕ ਕਾਰਜ ਕਹਿ ਸਕਦੇ ਹਾਂ ਕਿਉਂਕਿ ਇਹ ਫਰੇਬ ਅਤੇ ਧੋਖੇ ਤੋਂ ਮੁਕਤ ਹੁੰਦਾ ਹੈ। ਸਿੱਖ ਨੈਤਿਕਤਾ ਅਨੁਸਾਰ ਸੰਤੋਖ ਕੋਈ ਪਿਛਾਂਹ-ਖਿਚੂ ਗੁਣ ਨਹੀਂ ਹੈ ਜਿਸ ਵਿਚ ਮਨੁੱਖ ਸਬਰ ਕਰਕੇ ਕੋਸ਼ਿਸ਼ ਕਰਨੀ ਛੱਡ ਦੇਵੇ। ਸਿੱਖ ਨੈਤਿਕਤਾ ਹਲੀਮੀ ਨਾਲ ਮਨੁੱਖ ਨੂੰ ਉਦਮ ਕਰਨ ਦੀ ਪ੍ਰੇਰਨਾ ਕਰਦੀ ਹੈ ਜਿਸ ਵਿਚ ਹਲੀਮੀ ਦੇ ਨਾਲ ਹੀ ਅਕਾਲ ਪੁਰਖ ਵਿਚ ਭਰੋਸਾ ਸ਼ਾਮਲ ਹੈ। ਅਜਿਹੀ ਭਾਵਨਾ ਨਾਲ ਹੀ ਮਨੁੱਖ 'ਸਰਬਤ ਦਾ ਭਲਾ' ਜਾਂ ਸਮਾਜ-ਕਲਿਆਣ ਲਈ ਯਤਨਸ਼ੀਲ ਹੋ ਸਕਦਾ ਹੈ। ਇਸ ਯਤਨ 'ਚ ਹਉਮੈ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੈ।

**ਪਰਉਪਕਾਰ:** ਸਿੱਖ ਧਰਮ ਚਿੰਤਨ ਵਿਚ ਮਨੁੱਖੀ ਬਰਾਬਰੀ ਅਤੇ ਭਾਈਚਾਰਕ ਸਾਂਝ ਬਹੁਤ ਮਹੱਤਵ ਰੱਖਦੀ ਹੈ। ਅਸਲ ਵਿਚ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਹਿੰਦੁਸਤਾਨੀ ਸਮਾਜ ਬਹੁਤ ਬੁਰੀ ਤਰ੍ਹਾਂ ਨਾਲ ਵੰਡਿਆ ਹੋਇਆ ਸੀ ਖਾਸ ਕਰਕੇ ਜਾਤੀ-ਵੰਡ ਦੇ ਆਧਾਰ 'ਤੇ। ਇਸ ਜਾਤੀ ਵੰਡ ਕਾਰਨ ਊਚ-ਨੀਚ ਅਤੇ ਸਮਾਜਿਕ ਨਾ-ਬਰਾਬਰੀ ਨੇ ਆਮ ਮਨੁੱਖ ਦਾ ਸਾਹ ਲੈਣਾ ਵੀ ਔਖਾ ਕੀਤਾ ਹੋਇਆ ਸੀ। ਸਿੱਖ ਧਰਮ ਚਿੰਤਨ ਵਿਚ ਕਿਸੇ ਇਕਾਂਤਕ ਮੁਕਤੀ ਜਾਂ ਸਵਰਗ ਆਦਿ ਦਾ ਕੋਈ ਸੰਕਲਪ ਪ੍ਰਾਪਤ ਨਹੀਂ ਹੈ। ਇਹ ਇੱਕ ਜੀਵਨ ਜਾਚ ਹੈ ਜਿਸ ਅਨੁਸਾਰ ਮਨੁੱਖ ਨੇ ਇਸ ਸੰਸਾਰ ਤੇ ਅਕਾਲ ਪੁਰਖ ਦੀ ਨਦਰਿ ਦਾ ਪਾਤਰ ਬਣ ਕੇ ਜਿਉਣਾ ਹੈ, ਦੂਸਰਿਆਂ ਨੂੰ ਇਸ ਰਾਹ 'ਤੇ ਨਾਲ ਲੈ ਕੇ ਚੱਲਣਾ ਹੈ। ਆਪ ਹੀ ਅਕਾਲ ਪੁਰਖ ਦਾ ਸਮੀਪੀ ਹੋ ਕੇ ਜੀਵਨ ਬਸਰ ਨਹੀਂ ਕਰਨਾ ਸਗੋਂ ਬਾਕੀ ਸਮਾਜ ਨੂੰ ਵੀ ਇਸ ਮਾਰਗ 'ਤੇ ਤੋਰਨਾ ਹੈ ਕਿਉਂਕਿ ਸਿੱਖ ਧਰਮ 'ਸਗਲੈ ਨਿਸਤਾਰੈ' ਦਾ ਮਾਰਗ ਹੈ। ਆਪਸੀ ਭਾਈਚਾਰਕ ਸਾਂਝ ਦੇ ਅਨੁਭਵ ਲਈ ਆਪਸੀ ਦੁਸ਼ਮਣੀ ਅਤੇ ਨਿੰਦਿਆ ਦਾ ਨਾ ਹੋਣਾ ਹੀ ਕਾਫੀ ਨਹੀਂ ਹੈ ਬਲਕਿ ਇਸ ਸਾਂਝ ਨੂੰ ਮਜ਼ਬੂਤ ਕਰਨ ਲਈ ਅਮਲੀ ਕਦਮ ਪੁੱਟਣੇ ਵੀ ਜ਼ਰੂਰੀ ਹਨ। ਇਸੇ ਭਾਈਚਾਰਕ ਸਾਂਝ ਅਤੇ ਮਨੁੱਖੀ ਬਰਾਬਰੀ ਦੇ ਸੰਕਲਪ ਨੂੰ ਅਮਲੀ ਰੂਪ ਦੇਣ ਲਈ ਸੰਗਤਿ ਤੇ ਪੰਗਤਿ ਦੀ ਪਰੰਪਰਾ ਸ਼ੁਰੂ ਕੀਤੀ ਗਈ ਅਤੇ ਉਸ ਨੂੰ ਸਿੱਖ ਧਰਮ ਦੇ ਅਮਲੀ ਰੂਪ ਦਾ ਇੱਕ ਲਾਜ਼ਮੀ ਅੰਗ ਬਣਾਇਆ ਗਿਆ। ਇਸ ਦੇ ਪੂਰਨ ਅਤੇ ਹਾਂ-ਮੁਖੀ ਅਨੁਭਵ ਲਈ ਹੀ ਗੁਰੂ ਸਾਹਿਬਾਨ ਨੇ ਪਰਉਪਕਾਰ ਅਤੇ ਸਮਾਜ ਸੇਵਾ ਦਾ ਸੰਕਲਪ ਮਜ਼ਬੂਤ ਕੀਤਾ। ਉਹ ਆਪਾ ਜਿਹੜਾ ਕਰਨੀ ਰਾਹੀਂ ਅਤੇ ਦੂਸਰਿਆਂ ਨਾਲ ਈਮਨਾਦਾਰੀ ਤੇ ਵਿਸ਼ਵਾਸ ਵਿਚੋਂ ਉਪਜਦਾ ਅਤੇ ਘੜਿਆ ਜਾਂਦਾ ਹੈ, ਪ੍ਰਵਾਨ ਚੜ੍ਹਦਾ ਹੈ, ਉਸ ਆਪੇ ਨਾਲੋਂ ਜਿਹੜਾ ਇਕਾਂਤ ਵਿਚ ਅਤੇ ਦੂਸਰਿਆਂ ਦੀਆਂ ਲੋੜਾਂ ਨੂੰ ਅੱਖੋਂ-ਪਰੋਖੇ ਕਰਕੇ ਬਣਦਾ ਹੈ, ਜ਼ਿਆਦਾ ਸੰਪੂਰਨ ਅਤੇ ਖੁਲ੍ਹ-ਦਿਲਾ ਹੁੰਦਾ ਹੈ। ਸਿੱਖ ਧਰਮ ਚਿੰਤਨ ਵਿਚ ਸਿੱਖਿਆ ਦਾ ਮਕਸਦ ਹੀ ਦੂਸਰਿਆਂ ਦਾ ਭਲਾ ਕਰਨਾ ਅਰਥਾਤ 'ਪਰਉਪਕਾਰ' ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਮਨੁੱਖੀ ਪ੍ਰਾਪਤੀ ਦੀਆਂ ਵੱਖ ਵੱਖ ਵੰਨਗੀਆਂ ਅਰਥਾਤ ਵਿਦਵਾਨ, ਜੋਗੀ, ਸੰਨਿਆਸੀ, ਦਿਗੰਬਰ ਆਦਿ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਵਿੱਦਿਆ ਪ੍ਰਾਪਤ ਕਰਕੇ ਜੋ ਮਨੁੱਖ ਦੂਸਰਿਆਂ ਦਾ ਭਲਾ ਕਰਨ ਵਾਲਾ ਹੋ ਗਿਆ ਹੈ, ਉਹ ਮਨੁੱਖ ਹੀ ਵਿੱਦਿਆ ਪਾ ਕੇ ਵਿਚਾਰਵਾਨ ਬਣਿਆ ਹੈ। ਇਸੇ ਤਰ੍ਹਾਂ ਤੀਰਥਾਂ 'ਤੇ ਨਿਵਾਸ ਰੱਖਣ ਵਾਲਾ ਤਾਂ ਹੀ ਸਫਲ ਮੰਨਿਆ ਜਾ ਸਕਦਾ ਹੈ ਜੇ ਉਸ ਨੇ ਪੰਜੇ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਤੇ ਅੰਹਕਾਰ ਨੂੰ ਵੱਸ ਵਿਚ ਕਰ ਲਿਆ ਹੈ, ਇਨ੍ਹਾਂ 'ਤੇ ਜਿੱਤ ਪ੍ਰਾਪਤ ਕਰ ਲਈ ਹੈ,

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥
ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥1॥
(ਪੰਨਾ 356)

ਗੁਰੂ ਨਾਨਕ ਇਥੇ ਦੂਸਰਿਆਂ ਪ੍ਰਤੀ ਲਗਾਉ ਅਤੇ ਪ੍ਰੇਮ ਰਾਹੀਂ ਮਨੁੱਖ ਦੇ ਸੰਪੂਰਨ ਸਮਾਜੀਕਰਨ ਵੱਲ ਇਸ਼ਾਰਾ ਕਰਦੇ ਹਨ। ਮਨੁੱਖ ਦੀ ਸਿੱਖਿਆ ਨੇ ਸਾਰਥਕ ਤਾਂ ਹੀ ਬਣਨਾ ਹੈ ਜੇ ਉਹ ਦੂਸਰਿਆਂ ਦੀ ਭਲਾਈ ਨਾਲ ਜੁੜੇਗੀ ਅਤੇ ਆਪੇ ਨੂੰ ਮਨੁੱਖ ਦੂਸਰਿਆਂ ਦੇ ਭਲੇ ਹਿਤ ਵਰਤੇਗਾ। ਇਹ ਮਨੁੱਖ ਦੇ ਵਿਕਸਤ ਆਪੇ ਦੀ ਪ੍ਰੀਖਿਆ ਹੈ।

ਸਿੱਖ ਧਰਮ ਚਿੰਤਨ ਅਨੁਸਾਰ ਇਹ ਹੀ ਮਨੁੱਖ ਦੀ ਅਸਲੀਅਤ ਨੂੰ ਮਾਪਣ ਦਾ ਮਹੱਤਵਪੂਰਨ ਅਤੇ ਮੁਢਲਾ ਪੈਮਾਨਾ ਹੈ ਕਿ ਉਹ ਦੂਸਰੇ ਮਨੁੱਖਾਂ ਵਾਸਤੇ ਕੀ ਕੁੱਝ ਕਰ ਸਕਦਾ ਹੈ। ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰਮੁਖਿ (ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ) ਨੂੰ ਸੂਰਜ ਵਾਂਗ ਪਰਉਪਕਾਰੀ ਹੋਣਾ ਚਾਹੀਦਾ ਹੈ। ਸੂਰਜ ਦੇ ਦ੍ਰਿਸ਼ਟਾਂਤ ਰਾਹੀਂ ਭਾਈ ਗੁਰਦਾਸ ਸਮਝਾਉਂਦੇ ਹਨ ਕਿ ਹਨੇਰੀ ਰਾਤ ਨੂੰ ਲੱਖਾਂ-ਕਰੋੜਾਂ ਤਾਰੇ ਚਮਕਣ ਦੇ ਬਾਵਜੂਦ ਹਨੇਰਾ ਸੰਘਣਾ ਹੁੰਦਾ ਹੈ। ਲੋਕ ਹਨੇਰੇ ਨੂੰ ਦੂਰ ਕਰਨ ਲਈ ਘਰਾਂ ਅੰਦਰ ਦੀਵੇ ਬਾਲਦੇ ਹਨ ਅਤੇ ਚੋਰ-ਉਚੱਕੇ ਹਨੇਰੇ ਦਾ ਫਾਇਦਾ ਉਠਾ ਕੇ ਪਰਾਏ ਘਰਾਂ ਅੰਦਰ ਤਾਕ ਲਾਉਂਦੇ ਹਨ। ਸ਼ਹਿਰ ਦੇ ਹੱਟੀਆਂ ਵਾਲੇ ਘਬਰਾਉਂਦੇ ਹਨ ਤੇ ਦਰਵਾਜ਼ੇ ਬੰਦ ਕਰਕੇ ਨਰ-ਨਾਰੀਆਂ ਸੌਂਦੇ ਹਨ। ਸੂਰਜ ਦੀ ਜੋਤਿ ਉਦੇ ਹੋਣ ਨਾਲ ਤਾਰੇ ਵੀ ਤਰ ਜਾਂਦੇ ਹਨ ਅਤੇ ਹਨੇਰਾ ਦੂਰ ਹੋ ਜਾਂਦਾ ਹੈ। ਸੂਰਜ ਵਾਂਗ ਹੀ ਗੁਰਮੁਖਿ ਨਾਮ ਦਾਨ, ਇਸ਼ਨਾਨ ਅਤੇ ਵੀਚਾਰ ਰਾਹੀਂ (ਅਰਥਾਤ ਗੁਰਮਤਿ ਮਾਰਗ ਰਾਹੀਂ) ਸੰਸਾਰ ਨੂੰ ਬੰਧਨ-ਮੁਕਤਿ ਕਰਾਉਂਦਾ ਹੈ। ਗੁਰਮੁਖਿ ਵਾਸਤੇ ਸੁਖ ਫਲ ਦੀ ਪ੍ਰਾਪਤੀ ਇਹ ਹੈ ਕਿ ਸਾਧ-ਸੰਗਤਿ ਵਿਚ ਜਾ ਕੇ (ਸਾਂਝੇ ਯਤਨਾਂ ਰਾਹੀਂ) ਪਸ਼ੂ-ਬਿਰਤੀਆਂ, ਬੁਰੀ ਬੁੱਧੀ ਆਦਿ ਨੂੰ ਦੂਰ ਕਰਕੇ ਭਲਾਈ ਵਾਲੇ ਮਾਰਗ 'ਤੇ ਚੱਲੇ ਅਤੇ ਦੂਸਰਿਆਂ ਨੂੰ ਇਸ ਮਾਰਗ 'ਤੇ ਤੋਰੇ (ਗੁਰਮਤਿ ਅਨੁਸਾਰ ਸਤਿ-ਸੰਗਤਿ ਐਸੀ ਥਾਂ ਹੈ ਜਿਥੇ ਜਾ ਕੇ ਪਸ਼ੂ, ਪ੍ਰੇਤ ਅਤੇ ਪਾਪੀ ਮਨੁੱਖ ਵੀ ਤਰ ਜਾਂਦੇ ਹਨ ਕਿਉਂਕਿ ਸਤਿ-ਸੰਗਤ ਵਿਚ ਮਨੁੱਖ ਔਗੁਣਾਂ ਦਾ ਤਿਆਗ ਕਰਕੇ ਗੁਣ ਪ੍ਰਾਪਤ ਕਰਦਾ ਹੈ)। ਪਰਉਪਕਾਰੀ ਮਨੁੱਖ ਹੀ ਗੁਰੂ ਦੇ ਪ੍ਰੇਮ ਦਾ ਪਾਤਰ ਬਣਦਾ ਹੈ,

ਰਾਤਿ ਅਨ੍ਹੇਰੀ ਅੰਧਕਾਰੁ
ਲਖ ਕਰੋੜੀ ਚਮਕਨ ਤਾਰੇ।
ਘਰ ਘਰ ਦੀਵੇ ਬਾਲੀਅਨਿ
ਪਰ ਘਰ ਤਕਨਿ ਚੋਰ ਚਗਾਰੇ।
ਹਟ ਪਟਣ ਘਰਬਾਰੀਆ ਦੇ ਦੇ
ਤਾਕ ਸਵਨਿ ਨਰ ਨਾਰੇ।
ਸੂਰਜ ਜੋਤਿ ਉਦੋਤਿ ਕਰਿ ਤਾਰੇ
ਤਾਰਿ ਅਨ੍ਹੇਰ ਨਿਵਾਰੇ।
ਬੰਧਨ ਮੁਕਤਿ ਕਰਾਇਦਾ
ਨਾਮੁ ਦਾਨੁ ਇਸਨਾਨੁ ਵਿਚਾਰੇ।
ਗੁਰਮੁਖਿ ਸੁਖ ਫਲੁ ਸਾਧਸੰਗੁ
ਪਸੂ ਪਰੇਤ ਪਤਿਤ ਨਿਸਤਾਰੇ।
ਪਰਉਪਕਾਰੀ ਗੁਰੂ ਪਿਆਰੇ॥7॥(16/7)

ਪਰਉਪਕਾਰ ਵਿਚ ਮਨੁੱਖੀ ਭਾਈਚਾਰੇ ਦੀ ਸਹਾਇਤਾ ਕਰਨਾ ਸ਼ਾਮਲ ਹੈ ਪਰ ਇਹ ਸਹਾਇਤਾ ਕਰਨਾ ਕਈ ਵਾਰ ਸਮਾਜਿਕ ਤਰਸ ਦਾ ਰੂਪ ਵੀ ਲੈ ਸਕਦਾ ਹੈ ਜੋ ਕਿ ਗਲਤ ਰੁਝਾਨ ਦਾ ਸੰਕੇਤ ਹੈ। ਇਸ ਦਾ ਅਰਥ ਹੈ ਦੂਸਰਿਆਂ ਨੂੰ ਆਪਣੇ ਤੋਂ ਹੀਣੇ ਸਮਝ ਕੇ ਉਨ੍ਹਾਂ 'ਤੇ ਦਇਆ ਕਰਨੀ। ਪਰਉਪਕਾਰ ਕਰਨ ਵਾਲੇ ਲਈ ਇਹ ਨਿਹਾਇਤ ਜ਼ਰੂਰੀ ਹੈ ਕਿ ਉਹ ਦੂਸਰਿਆਂ ਦਾ ਭਲਾ ਕਰਦਿਆਂ ਇਸ ਵਿਚ ਨਿਜੀ ਖੁਸ਼ੀ ਮਹਿਸੂਸ ਨਾ ਕਰੇ। ਪਰਉਪਕਾਰ ਕਰਦਿਆਂ ਦੂਸਰਾ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਪਰਉਪਕਾਰ ਕਰਦੇ ਵਕਤ ਮਨੁੱਖ ਅੰਦਰ ਕੋਈ ਮਾਣ ਜਾਂ ਹਉਮੈ ਦੀ ਭਾਵਨਾ ਨਹੀਂ ਪੈਦਾ ਹੋਣੀ ਚਾਹੀਦੀ। ਇਸ ਤੋਂ ਬਚਣ ਦਾ ਉਪਾਅ ਇਹ ਹੈ ਕਿ ਮਨੁੱਖ ਦੂਸਰਿਆਂ ਦਾ ਭਲਾ ਕਰਦੇ ਵਕਤ ਇਹ ਧਾਰਨਾ ਮਨ ਵਿਚ ਰੱਖੇ ਕਿ ਅਕਾਲ ਪੁਰਖ ਵੱਲੋਂ ਉਸ ਨੂੰ ਇਹ ਇੱਕ ਮੌਕਾ ਬਖ਼ਸ਼ਿਸ਼ ਕੀਤਾ ਗਿਆ ਹੈ ਜਿਸ ਰਾਹੀਂ ਉਹ ਉਸ ਦੀ ਨਦਰਿ ਪ੍ਰਾਪਤ ਕਰ ਸਕਦਾ ਹੈ, ਕਿਉਂਕਿ ਕਰਤਾ ਆਪਣੀ ਸ੍ਰਿਸ਼ਟੀ ਵਿਚ ਆਪ ਵੱਸ ਰਿਹਾ ਹੈ। ਉਹ ਹਰ ਵਿਅਕਤੀ ਦੇ ਅੰਦਰ ਮੌਜੂਦ ਹੈ। ਸਿੱਖ ਨੈਤਿਕ ਰਹਿਤ ਵਿਚ ਇਸ ਨੂੰ ਅਕਾਲ ਪੁਰਖ ਦੀ ਨਦਰਿ ਦਾ ਪ੍ਰਗਟਾਉ ਮੰਨਿਆ ਗਿਆ ਹੈ।

ਸਿੱਖ ਰਹਿਤਨਾਮਿਆਂ ਵਿਚ ਕਿਹਾ ਗਿਆ ਹੈ ਕਿ ਜੇ ਭੋਜਨ ਤਿਆਰ ਹੋਵੇ ਤਾਂ ਅਰਦਾਸ ਕਰਨੀ ਚਾਹੀਦੀ ਹੈ ਕਿ ਕੋਈ ਜ਼ਰੂਰਤਮੰਦ ਆਵੇ, ਭੋਜਨ ਛਕੇ ਅਤੇ ਤੁਹਾਡਾ ਭੋਜਨ ਪਵਿੱਤਰ ਹੋ ਜਾਵੇ। ਜੇ ਕੋਈ ਜ਼ਰੂਰਤਮੰਦ ਆ ਜਾਵੇ ਤਾਂ ਸਮਝੋ ਕਿ ਪਰਵਦਗਾਰ ਨੇ ਤੁਹਾਡੀ ਅਰਦਾਸ ਸੁਣ ਲਈ ਹੈ ਅਤੇ ਸਤਿਕਾਰ ਸਹਿਤ ਉਸ ਨੂੰ ਪਰਸ਼ਾਦਾ ਛਕਾਉ। ਜੇ ਦੇਵਨੇਤ ਕੋਈ ਨਾ ਆਵੇ ਤਾਂ ਬਾਹਰ ਜਾ ਕੇ ਦੇਖੋ। ਜੇ ਫਿਰ ਵੀ ਕੋਈ ਨਾ ਮਿਲੇ ਤਾਂ ਕੁੱਝ ਭੋਜਨ ਵੱਖ ਰੱਖ ਲਵੋ ਅਤੇ ਜਦੋਂ ਵੀ ਕੋਈ ਹਿੰਦੂ, ਮੁਸਲਮਾਨ ਜਾਂ ਸਿੱਖ ਆਵੇ ਤਾਂ ਉਸ ਨੂੰ ਛਕਾਉ। ਅਜਿਹਾ ਭੋਜਨ ਪਵਿੱਤਰ ਹੋ ਜਾਂਦਾ ਹੈ।

ਇਸ ਤਰ੍ਹਾਂ ਮਨੁੱਖ ਮਾਣ ਜਾਂ ਹਉਮੈ ਵਰਗੀ ਬੁਰਾਈ ਤੋਂ ਬਚ ਜਾਂਦਾ ਹੈ। ਗੁਰਮਤਿ ਅਨੁਸਾਰ ਗੁਰਮੁਖਿ ਜਾਂ ਬ੍ਰਹਮਗਿਆਨੀ ਗੁਰੂ ਦੇ ਮਾਰਗ 'ਤੇ ਸਫਲਤਾ ਨਾਲ ਚੱਲਣ ਵਾਲਾ ਮਨੁੱਖ ਹੈ ਅਤੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ ਬ੍ਰਹਮਗਿਆਨੀ ਦੇ ਮਨ ਅੰਦਰ ਹਮੇਸ਼ਾ ਹਲੀਮੀ ਹੁੰਦੀ ਹੈ ਅਤੇ ਉਸ ਨੂੰ ਦੂਸਰਿਆਂ ਦਾ ਭਲਾ ਕਰਨ ਦਾ ਹਮੇਸ਼ਾ ਚਾਅ ਹੁੰਦਾ ਹੈ,

ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥
ਬ੍ਰਹਮਗਿਆਨੀ ਪਰਉਪਕਾਰ ਉਮਾਹਾ॥

## ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ...

### ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ
ਸਰਬ ਜੀਆ ਕਾ ਦਾਤਾ ਰੇ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ
ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥੧॥
ਹਰਿ ਆਰਾਧਿ ਨ ਜਾਨਾ ਰੇ॥
ਹਰਿ ਹਰਿ ਗੁਰੁ ਗੁਰੁ ਕਰਤਾ ਰੇ॥
ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ਰਹਾਉ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ
ਸਰਬ ਘਟਾ ਭਰਪੂਰੀ ਰੇ॥
ਪੇਖਤ ਸੁਨਤ ਸਦਾ ਹੈ ਸੰਗੇ
ਮੈ ਮੂਰਖ ਜਾਨਿਆ ਦੂਰੀ ਰੇ॥੨॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ
ਕਿਆ ਜਾਨਾ ਹੋਇ ਕੈਸੋ ਰੇ॥
ਕਰਉ ਬੇਨਤੀ ਸਤਿਗੁਰ ਅਪੁਨੇ
ਮੈ ਮੂਰਖ ਦੇਹੁ ਉਪਦੇਸੋ ਰੇ॥੩॥
ਮੈ ਮੂਰਖ ਕੀ ਕੇਤਕ ਬਾਤ ਹੈ
ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ॥੪॥

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਇਸ ਸ਼ਬਦ ਰਾਹੀਂ ਉਪਦੇਸ਼ ਕਰਦੇ ਹਨ ਕਿ ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ, ਭਾਵ ਉਹ ਪ੍ਰਭੂ ਜੋ ਕਰੋੜਾਂ ਹੀ ਬ੍ਰਹਿਮੰਡਾਂ ਦਾ ਪਾਲਣਹਾਰ ਸੁਆਮੀ ਹੈ, ਸਾਰੇ ਹੀ ਜਗਤ ਦੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਜੋ ਜਗਤ ਦੇ ਸਾਰੇ ਹੀ ਜੀਵਾਂ ਦੀ ਪਾਲਣਾ ਭੀ ਕਰਦਾ ਹੈ, ਸਾਰੇ ਜੀਵਾਂ ਦੀ ਸਾਰ ਭੀ ਲੈਂਦਾ ਹੈ ਅਤੇ ਸਾਰਿਆਂ ਦੀ ਸੰਭਾਲ ਭੀ ਕਰਦਾ ਹੈ; ਪਰ ਮੈਂ ਮੂਰਖ ਨੇ ਉਸ ਮਿਹਰਬਾਨ ਪ੍ਰਭੂ ਜੀ ਦਾ ਇਕ ਵੀ ਉਪਕਾਰ ਯਾਦ ਨਹੀਂ ਰੱਖਿਆ।

ਹਰਿ ਆਰਾਧਿ ਨ ਜਾਨਾ ਰੇ॥
ਹਰਿ ਹਰਿ ਗੁਰੁ ਗੁਰੁ ਕਰਤਾ ਰੇ॥
ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ਰਹਾਉ॥

ਸਤਿਗੁਰ ਜੀ ਆਖਦੇ ਹਨ ਕਿ ਹਰਿ ਆਰਾਧਿ ਨ ਜਾਨਾ ਰੇ, ਭਾਵ ਹੇ ਭਾਈ! ਮੈਨੂੰ ਤਾਂ ਉਸ ਮਿਹਰਬਾਨ ਪ੍ਰਭੂ ਜੀ ਦਾ ਸਿਮਰਨ ਕਰਨ ਦੀ ਵੀ ਕੋਈ ਜਾਚ ਨਹੀਂ ਹੈ, ਮੈਂ ਸਿਮਰਨ ਕਿਵੇਂ ਕਰਾਂ? ਹੇ ਭਾਈ! ਮੈਂ ਤਾਂ ਦਿਖਾਵੇ ਲਈ ਹੀ ਹਰਿ ਹਰਿ ਅਤੇ ਗੁਰੂ ਗੁਰੂ ਕਰਦਾ ਰਹਿੰਦਾ ਹਾਂ; ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਹੁਣ ਤਾਂ ਮੇਰਾ ਨਾਮ ਵੀ ਰਾਮ ਦਾ ਦਾਸ ਪੈ ਗਿਆ ਹੈ, ਲੋਕ ਮੈਨੂੰ ਰਾਮਦਾਸ ਆਖ ਕੇ ਹੀ ਬੁਲਾਉਂਦੇ ਹਨ। ਪ੍ਰਭੂ ਮੇਰੀ ਲਾਜ ਰੱਖੋ ਤੇ ਆਪਣੇ ਨਾਮ ਦੀ ਦਾਤ ਦਿਉ।

ਦੀਨ ਦਇਆਲ ਕ੍ਰਿਪਾਲ ਸੁਖ ਸਾਗਰ
ਸਰਬ ਘਟਾ ਭਰਪੂਰੀ ਰੇ॥
ਪੇਖਤ ਸੁਨਤ ਸਦਾ ਹੈ ਸੰਗੇ
ਮੈ ਮੂਰਖ ਜਾਨਿਆ ਦੂਰੀ ਰੇ॥੨॥

ਦੀਨ ਦਇਆਲ ਕ੍ਰਿਪਾਲ ਸੁਖ ਸਾਗਰ, ਭਾਵ ਹੇ ਭਾਈ! ਉਹ ਜੋ ਗਰੀਬਾਂ ਉਤੇ ਦਇਆ ਕਰਨ ਵਾਲਾ ਕ੍ਰਿਪਾਲੂ ਹੈ ਅਤੇ ਦਇਆ ਦਾ ਘਰ ਹੈ, ਸੁੱਖਾਂ ਦਾ ਸਾਗਰ ਹੈ; ਜੋ ਸਾਰੇ ਹੀ ਸਰੀਰ ਰੂਪੀ ਘਰਾਂ ਵਿਚ ਨਿਵਾਸ ਕਰਨ ਵਾਲਾ ਹੈ; ਉਹ ਸਰਬ ਵਿਆਪਕ ਪ੍ਰਭੂ ਜੀ ਤਾਂ ਜੀਵਾਂ ਦੇ ਨਾਲ ਰਹਿ ਕੇ ਸਾਡੇ ਕਰਮਾਂ ਨੂੰ ਵੇਖਦਾ ਹੈ ਅਤੇ ਦੁਖ ਵੇਲੇ ਕੀਤੀਆਂ ਸਾਡੀਆਂ ਬੇਨਤੀਆਂ ਵੀ ਸੁਣਦਾ ਹੈ, ਪਰ ਵੇਖੋ ਮੈਂ ਮੂਰਖ ਤਾਂ ਪ੍ਰਭੂ ਜੀ ਨੂੰ ਕਿਤੇ ਦੂਰ ਵੱਸਦਾ ਹੀ ਸਮਝਦਾ ਰਿਹਾ ਹਾਂ।

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ
ਕਿਆ ਜਾਨਾ ਹੋਇ ਕੈਸੋ ਰੇ॥
ਕਰਉ ਬੇਨਤੀ ਸਤਿਗੁਰ ਅਪੁਨੇ
ਮੈ ਮੂਰਖ ਦੇਹੁ ਉਪਦੇਸੋ ਰੇ॥੩॥

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ, ਭਾਵ ਹੇ ਭਾਈ! ਉਹ ਹਰੀ ਪ੍ਰਭੂ ਤਾਂ ਬੇਅੰਤ ਹੈ, ਉਸ ਦਾ ਕੋਈ ਅੰਤ ਨਹੀਂ ਪਾ ਸਕਦਾ, ਪਰ ਮੈਂ ਤਾਂ ਉਸ ਦੇ ਗੁਣਾਂ ਨੂੰ ਇਕ ਹੱਦ ਤੱਕ ਹੀ ਬਿਆਨ ਕਰ ਸਕਦਾ ਹਾਂ; ਮੈਂ ਕਿਵੇਂ ਜਾਣ ਸਕਦਾ ਹਾਂ ਕਿ ਉਹ ਪ੍ਰਭੂ ਜੀ ਕੈਸਾ ਹੈ ਅਤੇ ਕਿਵੇਂ ਦਾ ਹੈ; ਮੈਂ ਤਾਂ ਆਪਣੇ ਸਤਿਗੁਰ ਜੀ ਕੋਲ ਬੇਨਤੀ ਕਰਦਾ ਹਾਂ ਕਿ ਗੁਰਦੇਵ ਜੀਉ! ਮੇਰੀ ਬੇਨਤੀ ਸੁਣੋ, ਪ੍ਰਵਾਨ ਕਰੋ ਅਤੇ ਮੈਨੂੰ ਮੂਰਖ ਨੂੰ ਉਪਦੇਸ਼ ਦੇ ਕੇ ਪ੍ਰਭੂ ਚਰਨਾਂ ਨਾਲ ਜੋੜ ਦਿਉ।

ਮੈ ਮੂਰਖ ਕੀ ਕੇਤਕ ਬਾਤ ਹੈ
ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ॥੪॥

ਮੈਂ ਮੂਰਖ ਕੀ ਕੇਤਕ ਬਾਤ ਹੈ, ਭਾਵ ਹੇ ਭਾਈ! ਮੇਰੇ ਜਿਹੇ ਮੂਰਖ ਜੀਵ ਨੂੰ ਪਾਰ ਲੰਘਾਉਣਾ ਸਤਿਗੁਰ ਵਾਸਤੇ ਕੋਈ ਮੁਸ਼ਕਿਲ ਗੱਲ ਨਹੀਂ। ਮਿਹਰਾਂ ਦੇ ਮਾਲਿਕ ਸਤਿਗੁਰੂ ਜੀ ਦੀ ਸ਼ਰਨ ਪੈ ਕੇ ਤਾਂ ਕਰੋੜਾਂ ਹੀ ਪਾਪੀ ਇਸ ਸੰਸਾਰ ਸਮੁੰਦਰ ਤੋਂ ਪਾਰ ਉਤਰ ਰਹੇ ਹਨ। ਹੇ ਭਾਈ! ਸੁਣੋ ਜਿਨ੍ਹਾਂ ਜੀਵਾਂ ਨੇ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਸੁਣਿਆ ਹੈ ਅਤੇ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ ਹਨ, ਉਹ ਜੀਵ ਮੁੜ ਕੇ ਕਦੀ ਵੀ ਜਨਮ ਮਰਨ ਵਿਚ ਨਹੀਂ ਪੈਂਦੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਏਕੇ 'ਤੇ ਹਮਲਾ!

***ਦਸਮ ਗ੍ਰੰਥ ਬਾਰੇ ਚਰਚਾ ਉਪਰ ਬੇਸ਼ਕ ਅਕਾਲ ਤਖਤ ਦੀ ਹਦਾਇਤ ਹੈ ਕਿ ਜਦੋਂ ਤੱਕ ਪੰਥਕ ਫੈਸਲਾ ਨਹੀਂ ਹੋ ਜਾਂਦਾ, ਇਸ ਬਾਰੇ ਚਰਚਾ ਨਾ ਕੀਤੀ ਜਾਵੇ। ਫਿਰ ਵੀ ਗਾਹੇ-ਬਗਾਹੇ ਇਸ ਗ੍ਰੰਥ ਦੇ ਹਮਾਇਤੀਆਂ ਅਤੇ ਵਿਰੋਧੀਆਂ ਵਿਚਾਲੇ ਕਿਸੇ ਨਾ ਕਿਸੇ ਰੂਪ ਵਿਚ ਚਰਚਾ ਚਲਦੀ ਹੀ ਰਹਿੰਦੀ ਹੈ। ਅਸੀਂ ਨਾ ਤਾਂ ਇਸ ਗ੍ਰੰਥ ਦੇ 'ਮੂਲੋਂ ਹੀ ਵਿਰੋਧੀ' ਸੱਜਣਾਂ ਦੇ ਹੱਕ ਵਿਚ ਹਾਂ ਅਤੇ ਨਾ ਹੀ ਇਸ ਗ੍ਰੰਥ ਦਾ ਅੱਖਰ ਅੱਖਰ ਦਸਮ ਪਾਤਸ਼ਾਹ ਦੀ ਲਿਖਤ ਮੰਨਣ ਵਾਲਿਆਂ ਦੇ ਹੱਕ ਵਿਚ। ਇਸ ਲੇਖ ਨੂੰ ਛਾਪਣ ਦਾ ਇਕੋ ਇਕ ਮਨੋਰਥ ਹੈ ਕਿ ਜੇ ਗੱਲ ਤੁਰੀ ਹੀ ਹੈ ਤਾਂ ਦੋਹਾਂ ਧਿਰਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲੇ। ਇਹੋ ਪੰਜਾਬ ਟਾਈਮਜ਼ ਦੀ ਨੀਤੀ ਰਹੀ ਹੈ। ਸ. ਮਝੈਲ ਸਿੰਘ ਸਰਾਂ ਦਾ ਇਹ ਲੇਖ ਵੀ ਇਸੇ ਨੀਤੀ ਤਹਿਤ ਛਾਪਿਆ ਜਾ ਰਿਹਾ ਹੈ। ਇਸ ਲੇਖ ਦੇ ਵਿਰੋਧ ਜਾਂ ਹੱਕ ਵਿਚ ਆਉਣ ਵਾਲੇ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਅਸੀਂ ਸਿੱਖ ਬੜੇ ਕਲਪਦੇ ਆਂ ਕਿ ਸਾਡੇ ਨਾਲ ਵਕਤ ਦੀ ਹਰ ਹਕੂਮਤ ਅਤੇ ਬਹੁ ਗਿਣਤੀ ਸਮਾਜ ਨੇ ਸਦਾ ਦੁਹਾਂਡ ਹੀ ਨਹੀਂ ਕੀਤਾ, ਸਗੋਂ ਸਾਡੇ ਗੁਰੂ ਵੱਲੋਂ ਬਖ਼ਸ਼ੀ ਵੱਖਰੀ ਤੇ ਵਿਲੱਖਣ ਹੈਸੀਅਤ ਤੇ ਸੋਚ ਨੂੰ ਹਰ ਹਰਬਾ ਵਰਤ ਕੇ ਖੋਰਾ ਲਾਉਣ ਦੀਆਂ ਕੁਚਾਲਾਂ ਕੀਤੀਆਂ। ਤ੍ਰਾਸਦੀ ਇਹ ਹੈ ਕਿ ਇਨ੍ਹਾਂ ਕੁਚਾਲਾਂ ਨੂੰ ਅੰਜ਼ਾਮ ਦੇਣ ਲਈ ਅਸੀਂ ਖੁਦ ਸਿੱਖ ਹੀ ਮੋਹਰੇ ਹੁੰਦੇ ਹਾਂ। ਸਿੱਧਾ ਸਾਦਾ ਸ਼ਰਧਾਵਾਨ ਗੁਰੂ ਦਾ ਸਿੱਖ ਇਨ੍ਹਾਂ ਕੁਚਾਲਾਂ

**ਮਝੈਲ ਸਿੰਘ ਸਰਾਂ**

ਦੇ ਗੇੜ 'ਚ ਫਸ ਕੇ ਮੁੜ ਉਸੇ ਬਿਪਰ ਜਾਲ 'ਚ ਉਲਝ ਜਾਂਦਾ ਹੈ ਜਿਸ ਤੋਂ ਬਾਬਾ ਨਾਨਕ ਖਹਿੜਾ ਛੁਡਾ ਗਿਆ ਸੀ। ਬਾਬਾ ਜੋ ਵੀ ਉਪਦੇਸ਼ ਦਿੰਦਾ ਸੀ, ਉਹ ਸਿੱਧਾ ਤੇ ਸਪੱਸ਼ਟ ਸੀ ਜੋ ਸੁਣਨ ਵਾਲੇ ਦੇ ਧੁਰ ਅੰਦਰ ਤਕ ਅਸਰ ਕਰਦਾ। ਨਾਲ ਹੀ ਬਾਬਾ ਆਉਣ ਵਾਲੇ ਅਨੰਤ ਕਾਲ ਲਈ ਗੁਰਬਾਣੀ ਉਚਾਰ ਕੇ ਆਪਣੇ ਗੁਰਗੱਦੀ ਨਸ਼ੀਨ ਗੁਰੂ ਦੇ ਹਵਾਲੇ ਕਰ ਗਿਆ ਤਾਂ ਕਿ ਜਿਹੜੀ ਜੋਤ ਅਕਾਲ ਪੁਰਖ ਨੇ ਉਹਦੇ ਰਾਹੀਂ ਜਗਾਈ ਹੈ, ਉਹਦਾ ਪ੍ਰਕਾਸ਼ ਸਦਾ ਲਈ ਰਹੇ।

ਬਾਬੇ ਨਾਨਕ ਨੂੰ ਤਾਂ ਬਿਪਰਵਾਦ ਨੇ ਬਾਲ ਉਮਰੇ ਹੀ ਆਪਣੇ ਰਾਹ ਦਾ ਰੋੜਾ ਮੰਨ ਲਿਆ ਸੀ ਜਦੋਂ 7 ਸਾਲ ਦੀ ਉਮਰ 'ਚ ਨਾਨਕ ਨੇ ਕਿਹਾ ਕਿ ਪਾਂਡੇ! ਲਿਆ ਪਾ ਮੇਰੇ ਗਲ ਵਿਚ ਜਨੇਊ, ਜਿਹੜਾ ਗਲਦਾ ਸੜਦਾ ਨਾ ਹੋਵੇ; ਸਬਰ ਸੰਤੋਖ ਦੀਆਂ ਗੰਢਾਂ ਵਾਲਾ ਹੋਵੇ; ਕਦੇ ਪਰਾਏ ਹੱਕ ਵੱਲ ਝਾਕਣ ਨਾ ਦੇਵੇ; ਜਿਸ ਸਰੀਰ 'ਤੇ ਇਹ ਪਵੇ, ਉਹ ਇੰਨਾ ਪਵਿੱਤਰ ਹੋ ਜਾਵੇ ਕਿ ਕਿਸੇ ਦੀ ਸੁਨੱਖੀ ਧੀ-ਭੈਣ ਦੀ ਪਵਿੱਤਰਤਾ ਭੰਗ ਨਾ ਕਰੇ। ਇਹ ਗੱਲਾਂ ਬਾਬੇ ਨੇ ਪਾਂਡੇ ਨੂੰ ਜ਼ਰੂਰ ਪੁੱਛੀਆਂ ਹੋਣੀਆਂ, ਕਿਉਂਕਿ ਗੁਰਬਾਣੀ ਵਿਚ ਬਾਬੇ ਨਾਨਕ ਦਾ ਆਇਆ ਸ਼ਬਦ "ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ" ਤਾਂ ਬਾਅਦ ਵਿਚ ਉਚਾਰਿਆ ਗਿਆ। ਇਹਦਾ ਮਤਲਬ, ਬਾਬੇ ਨਾਨਕ ਨੇ ਜਨੇਊ ਪਾਉਣ ਤੋਂ ਨਾਂਹ ਨਹੀਂ ਕੀਤੀ, ਪਰ ਜਿਹੜਾ ਜਨੇਊ ਬਾਬਾ ਕਹਿੰਦਾ ਸੀ ਪਾ, ਉਹ ਪਾਂਡੇ ਦੇ ਵੱਸ ਵਿਚ ਨਹੀਂ ਸੀ; ਤੇ 7 ਸਾਲ ਦੇ ਨਿਆਣੇ ਕੋਲੋਂ ਇਹੋ ਜਿਹੀਆਂ ਖਰੀਆਂ ਗੱਲਾਂ ਸੁਣ ਕੇ ਪਾਂਡੇ ਦਾ ਤਾਂ ਮੂੰਹ ਅੱਡਿਆ ਰਹਿ ਗਿਆ ਹੋਣਾ। ਉਸ ਦਿਨ ਤੋਂ ਲੈ ਕੇ ਅੱਜ ਤੱਕ ਇਹ ਬਿਪਰਵਾਦ ਗੁਰੂ, ਗੁਰੂ ਦੀ ਬਾਣੀ, ਗੁਰਸਿੱਖੀ ਨੂੰ ਆਪਣਾ ਦੁਸ਼ਮਣ ਮੰਨ ਕੇ ਚਲਿਆ ਹੋਇਆ ਤੇ ਜਦੋਂ ਦਾਅ ਲੱਗਦਾ, ਆਪਣਾ ਵਾਰ ਕਰੀ ਜਾਂਦਾ ਹੈ।

ਬਾਬੇ ਨਾਨਕ ਦੇ ਨਿਰਮਲ ਪੰਥ ਨੂੰ ਢਾਹ ਲਾਉਣ ਲਈ ਉਨ੍ਹਾਂ ਦੇ ਹੀ ਪੁੱਤਰ ਨੂੰ ਥਾਪੜਾ ਦੇ ਦਿੱਤਾ। ਵੱਡੇ ਭਰਾ ਦਾ ਫਰਜ਼ ਨਿਭਾਉਣ ਦੀ ਥਾਂ ਪ੍ਰਿਥੀ ਚੰਦ ਨੇ ਗੁਰੂ ਅਰਜਨ ਤੇ ਗੁਰੂ ਘਰ ਵਿਰੁਧ ਹਕੂਮਤ ਨਾਲ ਮਿਲ ਕੇ ਸਾਜ਼ਿਸ਼ਾਂ ਰਚੀਆਂ। ਇੰਨਾ ਹੀ ਨਹੀਂ, ਗੁਰਬਾਣੀ ਦੀ ਨਕਲ ਕਰ ਕੇ ਆਪਣੇ ਹੀ ਪੁੱਤਰ ਮਿਹਰਵਾਨ ਵੱਲੋਂ ਨਾਨਕ ਨਾਮ ਹੇਠ ਕਵਿਤਾਵਾਂ ਵੀ ਲਿਖਵਾਈਆਂ ਤਾਂ ਕਿ ਧੁਰ ਕੀ ਬਾਣੀ ਵਿਚ ਮਿਲਾਵਟ ਕੀਤੀ ਜਾ ਸਕੇ। ਇਹ ਗੁਰਬਾਣੀ 'ਤੇ ਪਹਿਲਾ ਹਮਲਾ ਸੀ ਜਿਸ ਨੂੰ ਸਿੱਖ ਜਗਤ ਨੇ ਉਦੋਂ ਹੀ ਨਕਾਰ ਦਿੱਤਾ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਅਗਲਾ ਹਮਲਾ ਹੋਇਆ ਉਨ੍ਹਾਂ ਹਿੰਦੂ ਸਾਧਾਂ-ਸੰਤਾਂ ਵੱਲੋਂ ਜਿਹੜੇ ਬਿਪਰਵਾਦ ਨਾਲ ਹੱਥ ਮਿਲਾ ਕੇ ਚਲਦੇ ਸਨ। ਜਦੋਂ ਗੁਰੂ ਅਰਜਨ ਦੇਵ ਭਾਈ ਗੁਰਦਾਸ ਪਾਸੋਂ ਗ੍ਰੰਥ ਸਾਹਿਬ ਲਿਖਵਾ ਰਹੇ ਸਨ ਤਾਂ ਉਹ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਹੋਰ ਸੰਤ-ਮਹਾਤਮਾਵਾਂ ਦੀਆਂ ਰੱਬੀ ਪ੍ਰੇਮ ਵਿਚ ਰਚੀਆਂ ਰਚਨਾਵਾਂ ਨੂੰ ਵੀ ਉਸੇ ਗ੍ਰੰਥ ਵਿਚ ਬਰਾਬਰ ਦਾ ਰੁਤਬਾ ਦੇ ਰਹੇ ਸਨ। ਉਦੋਂ ਕੁਝ ਉਹ ਸੰਤ-ਸਾਧ ਵੀ ਆਪਣੀ ਰਚਨਾ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਵਾ ਕੇ ਉਹਨੂੰ ਰੱਬੀ ਬਾਣੀ ਦਾ ਸਤਿਕਾਰ ਦਿਵਾਉਣਾ ਚਾਹੁੰਦੇ ਸਨ, ਪਰ ਗੁਰੂ ਅਰਜਨ ਦੇਵ ਨੂੰ ਉਹ ਖਸਮ ਦੀ ਬਾਣੀ ਨਹੀਂ ਸੀ ਦਿਸਦੀ, ਤੇ ਗੁਰੂ ਜੀ ਨੇ ਉਹ ਰਚਨਾਵਾਂ ਉਨ੍ਹਾਂ ਸੰਤਾਂ ਨੂੰ ਵਾਪਸ ਕਰ ਦਿੱਤੀਆਂ। ਇਸ 'ਤੇ ਕਿੜ ਖਾ ਕੇ ਉਨ੍ਹਾਂ ਨੇ ਲਾਹੌਰ ਦੇ ਅਮੀਰ ਸੇਠ ਚੰਦੂ ਨਾਲ ਗੰਢ-ਤੁਪ ਕਰ ਕੇ ਦਿੱਲੀ ਵਿਚ ਵਜ਼ੀਰ ਬੀਰਬਲ ਰਾਹੀਂ ਅਕਬਰ ਕੋਲ ਸ਼ਿਕਾਇਤ ਕੀਤੀ ਕਿ ਸਿੱਖਾਂ ਦੇ ਗੁਰੂ ਅਰਜਨ ਦੇਵ ਨੇ ਗ੍ਰੰਥ ਲਿਖਾਇਆ ਹੈ ਜਿਸ ਨੂੰ ਉਹ ਅਤੇ ਉਹਦੇ ਸਿੱਖ 'ਰੱਬੀ ਬਾਣੀ' ਕਹਿੰਦੇ ਹਨ, ਪਰ ਉਸ ਵਿਚ ਇਸਲਾਮ ਬਾਰੇ ਬਹੁਤ ਗਲਤ ਲਿਖਿਆ ਹੋਇਆ ਹੈ; ਇਸ ਕਰ ਕੇ ਇਹ ਗ੍ਰੰਥ ਜ਼ਬਤ ਕਰ ਕੇ ਪਾਬੰਦੀ ਲਾਈ ਜਾਵੇ ਤੇ ਇਸਲਾਮ ਵਿਰੋਧੀ ਲਿਖਣ 'ਤੇ (ਗੁਰੂ) ਅਰਜਨ ਨੂੰ ਸਜ਼ਾ ਦਿੱਤੀ ਜਾਵੇ।

ਅਕਬਰ ਵਿਚ ਮੁਗਲ ਸਮਰਾਟਾਂ ਵਰਗੀ ਧਾਰਮਿਕ ਕੱਟੜਤਾ ਨਹੀਂ ਸੀ। ਉਸ ਨੇ ਕਿਹਾ ਕਿ ਉਹ ਖੁਦ ਉਸ ਗ੍ਰੰਥ ਨੂੰ ਦੇਖ ਕੇ ਫੈਸਲਾ ਕਰੇਗਾ। ਉਸ ਨੇ ਅੰਮ੍ਰਿਤਸਰ ਗੁਰੂ ਅਰਜਨ ਨੂੰ ਸੁਨੇਹਾ ਭਿਜਵਾਇਆ ਕਿ ਆਪਣਾ ਪਵਿੱਤਰ ਗ੍ਰੰਥ ਲੈ ਕੇ ਕਲਾਨੌਰ (ਗੁਰਦਾਸਪੁਰ) ਪੁੱਜੋ, ਉਹ ਖੁਦ ਉਥੇ ਆ ਰਿਹਾ ਹੈ। ਇਹ ਉਹੋ ਕਲਾਨੌਰ ਹੈ ਜਿਥੇ ਅਕਬਰ ਦੀ ਭਾਰਤ ਦੇ ਸਮਰਾਟ ਵਜੋਂ ਤਾਜਪੋਸ਼ੀ ਬੈਰਮ ਖਾਨ ਨੇ ਹਮਾਯੂੰ ਦੀ ਮੌਤ ਪਿਛੋਂ ਕੀਤੀ ਸੀ। ਗੁਰੂ ਅਰਜਨ ਦੇਵ ਨੇ ਬਾਬਾ ਬੁੱਢਾ ਸਾਹਿਬ ਤੇ ਭਾਈ ਗੁਰਦਾਸ ਨੂੰ ਗ੍ਰੰਥ ਸਾਹਿਬ ਦੀ ਬੀੜ ਦੇ ਕੇ ਅਕਬਰ ਪਾਸ ਕਲਾਨੌਰ ਭੇਜ ਦਿੱਤਾ। ਜਦੋਂ ਬਾਬਾ ਬੁੱਢਾ ਸਾਹਿਬ, ਭਾਈ ਗੁਰਦਾਸ ਅਕਬਰ ਦੇ ਦਰਬਾਰ ਵਿਚ ਗ੍ਰੰਥ ਸਾਹਿਬ ਲਿਆਏ, ਤਾਂ ਅਕਬਰ ਨੇ ਕਿਹਾ ਕਿ ਖੋਲ੍ਹ ਕੇ ਪੜ੍ਹੋ ਕੀ ਲਿਖਿਆ ਹੈ। ਜਦੋਂ ਬਾਬਾ ਬੁੱਢਾ ਸਾਹਿਬ ਨੇ ਪੱਤਰਾ ਖੋਲ੍ਹ ਕੇ ਪੜ੍ਹਿਆ ਤਾਂ ਉਸ ਵਿਚ ਖੁਦਾ ਦੀ ਸਿਫ਼ਤ ਸੀ ਤੇ ਉਹਦੀ ਬਣਾਈ ਕਾਇਨਾਤ ਦੀ ਗੱਲ ਸੀ। ਅਕਬਰ ਸੁਣ ਕੇ ਹੈਰਾਨ ਹੋ ਗਿਆ। ਉਹਨੇ ਕਿਹਾ ਕਿ ਕਿਸੇ ਹੋਰ ਥਾਂ ਤੋਂ ਵੀ ਖੋਲ੍ਹ ਕੇ ਪੜ੍ਹੋ, ਤਾਂ ਸ਼ਾਇਦ ਇਹ ਸ਼ਬਦ ਆਇਆ- ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ, ਤੇ ਉਸ ਪੱਤਰੇ ਵਿਚ ਵੀ ਅੱਲਾ ਦੀ ਬਖ਼ਸ਼ਿੰਦਗੀ ਦੇ ਬੋਲ ਸਨ। ਜਦੋਂ ਦੋ ਵਾਰ ਇਸਲਾਮ ਦੇ ਵਿਰੁਧ ਕੋਈ ਗੱਲ ਨਾ ਮਿਲੀ ਤਾਂ ਚੰਦੂ ਕਹਿੰਦਾ ਕਿ ਲੱਗਦਾ, ਬਾਬਾ ਬੁੱਢਾ ਜੀ ਆਪਣੇ ਵੱਲੋਂ ਇਸਲਾਮ ਦੇ ਹੱਕ ਵਿਚ ਬੋਲ ਰਹੇ ਸਨ। ਇਸ ਕਰ ਕੇ ਕਿਸੇ ਸਰਕਾਰੀ ਸਿੱਖ ਤੋਂ ਇਹ ਗ੍ਰੰਥ ਪੜ੍ਹਾਓ। ਤੀਜੀ ਵਾਰੀ ਵੀ ਅਜਿਹਾ ਕੀਤਾ ਤਾਂ ਖੁਦਾ ਦੀ ਰਹਿਮਤ ਦੀ ਗੱਲ ਨਿਕਲੀ। ਇਸ 'ਤੇ ਅਕਬਰ ਨੇ ਆਪ 51 ਮੋਹਰਾਂ ਰੱਖ ਕੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ ਤੇ ਗੁਰਸਿੱਖਾਂ ਨੂੰ ਸਤਿਕਾਰ ਸਹਿਤ ਅੰਮ੍ਰਿਤਸਰ ਵਾਪਸ ਵਿਦਾ ਕਰਦਿਆਂ ਕਿਹਾ ਕਿ ਗੁਰੂ ਨੂੰ ਕਿਹੋ, ਇਸ ਗ੍ਰੰਥ ਦੀ ਬਾਣੀ ਸਹੀ ਹੀ ਰੱਬੀ ਬਾਣੀ ਹੈ ਤੇ ਇਸੇ ਦਾ ਹੀ ਵੱਧ ਤੋਂ ਵੱਧ ਪ੍ਰਚਾਰ ਕਰਿਓ।

ਜਦੋਂ ਹਕੂਮਤ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਮਾਨਤਾ ਮਿਲ ਗਈ ਤਾਂ ਗੁਰੂ ਦੋਖੀਆਂ ਨੇ ਅਗਲਾ ਹਮਲਾ ਕੀਤਾ ਕਿ ਇਸ ਗ੍ਰੰਥ ਨੂੰ ਕਬਜ਼ੇ ਵਿਚ ਕਰ ਲਓ, ਸਿੱਖ ਆਪੇ ਗੁਰੂ ਨਾਲੋਂ ਟੁੱਟ ਜਾਣਗੇ। ਜਿਸ ਕੋਲ ਇਹ ਗ੍ਰੰਥ ਹੋਵੇਗਾ, ਉਹਦੀ ਮਾਨਤਾ ਕਰਨ ਲੱਗ ਪੈਣਗੇ। ਫਿਰ ਗੁਰੂ ਪਰਿਵਾਰਾਂ 'ਚੋਂ ਹੀ ਧੀਰਮੱਲੀਏ ਇਹਨੂੰ ਆਪਣੀ ਵਿਰਾਸਤ ਸਮਝ ਕੇ ਨਿੱਜੀ ਹੱਕ ਜਤਲਾਉਣ ਲੱਗ ਪਏ। ਇਸੇ ਦਾ ਨਤੀਜਾ ਸੀ ਕਿ ਗੁਰੂ ਤੇਗ ਬਹਾਦਰ ਨੂੰ ਸ੍ਰੀ ਦਰਬਾਰ ਸਾਹਿਬ ਆਉਣ ਤੋਂ ਰੋਕ ਦਿੱਤਾ ਗਿਆ। ਹੋਰ ਤਾਂ ਹੋਰ, ਉਸ ਗ੍ਰੰਥ ਨੂੰ ਸ੍ਰੀ ਹਰਿਮੰਦਰ ਸਾਹਿਬ ਵਰਗੀ ਪਵਿੱਤਰ ਜਗ੍ਹਾ ਤੋਂ ਚੁੱਕ ਕੇ ਆਪਣੇ ਸੁਆਰਥ ਹਿੱਤ ਆਪਣੇ ਟਿਕਾਣੇ ਕਰਤਾਰਪੁਰ ਲੈ ਗਏ ਤੇ ਸਿੱਖ ਸੰਗਤਾਂ ਨੂੰ ਦਰਸ਼ਨ ਕਰਵਾਉਣੇ ਵੀ ਬੰਦ ਕਰ ਦਿੱਤੇ। ਉਸ ਵਕਤ ਸਿੱਖਾਂ ਕੋਲ ਬਾਣੀ ਦੇ ਸੋਮੇ, ਗੁਰੂ ਸਾਹਿਬ ਸਰੀਰਕ ਤੌਰ 'ਤੇ ਮੌਜੂਦ ਸਨ ਜੋ ਸਿੱਖ ਸੰਗਤਾਂ ਨੂੰ ਗੁਰੂ ਦੀ ਬਾਣੀ ਦ੍ਰਿੜ ਕਰਵਾਉਂਦੇ ਰਹੇ ਤੇ ਸਿੱਖ ਗ੍ਰੰਥ ਸਾਹਿਬ ਦੀ ਬਾਣੀ ਨਾਲ ਜੁੜੇ ਰਹੇ।

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਵਕਤ ਸਿੱਖ ਗ੍ਰੰਥ ਸਾਹਿਬ ਦੀ ਬਾਣੀ ਵਿਚ ਬੜੇ ਪਰਪੱਕ ਹੋ ਚੁੱਕੇ ਸਨ। ਦਸਵੇਂ ਪਾਤਿਸ਼ਾਹ ਆਪ ਬਾਣੀ ਦੇ ਰਸੀਏ ਸਨ। ਉਨ੍ਹਾਂ ਦੀਵਾਨ ਲਾ ਕੇ ਸਵੇਰੇ ਸ਼ਾਮ ਆਸਾ ਦੀ ਵਾਰ ਤੇ ਰਹਿਰਾਸ ਸਾਹਿਬ ਦੇ ਪਾਠ ਕੀਰਤਨ ਕਰਨੇ ਸ਼ੁਰੂ ਕੀਤੇ ਤਾਂ ਕਿ ਸਿੱਖਾਂ ਦੇ ਹਿਰਦਿਆਂ ਵਿਚ ਗੁਰਬਾਣੀ ਸਥਾਈ ਸਥਾਨ ਬਣਾ ਲਵੇ। ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਦਸਵੇਂ ਪਾਤਿਸ਼ਾਹ ਨੇ ਗ੍ਰੰਥ ਸਾਹਿਬ ਨੂੰ ਗੁਰਗੱਦੀ ਇਸ ਕਰ ਕੇ ਨਹੀਂ ਦਿੱਤੀ ਕਿ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ ਤੇ ਉਨ੍ਹਾਂ ਦਾ ਜਾਨਸ਼ੀਨ ਕੋਈ ਨਹੀਂ ਸੀ ਰਿਹਾ। ਉਨ੍ਹਾਂ ਦਾ ਇਹ ਫੈਸਲਾ ਚਾਣਚੱਕ ਨਹੀਂ ਸੀ; ਸਗੋਂ ਇਹ ਤਾਂ ਉਨ੍ਹਾਂ ਨੇ ਗ੍ਰੰਥ ਸਾਹਿਬ ਦੀ ਬਾਣੀ ਦੀ ਉਚਤਾ ਤੇ ਪਵਿੱਤਰਤਾ ਸਮਝ ਕੇ ਪਹਿਲਾਂ ਹੀ ਕਰ ਲਿਆ ਹੋਣਾ ਕਿ ਅੱਗੇ ਤੋਂ ਸਿੱਖ ਜਗਤ ਇਸੇ ਦੀ ਹੀ ਛਤਰ ਛਾਇਆ ਹੇਠ ਬੁਲੰਦੀਆਂ ਛੂਹ ਸਕੇਗਾ ਤੇ ਜ਼ੁਲਮ ਜਬਰ ਦਾ ਟਾਕਰਾ ਇਹਦੀ ਸੇਧ ਵਿਚ ਰਹਿ ਕੇ ਕਰਨ ਦੇ ਕਾਬਿਲ ਹੋਵੇਗਾ।

ਅਨੰਦਪੁਰ ਸਾਹਿਬ ਛੱਡਣ ਤੋਂ ਲੈ ਕੇ ਦਮਦਮਾ ਸਾਹਿਬ ਪੁੱਜਣ ਤੱਕ ਬਹੁਤ ਕੁਝ ਵਾਪਰ ਗਿਆ। ਗੁਰੂ ਪਰਿਵਾਰ ਖੇਰੂੰ ਖੇਰੂੰ ਹੀ ਨਹੀਂ ਹੋਇਆ, ਸ਼ਹਾਦਤ ਦਾ ਜਾਮ ਵੀ ਪੀ ਗਿਆ। ਧਰਮ ਦੇ ਨਾਂ 'ਤੇ ਗਊ ਮਾਤਾ ਦੀਆਂ ਸਹੁੰਆਂ ਖਾਣ ਵਾਲਿਆਂ ਦਾ ਕਰੂਪ ਚਿਹਰਾ ਵੀ ਨੰਗਾ ਹੋਇਆ, ਹਾਅ ਦਾ ਨਾਅਰਾ ਮਾਰਨ ਵਾਲਿਆਂ ਦੀ ਵੀ ਪਛਾਣ ਹੋਈ, ਗੁਰੂ 'ਤੇ ਭਰੋਸਾ ਅਤੇ ਗੁਰਬਾਣੀ 'ਤੇ ਪਹਿਰਾ ਦੇਣ ਵਾਲੇ ਸਿੱਖਾਂ ਦੀ ਪਰਖ ਵੀ ਚਮਕੌਰ ਦੀ ਗੜ੍ਹੀ ਵਿਚ ਹੋ ਗਈ। ਧਰਮ ਯੁੱਧ ਲਈ ਸਿੱਖਾਂ ਤੋਂ ਪਹਿਲਾਂ ਆਪਣੇ ਪੁੱਤਰਾਂ ਨੂੰ ਸ਼ਹਾਦਤ ਲਈ ਤੋਰਨ ਦਾ ਕਰਮ ਵੀ ਇਸੇ ਸਮੇਂ ਦੁਨੀਆਂ ਨੂੰ ਦੇਖਣ ਨੂੰ ਮਿਲਿਆ। ਇਸੇ ਸਮੇਂ ਵਿਚ ਵੱਖਰੇ ਮਜ਼ਹਬ ਦੇ ਗੁਰੂ ਨੂੰ ਆਪਣੇ ਮਜ਼ਹਬ ਦਾ 'ਉਚ ਦਾ ਪੀਰ' ਦਰਸਾ ਕੇ ਆਪਣੀ ਜਾਨ ਦਾਅ 'ਤੇ ਲਾ ਕੇ ਦੁਸ਼ਮਣਾਂ ਦੇ ਘੇਰੇ ਵਿਚੋਂ ਸਹੀ ਸਲਾਮਤ ਕੱਢਣ ਦਾ ਕੌਤਕ ਵੀ ਹੋਇਆ। ਇਸੇ ਸਮੇਂ ਦੌਰਾਨ ਗੁਰੂ ਨੇ ਖੁਆਰ ਹੋਇਆਂ ਨੂੰ ਮੇਲ ਕੇ ਟੁੱਟੀ ਗੰਢੀ ਅਤੇ ਮੁਕਤਿਆਂ ਦਾ ਖਿਤਾਬ ਬਖਸ਼ਿਆ।

ਦਮਦਮਾ ਸਾਹਿਬ ਪਹੁੰਚ ਕੇ ਗੁਰੂ ਸਾਹਿਬ ਨੂੰ ਸਿੱਖਾਂ ਦਾ ਸਦੀਵੀ ਕਾਲ ਗੁਰੂ ਬਣਾਉਣ ਦਾ ਸਮਾਂ ਨੇੜੇ ਆਉਂਦਾ ਜਾਣ ਕੇ ਆਪਣੇ ਹੀ ਸਕੇ-ਸਬੰਧੀਆਂ ਪਾਸੋਂ ਗ੍ਰੰਥ ਸਾਹਿਬ ਦੀ ਬੀੜ ਲੈਣ ਲਈ ਬੇਨਤੀ ਕਰਨੀ ਪਈ ਜਿਹੜੀ ਗੁਰੂ-ਡੰਮੀਆਂ ਨੇ ਨਾ-ਮਨਜ਼ੂਰ ਕਰ ਕੇ ਮਿਹਣਾ ਵੀ ਮਾਰਿਆ ਕਿ ਜੇ ਗੁਰੂ ਗੋਬਿੰਦ ਸਿੰਘ ਵਾਕਿਆ ਹੀ ਪਹਿਲੇ ਨੌਂ ਗੁਰੂਆਂ ਦੀ ਜੋਤ ਹੈ ਤਾਂ ਉਨ੍ਹਾਂ ਦੀ ਬਾਣੀ ਉਨ੍ਹਾਂ ਨੂੰ ਯਾਦ ਹੋਣੀ ਹੈ, ਆਪੇ ਹੀ ਲਿਖ ਲਵੇ ਨਵਾਂ ਗ੍ਰੰਥ ਤੇ ਗੁਰੂ ਗੋਬਿੰਦ ਸਿੰਘ ਨੇ ਇਹ ਸੱਚ ਕਰ ਦਿਖਾਇਆ। ਉਨ੍ਹਾਂ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਿਲ ਕਰ ਕੇ ਭਾਈ ਮਨੀ ਸਿੰਘ ਤੋਂ ਗ੍ਰੰਥ ਸਾਹਿਬ ਲਿਖਵਾ ਲਿਆ ਤੇ ਉਸੇ ਗ੍ਰੰਥ ਸਾਹਿਬ ਨੂੰ ਨਾਂਦੇੜ ਪਹੁੰਚ ਕੇ ਆਪਣਾ ਸਰੀਰਕ ਚੋਲਾ ਬਦਲਣ ਵਕਤ ਸਦੀਵੀ ਗੁਰੂ ਥਾਪ ਦਿੱਤਾ। ਇਹ ਸੀ ਗ੍ਰੰਥ ਸਾਹਿਬ ਨੂੰ ਗੁਰੂ ਦਾ ਰੁਤਬਾ ਮਿਲਣ ਤੱਕ ਦਾ ਸਫ਼ਰ ਅਤੇ ਉਸ ਉਤੇ ਬਿਪਰਵਾਦ ਤੇ ਗੁਰ-ਡੰਮੀਆਂ ਵੱਲੋਂ ਕੀਤੇ ਹਮਲਿਆਂ ਦਾ ਸੰਖੇਪ ਜਿਹਾ ਵਰਣਨ।

***ਸ੍ਰੀ ਗੁਰੂ ਗੋਬਿੰਦ ਸਿੰਘ ਦੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਵਕਤ ਸਿੱਖ ਗ੍ਰੰਥ ਸਾਹਿਬ ਦੀ ਬਾਣੀ ਵਿਚ ਬੜੇ ਪਰਪੱਕ ਹੋ ਚੁੱਕੇ ਸਨ। ਦਸਵੇਂ ਪਾਤਿਸ਼ਾਹ ਆਪ ਬਾਣੀ ਦੇ ਰਸੀਏ ਸਨ। ਉਨ੍ਹਾਂ ਦੀਵਾਨ ਲਾ ਕੇ ਸਵੇਰੇ ਸ਼ਾਮ ਆਸਾ ਦੀ ਵਾਰ ਤੇ ਰਹਿਰਾਸ ਸਾਹਿਬ ਦੇ ਪਾਠ ਕੀਰਤਨ ਕਰਨੇ ਸ਼ੁਰੂ ਕੀਤੇ ਤਾਂ ਕਿ ਸਿੱਖਾਂ ਦੇ ਹਿਰਦਿਆਂ ਵਿਚ ਗੁਰਬਾਣੀ ਸਥਾਈ ਸਥਾਨ ਬਣਾ ਲਵੇ। ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਦਸਵੇਂ ਪਾਤਿਸ਼ਾਹ ਨੇ ਗ੍ਰੰਥ ਸਾਹਿਬ ਨੂੰ ਗੁਰਗੱਦੀ ਇਸ ਕਰ ਕੇ ਨਹੀਂ ਦਿੱਤੀ ਕਿ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ ਤੇ ਉਨ੍ਹਾਂ ਦਾ ਜਾਨਸ਼ੀਨ ਕੋਈ ਨਹੀਂ ਸੀ ਰਿਹਾ। ਉਨ੍ਹਾਂ ਦਾ ਇਹ ਫੈਸਲਾ ਚਾਣਚੱਕ ਨਹੀਂ ਸੀ; ਸਗੋਂ ਇਹ ਤਾਂ ਉਨ੍ਹਾਂ ਨੇ ਗ੍ਰੰਥ ਸਾਹਿਬ ਦੀ ਬਾਣੀ ਦੀ ਉਚਤਾ ਤੇ ਪਵਿੱਤਰਤਾ ਸਮਝ ਕੇ ਪਹਿਲਾਂ ਹੀ ਕਰ ਲਿਆ ਹੋਣਾ ਕਿ ਅੱਗੇ ਤੋਂ ਸਿੱਖ ਜਗਤ ਇਸੇ ਦੀ ਹੀ ਛਤਰ ਛਾਇਆ ਹੇਠ ਬੁਲੰਦੀਆਂ ਛੂਹ ਸਕੇਗਾ ਤੇ ਜ਼ੁਲਮ ਜਬਰ ਦਾ ਟਾਕਰਾ ਇਹਦੀ ਸੇਧ ਵਿਚ ਰਹਿ ਕੇ ਕਰਨ ਦੇ ਕਾਬਿਲ ਹੋਵੇਗਾ।***

ਬਿਪਰਵਾਦ ਤੇ ਗੁਰੂ-ਡੰਮ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਗੁਰਗੱਦੀ ਬੜੀ ਚੁਭਣ ਲੱਗ ਪਈ ਅਤੇ ਇਹਨੂੰ ਚੁਣੌਤੀ ਦੇਣ ਦੀਆਂ ਗੋਂਦਾਂ ਗੁੰਦਣੀਆਂ ਸ਼ੁਰੂ ਹੋ ਗਈਆਂ। ਰਾਹ ਵੀ ਲੱਭ ਲਿਆ ਗਿਆ ਕਿ ਉਸੇ ਗੁਰੂ ਦਾ ਨਾਂ ਵਰਤੋ ਜਿਹਦੇ ਬੋਲਾਂ 'ਤੇ ਸਿੱਖ ਪਹਿਰਾ ਦੇ ਕੇ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਆ,...ਤੇ ਕਿਤੋਂ ਕੱਢ ਮਾਰਿਆ ਇਕ ਹੋਰ ਗ੍ਰੰਥ ਜਿਹਦਾ ਨਾਂ ਜੋੜ ਦਿੱਤਾ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਨਾਲ ਕਿ ਇਹ ਉਨ੍ਹਾਂ ਆਪਣੇ ਮੁਖਾਰਬਿੰਦ ਤੋਂ ਉਚਾਰੀ ਹੈ, ਤੇ ਸਿੱਖਾਂ ਨੂੰ ਗੁਮਰਾਹ ਕਰਨਾ ਸ਼ੁਰੂ ਕਰ ਦਿੱਤਾ ਕਿ ਇਸ ਗ੍ਰੰਥ ਨੂੰ ਵੀ ਗੁਰਬਾਣੀ ਦਾ ਦਰਜਾ ਦੇ ਕੇ ਅਦਬ ਸਤਿਕਾਰ ਕਰੋ; ਜੇ ਅਜਿਹਾ ਨਹੀਂ ਕਰਦੇ ਤਾਂ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਨਿਰਾਦਰ ਹੋਵੇਗਾ। ਗੁਰੂ ਪ੍ਰਤੀ ਸ਼ਰਧਾਵੱਸ ਸ਼ਾਇਦ ਸਿੱਖ ਵੀ ਇਸ ਗ੍ਰੰਥ ਨੂੰ ਸਤਿਕਾਰ ਦੇਣ ਲੱਗ ਪੈਂਦੇ, ਪਰ ਜਦ ਉਨ੍ਹਾਂ ਨੇ ਇਸ ਵਿਚਲੀ ਲੇਖਣੀ ਨੂੰ ਸੁਣਿਆ ਦੇਖਿਆ ਤਾਂ ਸ਼ਰਮਸ਼ਾਰ ਹੋ ਗਏ, ਕਿ ਅਜਿਹੀ ਲਿਖਤ ਗੁਰਬਾਣੀ ਕਿੱਦਾਂ ਹੋ ਗਈ ਜਿਹਨੂੰ ਘਰ ਵਿਚ ਬੈਠ ਕੇ ਧੀਆਂ ਭੈਣਾਂ ਸਾਹਮਣੇ ਪੜ੍ਹਿਆ ਨਾ ਜਾ ਸਕੇ? ਹੁਣ ਤਾਂ ਇਸ ਮੁਹਿੰਮ ਪਿੱਛੇ ਲੁਕਿਆ ਮਕਸਦ ਵੀ ਸਪਸ਼ਟ ਹੋ ਗਿਆ ਹੈ। ਮਕਸਦ ਬੜਾ ਸਿੱਧਾ ਹੈ- ਸਿੱਖ ਧਰਮ ਨੂੰ ਹਿੰਦੂਮਤ ਦਾ ਹੀ ਅੰਗ ਬਣਾ ਕੇ ਪੇਸ਼ ਕਰਨਾ।

ਸਿੱਖਾਂ ਦੇ ਆਪਸੀ ਵਖਰੇਵੇਂ ਭਾਵੇਂ ਲੱਖ ਹੋਣ, ਪਰ ਜਦੋਂ ਗੁਰੂ ਗ੍ਰੰਥ ਸਾਹਿਬ ਦਾ ਵਾਸਤਾ ਪਾਇਆ ਜਾਂਦਾ ਹੈ ਤਾਂ ਉਹ ਇਕੱਠੇ ਹੋ ਜਾਂਦੇ ਹਨ ਤੇ ਇਹ ਇਕਜੁਟਤਾ ਬਿਪਰਵਾਦੀਆਂ ਨੂੰ ਕਤੱਈ ਨਹੀਂ ਭਾਉਂਦੀ। ਇਸ ਏਕਤਾ ਨੂੰ ਤੋੜਨ ਲਈ ਹੀ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਖੜ੍ਹਾ ਕਰ ਕੇ ਸਿੱਖਾਂ ਵਿਚ ਪਾੜਾ ਪਾਉਣ ਦੀ ਕੁਚਾਲ ਕੀਤੀ ਗਈ। ਸਿੱਖ ਧਰਮ ਨੂੰ ਢਾਹ ਲਾਉਣ ਦੀਆਂ ਬਹੁਤੀਆਂ ਬਿਪਰਵਾਦੀ ਚਾਲਾਂ ਤਾਂ ਕਾਮਯਾਬ ਨਹੀਂ ਹੋਈਆਂ, ਪਰ ਆਹ ਜਿਹੜੀ ਅੱਜਕੱਲ੍ਹ ਜ਼ੋਰ ਫੜ ਰਹੀ ਆ, ਇਹ ਜ਼ਿਆਦਾ ਮਾਰੂ ਹੈ।

ਮੁਸਲਮਾਨਾਂ ਦਾ ਕਿਸੇ ਹੋਰ ਮਤ ਵਾਲਿਆਂ ਨੇ ਐਨਾ ਨੁਕਸਾਨ ਨਹੀਂ ਕੀਤਾ ਜਿੰਨਾ ਉਨ੍ਹਾਂ ਖੁਦ ਸ਼ੀਆ-ਸੁੰਨੀ ਦਾ ਵਖਰੇਵਾਂ ਕਰਕੇ ਆਪ ਕੀਤਾ। ਹਜ਼ਰਤ ਮੁਹੰਮਦ ਸਾਹਿਬ ਅਤੇ ਪਵਿੱਤਰ ਕੁਰਾਨ ਸ਼ਰੀਫ 'ਤੇ ਕਿਸੇ ਨੂੰ ਕੋਈ ਕਿੰਤੂ ਨਹੀਂ, ਫਿਰ ਵੀ ਇਕ-ਦੂਜੇ ਦੀਆਂ ਮਸਜਿਦਾਂ ਵਿਚ ਬੰਬ ਚਲਾਏ ਜਾਂਦੇ ਹਨ ਜਿਥੇ ਕੁਰਾਨ ਸ਼ਰੀਫ਼ ਪਈ ਹੁੰਦੀ ਹੈ। ਸਾਨੂੰ ਸਿੱਖਾਂ ਨੂੰ ਤਾਂ ਵੰਡਣ ਦੀ ਗ੍ਰੰਥਾਂ ਦੇ ਆਧਾਰ 'ਤੇ ਲੱਗੇ ਆ। ਜਿਹੜੇ ਸਿੱਖ ਵਿਦਵਾਨਾਂ ਨੇ ਦਸਮ ਗ੍ਰੰਥ ਬਾਰੇ ਖੋਜ ਕਰ ਕੇ ਇਹਨੂੰ ਗੁਰੂ ਗੋਬਿੰਦ ਸਿੰਘ ਨਾਲ ਜੋੜਿਆ ਹੈ, ਉਨ੍ਹਾਂ ਦਾ ਖੋਜ ਥੀਸਿਸ ਉਨ੍ਹਾਂ ਨੂੰ ਮੁਬਾਰਕ! ਇਹ ਕਿਉਂ ਤੀਘੜ-ਤੀਘੜ ਕੇ ਇਹਨੂੰ ਗੁਰਬਾਣੀ ਦਾ ਦਰਜਾ ਦੇਣ ਲਈ ਅੱਡੀਆਂ ਚੁੱਕ ਕੇ ਗੁਰਦੁਆਰਿਆਂ ਵਿਚ ਸੈਮੀਨਾਰ ਕਰਦੇ ਫਿਰਦੇ ਆ? ਕਿਉਂ ਥੋਥੀਆਂ ਦਲੀਲਾਂ ਦੇ ਕੇ ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਨੂੰ ਚੁਣੌਤੀ ਦੇਣ ਡਹੇ ਆ? ਇਹ ਇਹਦੇ ਨਾਲ ਸਿੱਖੀ ਨੂੰ ਹੋਰ ਕਿੰਨੀ ਕੁ ਪੱਕੀ ਕਰ ਰਹੇ ਆ ਜਿਹੜੀ ਅੱਜ ਤੱਕ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਕੇ ਨਹੀਂ ਹੋਈ? ਇਹ ਆਪਣੇ ਅੰਦਰ ਝਾਤੀ ਮਾਰ ਕੇ ਦੇਖਣ ਤੇ ਦੱਸਣ ਕਿ ਉਹ ਇਸ ਦਸਮ ਗ੍ਰੰਥ ਨੂੰ ਗੁਰਬਾਣੀ ਮੰਨ ਕੇ ਦੂਜੇ ਸਿੱਖਾਂ ਨਾਲੋਂ ਕਿਵੇਂ ਚੰਗੇ ਆ? ਪਤਾ ਤਾਂ ਲੱਗੇ ਫਰਕ ਦਾ ਤੇ ਗੁਣਾਂ ਦਾ! ਜੇ ਇਹਦਾ ਪਾਠ ਕਰ ਕੇ ਉਨ੍ਹਾਂ ਦਾ ਜੀਵਨ ਸਫ਼ਲ ਹੋ ਰਿਹਾ ਹੈ ਤਾਂ ਕਰੀ ਜਾਣ ਆਪਣੇ ਘਰਾਂ ਵਿਚ ਦਿਨ ਰਾਤ ਇਹਦਾ ਪਾਠ, ਪਰ ਗੁਰੂ ਦੀ ਹੁਕਮ-ਅਦੂਲੀ ਤਾਂ ਨਾ ਕਰਨ। ਇਹ ਝੂਠੀ ਵਕਾਲਤ ਤਾਂ ਨਾ ਕਰਨ ਕਿ ਕਿਸੇ ਵੇਲੇ ਇਸ ਗ੍ਰੰਥ ਦਾ ਪ੍ਰਕਾਸ਼ ਵੀ ਗੁਰਦੁਆਰਿਆਂ ਵਿਚ ਹੁੰਦਾ ਰਿਹਾ ਹੈ।

ਪਿਛੇ ਜਿਹੇ ਕੈਲੀਫੋਰਨੀਆ ਦੇ ਇਕ ਗੁਰਦੁਆਰੇ ਵਿਚ 'ਅੰਮ੍ਰਿਤ ਬਾਣੀ' ਨਾਮ ਹੇਠ ਸੈਮੀਨਾਰ ਕਰਵਾਇਆ ਗਿਆ। ਹੁਣ ਤੱਕ ਤਾਂ ਇਹਦੇ ਬਾਰੇ ਕਾਫ਼ੀ ਕੁਝ ਇੰਟਰਨੈਟ, ਫੇਸਬੁੱਕ ਤੇ ਅਖ਼ਬਾਰਾਂ ਵਿਚ ਆ ਚੁੱਕਿਆ ਹੈ। ਇਸ ਇਕੱਠ ਨੂੰ ਪ੍ਰਬੰਧਕਾਂ ਨੇ ਬਹੁਤ ਵੱਡਾ ਪੰਥਕ ਇਕੱਠ ਦੱਸ ਕੇ ਪ੍ਰਚਾਰਿਆ ਤੇ ਸਫ਼ਲ ਕਰਾਰ ਦਿੱਤਾ। ਹੁਣ ਇਨ੍ਹਾਂ ਵਿਦਵਾਨਾਂ ਦੀਆਂ ਕਹੀਆਂ ਦੋ ਕੁ ਗੱਲਾਂ 'ਤੇ ਝਾਤ ਪਾ ਲਈਏ। ਡਾ. ਹਰਭਜਨ ਸਿੰਘ ਨੇ ਇਸ ਪੰਥਕ ਇਕੱਠ ਵਿਚ ਬੋਲਦਿਆਂ ਕਿਹਾ ਕਿ 'ਚਰਿਤਰੋ ਪਾਖਿਆਨ' ਜਿਸ ਦੀਆਂ ਸਤਰਾਂ ਲਿਖਣ ਤੋਂ ਅਖ਼ਬਾਰ ਨੇ ਵੀ ਗੁਰੇਜ਼ ਕੀਤਾ, ਸਮੇਤ ਸਮੁੱਚਾ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ। ਉਨ੍ਹਾਂ ਦੀ ਦਲੀਲ ਸੀ ਕਿ ਇਹਦੇ ਵਿਚ ਕੌਤਕ ਹਨ ਗੁਰੂ ਸਾਹਿਬ ਦੇ। ਸਵਾਲ ਹੈ ਕਿ ਕੀ ਦਸਮ ਗ੍ਰੰਥ ਦੇ ਉਪਾਸ਼ਕ ਆਪਣੇ ਘਰ ਵਿਚ ਆਪਣੀ ਧੀ ਨੂੰ ਅਜਿਹੇ ਕੌਤਕ ਕਰਨ ਦੀ ਇਜਾਜ਼ਤ ਦੇਣਗੇ? ਜੇ ਜੁਆਬ ਨਾਂਹ ਵਿਚ ਹੈ ਤਾਂ ਸਮਝੋ ਇਹ ਗੁਰੂ ਕ੍ਰਿਤ ਨਹੀਂ, ਕਿਉਂਕਿ ਜਿਸ ਗੁਰੂ ਨੇ ਖਾਲਸਾ ਸਿਰਜਣ ਸਮੇਂ ਖਾਲਸੇ ਨੂੰ ਇਹੋ ਜਿਹੀ ਹਰਕਤ ਨੂੰ ਬਜਰ ਕੁਰਹਿਤ ਵਿਚ ਰੱਖ ਕੇ ਪੂਰੀ ਤਰ੍ਹਾਂ ਵਰਜ ਦਿੱਤਾ, ਉਹ ਕਿਵੇਂ ਇਹੋ ਜਿਹਾ ਲਿਖ ਸਕਦਾ ਹੈ। ਗੁਰੂ ਜੀ ਨੇ ਜਦੋਂ ਤੰਬਾਕੂ ਪੀਣ ਵਾਲੇ ਨੂੰ ਵਰਜਿਆ ਤੇ ਮਿਸਾਲ ਇਹ ਵੀ ਦਿੱਤੀ ਕਿ ਉਨ੍ਹਾਂ ਦਾ ਘੋੜਾ ਤੰਬਾਕੂ ਦੇ ਖੇਤ 'ਚੋਂ ਨਿਕਲਣ ਤੋਂ ਇਨਕਾਰੀ ਹੋ ਗਿਆ, ਫਿਰ ਉਹੋ ਗੁਰੂ ਇਹੋ ਜਿਹਾ ਗ੍ਰੰਥ ਕਿਉਂ ਲਿਖੂ ਜਿਸ ਵਿਚ ਗਾਂਜਾ, ਭੰਗ, ਚਰਸ ਖਾ ਕੇ ਕੌਤਕ ਕਰਨ ਵਾਸਤੇ ਉਕਸਾਇਆ ਗਿਆ ਹੋਵੇ? ਗੁਰੂ ਗੋਬਿੰਦ ਸਿੰਘ ਨੂੰ ਕਿਹੜੀ ਮਜਬੂਰੀ ਸੀ ਕਿ ਇੰਨਾ ਸੋਹਣਾ ਨਾਮ ਬਦਲ ਕੇ ਆਪਣੇ ਆਪ ਨੂੰ ਰਾਮ ਸ਼ਿਆਮ ਕਹਿਣਾ ਪਿਆ? ਕਿੱਡੀ ਵੱਡੀ ਸਾਜ਼ਿਸ਼ ਹੈ! ਇਸ ਵਿਦਵਾਨ ਨੇ ਇਹ ਵੀ ਕਿਹਾ, ਗੁਰੂ ਗ੍ਰੰਥ ਸਾਹਿਬ ਵੱਡਾ ਭਰਾ ਹੈ ਤੇ ਦਸਮ ਗ੍ਰੰਥ ਉਹਦਾ ਹੀ ਛੋਟਾ ਭਰਾ! ਕੀ ਅਹਿਮਕਪੁਣਾ ਫੜ ਲਿਆ ਅਜਿਹੇ ਸਿੱਖ ਵਿਦਵਾਨਾਂ ਨੇ?

ਇਸ ਵਿਦਵਾਨ ਨੇ ਸੈਮੀਨਾਰ ਕਰਾਉਣ ਵਾਲਿਆਂ ਦੀ ਮਨਸ਼ਾ ਇਹ ਕਹਿ ਕੇ ਪੂਰੀ ਕਰ ਦਿੱਤੀ ਕਿ ਸਾਰੇ ਗ੍ਰੰਥ ਹੀ ਅਦਬ ਸਤਿਕਾਰ ਦੇ ਹੱਕਦਾਰ ਹਨ। ਉਨ੍ਹਾਂ ਗੁਰਸਿੱਖਾਂ ਦੀ ਆਲੋਚਨਾ ਕੀਤੀ ਜਿਹੜੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਗੁਰਬਾਣੀ ਦਾ ਇਕੋ ਇਕ ਸੋਮਾ ਮੰਨਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਮਹਾਂ ਵਿਨਾਸ਼ਕਾਰੀ ਕਰਾਰ ਦੇ ਦਿੱਤਾ। ਵਿਦਵਾਨ ਦੇ ਲਫ਼ਜ਼ ਹਨ, "ਆਹ ਜਿਹੜੇ ਇਕੋ ਗ੍ਰੰਥ ਇਕੋ ਗ੍ਰੰਥ ਦੀ ਰਟ ਲਾਈ ਜਾਂਦੇ ਹਨ, ਇਹ ਗ੍ਰੰਥ ਨਿੰਦਕ ਹਨ ਤੇ ਉਹ ਗ੍ਰੰਥ ਵੀ ਮਹਾਂ ਵਿਨਾਸ਼ਕਾਰੀ ਹੈ ਜਿਹੜਾ ਅੱਗਿਉਂ ਹੋਰ ਗ੍ਰੰਥ ਲਿਖਣੇ ਬੰਦ ਕਰਵਾ ਦੇਵੇ, ਘਰ ਘਰ ਵਿਚ ਗ੍ਰੰਥ ਲਿਖ ਹੋਣੇ ਚਾਹੀਦੇ ਹਨ।"

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਹ ਸੈਮੀਨਾਰ ਉਸੇ ਗੁਰਦੁਆਰੇ ਵਿਚ ਹੋਇਆ ਜਿਥੇ 2-3 ਕੁ ਸਾਲ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦੋ ਹੋਰ ਪਾਲਕੀਆਂ ਰੱਖ ਕੇ ਉਨ੍ਹਾਂ ਵਿਚ ਰੁਮਾਲਿਆਂ 'ਚ ਸਜਾ ਕੇ ਦੋ ਗ੍ਰੰਥ ਰੱਖ ਕੇ ਦੋ ਗੁਰਸਿੱਖਾਂ ਨੂੰ ਚੌਰ ਦੇ ਕੇ ਉਨ੍ਹਾਂ ਦੀ ਤਾਬਿਆ ਬਿਠਾ ਕੇ ਸਿੱਖ ਸੰਗਤ ਤੋਂ ਇਹ ਕਹਿ ਕੇ ਮੱਥੇ ਟਿਕਵਾਏ ਕਿ ਇਨ੍ਹਾਂ ਵਿਚੋਂ ਇਕ ਵਿਚ ਬਹੁਤ ਦੁਰਲੱਭ ਭਾਈ ਬੰਨੋ ਵਾਲੀ ਗ੍ਰੰਥ ਸਾਹਿਬ ਦੀ ਬੀੜ

*(ਬਾਕੀ ਅਗਲੇ ਸਫੇ 'ਤੇ)*

## ਸਿੱਖੀ, ਬੰਦਾ ਸਿੰਘ ਬਹਾਦਰ ਅਤੇ ਇਤਿਹਾਸ-11

**ਇਤਿਹਾਸ ਦੇ ਝਰੋਖੇ 'ਚੋਂ**

# ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਬਹਾਦਰ ਦੀ ਮੁਲਾਕਾਤ: ਤੱਥ ਤੇ ਸੱਚ

ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਬਹਾਦਰ ਵਿਚਕਾਰ ਗੋਦਾਵਰੀ ਨਦੀ ਦੇ ਉਤਰ ਵੱਲ ਹੋਈ ਮੁਲਾਕਾਤ ਬਾਰੇ ਬਹੁਤ ਸਾਰੀਆਂ ਮਨਘੜਤ ਸਾਖੀਆਂ ਪ੍ਰਚਲਤ ਹਨ। ਕੋਰੀ ਕਲਪਨਾ ਨਾਲ ਸ਼ਿੰਗਾਰੀਆਂ ਇਨ੍ਹਾਂ ਸਾਖੀਆਂ ਵਿਚ ਬੰਦੇ ਬਹਾਦਰ ਦਾ ਕਿਰਦਾਰ ਗੰਧਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰੂ ਜੀ ਅਤੇ ਬੰਦੇ ਵਿਚਕਾਰ ਹੋਈ ਮੁਲਾਕਾਤ ਦਾ ਵਰਣਨ ਸਭ ਤੋਂ ਪਹਿਲਾਂ ਢਾਡੀ ਨੱਥ ਮੱਲ ਨੇ ਆਪਣੀ ਪੁਸਤਕ 'ਅਮਰਨਾਮਾ'

**ਹਰਪਾਲ ਸਿੰਘ**
ਫੋਨ: 916-236-8830

ਵਿਚ ਕੀਤਾ ਜੋ 1708 ਈਸਵੀ ਦੀ ਲਿਖਤ ਮੰਨੀ ਜਾਂਦੀ ਹੈ। ਇਹ ਪੁਸਤਕ ਫਾਰਸੀ ਵਿਚ ਹੈ। ਪ੍ਰੋ. ਗੰਡਾ ਸਿੰਘ ਦਾ ਵਿਚਾਰ ਹੈ ਕਿ 'ਅਮਰਨਾਮਾ' ਅਕਤੂਬਰ 1708 ਵਿਚ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕੁਝ ਦਿਨਾਂ ਬਾਅਦ ਹੀ ਰਚਿਆ ਗਿਆ ਸੀ। ਇਸ ਪੁਸਤਕ 'ਚ ਦੋਹਾਂ ਦੀ ਮੁਲਾਕਾਤ ਦੀ ਤਾਰੀਖ 3 ਸਤੰਬਰ 1708 (ਸੂਰਜ ਸੁਹਿਵਤ ਅੱਸੂ, 1765 ਬਿਕਰਮੀ) ਦਾ ਜ਼ਿਕਰ ਹੈ। ਇਸ ਲੇਖ ਦੇ ਪਹਿਲੇ ਹਿੱਸੇ ਵਿਚ ਬਾਬਾ ਬੰਦਾ ਬਹਾਦਰ ਅਤੇ ਗੁਰੂ ਜੀ ਨਾਲ ਸਬੰਧਤ ਜੋ ਅੰਸ਼ ਦਰਜ ਕੀਤੇ ਗਏ ਹਨ, ਉਹ ਪ੍ਰੋ. ਗੰਡਾ ਸਿੰਘ ਦੁਆਰਾ ਸੰਪਾਦਿਤ ਸੰਸਕਰਨ ਵਿਚੋਂ ਲਏ ਗਏ ਹਨ।

ਢਾਡੀ ਨੱਥ ਮੱਲ (ਅਮਰਨਾਮਾ):
ਬ-ਨਾਲੈਨਿ ਚੋਬੀ ਓ ਯਕ ਕੂਜ਼ਾ ਸੀਰ।
ਬਿਆਗਸਤ ਸੱਜਾਦਾਏ ਚੂੰ ਸਰੀਰ॥4॥
ਗਦਾ ਬੂਦ ਆ ਜਾ ਯਕੇ ਤੁੰਦ ਖੂ॥
ਕਿ ਗੂਲੇ ਬਿਆਬਾਂ ਬ ਤਸਖੀਰਿਊ॥5॥

ਭਾਵ, ਉਥੇ ਕੌੜੇ ਸੁਭਾਅ ਵਾਲਾ ਸਾਧੂ ਸੀ ਜਿਸ ਦੇ ਵੱਸ ਵਿਚ ਜੰਗਲੀ ਭੂਤ-ਪ੍ਰੇਤ ਸਨ। ਉਸ ਕੋਲ ਲੱਕੜ ਦੀਆਂ ਖੜਾਵਾਂ ਤੇ ਦੁੱਧ ਦੀ ਗੜਵੀ ਸੀ ਤੇ ਉਸ ਨੇ ਆਪਣਾ ਆਸਣ ਸ਼ਾਹੀ ਤਖਤ (ਰਾਜ ਸਿੰਘਾਸਣ) ਵਾਂਗ ਸਜਾਇਆ ਹੋਇਆ ਸੀ।

ਦਿਲਸ਼-ਬੇ-ਮੁਹੱਬਤ ਸਰਸ਼ ਪੁਰ-ਗਰੂਰ॥
ਕਿ ਅਜ਼ ਆਬਿਦੋ ਹਕ-ਪ੍ਰਸਤਾਂ ਨਫ਼ੂਰ॥6॥

ਭਾਵ, ਉਸ ਦਾ ਦਿਲ ਪਿਆਰ ਤੋਂ ਖਾਲੀ ਤੇ ਦਿਮਾਗ ਹੰਕਾਰ ਨਾਲ ਭਰਿਆ ਹੋਇਆ ਸੀ ਤੇ ਉਹ ਭਗਤਾਂ ਤੇ ਰੱਬ ਦੇ ਉਪਾਸ਼ਕਾਂ ਨੂੰ ਘ੍ਰਿਣਾ ਕਰਦਾ ਸੀ।

ਲਿਖਾਰੀ ਅਨੁਸਾਰ ਬੰਦਾ ਬਹਾਦਰ ਕਰਾਮਾਤੀ ਅਤੇ ਹੰਕਾਰੀ ਸਾਧੂ ਹੈ। ਜੇ ਉਹ ਹੰਕਾਰੀ ਸੀ ਤਾਂ ਉਹ ਸਾਧ ਨਹੀਂ ਹੋ ਸਕਦਾ; ਰੱਬ ਦਾ ਉਪਾਸ਼ਕ ਨਹੀਂ ਹੋ ਸਕਦਾ; ਰੱਬ ਦੇ ਬੰਦਿਆਂ ਨੂੰ ਘ੍ਰਿਣਾ ਨਹੀਂ ਕਰ ਸਕਦਾ ਤੇ ਨਾ ਹੀ ਕੌੜੇ ਸੁਭਾਅ ਵਾਲਾ ਹੋ ਸਕਦਾ ਹੈ। ਰਿਧੀਆਂ-ਸਿਧੀਆਂ ਵੀ ਹੋਣ, ਤੇ ਸਾਧ ਹੰਕਾਰੀ ਵੀ ਹੋਵੇ; ਸਿਧਾਂਤਕ ਤੇ ਵਿਹਾਰਕ ਤੌਰ 'ਤੇ ਇਹ ਹੋ ਨਹੀਂ ਸਕਦਾ।

ਗੁਰੂ ਜੀ ਦੇ ਸਾਹਮਣੇ ਇੰਨੀਆਂ ਗੰਭੀਰ ਸਮੱਸਿਆਵਾਂ ਸਨ ਜਿਨ੍ਹਾਂ ਨੂੰ ਛੱਡ ਕੇ ਕੀ ਉਹ ਕਿਸੇ ਹੰਕਾਰੀ ਸਾਧ ਦੇ ਡੇਰੇ ਜਾ ਕੇ ਉਸ ਨੂੰ ਆਪਣਾ ਸਿੱਖ ਬਣਾਉਣਾ ਚਾਹੁੰਦੇ ਸਨ? ਡਾ. ਸੁਖਦਿਆਲ ਸਿੰਘ ਦਾ ਕਥਨ ਸੱਚ ਦੀ ਗੱਲ ਕਰਦਾ ਹੈ। ਉਸ ਅਨੁਸਾਰ, "ਸਾਰਾ ਪੰਜਾਬ ਛੱਡਿਆ ਹੋਇਆ ਸੀ ਅਤੇ ਸਾਰਾ ਪੰਥ ਖਾਲਸਾ ਪਿੱਛੇ ਛੱਡਿਆ ਹੋਇਆ ਸੀ। ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ। ਸਾਰਾ ਮਾਹੌਲ ਗਮਗੀਨ ਅਤੇ ਗੰਭੀਰ ਸੀ। ਅਜਿਹੇ ਮਾਹੌਲ ਵਿਚ ਲੇਖਕ ਗੁਰੂ ਜੀ ਨੂੰ ਸਾਧ ਦਾ ਹੰਕਾਰ ਤੋੜਨ ਲਈ ਇਸ ਤਰ੍ਹਾਂ ਤੁਰਦਾ-ਫਿਰਦਾ ਦਿਖਾ ਰਹੇ ਹਨ, ਜਿਵੇਂ ਉਨ੍ਹਾਂ ਸਾਹਮਣੇ ਹੋਰ ਕੋਈ ਕੰਮ ਹੀ ਨਹੀਂ ਸੀ। ਫਿਰ ਜਦੋਂ ਗੁਰੂ ਜੀ ਸਾਧ ਦੇ ਡੇਰੇ ਵਿਚ ਪਹੁੰਚੇ ਤਾਂ ਸਾਧ ਦੀ ਗ਼ੈਰ ਹਾਜ਼ਰੀ ਵਿਚ ਨਾਲੇ ਤਾਂ ਉਸ ਦੇ ਬੱਕਰੇ ਬੱਕਰੀਆਂ ਮਾਰ ਕੇ ਮੀਟ ਬਣਾਉਣਾ ਰੱਖ ਦਿੱਤਾ ਤੇ ਨਾਲੇ ਘੋੜਿਆਂ ਨਾਲ ਉਸ ਦਾ ਬਾਗ ਉਜਾੜ ਦਿੱਤਾ। ਇਹ ਕਿੱਧਰ ਦੀ ਦਿਆਨਤਦਾਰੀ ਸੀ ਕਿ ਕਿਸੇ ਦੇ ਡੇਰੇ ਵਿਚ ਜਾ ਕੇ ਐਸੇ ਕੰਮ ਕਰੋ ਜਿਸ ਦੀ ਕੋਈ ਵੀ ਸਭਿਆਚਾਰਕ ਜਾਂ ਸ਼ਿਸ਼ਟਾਚਾਰ ਇਜਾਜ਼ਤ ਨਹੀਂ ਦਿੰਦਾ।"

ਚੁ ਸ਼ੇਰ ਆਂ ਚੁਨੀ ਹੁਕਮਿ ਮਾਰਾ ਸ਼ੁਨੀਦ।
ਗੂਏ ਗੋਸਨੰਦਾਨ ਖੰਜ਼ਰ ਕਸੀਦ॥2॥

ਭਾਵ, ਸਿੰਘਾਂ ਨੇ ਸਾਡਾ ਅਜਿਹਾ ਹੁਕਮ ਸੁਣਿਆ ਤੇ ਬੱਕਰੀਆਂ ਉਨ੍ਹਾਂ ਨੇ ਝਟਕਾ ਦਿੱਤੀਆਂ।

ਢਾਡੀ ਨੱਥ ਮੱਲ ਬੀਰਾਂ-ਪੀਰਾਂ ਅਤੇ ਕਰਾਮਾਤਾਂ ਦੀ ਕਹਾਣੀ ਵੀ ਬੰਦੇ ਨਾਲ ਜੋੜਦਾ ਹੈ, ਜਿਵੇਂ:

ਰਵਾਂ ਕਰਦ ਆਂ ਸੂਇ ਮਨ ਪੰਜ ਬੀਰ।
ਪਏ ਕੁਸ਼ਤਨਮ ਬੂਦ ਹਰ ਯਕ ਸਰੀਰ॥27॥

ਭਾਵ, ਉਸ ਨੇ ਮੇਰੇ ਉਤੇ ਪੰਜ ਬੀਰ ਭੇਜੇ। ਉਹ ਹਰ ਇਕ ਮੈਨੂੰ ਮਾਰਨ ਲਈ ਉਤਾਵਲਾ ਸੀ।

ਬਸਾ ਬਰ ਸਰਮ ਦਾਸ਼ਤ ਬੀਰਾਂ ਬਲਾ॥
ਮਨ ਏਮਨ ਸ਼ੁਦਾ ਦਰ ਪਨਾਏ ਖੁਦਾ॥28॥

ਭਾਵ, ਬੀਰਾਂ ਨੇ ਮੇਰੇ ਉਤੇ ਕਈ ਬਲਾਵਾਂ ਲਿਆਂਦੀਆਂ, ਪਰ ਮੈਂ ਅਕਾਲ ਪੁਰਖ ਦੀ ਸ਼ਰਨ ਵਿਚ ਬਚਿਆ ਰਿਹਾ।

ਇਹ ਘਟਨਾ ਕਿਸੇ ਡੇਰੇ ਵਿਚ ਵਾਪਰੀ ਹੋਈ ਨਹੀਂ ਲਗਦੀ ਸਗੋਂ ਮੈਦਾਨੇ-ਜੰਗ ਦਾ ਕਿੱਸਾ ਲਗਦਾ ਹੈ ਜਿਸ ਵਿਚ ਬੀਰਾਂ ਅਤੇ ਗੁਰੂ ਦੇ ਸਿੰਘਾਂ ਵਿਚਕਾਰ ਖੂਨੀ ਝੜਪ ਹੋਈ। ਗੁਰੂ ਜੀ ਕਿਸੇ ਵੀ ਗੈਬੀ ਸ਼ਕਤੀ ਤੇ ਬੀਰਾਂ-ਪੀਰਾਂ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਲਈ ਤਾਂ ਕੇਵਲ ਅਕਾਲ ਪੁਰਖ ਹੀ ਸਰਬ-ਸ਼ਕਤੀਮਾਨ ਅਤੇ ਸਭ ਦਾ ਰਖਵਾਲਾ ਸੀ। ਉਹ ਸੰਪੂਰਨ ਕਰਮਯੋਗੀ ਸਨ। ਉਹ ਗ੍ਰੰਥਾਂ ਤੇ ਵੇਦਾਂ ਦੇ ਗਿਆਤਾ ਸਨ। ਗੁਰੂ ਜੀ ਪ੍ਰਤੀ ਲਿਖਾਰੀ ਦੀ ਸੋਚ ਘਟੀਆ ਦਰਜੇ ਦੀ ਹੈ।

ਬਪੀਸ਼ੇ ਸ਼ਹਨਸ਼ਾਹ ਆਵਾਜ ਦਾਦ॥
ਗੁਰੂ ਕਰਦ ਅ ਹਿੰਦੂਆਂ ਚਾ ਬਰਬਾਦ॥39॥

ਭਾਵ, ਹਿੰਦੂਆਂ ਨੇ ਸ਼ਹਿਨਸ਼ਾਹ ਦੇ ਸਾਹਮਣੇ ਪੁਕਾਰ ਕੀਤੀ ਕਿ ਗੁਰੂ ਨੇ ਸਾਨੂੰ ਬਰਬਾਦ ਕਰ ਦਿੱਤਾ ਹੈ।

ਹਮਾ ਖੇਲਿ ਹਿੰਦੂ ਬ-ਸਦ ਬੇਕਸੀ।
ਬਰਜ਼ ਤੰਦ ਬਾ ਸ਼ਾਹ ਬਰ ਗੋਦਰੀ॥44॥

ਭਾਵ, ਸਾਰੇ ਹਿੰਦੂ ਬੜੀ ਬੇਕਸੀ ਨਾਲ ਬਾਦਸ਼ਾਹ ਦੇ ਨਾਲ ਗੋਦਾਵਰੀ 'ਤੇ ਗਏ।

24 ਅਗਸਤ 1708 ਨੂੰ ਬਾਦਸ਼ਾਹ ਦਰਿਆ ਬਾਣ-ਗੰਗਾ ਪਾਰ ਕਰ ਕੇ ਦੱਖਣ ਵੱਲ ਚਲਾ ਗਿਆ ਸੀ। ਲਿਖਾਰੀ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਵਿਚਕਾਰ ਪਹਿਲੀ ਮੁਲਾਕਾਤ ਦੀ ਤਾਰੀਖ 3 ਸਤੰਬਰ 1708 ਲਿਖਦਾ ਹੈ। ਬਾਦਸ਼ਾਹ ਹਿੰਦੂਆਂ ਨਾਲ ਕਿਸ ਤਰ੍ਹਾਂ ਗੋਦਾਵਰੀ ਪਹੁੰਚ ਗਿਆ, ਇਸ ਦੀ ਸਮਝ ਨਹੀਂ ਆਉਂਦੀ।

ਪਰੰਪਰਾਗਤ ਸਾਖੀਆਂ ਵਿਚੋਂ ਜਿਹੜੀ ਸਿੱਖਾਂ ਵਿਚ ਸਭ ਤੋਂ ਮਕਬੂਲ ਹੈ, ਪਹਿਲੀ ਵਾਰ ਉਸ ਦਾ ਵਰਣਨ ਬਟਾਲੇ ਦੇ ਅਹਿਮਦ ਸ਼ਾਹ ਨੇ ਆਪਣੀ ਪੁਸਤਕ 'ਜ਼ਿਕਰ-ਏ-ਗੁਰੂਆਂ-ਵਾ-ਇਬਤਦਾ-ਏ-ਸਿੰਘਾਂ-ਵਾ-ਮਜਬ-ਏ-ਇਸਾਨ' ਵਿਚ ਕੀਤਾ ਹੈ। ਇਹ 1824-25 ਦੀ ਲਿਖਤ ਹੈ। ਗੁਰੂ ਜੀ ਅਤੇ ਬੰਦੇ ਵਿਚਕਾਰ ਪਹਿਲੀ ਮੁਲਾਕਾਤ ਦੀ ਕਹਾਣੀ 115 ਜਾਂ 116 ਸਾਲਾਂ ਬਾਅਦ ਲਿਖੀ ਗਈ ਹੈ। ਇਹ ਕੂੜ ਪ੍ਰਚਾਰ 'ਤੇ ਆਧਾਰਤ ਹੈ ਜਿਸ ਵਿਚ ਕਹੀ ਗਈ ਕਹਾਣੀ ਲਿਖਾਰੀ ਦੀ ਨਿਰੋਲ ਕਲਪਨਾ ਹੈ। ਅਹਿਮਦ ਸ਼ਾਹ ਬਟਾਲੇ ਤੋਂ ਬਾਅਦ, ਹਾਕਮ ਰਾਏ ਨੇ ਗੁਰੂ ਜੀ ਅਤੇ ਬੰਦੇ ਵਿਚਕਾਰ ਹੋਈ ਗੱਲਬਾਤ ਦਾ ਜ਼ਿਕਰ ਕੀਤਾ ਹੈ,

ਪੂਛਤ ਗੁਰੂ ਗੋਬਿੰਦ ਸਿੰਘ ਤੁੰਮ ਹੋ ਸਾਧੂ ਕੌਨ।
ਅੱਤ ਪਰਚੰਡ ਉਜਲ ਤੁਜੇ ਕਿਉਂ ਧਾਰ ਬੈਠੇ ਮੋਨ।
ਸਾਹਿਬ ਕਾ ਬੰਦਾ ਭਇਆ ਏਹੀ ਹਮਾਰੋ ਨਾਮ।
ਜਿਸ ਦਿਨ ਜਪਦੇ ਬੈਠ ਕੇ ਪਰਮੇਸ਼ਰ ਸ੍ਰੀ ਰਾਮ।
(ਹਾਕਮ ਰਾਏ ਅਹਿਵਲ ਲਸ਼ਮਣ ਦਾਸ ਚੇਲਾ ਗੁਰੂ ਗੋਬਿੰਦ ਸਿੰਘ)

ਹਾਕਮ ਰਾਏ ਦੀ ਇਸ ਲਿਖਤ ਨੂੰ ਜੇ ਗਹੁ ਨਾਲ ਦੇਖਿਆ ਜਾਵੇ ਤਾਂ ਲਿਖਾਰੀ ਬੰਦੇ ਨੂੰ ਪੂਰੀ ਤਰ੍ਹਾਂ ਪਰਮਾਤਮਾ ਨੂੰ ਸਮਰਪਿਤ ਕਰਦਾ ਹੈ ਅਤੇ ਉਹ ਬੰਦਾ ਕੇਵਲ ਸ੍ਰੀ ਰਾਮ ਦਾ ਹੀ ਜਾਪ ਕਰਦਾ ਹੈ। ਅਹਿਮਦ ਸ਼ਾਹ ਬਟਾਲਵੀ ਅਤੇ ਹਾਕਮ ਰਾਏ ਦੇ ਵੇਰਵੇ ਕਲਪਿਤ ਹਨ ਕਿਉਂਕਿ ਉਹ ਦੋਨੋਂ ਬੰਦੇ ਦੇ ਸਮਕਾਲੀ ਨਹੀਂ ਸਨ।

ਗਣੇਸ਼ ਦਾਸ ਵਢੇਰਾ ਜਿਸ ਦੀ ਲਿਖਤ ਦਾ ਹਵਾਲਾ ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ' ਵਿਚ ਦਿੱਤਾ ਹੈ, ਗੁਰੂ ਸਾਹਿਬ ਨੂੰ ਮਿਲਣ ਤੋਂ ਪਹਿਲਾਂ ਬੰਦੇ ਵਿਚ ਕੋਈ ਖੂਬੀ ਨਹੀਂ ਦੇਖਦਾ। ਉਹ ਫਾਰਸੀ ਜ਼ੁਬਾਨ ਵਿਚ ਲਿਖਦਾ ਹੈ,

ਦਰ ਅਸਨਾਇ ਰਾਹ ਸ਼ਖਸੇ
ਮਜਹੂਲੁ-ਲ-ਇਸਮ ਵਾ ਨਸਬ ਰਾ
ਮੁਸਤਮਾਲ-ਬ-ਮਜ਼ਹਿਬਿ ਖੁਦ ਆਵੁਰਤ
ਵਾ ਬਰ ਤਰਫਿ ਮਾਖੋਵਾਲ ਬ-ਨਿਆਬਤਿ
ਖੁਦ ਰਵਾਨਾ ਕਰਦ ਰਿਸਾਲਾ ਸਾਹਿਬ-ਨੁਮਾ।

ਭਾਵ, ਗੁਰੂ ਗੋਬਿੰਦ ਸਿੰਘ ਗੋਦਾਵਰੀ ਨੂੰ ਜਾ ਰਹੇ ਸਨ ਕਿ ਉਨ੍ਹਾਂ ਨੂੰ ਅਜਿਹਾ ਸ਼ਖ਼ਸ ਮਿਲਿਆ ਜਿਸ ਨੂੰ ਨਾ ਕੋਈ ਬਹੁਤਾ ਜਾਣਦਾ ਸੀ, ਨਾ ਹੀ ਉਸ ਦੀ ਕੋਈ ਵਿਸ਼ੇਸ਼ਤਾਈ ਹੀ ਸੀ, ਨਾ ਹੀ ਉਸ ਦੇ ਪਿਛੋਕੜ ਦਾ ਪਤਾ ਸੀ। ਗੁਰੂ ਸਾਹਿਬ ਨੇ ਉਸ ਨੂੰ ਆਪਣੇ ਨਵੇਂ ਧਰਮ ਵਿਚ ਸ਼ਾਮਿਲ ਕਰ ਕੇ ਆਪਣਾ ਨਾਇਬ ਥਾਪ ਮਾਖੋਵਾਲ (ਅਨੰਦਪੁਰ) ਨੂੰ ਤੋਰ ਦਿੱਤਾ।

ਵਢੇਰਾ ਦਾ ਬਿਰਤਾਂਤ ਹਜਮ ਨਹੀਂ ਹੁੰਦਾ। ਕੌਣ ਇਸ ਗੱਲ ਵਿਚ ਵਿਸ਼ਵਾਸ ਕਰੇਗਾ ਕਿ ਗੁਰੂ ਜੀ ਨੇ ਅਜਿਹੇ ਸ਼ਖ਼ਸ ਜਿਸ ਨੂੰ ਕੋਈ ਜਾਣਦਾ ਨਹੀਂ ਸੀ, ਬਿਨਾਂ ਪਰਖਿਆਂ ਹੀ ਆਪਣਾ ਨਾਇਬ ਥਾਪ ਦਿੱਤਾ ਅਤੇ ਸਿੱਖ ਕੌਮ ਦੀ ਅਗਵਾਈ ਕਰਨ ਲਈ ਅਨੰਦਪੁਰ ਸਾਹਿਬ ਵੱਲ ਭੇਜ ਦਿੱਤਾ। ਵਢੇਰਾ ਬੰਦੇ ਨੂੰ ਨਾ ਤਾਂ ਕੋਈ ਸਾਧ ਮੰਨਦਾ ਹੈ, ਨਾ ਹੀ ਉਸ ਦੇ ਡੇਰੇ ਦੀ ਗੱਲ ਕਰਦਾ ਹੈ ਅਤੇ ਨਾ ਹੀ ਬੱਕਰੇ-ਬੱਕਰੀਆਂ ਝਟਕਾਉਣ ਬਾਰੇ ਦੱਸਦਾ ਹੈ।

ਬੰਦਾ ਸਿੰਘ ਬਾਰੇ ਰਤਨ ਸਿੰਘ ਭੰਗੂ ਦੀ ਲਿਖਤ 1841 ਈਸਵੀ ਦੀ ਹੈ। ਉਸ ਦੀ ਪੁਸਤਕ ਦਾ ਨਾਂ 'ਸ੍ਰੀ ਗੁਰੂ ਗ੍ਰੰਥ ਪ੍ਰਕਾਸ਼' ਹੈ। ਇਸ ਪੁਸਤਕ ਦਾ ਹੋਰ ਨਾਂ 'ਪ੍ਰਾਚੀਨ ਪੰਥ ਪ੍ਰਕਾਸ਼' ਹੈ। ਇਹ ਲਿਖਤ ਬੰਦੇ ਦੀ ਸ਼ਹੀਦੀ ਦੇ 125 ਸਾਲ ਬਾਅਦ ਦੀ ਹੈ। ਬੰਦੇ ਬਾਰੇ ਜਿੰਨੇ ਵੀ ਭੁਲੇਖੇ ਪਾਏ ਗਏ ਹਨ, ਉਹ ਸਭ ਰਤਨ ਸਿੰਘ ਭੰਗੂ ਦੀ ਕਰਾਮਾਤ ਹੈ। ਉਸ ਦੀ ਲਿਖਤ ਵਿਚ ਇਤਿਹਾਸਕ ਤੱਥ ਘੱਟ ਹਨ ਅਤੇ ਕਾਲਪਨਿਕ ਤੱਤ ਜ਼ਿਆਦਾ ਹਨ। ਬਦਕਿਸਮਤੀ ਨਾਲ ਅੱਜ ਤੱਕ ਸਿੱਖ ਜਗਤ ਉਸ ਦੇ ਕੂੜ ਨੂੰ ਹੀ ਮੰਨਦਾ ਆਇਆ ਹੈ। ਬੱਕਰੇ ਝਟਕਾਉਣ ਤੇ ਪਲੰਘ ਉਲਟਾਉਣ ਦੀਆਂ ਗੱਲਾਂ ਉਸ ਦੇ ਪੰਥ ਪ੍ਰਕਾਸ਼ ਵਿਚ ਮਿਲਦੀਆਂ ਹਨ। ਆਪਣੀ ਲਿਖਤ ਵਿਚ ਉਹ ਬੰਦੇ ਬਾਰੇ ਲਿਖਦਾ ਹੈ, "ਬੰਦਾ ਕਹਿੰਦਾ ਸੀ ਕਿ ਉਹ ਤਾਂ ਸਿੱਖ ਹੀ ਨਹੀਂ ਹੈ, ਉਹ ਤਾਂ ਵੈਸ਼ਨਵ ਬੈਰਾਗੀ ਸਾਧੂ ਹੈ। ਤੁਹਾਡਾ ਤੇ ਮੇਰਾ ਮੇਲ ਕੀ? ਮੈਂ ਪਾਤਸ਼ਾਹੀ ਆਪਣੇ ਜ਼ੋਰ ਨਾਲ ਲਈ ਹੈ। ਜਿਵੇਂ ਗੁਰੂ ਨੇ ਮੇਰੇ ਡੇਰੇ ਵਿਚ ਜਾ ਕੇ ਮੇਰੇ ਬੱਕਰੇ ਮਾਰੇ ਸਨ, ਮੈਂ ਵੀ ਹੁਣ ਉਸੇ ਤਰ੍ਹਾਂ ਉਸ ਦੇ ਸਿੰਘਾਂ ਨੂੰ ਖ਼ਰਾਬ ਕਰਾਂਗਾ।"

ਇਕ ਹੋਰ ਥਾਂ ਭੰਗੂ ਲਿਖਦਾ ਹੈ ਕਿ ਬੰਦਾ ਹਰ ਰੋਜ਼ ਦੁਹਰਾਉਂਦਾ ਸੀ ਕਿ ਗੁਰੂ ਨੇ ਮੇਰੇ ਡੇਰੇ ਵਿਚ ਬੱਕਰੇ ਮਾਰੇ ਹਨ। ਕੀ ਹੋਇਆ ਜੇ ਉਸ ਤੋਂ ਗੁਰੂ ਦਾ ਪਲੰਘ ਉਲਟਾਇਆ ਨਹੀਂ ਗਿਆ, ਹੁਣ ਮੈਂ ਉਸ ਗੱਲ ਦਾ ਬਦਲਾ ਲੈ ਕੇ ਸਿੰਘਾਂ ਨੂੰ ਸਜ਼ਾਵਾਂ ਦੇਵਾਂਗਾ। ਬੰਦਾ ਪਾਗਲ ਹੋਇਆ ਭਾਂਤ-ਭਾਂਤ ਦੀਆਂ ਗੱਲਾਂ ਕਰਦਾ ਰਹਿੰਦਾ ਸੀ।

ਮੈਕਾਲਿਫ ਅਨੁਸਾਰ, "ਗੁਰੂ ਜੀ ਉਸ ਦੇ ਪਲੰਘ 'ਤੇ ਜਾ ਬੈਠੇ। ਉਨ੍ਹਾਂ ਬੈਰਾਗੀ ਦਾ ਬੱਕਰਾ ਝਟਕਾ, ਰਿੰਨ੍ਹ ਪਕਾ ਕੇ ਛਕ ਲਿਆ। ਬੈਰਾਗੀ ਦਾ ਇਕ ਚੇਲਾ ਉਸ (ਬੰਦੇ) ਨੂੰ ਡੇਰੇ ਵਿਚ ਵਾਪਰੀ ਘਟਨਾ ਦੱਸਣ ਗਿਆ। ਬੈਰਾਗੀ ਦੇ ਡੇਰੇ ਵਿਚ ਜੀਵ ਹੱਤਿਆ ਉਸ ਸਥਾਨ ਦੀ ਬੇਹੁਰਮਤੀ ਸੀ ਅਤੇ ਬੈਰਾਗੀ ਦੇ ਪਲੰਘ 'ਤੇ ਜਿਹੜਾ ਉਸ ਦਾ ਤਖ਼ਤ ਸੀ, ਬੈਠਣਾ ਇਕ ਹੋਰ ਬੇਅਦਬੀ ਸੀ। ਡੇਰੇ ਪਧਾਰੇ ਵਿਅਕਤੀ ਦੇ ਅਜੀਬ ਵਿਹਾਰ ਬਾਰੇ ਪੜਤਾਲ ਕਰਨ ਉਹ ਡੇਰੇ ਪਹੁੰਚਿਆ। ਗੁਰੂ ਨਾਲ ਬਚਨ ਬਿਲਾਸ ਕਰ ਕੇ ਉਸ ਨੂੰ ਪਤਾ ਲੱਗਾ ਕਿ ਇਹ ਕੋਈ ਮਹਾਨ ਆਤਮਾ ਹੈ; ਇਸ ਲਈ ਬੈਰਾਗੀ ਨੇ ਕਿਹਾ ਕਿ ਉਹ ਤਾਂ ਉਨ੍ਹਾਂ ਦਾ ਬੰਦਾ ਹੈ। ਇਹੀ ਨਾਂ ਮਗਰੋਂ ਪੱਕ ਗਿਆ।"

ਮੈਕਾਲਿਫ ਦੀ ਤਰਕਹੀਣ ਅਤੇ ਝੂਠੀ ਕਹਾਣੀ ਦੀ ਜੇ ਬਿਬੇਕ ਤੇ ਬੁੱਧੀ ਨਾਲ ਚੀਰ-ਫਾੜ ਕੀਤੀ ਜਾਵੇ ਤਾਂ ਇਹ ਸਾਖੀ ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਦੀ ਸੋਭਾ ਨੂੰ ਵਧਾਉਂਦੀ ਨਹੀਂ, ਸਗੋਂ ਘਟਾਉਂਦੀ ਹੈ। ਕਿਸੇ ਧਾਰਮਿਕ ਡੇਰੇ 'ਤੇ ਜਾ ਕੇ ਉਸ ਸਥਾਨ ਦੀ ਬੇਹੁਰਮਤੀ ਕਰਨੀ ਅਤੇ ਉਥੇ ਬੱਕਰੇ ਝਟਕਾਉਣੇ ਗੁਰੂ ਜੀ ਦੇ ਮਹਾਨ ਵਿਚਾਰਾਂ ਅਤੇ ਉਨ੍ਹਾਂ ਵੱਲੋਂ ਅਪਨਾਏ ਸ਼ਿਸ਼ਟਾਚਾਰ ਦੇ ਵਿਰੁਧ ਜਾਂਦੀ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਜੀ ਨੇ ਆਪਣੇ ਜੀਵਨ ਵਿਚ ਕਦੀ ਵੀ, ਕਿਸੇ ਵੀ ਫਿਰਕੇ ਦੇ ਧਾਰਮਿਕ ਸਥਾਨ ਦੀ ਪਵਿੱਤਰਤਾ ਭੰਗ ਨਹੀਂ ਕੀਤੀ। ਮੁਸਲਮਾਨ ਤੇ ਹਿੰਦੂ ਗੁਰੂ ਜੀ ਲਈ ਉਤਨੀ ਹੀ ਸੋਭਾ ਕਰਦੇ ਸਨ ਜਿਤਨੀ ਉਨ੍ਹਾਂ ਦੇ ਆਪਣੇ ਸਿੰਘ। ਫਿਰ ਉਹ ਕਿਸ ਤਰ੍ਹਾਂ ਇਕ ਬੈਰਾਗੀ ਦੇ ਡੇਰੇ 'ਤੇ ਜਾ ਕੇ ਅਜਿਹਾ ਕਰਨਗੇ? ਇਨ੍ਹਾਂ ਲਿਖਾਰੀਆਂ ਅਤੇ ਕਥਾਵਾਚਕਾਂ ਦੀ ਸਿਆਣਪ ਜੋ ਵਾਰ-ਵਾਰ ਸਿੱਖਾਂ ਵਿਚ ਇਸੇ ਕਹਾਣੀ ਦਾ ਪ੍ਰਚਾਰ ਕਰੀ ਜਾਂਦੇ ਹਨ, ਬਾਰੇ ਡਾ. ਸੁਖਦਿਆਲ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ ਬਿਨਾਂ ਕਿਸੇ ਭੜਕਾਹਟ ਦੇ ਕਿਸੇ ਪਵਿੱਤਰ ਸਥਾਨ ਦੀ ਬੇਇਜ਼ਤੀ ਕਰਨਾ ਕੀ ਇਕ ਸਭਿਅਕ ਮਨੁੱਖ ਨੂੰ ਸੋਭਾ ਦਿੰਦਾ ਹੈ? ਬੰਦੇ ਦੇ ਡੇਰੇ ਵਿਚ ਵਾਪਰੀ ਜੀਵ ਹੱਤਿਆ ਅਤੇ ਬੇਹੁਰਮਤੀ ਦੀ ਕਹਾਣੀ ਝੂਠ ਦੇ ਪੁਲੰਦੇ ਤੋਂ ਵੱਧ ਹੋਰ ਕੁਝ ਨਹੀਂ।

ਕੇਸਰ ਸਿੰਘ ਛਿੱਬਰ ਦੀ ਲਿਖਤ 'ਦਸਾਂ ਗੁਰੂਆਂ ਦੀ ਬੰਸਾਵਲੀ' ਜੋ 1769 ਦੀ ਹੈ, ਜਿਸ ਦੀ ਉਮਰ ਬੰਦੇ ਦੀ ਸ਼ਹਾਦਤ ਵੇਲੇ 17-18 ਸਾਲ ਦੀ ਸੀ, ਜਿਸ ਦਾ ਖਾਨਦਾਨ ਗੁਰੂਆਂ ਨਾਲ ਸੌ ਸਾਲ ਤੋਂ ਵੀ ਵੱਧ ਜੁੜਿਆ ਰਿਹਾ ਸੀ, ਨੇ ਕਿਧਰੇ ਵੀ ਆਪਣੀ ਲਿਖਤ ਵਿਚ ਇਸ ਕਹਾਣੀ ਦਾ ਵੇਰਵਾ ਨਹੀਂ ਦਿੱਤਾ।

'ਅਖ਼ਬਾਰ-ਏ-ਦਰਬਾਰ-ਏ-ਮੁਅੱਲਾ' ਬੰਦਾ ਸਿੰਘ ਬਹਾਦਰ ਬਾਰੇ ਜਾਣਕਾਰੀ ਦੇਣ ਵਾਲੀ ਫਾਰਸੀ ਦੀ ਸਭ ਤੋਂ ਪਹਿਲੀ ਲਿਖਤ ਹੈ। ਇਹ ਲਿਖਤ ਬੰਦਾ ਸਿੰਘ ਬਹਾਦਰ ਦੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਦੀ ਸਹੀ ਤਸਵੀਰ ਪੇਸ਼ ਕਰਦੀ ਹੈ। 'ਅਖ਼ਬਾਰ-ਏ-ਦਰਬਾਰ-ਏ-ਮੁਅੱਲਾ' ਵਿਚ ਬੰਦੇ ਨੂੰ 'ਬਾਗੀ ਜੋ ਨਾਨਕ ਪੂਜਾਂ ਦਾ ਗੁਰੂ ਹੈ' ਲਿਖਿਆ ਗਿਆ ਹੈ। ਕਿਧਰੇ ਵੀ ਉਸ ਦਾ ਕੋਈ ਹੋਰ ਨਾਂ ਅਤੇ ਉਸ ਦੇ ਡੇਰੇ ਵਿਚ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਨਹੀਂ ਕੀਤਾ ਗਿਆ।

ਸੱਚ ਤਾਂ ਇਹ ਹੈ ਕਿ ਸਾਡੇ ਲਿਖਾਰੀਆਂ, ਪ੍ਰਚਾਰਕਾਂ, ਗੁਰੂ ਤੋਂ ਬੇਮੁਖ ਹੋਏ ਵਿਦਵਾਨਾਂ ਅਤੇ ਕੁਝ ਸਿੱਖਾਂ ਨੇ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ। ਡਾ. ਸੁਖਦਿਆਲ ਸਿੰਘ ਠੀਕ ਹੀ ਲਿਖਦੇ ਹਨ ਕਿ ਇਨ੍ਹਾਂ ਪੰਜਾਬੀ ਲਿਖਤਾਂ ਵਿਚ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਨੂੰ ਇਤਨੀ ਬੁਰੀ ਤਰ੍ਹਾਂ ਵਿਗਾੜ ਕੇ ਪੇਸ਼ ਕੀਤਾ ਗਿਆ ਹੈ ਕਿ ਬੰਦਾ ਸਿੰਘ ਬਹਾਦਰ ਗੁਰੂ ਤੋਂ ਬੇਮੁਖ ਹੋਇਆ, ਹੰਕਾਰੀ ਸਾਧ, ਮਹਾਂ-ਕਾਮੀ ਅਤੇ ਪੰਥ ਦੋਖੀ ਦੇ ਤੌਰ 'ਤੇ ਇਕ ਵਿਰੋਧੀ ਜਿਹਾ ਬਣ ਕੇ ਸਾਡੇ ਸਾਹਮਣੇ ਖੜ੍ਹਾ ਹੋ ਜਾਂਦਾ ਹੈ।

---

# ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ

*(ਪਿਛਲੇ ਸਫੇ ਦੀ ਬਾਕੀ)*

ਹੈ ਤੇ ਦੂਜੇ ਵਿਚ ਦਸਮ ਗ੍ਰੰਥ। ਇਹ ਤਾਂ ਉਨ੍ਹਾਂ ਦੋਵਾਂ ਗੁਰਸਿੱਖਾਂ ਦਾ ਭਲਾ ਹੋਵੇ ਜਿਨ੍ਹਾਂ ਨੇ ਉਹ ਗ੍ਰੰਥ ਖੋਲ੍ਹ ਕੇ ਦੇਖੇ ਜਿਨ੍ਹਾਂ ਵਿਚ ਕ੍ਰਿਸ਼ਨ ਯੁਧਿਸ਼ਟਰ ਦੀਆਂ ਕਹਾਣੀਆਂ ਲਿਖੀਆਂ ਹਨ ਤੇ ਇਕ ਵੀ ਗੁਰਬਾਣੀ ਦਾ ਸ਼ਬਦ ਨਹੀਂ ਲੱਭਾ। ਜਦੋਂ ਰੌਲਾ ਪਿਆ ਤਾਂ ਪ੍ਰਬੰਧਕ ਕਹਿੰਦੇ, ਗਲਤੀ ਨਾਲ 'ਮਹਾਂਭਾਰਤ ਗ੍ਰੰਥ' ਰੱਖਿਆ ਗਿਆ।

ਦਸਮ ਗ੍ਰੰਥ ਦੀ ਵਾਜਬੀਅਤ ਲਈ ਇਹ ਦਲੀਲ ਦਿੱਤੀ ਗਈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸ਼ਾਂਤੀ ਦਾ ਪੈਗਾਮ ਦਿੰਦੀ ਹੈ ਜਦੋਂਕਿ ਦਸਮ ਗ੍ਰੰਥ ਦੀ ਬਾਣੀ ਪੜ੍ਹ ਕੇ ਬੰਦਾ ਜੋਸ਼ ਨਾਲ ਭਰ ਜਾਂਦਾ ਹੈ ਤੇ ਦੁਸ਼ਮਣ ਨਾਲ ਦੋ ਹੱਥ ਕਰਨ ਲਈ ਅੱਗੇ ਵਧ ਕੇ ਲੜਦਾ ਹੈ। ਇਨ੍ਹਾਂ ਹੀ ਵਿਦਵਾਨਾਂ ਨੇ ਦੱਸਿਆ ਕਿ ਦਸਮ ਗ੍ਰੰਥ 1696 ਵਿਚ ਲਿਖਿਆ ਗਿਆ, ਪਰ ਗੁਰੂ ਗੋਬਿੰਦ ਸਿੰਘ ਦੀ ਪਹਿਲੀ ਲੜਾਈ ਪਹਾੜੀ ਰਾਜਿਆਂ ਨਾਲ 1688 ਵਿਚ ਭੰਗਾਣੀ 'ਚ ਹੋਈ; ਉਸ ਵਕਤ ਗੁਰੂ ਜੀ ਵੱਲੋਂ ਲੜਨ ਵਾਲੇ ਕੋਈ ਟਰੇਂਡ ਯੋਧੇ ਤੇ ਵਧੀਆ ਹਥਿਆਰਾਂ ਵਾਲੇ ਨਹੀਂ ਸੀ। ਉਹ ਹੀ ਸਨ ਜਿਹੜੇ ਜਪੁਜੀ ਸਾਹਿਬ, ਅਨੰਦ ਸਾਹਿਬ, ਸੁਖਮਨੀ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਦਾ ਪਾਠ ਪੜ੍ਹਨ, ਸੁਣਨ ਵਾਲੇ ਸਨ, ਫਿਰ ਉਨ੍ਹਾਂ ਵਿਚ ਜੋਸ਼ ਕਿੱਥੋਂ ਆ ਗਿਆ ਕਿ ਪਹਾੜੀਆਂ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ? ਉਦੋਂ ਤਾਂ ਇਹ ਜੋਸ਼ੀਲਾ ਗ੍ਰੰਥ ਲਿਖਿਆ ਵੀ ਨਹੀਂ ਸੀ ਗਿਆ।

ਉਦਾਂ ਤਾਂ ਗੁਰੂ ਸਾਹਿਬ ਤੋਂ ਬਾਅਦ ਦਾ ਸਮਾਂ ਸਿੱਖਾਂ ਲਈ ਜੰਗਾਂ-ਯੁੱਧਾਂ ਵਾਲਾ ਹੀ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦੀਆਂ ਮੁਹਿੰਮਾਂ ਦਾ ਇਤਿਹਾਸ ਮਿਲਦਾ ਹੈ। ਮਹਾਰਾਜੇ ਦੇ ਜਰਨੈਲ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲੈ ਕੇ ਅਰਦਾਸ ਕਰ ਕੇ ਯੁੱਧਾਂ ਵਿਚ ਜਾਂਦੇ ਤੇ ਜਿੱਤਾਂ ਵੀ ਪ੍ਰਾਪਤ ਹੁੰਦੀਆਂ। ਤੀਜੀ ਗੱਲ, 1849 'ਚ ਅੰਗਰੇਜ਼ਾਂ ਨੇ ਜਦੋਂ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿਚ ਸ਼ਾਮਲ ਕੀਤਾ ਤਾਂ ਉਹ ਭਲੀ ਪ੍ਰਕਾਰ ਸਿੱਖ ਸਿਪਾਹੀਆਂ ਦੇ ਲੜਨ ਮਰਨ ਦੇ ਜਜ਼ਬੇ ਤੋਂ ਜਾਣੂ ਹੋ ਗਏ ਸਨ, ਕਿਉਂਕਿ ਸਭਰਾਵਾਂ ਤੇ ਚਿੱਲਿਆਂ ਵਾਲਾ ਦੀਆਂ ਲੜਾਈਆਂ ਵਿਚ ਅੰਗਰੇਜ਼ਾਂ ਦੀ ਜਿੱਤ ਗੱਦਾਰਾਂ ਨੇ ਕਰਵਾਈ ਸੀ। ਅੰਗਰੇਜ਼ ਬੜਾ ਤੇਜ਼ ਦਿਮਾਗ ਸੀ, ਉਹਨੇ ਸਿੱਖ ਰਜਮੈਂਟ ਜਦੋਂ ਬਣਾਈ ਤਾਂ ਉਹੋ ਸਿਪਾਹੀ ਰਣਜੀਤ ਸਿੰਘ ਵਾਲੇ ਭਰਤੀ ਕੀਤੇ ਤੇ ਨਾਲ ਹੀ ਗੁਰਦੁਆਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਰੱਖ ਦਿੱਤਾ ਤੇ ਸਿੱਖ ਸਿਪਾਹੀਆਂ ਨੂੰ ਸਾਬਤ ਸੂਰਤ ਰਹਿਣ ਦਾ ਹੁਕਮ ਕੀਤਾ। ਉਹ ਇਹ ਬਾਖੂਬੀ ਜਾਣਦਾ ਸੀ ਕਿ ਸਿੱਖਾਂ ਦਾ ਇਹ ਪੱਕਾ ਭਰੋਸਾ ਹੈ ਕਿ ਜਿੰਨੀ ਦੇਰ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦੇ ਨਾਲ ਹੈ, ਕੋਈ ਮਾਈ ਦਾ ਲਾਲ ਹਰਾ ਨਹੀਂ ਸਕਦਾ। ਇਹਦਾ ਵੱਡਾ ਸਬੂਤ ਉਹ ਫੋਟੋ ਹੈ ਜਿਹੜੀ ਲੰਡਨ ਮਿਊਜੀਅਮ ਵਿਚ ਪਈ ਹੈ ਜਿਸ ਵਿਚ ਪਹਿਲੀ ਸੰਸਾਰ ਜੰਗ ਵਿਚ ਸਿੱਖ ਫੌਜੀ ਮੈਸੋਪਟਾਮੀਆ ਵਿਚ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਮਾਰਚ ਕਰਦੇ ਹਨ। ਚੌਥੀ ਗੱਲ, ਕੀ ਇਹ ਵਿਦਵਾਨ ਦੱਸਣਗੇ ਕਿ 31 ਅਕਤੂਬਰ 1984 ਨੂੰ ਸ. ਬੇਅੰਤ ਸਿੰਘ ਤੇ ਸ. ਸਤਵੰਤ ਸਿੰਘ ਨੇ ਕਿਹੜੇ ਚਰਿਤਰੋ ਪਾਖਿਆਨ ਦਾ ਨਿਤਨੇਮ ਕੀਤਾ ਸੀ ਕਿ ਉਨ੍ਹਾਂ ਵਿਚ ਇੰਨਾ ਜੋਸ਼ ਭਰ ਗਿਆ?

ਦਸਮ ਗ੍ਰੰਥ ਦੇ ਸਮਰਥਕ ਇਨ੍ਹਾਂ ਵਿਦਵਾਨਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ ਕਿ ਇਸ ਗ੍ਰੰਥ ਦਾ ਅੱਖਰ ਅੱਖਰ ਗੁਰੂ ਸਾਹਿਬ ਦੀ ਰਚਨਾ ਹੈ। ਇਸੇ ਕਰ ਕੇ ਇਹ ਕਹਿੰਦੇ ਕਿ ਚਰਿਤਰੋ ਪਾਖਿਆਨ ਤੋਂ ਬਗੈਰ ਤਾਂ ਅੰਮ੍ਰਿਤ ਤੇ ਨਿਤਨੇਮ ਦੀਆਂ ਬਾਣੀਆਂ ਵੀ ਅਧੂਰੀਆਂ ਹਨ। ਮਕਸਦ ਇਹ ਹੈ ਕਿ ਇਸ ਚਰਿਤਰੋ ਪਾਖਿਆਨ ਦੇ ਗੰਦ-ਮੰਦ ਨੂੰ ਵੀ ਨਿਤਨੇਮ ਦੀਆਂ ਬਾਣੀਆਂ ਨਾਲ ਜੋੜੋ ਤਾਂ ਕਿ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਕਰਨ ਵਾਲੇ ਆਪਣੇ ਮੂੰਹੋਂ ਖੁਦ ਕਹਿਣ ਕਿ ਇਹ ਬਾਣੀਆਂ ਵੀ ਝੂਠੀਆਂ ਹਨ! ਮੈਂ ਤਾਂ ਉਨ੍ਹਾਂ ਗੁਰਸਿੱਖਾਂ ਨੂੰ ਵੀ ਇਹ ਅਰਜ਼ ਕਰਦਾਂ ਕਿ ਜਦ ਤੱਕ ਸਮੂਹ ਸਿੱਖ ਜਗਤ ਕੋਈ ਅਗਲਾ ਫੈਸਲਾ ਨਹੀਂ ਕਰਦਾ, ਉਨੀ ਦੇਰ ਪਹਿਲਾਂ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਮੁਤਾਬਿਕ ਨਿਤਨੇਮ ਤੇ ਅੰਮ੍ਰਿਤ ਦੀਆਂ ਬਾਣੀਆਂ 'ਤੇ ਕਿੰਤੂ ਜਾਂ ਉਜ਼ਰ ਕਰਨਾ ਵੀ ਉਨਾ ਹੀ ਗੁਨਾਹ ਹੋਵੇਗਾ ਜਿੰਨਾ ਦਸਮ ਗ੍ਰੰਥ ਨੂੰ ਸਿਰ 'ਤੇ ਚੜ੍ਹਾਉਣਾ।

ਬੜਾ ਸੰਜੀਦਾ ਮਸਲਾ ਅਗਲਿਆਂ ਨੇ ਖੜ੍ਹਾ ਕੀਤਾ ਹੋਇਆ ਹੈ, ਸਿਆਣਪ ਨਾਲ ਤੇ ਗੁਰੂ ਦੀ ਮਤ ਮੁਤਾਬਿਕ ਹੱਲ ਹੋਣਾ ਹੈ। ਕਿਤੇ ਆਹ ਦਸਮ ਗ੍ਰੰਥ ਵਾਲਾ ਛਲੇਡਾ ਸਿੱਖ ਜਗਤ ਨੂੰ ਦੋਫਾੜ ਨਾ ਕਰ ਜਾਵੇ। ਜਿਸ ਸ਼ੈਤਾਨ ਨੇ ਇਹ ਤੀਲ ਬਾਲ ਕੇ ਸਿੱਖਾਂ ਦੇ ਵਿਹੜੇ ਵਿਚ ਸੁੱਟੀ ਆ, ਉਹ ਤਾਂ ਕਦੋਂ ਦਾ ਕਚੀਚੀਆਂ ਲੈ ਰਿਹਾ ਹੈ ਕਿ ਇਹ ਅਜੇ ਤੱਕ ਭਾਂਬੜ ਕਿਉਂ ਨਹੀਂ ਬਣਿਆ। ਸ਼ੀਆ ਸੁੰਨੀ ਮਸਜਿਦਾਂ ਵਾਂਗੂ ਅਜੇ ਤੱਕ ਗੁਰਦੁਆਰੇ ਦੋ ਫਿਰਕਿਆਂ 'ਚ ਲੀਕ ਖਿੱਚ ਕੇ ਵੰਡੇ ਕਿਉਂ ਨਹੀਂ ਗਏ? ਕਿਉਂ ਨਹੀਂ ਅਜੇ ਤੱਕ ਇੱਕ ਗੁਰਦੁਆਰੇ ਦੇ ਸਿੱਖਾਂ ਨੇ ਦੂਜੇ ਗੁਰਦੁਆਰੇ ਉਤੇ ਹਮਲਾ ਕੀਤਾ? ਕਿਉਂ ਨਹੀਂ ਇਕ ਗ੍ਰੰਥ ਵਾਲਿਆਂ ਨੇ ਦੂਜੇ ਨੂੰ ਚੁੱਕ ਕੇ ਬਾਹਰ ਸੁੱਟਿਆ? ਮਸਲੇ ਤਾਂ ਸਿੱਖਾਂ ਦੇ ਹੋਰ ਬੜੇ ਹਨ ਜਿਨ੍ਹਾਂ ਬਾਰੇ ਵਿਦਵਾਨਾਂ ਨੇ ਗੁਰਮਤਿ ਦੀ ਰੌਸ਼ਨੀ ਵਿਚ ਸਿੱਖਾਂ ਨੂੰ ਸੇਧ ਦੇਣੀ ਹੈ, ਪਰ ਆਹ ਦਸਮ ਗ੍ਰੰਥ ਨੇ ਤੁਹਾਨੂੰ ਫੜ ਕੇ ਬਹਿ ਜਾਣਾ ਹੈ! ਚੇਤੇ ਰੱਖਿਓ, ਭਵਿੱਖ ਨੇ ਤੁਹਾਡੇ ਕੋਲੋਂ ਜੁਆਬ ਮੰਗਣਾ!!

'ਗੱਲ ਸਹੇ ਦੀ ਨਹੀਂ, ਪਹੇ ਦੀ ਹੈ।' ਇਸ ਕਹਾਵਤ ਤੋਂ ਸਬਕ ਲੈ ਕੇ ਆਪਾਂ ਉਸ ਸਿੱਖੀ ਨੂੰ ਟੋਟੇ ਹੋਣ ਤੋਂ ਬਚਾਉਣਾ ਹੈ ਜਿਹਨੂੰ ਸਾਡੇ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਤੇ ਨਿੱਕੇ ਨਿੱਕੇ ਬੱਚਿਆਂ, ਭੈਣਾਂ, ਮਾਤਾਵਾਂ ਤੇ ਗੁਰਸਿੱਖਾਂ ਨੇ ਸ਼ਹਾਦਤਾਂ ਦੇ ਕੇ ਵੱਡਾ ਕੀਤਾ।

# ਏਸ਼ੀਆ ਦੇ ਚੈਂਪੀਅਨ ਦੋ ਮੱਖਣ ਸਿੰਘ

**ਖੇਡ ਤੇ ਖਿਡਾਰੀ**

1980 ਦੇ ਆਸ ਪਾਸ ਜਲੰਧਰ ਹੋਈ ਵੈਟਰਨ ਅਥਲੈਟਿਕ ਮੀਟ 'ਚ ਮੈਂ ਇਕ ਕੱਦਾਵਰ ਬਜ਼ੁਰਗ ਵੇਖਿਆ। ਉਹਦੇ ਸਿਰ ਦੁਆਲੇ ਡੱਬੀਦਾਰ ਪਰਨਾ ਲਪੇਟਿਆ ਹੋਇਆ ਸੀ ਤੇ ਅੱਧੀਆਂ ਬਾਂਹਾਂ ਵਾਲੀ ਖਾਕੀ ਬੁਨੈਣ ਪਾਈ ਹੋਈ ਸੀ। ਮਲੇਸ਼ੀਏ ਦਾ ਪਜਾਮਾ ਉਹਨੇ ਬੁਨੈਣ ਉਪਰ ਦੀ ਬੰਨ੍ਹਿਆ ਹੋਇਆ ਸੀ ਜਿਵੇਂ ਅਥਲੀਟ ਇਲਾਸਟਿਕ ਵਾਲਾ ਕੱਛਾ ਬੁਨੈਣ ਉਪਰ ਦੀ ਕਰ ਲੈਂਦੇ ਹਨ। ਪਜਾਮੇ ਦੇ ਪੌਂਚੇ ਖਾਕੀ ਜ਼ੁਰਾਬਾਂ ਵਿਚ ਤੁੰਨੇ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਹੋਏ ਸਨ ਤੇ ਪੈਰੀਂ ਭੂਰੇ ਫਲੀਟ ਸਨ। ਤਦੇ ਪ੍ਰਿੰ. ਸੋਮ ਨਾਥ ਨੇ 'ਵਾਜ਼ ਮਾਰੀ, "ਮੱਖਣ ਸਿਆਂ ਤੂੰ ਆਪਣੀ ਵਾਰੀ ਭੁੱਲਿਆ ਫਿਰਦੈਂ, ਆ ਡਿਸਕਸ ਸੁੱਟ।"

ਉਹ ਡਿਸਕਸ ਸੁੱਟਣ ਆਇਆ ਤਾਂ ਆਲੇ ਦੁਆਲੇ ਖੜ੍ਹਿਆਂ ਨੂੰ ਆਖਣ ਲੱਗਾ, "ਭਰਾਓ, ਬਚ ਕੇ ਖੜ੍ਹੋ। ਪਰ੍ਹਾਂ-ਪਰ੍ਹਾਂ ਹੋ ਜੋ। ਇਸ ਸਹੁਰੀ ਦਾ ਪਤਾ ਕੋਈ ਨ੍ਹੀਂ ਕਿਧਰ ਨੂੰ ਨਿਕਲ ਜੇ।" ਉਹ ਬਜ਼ੁਰਗ ਡਿਸਕਸ ਸੁੱਟਣ ਵਿਚ ਏਸ਼ੀਆ ਦਾ ਚੈਂਪੀਅਨ ਰਿਹਾ ਸੀ। ਮੈਂ ਪੁੱਛ ਗਿੱਛ ਕੀਤੀ ਤਾਂ ਪਤਾ ਲੱਗਾ ਪਈ ਉਹ ਉਹੀ ਮੱਖਣ ਸਿੰਘ ਸੀ ਜਿਹੜਾ 1951 ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਵਿਚ ਡਿਸਕਸ ਸੁੱਟਣ 'ਚੋਂ ਪ੍ਰਥਮ ਆਇਆ ਸੀ। ਮੈਨੂੰ ਪੁਰਾਣੇ ਚੈਂਪੀਅਨ ਖਿਡਾਰੀਆਂ ਨਾਲ ਗੱਲਾਂ ਕਰਨ 'ਚ ਖ਼ਾਸ ਦਿਲਚਸਪੀ ਹੈ। ਉਨ੍ਹਾਂ ਤੋਂ ਨਵੇਂ ਤੇ ਪੁਰਾਣੇ ਦੋਹਾਂ ਵੇਲਿਆਂ ਦੇ ਹਾਲ ਚਾਲ ਦਾ ਪਤਾ ਲੱਗ ਜਾਂਦਾ ਹੈ।

ਮੱਖਣ ਸਿੰਘ ਡਿਸਕਸ ਸੁੱਟ ਹਟਿਆ ਤਾਂ ਮੈਂ ਅਰਜ਼ ਕੀਤੀ, "ਬਾਬਾ ਜੀ ਜੇ ਤੁਹਾਡੇ ਕੋਲ ਸਮਾਂ ਹੋਵੇ ਤਾਂ ਕੁਝ ਬਚਨ ਬਿਲਾਸ ਹੀ ਹੋ ਜਾਣ।" ਅਸੀਂ ਇਕ ਰੁੱਖ ਦੀ ਛਾਂਵੇਂ ਜਾ ਬੈਠੇ। ਉਹਦਾ ਦਾਹੜਾ ਬੱਗਾ ਤੇ ਭਰਵਾਂ ਸੀ ਜੋ ਹਵਾ ਦੇ ਬੁੱਲਿਆਂ ਨਾਲ ਝੂਲਦਾ। ਮੈਂ ਸਿਹਤ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, "ਸਭ ਵਾਹਿਗੁਰੂ ਦੀ ਕਿਰਪਾ ਐ। ਸਿਹਤ ਤਾਂ ਬੜੀ ਆਹਲਾ ਪਰ ਨਜ਼ਰ ਹੁਣ ਕਮਜ਼ੋਰ ਪੈ ਚੱਲੀ ਆ।"

ਫਿਰ ਗੱਲਾਂ ਬਾਤਾਂ ਖੁੱਲ੍ਹੀਆਂ ਤਾਂ ਪਤਾ ਲੱਗਾ ਕਿ ਉਹਦਾ ਜਨਮ 11 ਮਾਰਚ 1911 ਨੂੰ ਚੱਕ ਨੰਬਰ 321 ਜ਼ਿਲ੍ਹਾ ਲਾਇਲਪੁਰ ਵਿਚ ਹੋਇਆ ਸੀ। ਉਥੇ ਉਨ੍ਹਾਂ ਦੇ ਬਾਬੇ ਨੂੰ ਮੁਰੱਬਾ ਜ਼ਮੀਨ ਦਾ ਮਿਲਿਆ ਸੀ। ਉਹ ਡੇਰਾ ਬਾਬਾ ਨਾਨਕ ਲਾਗਿਓਂ ਨਾਰੋਵਾਲ ਤੋਂ ਉਠ ਕੇ ਗਏ ਸਨ। ਦੇਸ਼ ਦੀ ਵੰਡ ਉਪਰੰਤ ਉਨ੍ਹਾਂ ਨੂੰ ਕਾਦੀਆਂ ਕੋਲ ਪਿੰਡ ਨੰਗਲ ਬਾਗਬਾਨਾਂ ਵਿਚ ਜ਼ਮੀਨ ਅਲਾਟ ਹੋਈ ਸੀ। ਉਹ ਆਪਣਾ ਬੁਢਾਪਾ ਉਸੇ ਪਿੰਡ ਵਿਚ ਕੱਟ ਰਿਹਾ ਸੀ।

ਉਹ ਦੋ ਚਾਰ ਜਮਾਤਾਂ ਈ ਪੜ੍ਹਿਆ ਸੀ। ਜਦੋਂ ਉਹ ਇੱਕੀ ਸਾਲਾਂ ਦਾ ਹੋਇਆ ਤਾਂ ਉਨ੍ਹਾਂ ਦੇ ਪਿੰਡੋਂ ਇਕ ਫੌਜੀ ਅਫਸਰ ਨੇ ਉਹਨੂੰ ਫੌਜ ਵਿਚ ਭਰਤੀ ਕਰਾ ਦਿੱਤਾ। ਉਸ ਨੇ ਜੰਮੂ ਤਵੀ ਦੀ ਛਾਉਣੀ ਵਿਚ ਆਪਣੇ ਉਚੇ ਕੱਦ ਕਾਰਨ ਉਚੀ ਛਾਲ ਲਾਉਣੀ ਸ਼ੁਰੂ ਕੀਤੀ। ਉਦੋਂ ਤਕ ਉਹਦਾ ਕੱਦ ਛੇ ਫੁੱਟ ਚਾਰ ਇੰਚ ਹੋ ਗਿਆ ਸੀ। ਉਚੀ ਛਾਲ ਤੋਂ ਬਿਨਾਂ ਉਹ ਹਰਡਲਾਂ ਦੀ ਦੌੜ ਵੀ ਲਾਈ ਜਾਂਦਾ ਤੇ ਹੈਮਰ ਡਿਸਕਸ ਵੀ ਸੁੱਟੀ ਜਾਂਦਾ। ਕੋਚ ਉਨ੍ਹਾਂ ਦਿਨਾਂ 'ਚ ਕੋਈ ਹੁੰਦਾ ਨਹੀਂ ਸੀ।

1941 ਵਿਚ ਉਸ ਨੇ ਮਿੰਟਗੁਮਰੀ ਦੇ ਬੁੱਚ ਸਟੇਡੀਅਮ ਵਿਚ 123 ਫੁੱਟ 8 ਇੰਚ ਡਿਸਕਸ ਸੁੱਟ ਕੇ ਨਵਾਂ ਨੈਸ਼ਨਲ ਰਿਕਾਰਡ ਰੱਖਿਆ। ਫਿਰ ਦੂਜੀ ਵਿਸ਼ਵ ਜੰਗ 'ਚ ਫਰੰਟ ਉਤੇ ਜਾਣ ਕਾਰਨ ਉਹ ਕਈ ਸਾਲ ਖੇਡ ਮੁਕਾਬਲਿਆਂ ਤੋਂ ਲਾਂਭੇ ਰਿਹਾ। ਜੰਗ ਹਟੀ ਤਾਂ ਦੇਸ਼ ਦੀ ਵੰਡ ਹੋ ਗਈ। ਉਜਾੜੇ ਪਿੱਛੋਂ 1949 ਵਿਚ ਉਸ ਨੇ ਮੁੜ ਡਿਸਕਸ ਫੜੀ। 1951 ਵਿਚ ਪਹਿਲੀਆਂ ਏਸ਼ਿਆਈ ਖੇਡਾਂ ਸਮੇਂ ਉਸ ਦੀ ਉਮਰ ਚਾਲੀ ਸਾਲਾਂ ਦੀ ਸੀ। ਨਵੀਂ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ਉਸ ਨੇ 130 ਫੁੱਟ 11 ਇੰਚ ਡਿਸਕਸ ਸੁੱਟ ਕੇ ਸੋਨੇ ਦਾ ਤਮਗ਼ਾ ਜਿੱਤਿਆ। ਉਥੇ ਉਸ ਨੇ ਜਪਾਨ ਦੇ ਕਹਿੰਦੇ ਕਹਾਉਂਦੇ ਡਿਸਕਸ ਸੁਟਾਵੇ ਨੂੰ ਪਛਾੜਿਆ।

ਮੈਂ ਪੁੱਛਿਆ, "ਏਸ਼ੀਆ ਦਾ ਗੋਲਡ ਮੈਡਲ ਜਿੱਤ ਕੇ ਕਿਵੇਂ ਲੱਗਾ?" ਉਹ ਮਾਣ ਨਾਲ ਦੱਸਣ ਲੱਗਾ, "ਏਸ਼ੀਆ ਦਾ ਗੋਲਡ ਮੈਡਲ ਜਿੱਤਣ ਸਾਰ ਮੇਰੇ ਫੋਟੂ ਲੱਥਣ ਲੱਗੇ। ਅਫਸਰਾਂ ਦੀਆਂ ਮੇਮਾਂ ਮੈਨੂੰ 'ਇਧਰ ਆਓ ਮੱਖਣ ਸਿੰਘ' 'ਇਧਰ ਆਓ ਮੱਖਣ ਸਿੰਘ' ਕਰਨ ਲੱਗੀਆਂ।" ਮੇਮਾਂ ਦੀ ਨਕਲ ਲਾ ਕੇ ਮੱਖਣ ਸਿੰਘ ਮਿੰਨ੍ਹਾ ਜਿਹਾ ਮੁਸਕ੍ਰਾਇਆ।

"ਏਸ਼ੀਆ ਜਿੱਤਣ ਪਿੱਛੋਂ ਹੋਰ ਕਿੰਨੇ ਸਾਲ ਡਿਸਕਸ ਸੁੱਟੀ?"

"ਜਿੰਨੀ ਦੇਰ ਮੈਂ ਫੌਜ 'ਚ ਨੌਕਰੀ ਕਰਦਾ ਰਿਹਾ ਓਨੀ ਦੇਰ ਡਿਸਕਸ ਸੁੱਟਦਾ ਰਿਹਾ। ਮੈਂ ਆਪਣੀ ਕਮਾਂਡ ਵਾਸਤੇ ਡਿਸਕਸ ਤੇ ਹੈਮਰ ਦੋਵੇਂ ਈਵੈਂਟ ਜਿੱਤ ਲੈਂਦਾ ਸੀ। 1952 'ਚ ਪ੍ਰੈਕਟਿਸ ਕਰਦਿਆਂ 'ਕੇਰਾਂ ਮੈਂ 140 ਫੁੱਟ ਡਿਸਕਸ ਸੁੱਟੀ ਤੇ ਹੈਮਰ 155 ਫੁੱਟ ਸੁੱਟਿਆ ਸੀ। ਜੇ ਹੁਣ ਵਾਂਗ ਕੋਚਿੰਗ ਤੇ ਖ਼ੁਰਾਕ ਮਿਲਦੀ ਤਾਂ ਪਤਾ ਨ੍ਹੀਂ ਅਸੀਂ ਕਿਥੇ ਪਹੁੰਚਦੇ!"

"ਖੇਡ ਦੇ ਸਿਰ 'ਤੇ ਕੋਈ ਤਰੱਕੀ ਵੀ ਮਿਲੀ?"

"ਕੋਈ ਖਾਸ ਨ੍ਹੀਂ। ਮੈਂ 32 ਤੋਂ 56 ਤਕ 24 ਸਾਲ ਫੌਜ ਦੀ ਨੌਕਰੀ ਕੀਤੀ ਤੇ ਹੌਲਦਾਰੀ ਪੈਨਸ਼ਨ ਲੈ ਕੇ ਰਟੈਰ ਹੋਇਆ। 'ਕੇਰਾਂ ਮੈਨੂੰ ਡਿਵ ਕਮਾਂਡਰ ਨੇ ਪੰਜਾਹ ਰੁਪਏ ਦਾ ਇਨਾਮ ਦਿੱਤਾ ਜੀਹਦੇ ਨਾਲ ਮੇਰਾ ਹੌਸਲਾ ਬਹੁਤ ਵਧਿਆ।"

ਮੈਂ ਖਾਧ ਖੁਰਾਕ ਬਾਰੇ ਪੁੱਛਿਆ ਤਾਂ ਮੱਖਣ ਸਿੰਘ ਦੱਸਣ ਲੱਗਾ, "ਨਿੱਕੇ ਹੁੰਦਿਆਂ ਸਾਡੇ ਘਰ ਦੁੱਧ ਘਿਓ ਦੀ ਕੋਈ ਥੋੜ ਨ੍ਹੀਂ ਸੀ। ਲਵੇਰਾ ਆਮ ਹੁੰਦਾ ਸੀ, ਖੁਰਾਕ ਖੁੱਲ੍ਹੀ ਡੁੱਲ੍ਹੀ ਖਾਧੀ। ਫੌਜ ਦੀ ਖੁਰਾਕ ਦਾਲ ਰੋਟੀ ਈ ਸੀ। ਖੇਡਾਂ ਵੇਲੇ ਸਪੈਸ਼ਲ ਖੁਰਾਕ ਇਕ ਦੁੱਧ ਦਾ ਗਲਾਸ ਤੇ ਇਕ ਅੰਡਾ ਵੀ ਲੱਗ ਜਾਂਦਾ ਸੀ।"

ਮੈਂ ਕਿਹਾ, "ਕੁਝ ਘਰ ਪਰਿਵਾਰ ਬਾਰੇ ਵੀ ਦੱਸੋ।" ਉਹ ਘਰ ਦੀਆਂ ਗੱਲਾਂ ਨਿਸ਼ੰਗ ਦੱਸਣ ਲੱਗਾ, "ਧਾਨੂੰ ਪਤਾ ਪਈ ਪਹਿਲਾਂ ਹਰੇਕ ਦੀ ਸ਼ਾਦੀ ਨਈਂ ਸੀ ਹੁੰਦੀ। ਸਾਡੀ ਤਾਂ ਖ਼ੈਰ ਵਾਹੀ ਵੀ ਘੱਟ ਈ ਸੀ। ਬੱਸ ਮਹੀਂ ਛਹੀਂ ਰੱਖ ਛੱਡਣੀਆਂ। ਵੱਡੀ ਉਮਰ ਤਕ ਮੇਰਾ ਵਿਆਹ ਨਾ ਹੋਇਆ। ਫਿਰ ਸੰਤਾਲੀ 'ਚ ਗੇੜ ਬਣਿਆਂ ਤੇ ਮੈਂ ਵੀ ਟੱਬਰ ਵਾਲਾ ਬਣ ਗਿਆ। ਪਰ ਮੇਰੇ ਘਰੋਂ ਵਿਚਾਰੀ ਬਹੁਤੀ ਦੇਰ ਜੀਂਦੀ ਨਾ ਰਹੀ ਤੇ ਤਿੰਨ ਲੜਕੀਆਂ ਨੂੰ ਜਨਮ ਦੇ ਕੇ ਗੁਜ਼ਰ ਗਈ।"

ਮੱਖਣ ਸਿੰਘ ਕੁਝ ਪਲ ਚੁੱਪ ਹੋ ਗਿਆ ਤੇ ਮੈਂ ਵੀ ਚੁੱਪ ਰਹਿਣਾ ਮੁਨਾਸਿਬ ਸਮਝਿਆ। ਉਸ ਨੇ ਆਪਣੀ ਹੱਡ ਬੀਤੀ ਅਗਾਂਹ ਤੋਰੀ, "ਉਦੋਂ ਤਕ ਮੈਂ ਏਸ਼ੀਆ ਦਾ ਚੈਂਪੀਅਨ ਬਣ ਗਿਆ ਸਾਂ ਤੇ ਮਾੜੀ ਮੋਟੀ ਤਰੱਕੀ ਵੀ ਹੋ ਗਈ ਸੀ। 1954 'ਚ ਇਕ ਭਾਪਣ ਨੇ ਮੇਰੇ ਨਾਲ ਵਿਆਹ ਕਰਾ ਲਿਆ। ਰੰਗ ਤਾਂ ਮੇਰਾ ਪੱਕਾ ਸੀ ਪਰ ਵੈਲ ਕੋਈ ਨ੍ਹੀਂ ਸੀ। ਐਵੇਂ ਕਦੇ ਕਦਾਈਂ ਘੁੱਟ ਪੀ ਲੈਣੀ। ਵਡੇਰੀ ਉਮਰ ਦਾ ਹੋਣ 'ਤੇ ਵੀ ਮੈਂ ਭਾਪਣ ਦੇ ਪਸੰਦ ਸਾਂ।"

ਮੈਂ ਨੋਟ ਕੀਤਾ ਕਿ ਏਸ਼ੀਆ ਦਾ ਪੁਰਾਣਾ ਚੈਂਪੀਅਨ ਬਿਨਾਂ ਕਿਸੇ ਲੁਕਾ-ਛੁਪਾ ਦੇ ਆਪਣੀਆਂ ਨਿੱਜੀ ਗੱਲਾਂ ਦੱਸੀ ਜਾ ਰਿਹਾ ਸੀ। ਅੱਜ ਕੱਲ੍ਹ ਦੇ ਚੈਂਪੀਅਨ ਇਉਂ ਨਹੀਂ ਦੱਸਦੇ। ਮੈਂ ਪੁੱਛਿਆ, "ਫਰੰਟ 'ਤੇ ਕਿਵੇਂ ਲੜੇ?" ਮੱਖਣ ਸਿੰਘ ਨੇ ਖੱਬਾ ਹੱਥ ਅੱਗੇ ਕਰ ਕੇ ਵਿਖਾਇਆ, "ਆਹ ਗੋਲੀ ਮੈਨੂੰ ਫਰੰਟ 'ਤੇ ਈ ਲੱਗੀ ਸੀ। ਫਰੰਟੀਅਰ ਦੇ ਇਕ ਪਠਾਣ ਦੀ ਗੋਲੀ ਟੂੰ ਠਾਹ... ਕਰਦੀ ਆਈ ਤੇ ਮੇਰਾ ਖੱਬਾ ਹੱਥ ਵਿੰਨ੍ਹ ਗਈ। ਪਠਾਣਾਂ ਦੀਆਂ ਗੋਲੀਆਂ ਮੋਟੀਆਂ ਹੁੰਦੀਆਂ ਪਰ ਮੇਰਾ ਬਚਾ ਹੋ ਗਿਆ।"

ਮੈਂ ਪੁੱਛਿਆ, "ਪਰਿਵਾਰ ਦੀ ਆਮਦਨ ਦਾ ਕੀ ਵਸੀਲਾ ਐ?" ਬਜ਼ੁਰਗ ਚੈਂਪੀਅਨ ਦੇ ਚਿਹਰੇ 'ਤੇ ਪਹਿਲਾਂ ਤਾਂ ਵਿਅੰਗਮਈ ਮੁਸਕਾਨ ਆਈ ਤੇ ਫਿਰ ਕੁਝ ਸੰਗ ਕੇ ਬੋਲਿਆ, "ਫੌਜੀ ਸਭ ਗਰੀਬ ਈ ਹੁੰਦੇ ਆ। ਮੇਰੀ ਢਾਈ ਤਿੰਨ ਕਿੱਲੇ ਪੈਲੀ ਆ ਤੇ ਏਨੀ ਪੈਲੀ 'ਚੋਂ ਭਲਾ ਕਿੰਨੀ ਕੁ ਆਮਦਨ ਹੋਊ? ਝੋਟੀਆਂ ਰੱਖ ਕੇ ਗੁਜ਼ਾਰਾ ਕਰੀਦਾ। ਮੇਰੇ ਪੰਜ ਪੁੱਤਰ ਆ ਪਰ ਉਹ ਨਲਾਇਕ ਈ ਨਿਕਲੇ। ਉਦੋਂ 'ਪ੍ਰੇਸ਼ਨਾਂ ਦਾ ਰਿਵਾਜ ਨ੍ਹੀਂ ਸੀ ਹੁੰਦਾ ਤੇ ਔਲਾਦ ਵਾਧੂ ਹੋ ਗਈ। ਮਗਰੋਂ ਐਮਰਜੈਂਸੀ 'ਚ ਅਗਲਿਆ ਨੇ 'ਪ੍ਰੇਸ਼ਨ ਵੀ ਕਰ'ਤਾ ਪਰ ਉਹ ਕਿਸ ਕੰਮ?"

ਬਾਬੇ ਦੀ ਗੱਲ ਹੱਸਣ ਵਾਲੀ ਵੀ ਸੀ ਤੇ ਰੁਆਉਣ ਵਾਲੀ ਵੀ। ਮੈਂ ਪੁੱਛਿਆ, "ਕੀ ਗੱਲ, ਪੁੱਤਰ ਕਿਸੇ ਕੰਮ ਧੰਦੇ ਨ੍ਹੀਂ ਲੱਗੇ?" ਮੱਖਣ ਸਿੰਘ ਨੇ ਦੁਖੀ ਹੁੰਦਿਆਂ ਕਿਹਾ, "ਏਹੋ ਤਾਂ ਦੁੱਖ ਆ। ਇਕ ਨੂੰ ਗੱਡੀ ਨਾਲ ਲਾਇਆ, ਦੂਜੇ ਨੂੰ ਕਾਰਖਾਨੇ ਲਾਇਆ। ਨਿੱਕਿਆਂ ਨੂੰ ਕਿਹਾ, ਸਹੁਰਿਓ ਟਾਇਰਾਂ ਨੂੰ ਪੰਚਰ ਲਾਉਣੇ ਈ ਸਿੱਖ ਲਓ। ਪਰ ਉਹ ਕਿਧਰੇ ਨਹੀਂ ਚੱਲੇ। ਬੀਬੀਆਂ ਚੰਗੀਆਂ ਜੋ ਆਪੋ ਆਪਣੇ ਘਰੀਂ ਵੱਸਦੀਆਂ। ਮੈਂ ਮੁੰਡਿਆਂ ਨੂੰ ਭਰਤੀ ਲਈ ਵੀ ਖੜਿਆ ਪਰ ਅਗਾਂਹ ਵੱਢੀ ਦਾ ਸਿਸਟਮ ਚਾਲੂ ਹੋ ਗਿਆ ਤੇ ਉਹ ਭਰਤੀ ਹੋਣੋ ਰਹਿ'ਗੇ।"

ਮੈਂ ਆਖ਼ਰੀ ਗੱਲ ਪੁੱਛੀ, "ਤੁਸੀਂ ਕੁਝ ਹੋਰ ਕਹਿਣਾ ਹੋਵੇ?" ਮੇਰੇ ਹੱਥ ਵਿਚ ਡਾਇਰੀ ਸੀ ਜਿਸ ਉਤੇ ਮੈਂ ਉਹਦੀਆਂ ਗੱਲਾਂ ਨੋਟ ਕਰ ਰਿਹਾ ਸਾਂ। ਉਸ ਨੇ ਸਮਝਿਆ ਸ਼ਾਇਦ ਮੈਂ ਕਿਸੇ ਸਰਕਾਰੀ ਮਹਿਕਮੇ ਦਾ ਬੰਦਾ ਹੋਵਾਂਗਾ ਜੋ ਉਸ ਦੀ ਮਦਦ ਕਰ ਸਕਾਂਗਾ। ਏਸ਼ੀਆ ਦਾ ਚੈਂਪੀਅਨ ਰੁਕ ਰਕ ਕੇ ਲਿਖਾਉਣ ਲੱਗਾ, "ਲਿਖੋ, ਮੇਰੀਆਂ ਤਾਂ ਸਾਰੀਆਂ ਰੀਝਾਂ ਪੂਰੀ ਹੋ ਗਈਆਂ। ਬਥੇਰੀ ਦੁਨੀਆਂ ਦੇਖ ਲਈ...। ਮੁੰਡਿਆਂ ਦਾ ਈ ਫਿਕਰ ਮਾਰੀ ਜਾਂਦਾ ਮੈਨੂੰ...। ਜੇ ਤੁਹਾਡੇ ਹੱਥ ਵੱਸ ਆ ਤਾਂ ਤੁਸੀਂ ਈ ਮਾਰੋ ਕੋਈ ਹੱਲਾ। ਜੇ ਮੇਰੇ ਮੁੰਡੇ ਕਿਧਰੇ ਚੌਕੀਦਾਰ ਈ ਲੱਗ ਜਾਣ ਤਾਂ ਮੇਰੀ ਜਾਨ ਸੁਖਾਲੀ ਨਿਕਲ ਜੇ।"

ਮੈਨੂੰ ਨਹੀਂ ਪਤਾ ਉਸ ਦੀ ਜਾਨ ਸੁਖਾਲੀ ਨਿਕਲ ਗਈ ਹੈ ਜਾਂ ਅੜੀ ਹੋਈ ਐ! ਉਹਦੇ ਪੁੱਤਰਾਂ ਨੂੰ ਮੀਡੀਏ 'ਚ ਆਵਾਜ਼ ਉਠਾਉਣੀ ਚਾਹੀਦੀ ਹੈ। ਕੀ ਪਤਾ ਦੂਜੇ ਮੱਖਣ ਸਿੰਘ ਵਾਂਗ ਸੁਣੀ ਹੀ ਜਾਵੇ।

---

ਦੂਜਾ ਮੱਖਣ ਸਿੰਘ ਮਸ਼ਹੂਰ ਦੌੜਾਕ ਸੀ। ਉਸ ਨੇ ਇਕ ਵਾਰ ਫਲਾਈਂਗ ਸਿੱਖ ਮਿਲਖਾ ਸਿੰਘ ਨੂੰ ਹਰਾ ਦਿੱਤਾ ਸੀ। ਸਮਾਂ ਤੇ ਸਥਾਨ ਸੀ 1962 ਵਿਚ ਹੋਈਆਂ ਕਲਕੱਤੇ ਦੀਆਂ ਕੌਮੀ ਖੇਡਾਂ। ਉਹ ਭਾਰਤ ਦਾ ਚੌਥਾ ਅਥਲੀਟ ਸੀ ਜਿਸ ਨੂੰ 1964 ਵਿਚ ਅਰਜਨ ਅਵਾਰਡ ਮਿਲਿਆ। ਮੇਰਾ ਉਸ ਨਾਲ ਦੋ ਵਾਰ ਮੇਲ ਹੋਇਆ। ਪਹਿਲੀ ਵਾਰ 1962 'ਚ ਤੇ ਦੂਜੀ ਵਾਰ 1999 ਵਿਚ। 2002 ਵਿਚ ਉਹ ਮੰਦੇ ਹਾਲੀਂ ਮਰਿਆ। ਹੁਣ ਉਹਦੀਆਂ ਯਾਦਾਂ ਹੀ ਬਾਕੀ ਨੇ। ਉਹ ਭਾਰਤੀ ਫੌਜ ਦਾ ਤੇਜ਼ਤਰਾਰ ਦੌੜਾਕ ਸੀ। ਜੇਕਰ ਉਹ ਮਿਲਖਾ ਸਿੰਘ ਦੇ ਦੌਰ ਤੋਂ ਅੱਗੋਂ ਪਿੱਛੋਂ ਦੌੜਦਾ ਤਾਂ ਉਹਦੀ ਵੀ ਗੁੱਡੀ ਚੜ੍ਹਨੀ ਸੀ। ਉਸ ਨੇ ਨੈਸ਼ਨਲ ਪੱਧਰ ਉਤੇ 12 ਸੋਨੇ, 3 ਚਾਂਦੀ ਤੇ 1 ਤਾਂਬੇ ਦੇ ਤਮਗੇ ਨਾਲ ਫੌਜੀ ਮੀਟਾਂ ਦੇ ਮੈਡਲ ਵੀ ਜਿੱਤੇ ਸਨ। ਏਸ਼ਿਆਈ ਖੇਡਾਂ 'ਚੋਂ ਵੀ ਇਕ ਸੋਨੇ ਤੇ ਇਕ ਚਾਂਦੀ ਦਾ ਤਮਗਾ ਜਿੱਤਿਆ ਸੀ। ਉਹ ਟੋਕੀਓ ਦੀਆਂ ਓਲੰਪਿਕ ਖੇਡਾਂ ਵਿਚ ਵੀ ਦੌੜਿਆ ਤੇ ਲਾਹੌਰ ਵਿਚ ਵੀ ਜਿਥੇ ਮਿਲਖਾ ਸਿੰਘ ਨੂੰ ਫਲਾਈਂਗ ਸਿੱਖ ਦਾ ਖ਼ਿਤਾਬ ਮਿਲਿਆ ਸੀ। ਉਥੇ ਉਹ ਮਿਲਖਾ ਸਿੰਘ ਤੋਂ ਤਾਂ ਭਾਵੇਂ ਪਿੱਛੇ ਰਹਿ ਗਿਆ ਸੀ ਪਰ ਏਸ਼ੀਆ ਦੇ ਚੈਂਪੀਅਨ ਪਾਕਿਸਤਾਨੀ ਦੌੜਾਕ ਅਬਦੁੱਲ ਖ਼ਾਲਿਕ ਤੋਂ ਮੂਹਰੇ ਸੀ। ਉਸ ਨੇ ਲੰਕਾ ਵੀ ਜਿੱਤੀ। ਹੁਣ ਕੋਈ ਭਾਰਤੀ ਖਿਡਾਰੀ ਏਡੀ ਪ੍ਰਾਪਤੀ ਕਰੇ ਤਾਂ ਉਸ ਨੂੰ ਲੱਖਾਂ ਕਰੋੜਾਂ ਦੇ ਇਨਾਮ ਤੇ ਸ਼ਾਨਦਾਰ ਨੌਕਰੀ ਮਿਲਦੀ ਹੈ। ਪਰ ਹਾਲਾਤ ਦਾ ਮਾਰਿਆ ਮੱਖਣ ਸਿੰਘ ਆਪ ਵੀ ਰੁਲਿਆ ਤੇ ਉਹਦਾ ਪਰਿਵਾਰ ਵੀ ਰੁਲ ਰਿਹੈ!

1962 ਦੀਆਂ ਏਸ਼ਿਆਈ ਖੇਡਾਂ ਦੀ ਤਿਆਰੀ ਲਈ ਭਾਰਤੀ ਅਥਲੀਟਾਂ ਦਾ ਕੋਚਿੰਗ ਕੈਂਪ ਨਵੀਂ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ਲੱਗਾ ਸੀ। ਉਥੇ ਮਿਲਖਾ ਸਿੰਘ, ਪ੍ਰਦੁੱਮਣ ਸਿੰਘ, ਬਲਕਾਰ ਸਿੰਘ, ਗੁਰਬਚਨ ਸਿੰਘ ਰੰਧਾਵਾ ਤੇ ਦਰਜਨ ਕੁ ਹੋਰ ਅਥਲੀਟ ਸਵੇਰੇ ਸ਼ਾਮ ਪ੍ਰੈਕਟਿਸ ਕਰਦੇ। ਅਸੀਂ ਦਿੱਲੀ ਯੂਨੀਵਰਸਿਟੀ ਦੇ ਅਥਲੀਟ ਵੀ ਉਥੇ ਪ੍ਰੈਕਟਿਸ ਕਰਨ ਚਲੇ ਜਾਂਦੇ। ਮੈਂ ਉਦੋਂ ਖ਼ਾਲਸਾ ਕਾਲਜ ਦਿੱਲੀ ਦਾ ਵਿਦਿਆਰਥੀ ਸਾਂ। ਇਕ ਦਿਨ ਅਸੀਂ ਵੇਖਿਆ, ਇਕ ਸਮੱਧਰ ਜਿਹਾ ਦੌੜਾਕ ਜੂੜੇ ਉਤੇ ਪੀਲਾ ਰੁਮਾਲ ਬੰਨ੍ਹੀ, ਸਫੈਦ ਕੱਛਾ ਪਾਈ ਬਹੁਤ ਤੇਜ਼ ਦੌੜ ਰਿਹਾ ਸੀ। ਅਸੀਂ



*ਮਿਲਖਾ ਸਿੰਘ ਨੂੰ ਮਾਤ ਦੇਣ ਵਾਲਾ ਦੌੜਾਕ ਮੱਖਣ ਸਿੰਘ*

ਉਸ ਦੀ ਸਪੀਡ ਵੇਖ ਕੇ ਹੈਰਾਨ ਹੋਏ! ਟਰੈਕ ਉਤੇ ਉਹ ਦੌੜਦਾ ਨਹੀਂ, ਉਡਦਾ ਲੱਗ ਰਿਹਾ ਸੀ। ਜਦੋਂ ਉਹ ਨੇੜੇ ਆਇਆ ਤਾਂ ਪਤਾ ਲੱਗਾ ਪਈ ਉਹ ਤਾਂ ਮੱਖਣ ਸਿੰਘ ਹੈ ਜਿਹੜਾ ਮਿਲਖਾ ਸਿੰਘ ਦਾ ਮੁਕਾਬਲਾ ਕਰਦੈ। ਉਹਦਾ ਕੱਦ 5 ਫੁੱਟ 8 ਕੁ ਇੰਚ ਸੀ ਤੇ ਭਾਰ 70 ਕਿੱਲੋ ਦੇ ਕਰੀਬ। ਚਿਹਰਾ ਚੌਰਸ, ਨੱਕ ਨਿੱਕਾ, ਅੱਖਾਂ ਮੋਟੀਆਂ, ਮੁੱਛਾਂ ਪਤਲੀਆਂ, ਰੰਗ ਕਣਕਵੰਨਾ ਤੇ ਜੁੱਸਾ ਪੂਰਾ ਗੱਠਿਆ ਹੋਇਆ। ਗਿੱਟੇ ਸਹੇ ਵਰਗੇ, ਪੱਟ ਮੋਟੇ ਤੇ ਡੌਲਿਆਂ ਦੀਆਂ ਮੱਛਲੀਆਂ ਉਭਰੀਆਂ ਹੋਈਆਂ। ਉਹਦੀ ਫੌਜੀ ਬੁਨੈਣ ਮੁੜ੍ਹਕੇ ਨਾਲ ਭਿੱਜੀ ਹੋਈ ਸੀ ਜਿਸ ਨੂੰ ਲਾਹ ਕੇ ਉਹਨੇ ਨਿਚੋੜਿਆ ਤੇ ਉਹਦੇ ਨਾਲ ਹੀ ਮੁੜ੍ਹਕਾ ਪੂੰਝਣ ਲੱਗਾ। ਫਿਰ ਦਮ ਲੈਂਦਿਆਂ ਉਹ ਦੁਆਬੀਏ ਲਹਿਜੇ 'ਚ ਸਾਡੇ ਨਾਲ ਗੱਲਾਂ ਕਰਨ ਲੱਗ ਪਿਆ।

ਦੂਜੀ ਵਾਰ ਸਾਡਾ ਮੇਲ ਚੰਡੀਗੜ੍ਹ 'ਚ ਹੋਇਆ। ਮੈਂ ਉਦੋਂ ਅਮਰਦੀਪ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਸਾਂ ਤੇ ਪੰਜਾਬ ਵਿਚ ਕਰਾਈਆਂ ਜਾਣ ਵਾਲੀਆਂ ਕੌਮੀ ਖੇਡਾਂ ਲਈ ਬੁਲਾਈ ਮੀਟਿੰਗ ਵਿਚ ਭਾਗ ਲੈਣ ਗਿਆ ਸਾਂ। ਮੀਟਿੰਗ 'ਚੋਂ ਬਾਹਰ ਨਿਕਲਿਆ ਤਾਂ ਉਥੇ ਉਖੜੀ ਹਾਲਤ 'ਚ ਖੜ੍ਹਾ ਮੱਖਣ ਸਿੰਘ ਮਿਲਿਆ। ਦਾੜ੍ਹੀ ਖੋਦੀ, ਅੱਖਾਂ ਉਦਾਸ, ਪੱਗ ਢਿਲਕੀ ਤੇ ਚਿਹਰਾ ਉਤਰਿਆ ਹੋਇਆ। ਕਿਸੇ ਸਮੇਂ ਟਰੈਕ ਦਾ ਉਡਣਾ ਬਾਜ਼ ਡੂੱਡ ਮਾਰ ਰਿਹਾ ਸੀ। ਰਸਮੀ ਗੱਲਬਾਤ ਹੋਈ ਤਾਂ ਉਸ ਨੇ ਦੱਸਿਆ ਕਿ ਉਹ ਖੇਡਾਂ ਦੇ ਵਜ਼ੀਰ ਤੋਂ ਮਦਦ ਲੈਣ ਆਇਆ ਹੈ। ਉਸ ਦੇ ਝੋਲੇ ਵਿਚ ਕਾਗਜ਼ ਪੱਤਰ ਸਨ। ਫਿਰ ਉਹ ਅੰਦਰ ਚਲਾ ਗਿਆ। ਵਾਪਸ ਮੁੜਦਿਆਂ ਮੈਂ ਉਹਦੇ ਬਾਰੇ ਲਿਖਣ ਦਾ ਮਨ ਬਣਾਇਆ ਤੇ ਇਕ ਲੇਖ ਨੈਸ਼ਨਲ ਬੁੱਕ ਟਰਸਟ ਦੀ ਪੁਸਤਕ 'ਪੰਜਾਬ ਦੇ ਚੋਣਵੇਂ ਖਿਡਾਰੀ' ਵਿਚ ਛਪਵਾਇਆ।



*ਮਾਲੀ ਇਮਦਾਦ ਮਿਲਣ ਤੋਂ ਪਹਿਲਾਂ ਮੱਖਣ ਸਿੰਘ ਦਾ ਪਰਿਵਾਰ ਉਸ ਦੇ ਜਿੱਤੇ ਮੈਡਲਾਂ ਨਾਲ*

ਉਸ ਦਾ ਜਨਮ 1 ਜੁਲਾਈ 1937 ਨੂੰ ਪਿੰਡ ਬਠੌਲਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ ਸੀ। ਸਾਧਾਰਨ ਪਰਿਵਾਰ ਵਿਚ ਪੈਦਾ ਹੋਣ ਕਾਰਨ ਉਹ ਉਚ ਤਾਲੀਮ ਨਾ ਲੈ ਸਕਿਆ ਤੇ ਸਕੂਲੋਂ ਹਟ ਕੇ ਫੌਜ ਵਿਚ ਭਰਤੀ ਹੋ ਗਿਆ। ਰਕਰੂਟੀ ਕਰਦਿਆਂ ਹੀ ਉਹਦੇ ਦੌੜਾਕ ਬਣਨ ਦੀਆਂ ਸੰਭਾਵਨਾਵਾਂ ਦਾ ਪਤਾ ਲੱਗਾ। ਮਿਲਖਾ ਸਿੰਘ ਉਹਦਾ ਪ੍ਰੇਰਨਾ ਸਰੋਤ ਬਣਿਆ। ਉਹਦੀ ਰੀਸ ਨਾਲ ਉਹਨੇ 100 ਮੀਟਰ, 200 ਮੀਟਰ ਤੇ 400 ਮੀਟਰ ਦੌੜਾਂ ਦੌੜਨੀਆਂ ਸ਼ੁਰੂ ਕਰ ਲਈਆਂ ਅਤੇ ਆਪਣੀ ਰਜਮੈਂਟ ਤੋਂ ਲੈ ਕੇ ਡਿਵੀਜ਼ਨ ਤਕ ਜਿੱਤਾਂ ਜਿੱਤਣ ਲੱਗਾ। ਫਿਰ ਉਹ ਭਾਰਤੀ ਸੈਨਾ ਦੀ ਟੀਮ ਵਿਚ ਚੁਣਿਆ ਗਿਆ ਤੇ 1959 'ਚ ਕਟਕ ਦੀਆਂ ਨੈਸ਼ਨਲ ਖੇਡਾਂ 'ਚ ਜਿੱਤ-ਮੰਚ 'ਤੇ ਚੜ੍ਹ ਗਿਆ। ਉਸੇ ਸਾਲ ਉਹ ਭਾਰਤੀ ਟੀਮ ਦਾ ਮੈਂਬਰ ਬਣ ਕੇ ਸ੍ਰੀਲੰਕਾ ਗਿਆ ਤੇ 100 ਮੀਟਰ ਦੀ ਦੌੜ ਵਿਚ ਕੋਲੰਬੋ ਦੀ ਇੰਡੋ-ਲੰਕਾ ਮੀਟ ਜਿੱਤੀ। ਤਹਿਰਾਨ ਗਿਆ ਤਾਂ 200 ਮੀਟਰ ਦੀ ਦੌੜ 'ਚ ਇਰਾਨ ਵੀ ਜਿੱਤ ਲਿਆ। 1960 'ਚ ਪਾਕਿਸਤਾਨ ਗਿਆ ਤਾਂ ਏਸ਼ੀਆ ਦੇ ਚੈਂਪੀਅਨ ਅਬਦੁੱਲ ਖ਼ਾਲਿਕ ਨੂੰ ਹਰਾ ਆਇਆ। ਜਰਮਨੀ ਗਿਆ ਤਾਂ ਦੌੜ ਦੇ ਨਵੇਂ ਗੁਰ ਸਿੱਖ ਕੇ ਵਤਨ ਪਰਤਿਆ।

1962 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ 'ਚੋਂ ਉਸ ਨੇ 400 ਮੀਟਰ ਦੌੜ 'ਚ ਚਾਂਦੀ ਦਾ ਤੇ 4×400 ਮੀਟਰ ਰਿਲੇਅ ਦੌੜ ਵਿਚ ਸੋਨੇ ਦਾ ਤਗ਼ਮਾ ਜਿੱਤਿਆ। ਉਸੇ ਸਾਲ ਕਲਕੱਤੇ ਨੈਸ਼ਨਲ ਖੇਡਾਂ ਹੋਈਆਂ ਤਾਂ 400 ਮੀਟਰ ਦੌੜ 'ਚ ਉਹ ਮਿਲਖਾ ਸਿੰਘ ਨੂੰ ਪੈ ਗਿਆ ਤੇ ਹੂੰਝਾਫੇਰੂ ਜਿੱਤਾਂ ਜਿੱਤਦਾ 4 ਗੋਲਡ ਮੈਡਲ ਜਿੱਤ ਗਿਆ! 1964 ਵਿਚ ਉਹ ਟੋਕੀਓ ਦੀਆਂ ਓਲੰਪਿਕ ਖੇਡਾਂ 'ਚ ਗਿਆ ਤੇ 4×400 ਮੀਟਰ ਦੀ ਰਿਲੇਅ ਟੀਮ ਵਿਚ ਦੌੜਿਆ। ਫੌਜ ਵਿਚ ਉਸ ਦੀਆਂ ਫੀਤੀਆਂ ਵਧਦੀਆਂ ਗਈਆਂ। 1965 ਤੇ 71 ਦੀਆਂ ਭਾਰਤ-ਪਾਕਿ ਲੜਾਈਆਂ ਉਹ ਮੋਰਚਿਆਂ 'ਤੇ ਲੜਿਆ ਅਤੇ ਸੂਬੇਦਾਰ ਬਣ ਕੇ 1972 ਵਿਚ ਰਿਟਾਇਰ ਹੋਇਆ। 1974 ਵਿਚ ਉਸ ਦੀ ਸ਼ਾਦੀ ਹੋਈ।

ਫਿਰ ਉਸ ਨੇ ਨਾਗਪੁਰ ਟਰੱਕ ਪਾਇਆ ਜਿਸ ਦਾ ਐਕਸੀਡੈਂਟ ਹੋ ਗਿਆ। ਮੱਖਣ ਸਿੰਘ ਦੀ ਲੱਤ ਟੁੱਟ ਗਈ ਜੋ ਬਾਅਦ ਵਿਚ ਕੱਟਣੀ ਪਈ। ਇਹਦੇ ਨਾਲ ਹੀ ਉਹਦੇ ਦੁੱਖਾਂ ਦੇ ਦਿਨ ਸ਼ੁਰੂ ਹੋ ਗਏ। ਉਹ ਪਿੰਡ ਪਰਤ ਆਇਆ ਤੇ ਨੇੜਲੇ ਕਸਬੇ ਚੱਬੇਵਾਲ ਵਿਚ ਸਟੇਸ਼ਨਰੀ ਦੀ ਦੁਕਾਨ ਚਲਾਉਣ ਲੱਗਾ। ਇਕ ਲੱਤ ਨਾਲ ਸਾਈਕਲ ਚਲਾਉਂਦਾ ਤੇ ਕਾਪੀਆਂ ਕਿਤਾਬਾਂ ਸਕੂਲਾਂ 'ਚ ਵੇਚਣ ਜਾਂਦਾ। ਦੁਕਾਨ ਫਿਰ ਵੀ ਨਾ ਚੱਲੀ। ਮਿਲਖਾ ਸਿੰਘ ਦੀ ਮਦਦ ਨਾਲ ਇਕ ਸਾਲ ਦੀ ਕੱਚੀ ਨੌਕਰੀ ਮਿਲੀ ਪਰ ਗੈਸ ਏਜੰਸੀ ਲਾਰਿਆਂ 'ਚ ਹੀ ਰਹਿ ਗਈ। ਵੱਢੀ ਦੇਣ ਜੋਗੇ ਪੈਸੇ ਜੁ ਨਹੀਂ ਸਨ ਏਸ਼ੀਆ ਦੇ ਚੈਂਪੀਅਨ ਕੋਲ। ਉਹਨੂੰ ਰੇਲਵੇ ਦਾ ਫਰੀ ਪਾਸ ਵੀ ਨਾ ਮਿਲਿਆ ਜੋ ਅਰਜਨ ਅਵਾਰਡੀ ਦਾ ਹੱਕ ਹੁੰਦੈ। ਲੰਗੜਾਉਂਦੇ ਚੈਂਪੀਅਨ ਨੂੰ ਸਕਿਉਰਿਟੀ ਗਾਰਡਾਂ ਨੇ ਹੀ ਰੇਲਵੇ ਵਜ਼ੀਰ ਨੂੰ ਨਾ ਮਿਲਣ ਦਿੱਤਾ!

ਫਿਰ ਉਸ ਦਾ ਜੁਆਨ ਪੁੱਤਰ ਖ਼ੁਦਕਸ਼ੀ ਕਰ ਗਿਆ। ਪਰਿਵਾਰ ਦੀ ਪਾਲਣਾ ਹੋਰ ਵੀ ਦੁਸ਼ਵਾਰ ਹੋ ਗਈ। ਦੁਖੀ ਹੋਇਆ ਉਹ ਕਦੇ ਚੰਡੀਗੜ੍ਹ ਤੇ ਕਦੇ ਦਿੱਲੀ ਫੇਰੇ ਮਾਰਦਾ ਪਰ ਸਹਾਰਾ ਕਿਤੋਂ ਵੀ ਨਾ ਮਿਲਦਾ। 21 ਜਨਵਰੀ 2002 ਦੀ ਠਰੀ ਹੋਈ ਰਾਤ ਨੂੰ ਬਠੌਲੇ ਦੇ ਢੱਠੇ ਘਰ ਵਿਚ ਜਦ ਉਹ ਮਰਿਆ ਤਾਂ ਮਰਨ ਤੋਂ ਸਿਵਾ ਉਹਦੇ ਕੋਲ ਕੋਈ ਚਾਰਾ ਨਹੀਂ ਸੀ। ਉਹ ਤਾਂ ਮਰ ਗਿਆ ਤੇ ਦੁੱਖਾਂ ਦੇ ਪੁੜਾਂ 'ਚ ਫਸੀ ਜਾਨ ਛੁਡਾ ਗਿਆ ਪਰ ਦੋ ਮਾਸੂਮਾਂ ਤੇ ਵਿਧਵਾ ਪਤਨੀ ਨੂੰ ਪੀੜਾਂ ਦਾ ਪਰਾਗਾ ਦੇ ਗਿਆ। ਦੂਜਾ ਪੁੱਤਰ ਇਲਾਜ ਖੁਣੋਂ ਚੱਲ ਵਸਿਆ ਤੇ ਜਿਊਂਦਾ ਇਕੋ ਇਕ ਪੁੱਤਰ ਪਰਿਵਾਰ ਦੇ ਗੁਜ਼ਾਰੇ ਲਈ ਮਹੀਨੇ ਦੀ ਢਾਈ ਹਜ਼ਾਰ ਤਨਖਾਹ ਨਾਲ ਮੱਥਾ ਮਾਰ ਰਿਹੈ। ਜਦੋਂ ਕਰਮਾਂ ਮਾਰੀ ਵਿਧਵਾ ਨੇ ਪਤੀ ਦੇ ਜਿੱਤੇ ਹੋਏ ਤਮਗੇ ਤੇ ਅਵਾਰਡ ਸੇਲ 'ਤੇ ਲਾਏ ਤਾਂ ਮੀਡੀਏ ਨੇ ਪਰਿਵਾਰ ਦੀ ਮੰਦੀ ਹਾਲਤ ਦਾ ਮਸਲਾ ਉਠਾਇਆ। ਉਸ ਦੀ ਗੂੰਜ ਪਾਰਲੀਮੈਂਟ 'ਚ ਜਾ ਪਈ। ਮੱਖਣ ਸਿੰਘ ਦੇ ਪਰਿਵਾਰ ਲਈ ਸੱਤ ਲੱਖ ਰੁਪਏ ਜਾਰੀ ਕਰਨ ਦੇ ਐਲਾਨ ਕਰ ਦਿੱਤੇ ਗਏ।

ਇਕ ਮੱਖਣ ਸਿੰਘ ਦਾ ਮਸਲਾ ਤਾਂ ਹੱਲ ਹੋ ਗਿਆ ਲੱਗਦੈ। ਦੂਜੇ ਮੱਖਣ ਸਿੰਘ ਦਾ ਪਤਾ ਨਹੀਂ। ਇਹ ਵੀ ਪਤਾ ਨਹੀਂ ਕਿੰਨੇ ਚੈਂਪੀਅਨ ਜਾਂ ਉਨ੍ਹਾਂ ਦੇ ਪਰਿਵਾਰ ਦੋ ਡੰਗ ਦੀ ਰੋਟੀ ਤੋਂ ਵੀ ਮੁਥਾਜ ਹਨ। ਕਹਿੰਦੇ ਹਨ ਕਿ ਰੋਏ ਬਿਨਾਂ ਤਾਂ ਮਾਂ ਵੀ ਦੁੱਧ ਨਹੀਂ ਦਿੰਦੀ। ਖੇਡਾਂ ਵਿਚ ਮੱਲਾਂ ਮਾਰਨ ਵਾਲਿਆਂ ਜਾਂ ਉਨ੍ਹਾਂ ਦੇ ਮੰਦੀ ਹਾਲਤ ਵਿਚ ਵਿਚਰਦੇ ਪਰਿਵਾਰਾਂ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ ਜਿਸ ਦਾ ਮੀਡੀਏ ਨੂੰ ਨੋਟਿਸ ਲੈਣਾ ਬਣਦੈ। ਮਿਲਖਾ ਸਿੰਘ ਦੇ ਜੀਵਨ ਉਤੇ ਤਾਂ ਫਿਲਮ ਬਣ ਗਈ ਹੈ ਤੇ ਚੱਲੀ ਵੀ ਬਹੁਤ ਹੈ। ਕੀ ਕੋਈ ਫਿਲਮ ਨਿਰਮਾਤਾ ਇਨ੍ਹਾਂ ਮੱਖਣ ਸਿੰਘਾਂ ਜਿਹੇ ਅਣਗੌਲੇ ਚੈਂਪੀਅਨਾਂ ਬਾਰੇ ਵੀ ਫਿਲਮ ਬਣਾਵੇਗਾ?

# ਇਸ਼ਕ ਦਾ ਇਜ਼ਹਾਰ ਕਰੀਏ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਆਪਸੀ ਲਗਾਉ ਲਈ ਸਾਡੇ ਪਾਸ ਕਈ ਸ਼ਬਦ ਹਨ ਜਿਵੇਂ ਪਿਆਰ, ਪ੍ਰੇਮ, ਸਨੇਹ, ਤੇਹ, ਮੁਹੱਬਤ, ਇਸ਼ਕ, ਯਾਰੀ ਆਦਿ ਪਰ ਸਿਵਾਏ ਪਿਆਰ ਦੇ ਹੋਰ ਸ਼ਬਦ ਹਰ ਸਥਿਤੀ ਵਿਚ ਨਹੀਂ ਭੁਗਤਾਏ ਜਾ ਸਕਦੇ। ਮਿਸਾਲ ਵਜੋਂ ਓਪਰੇ ਕੁੜੀ-ਮੁੰਡੇ ਦਾ ਪਿਆਰ ਹੋ ਸਕਦਾ ਹੈ, ਇਸ਼ਕ ਵੀ, ਪਰ ਭੈਣ-ਭਰਾ ਜਾਂ ਮਾਂ-ਪੁੱਤ ਦਾ ਆਪਸ ਵਿਚ ਪਿਆਰ ਹੀ ਹੋਵੇਗਾ, ਇਸ਼ਕ ਨਹੀਂ। ਰੱਬ, ਮੁਰਸ਼ਦ ਜਾਂ ਗੁਰੂ ਨਾਲ ਵੀ ਇਸ਼ਕ ਹੋ ਸਕਦਾ ਹੈ ਪਰ ਪਤੀ-ਪਤਨੀ ਦਾ ਨਹੀਂ। ਹਾਂ, ਵਿਆਹੁਤਾ ਜੋੜੇ ਦੂਸਰਿਆਂ ਦੇ ਪਤੀ-ਪਤਨੀ ਨਾਲ ਇਸ਼ਕ ਲੜਾ ਸਕਦੇ ਹਨ। ਸਾਡਾ ਸਮਾਜ ਅਸਲ ਵਿਚ ਮੁੰਡੇ-ਕੁੜੀ ਦੇ ਸੁਤੰਤਰ ਪਿਆਰ ਨੂੰ ਪ੍ਰਵਾਨਗੀ ਨਹੀਂ ਸੀ ਦਿੰਦਾ। ਇਸ ਲਈ ਤਾਂ ਅਸੀਂ ਯਾਰੀ ਜਿਹੇ ਸ਼ਬਦ ਦੇ ਅਰਥਾਂ ਨੂੰ ਵਿਗਾੜ ਦਿੱਤਾ। ਇਸ ਨੂੰ ਚੋਰੀ ਯਾਰੀ ਕਹਿ ਕੇ ਤਾਂ ਨੈਤਿਕ ਤੌਰ 'ਤੇ ਪੂਰੀ ਤਰ੍ਹਾਂ ਰੱਦ ਹੀ ਕਰ ਦਿੱਤਾ। ਅਜਿਹੇ ਪਿਆਰ ਲਈ ਕਦੇ ਕਦਾਈਂ ਹਲਕੀ ਪ੍ਰਵਾਨਗੀ ਵਜੋਂ 'ਰੈਅ ਹੋ ਗਈ' ਜਿਹੀ ਉਕਤੀ ਵਰਤ ਲਈ ਜਾਂਦੀ ਹੈ।

ਦਰਅਸਲ ਜਿਣਸੀ ਸਬੰਧਾਂ ਦਾ ਕੁਝ ਖੁਲ੍ਹ ਕੇ ਵਿਚਾਰ ਸਾਡੇ ਸਮਾਜ ਵਿਚ ਇਸਲਾਮੀ ਦਖਲ ਨਾਲ ਸ਼ੁਰੂ ਹੁੰਦਾ ਹੈ। ਪੰਜਾਬ ਵਿਚ ਲਗਭਗ ਸਾਰੀਆਂ ਪ੍ਰੇਮ ਕਹਾਣੀਆਂ ਦੇ ਪਾਤਰ ਇਸਲਾਮੀ ਹਨ, ਉਨ੍ਹਾਂ ਦਾ ਇਜ਼ਹਾਰ ਇਸਲਾਮਿਕ ਆਮਦ ਤਹਿਤ ਅਤੇ ਇਸਲਾਮ ਦੇ ਉਦਾਰਵਾਦੀ ਸੂਫੀ ਫਿਰਕੇ ਦੇ ਨਜ਼ਰੀਏ ਤੋਂ ਹੋਈ ਹੈ। ਇਹ ਗੱਲ ਆਮ ਹੀ ਜਾਣੀ ਜਾਂਦੀ ਹੈ ਕਿ ਸਾਡੇ ਦੇਸ਼ ਵਿਚ ਆਤਮਾ-ਪਰਮਾਤਮਾ ਦੇ ਭਗਤੀ ਭਾਵ ਵਾਲੇ ਸਬੰਧਾਂ ਨੂੰ ਵੀ ਪਤੀ-ਪਤਨੀ ਦੇ ਸਮਾਜਕ ਤੌਰ 'ਤੇ ਪ੍ਰਵਾਨ ਤੇ ਮਰਯਾਦਾਬੱਧ ਸਬੰਧਾਂ ਦੇ ਰੂਪ ਵਿਚ ਹੀ ਦੇਖਿਆ ਸਮਝਿਆ ਗਿਆ ਹੈ ਪਰ ਸੂਫੀ ਨਜ਼ਰੀਏ ਨੇ ਇਸ ਵਿਚ ਸਿਫਤੀ ਤਬਦੀਲੀ ਲਿਆਂਦੀ। ਇਸ਼ਕ ਨੂੰ ਇਸ਼ਕ ਮਿਜਾਜ਼ੀ ਅਤੇ ਇਸ਼ਕ ਹਕੀਕੀ ਦੇ ਪੜਾਵਾਂ ਵਿਚ ਵੰਡ ਕੇ ਇਸ ਨੂੰ ਅਧਿਆਤਮਕ ਦਰਜਾ ਦੇ ਦਿੱਤਾ। ਇਥੋਂ ਤੱਕ ਕਿ ਕਿੱਸਾ ਕਵੀਆਂ ਨੇ ਪ੍ਰੇਮ ਕਥਾਵਾਂ ਨੂੰ ਵੀ ਇਸ ਸੂਫੀਆਨਾ ਨਜ਼ਰੀਏ ਤੋਂ ਪੇਸ਼ ਕੀਤਾ ਜਾਂ ਅਜਿਹਾ ਪੇਸ਼ ਕਰਨ ਦਾ ਦਾਅਵਾ ਕੀਤਾ। ਵਾਰਿਸ ਸ਼ਾਹ ਨੇ ਤਾਂ 'ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ' ਕਹਿ ਕੇ ਇਸ਼ਕ ਨੂੰ ਸਰਵਉਚ ਮੁਰਾਤਬਾ ਦਿਲਾਉਣ ਦੀ ਕੋਸ਼ਿਸ਼ ਕੀਤੀ।

ਇਸ਼ਕ ਮੁਢਲੇ ਤੌਰ 'ਤੇ ਅਰਬੀ ਦਾ ਸ਼ਬਦ ਸਮਝਿਆ ਜਾਂਦਾ ਹੈ। ਪੰਜਾਬੀ ਵਿਚ ਸਭ ਤੋਂ ਪਹਿਲਾਂ ਲਿਖਤੀ ਤੌਰ 'ਤੇ ਇਸ ਦੀ ਵਰਤੋਂ ਤੇਰ੍ਹਵੀਂ ਸਦੀ ਦੇ ਸੂਫੀ ਕਵੀ ਬਾਬਾ ਫਰੀਦ ਦੇ ਕਲਾਮ ਤੋਂ ਮਿਲਦੀ ਹੈ, 'ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ।' ਖੁਦਾ ਦੇ ਇਸ਼ਕ ਦਾ ਜ਼ਿਕਰ ਹੈ ਤਾਂ ਦੁਨਿਆਵੀ ਇਸ਼ਕ ਵੀ ਜ਼ਰੂਰ ਹੋਵੇਗਾ। ਗੁਰੂ ਨਾਨਕ ਨੇ ਵੀ ਅਜਿਹੇ ਅਧਿਆਤਮਕ ਅਰਥਾਂ ਵਿਚ ਇਸ ਦੀ ਵਰਤੋਂ ਕੀਤੀ ਹੈ, 'ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ॥' ਸੂਫੀ ਕਿੱਸਾਕਾਰਾਂ ਤੇ ਹੋਰ ਕਵੀਆਂ ਜਿਵੇਂ ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਆਦਿ ਨੇ ਇਸ਼ਕ ਸ਼ਬਦ ਨੂੰ ਅਲਮਸਤੀ ਦੇ ਆਲਮ ਵਿਚ ਜਿੰਨਾ ਰਿੜਕਿਆ ਹੈ, ਉਸ ਦਾ ਜੇ ਕਿੱਸਾ ਛੇੜ ਬੈਠਾਂ ਤਾਂ ਮੈਂ ਹੋਰ ਕਾਸੇ ਜੋਗਾ ਨਾ ਰਹਾਂਗਾ, ਇਸ ਲਈ ਇਹ ਗੱਲ ਇਥੇ ਹੀ ਠੱਪ ਦਿੰਦਾ ਹਾਂ। ਪਰ ਆਉ ਪਹਿਲਾਂ ਜਾਣੀਏ ਇਸ਼ਕ ਸ਼ਬਦ ਬਾਰੇ ਮਹਾਨ ਕੋਸ਼ ਕੀ ਕਹਿੰਦਾ ਹੈ, ਇਸ਼ਕ (ਸੰਗਯਾ) ਆਸਕਤਤਾ, ਪ੍ਰੇਮ, ਪ੍ਰੀਤੀ, 'ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ।' ਭਾਈ ਸਾਹਿਬ ਨੇ ਸਪਸ਼ਟ ਤੌਰ 'ਤੇ ਇਸ ਸ਼ਬਦ ਨੂੰ ਅਰਬੀ ਅਸਲੇ ਦਾ ਬਿਆਨਿਆ ਹੈ ਪਰ ਨਾਲ ਹੀ ਇਸ ਦਾ ਅਰਥਾਪਣ ਸੰਸਕ੍ਰਿਤ ਅਸਲੇ ਦੇ ਸ਼ਬਦ ਆਸਕਤਤਾ ਨਾਲ ਕਰਕੇ ਇੱਕ ਸ਼ੱਕ ਜਿਹੀ ਪਾ ਦਿੱਤੀ ਹੈ। 'ਆਸਕਤਤਾ' ਕੋਈ ਪੰਜਾਬੀ ਵਿਚ ਆਮ ਜਾਣਿਆ-ਪਛਾਣਿਆ ਸ਼ਬਦ ਨਹੀਂ ਹੈ। ਫਿਰ ਮਾਅਨੇ ਦੇ ਤੌਰ 'ਤੇ ਭਾਈ ਸਾਹਿਬ ਨੇ ਇਸ ਦੀ ਵਰਤੋਂ ਕਿਉਂ ਕੀਤੀ ਹੈ? ਅਸਲ ਵਿਚ ਭਾਈ ਸਾਹਿਬ ਦੇ ਮਨ ਵਿਚ ਸ਼ੰਕਾ ਹੈ ਕਿ ਇਸ਼ਕ ਸੰਸਕ੍ਰਿਤ ਅਸਲੇ ਦਾ ਸ਼ਬਦ ਹੈ ਜਿਸ ਦਾ ਪ੍ਰਮਾਣ ਇਸ਼ਕ ਨਾਲ ਸਬੰਧਤ ਆਸ਼ਕ ਸ਼ਬਦ ਦੇ ਇੰਦਰਾਜ ਤੋਂ ਸਾਹਮਣੇ ਆ ਜਾਂਦਾ ਹੈ, 'ਆਸ਼ਕ- ਆਸ਼ਿਕ। ਸੰ ਆਸਕਤ ਵਿ- ਇਸ਼ਕ ਰੱਖਣ ਵਾਲਾ।' ਆਸਕੁ ਸ਼ਬਦ ਦੇ ਇੰਦਰਾਜ ਵਿਚ ਵੀ ਆਸਕਤ ਝਲਕ ਰਿਹਾ ਹੈ। ਭਾਈ ਸਾਹਿਬ ਦੇ ਕੋਸ਼ ਵਿਚ ਅਜਿਹੀ ਗੜਬੜ ਆਮ ਹੀ ਦੇਖਣ ਨੂੰ ਮਿਲਦੀ ਹੈ। ਚਲੋ ਪਹਿਲਾਂ ਆਸਕਤ ਜਿਹੇ ਸ਼ਬਦ ਦਾ ਨਿਬੇੜਾ ਕਰ ਲਈਏ। ਮਹਾਨ ਕੋਸ਼ ਵਿਚ ਹੀ ਇਹ ਇੰਦਰਾਜ ਵੀ ਹੈ, ਆਸਕਤ ਵਿ. ਆਸ਼ਿਕ, ਪ੍ਰੇਮੀ, ਲਿਵਲੀਨ 'ਬਿਖੈ ਰਸ ਸਿਉ ਆਸਕਤ ਮੂੜੈ।' ਸੰਸਕ੍ਰਿਤ ਅਸਲੇ ਵਾਲੇ ਆਸਕਤ ਸ਼ਬਦ ਦੇ ਮੁਢਲੇ ਅਰਥ ਹਨ ਲਿਪਟਿਆ ਹੋਇਆ, ਚੁੰਬੜਿਆ ਹੋਇਆ, ਰੁਚਿਤ, ਖੁਭਾ ਹੋਇਆ ਆਦਿ। ਭਾਈ ਸਾਹਿਬ ਦੇ ਮਨ ਵਿਚ ਆਸ਼ਕ/ਆਸਕਤ ਦੀ ਸੂਈ ਘੁੰਮਣੋ ਨਹੀਂ ਹਟਦੀ। ਇਹ ਸ਼ਬਦ ਸਕਤ ਦੇ ਅੱਗੇ 'ਆ' ਅਗੇਤਰ ਲੱਗ ਕੇ ਬਣਿਆ ਹੈ ਜਦਕਿ ਸਕਤ ਦੇ ਵੀ ਆਸਕਤ ਵਾਲੇ ਹੀ ਅਰਥ ਹਨ। ਅਗੇਤਰ ਸ਼ਬਦ ਦੇ ਅਰਥਾਂ ਨੂੰ ਤੀਖਣ ਕਰਦਾ ਹੈ। ਅਸਲ ਵਿਚ ਇਸ ਸ਼ਬਦ ਦੀ ਯਥਾਰਥਕ ਵਰਤੋਂ ਕਿਸੇ ਸੰਸਾਰਕ ਵਸਤਾਂ, ਵਿਸ਼ੇ ਵਿਕਾਰਾਂ ਦੇ ਮੋਹ ਵੱਲ ਖਚਿਤ ਹੋਣਾ ਹੈ। ਮਿਸਾਲ ਵਜੋਂ 'ਸੰਤ ਸੰਨਿਆਸੀਆਂ ਦੀ ਸੰਸਾਰਕ ਪਦਾਰਥਾਂ ਵਿਚ ਆਸਕਤੀ ਨਹੀਂ ਹੁੰਦੀ।" ਸਪਸ਼ਟ ਹੈ ਕਿ ਆਸਕਤੀ ਦੇ ਵਾਸ਼ਨਾਮਈ ਅਰਥਾਂ ਦਾ ਇਸ਼ਕ ਦੇ ਉਦਾਤ ਪ੍ਰੇਮ ਨਾਲ ਜੋੜ ਨਹੀਂ ਬੈਠਦਾ।

ਇਸ਼ਕ ਸ਼ਬਦ ਦੀ ਜੋ ਹੁਣ ਤੱਕ ਨਿਰੁਕਤੀ ਕੀਤੀ ਜਾਂਦੀ ਹੈ, ਉਸ ਅਨੁਸਾਰ ਇਹ ਸਾਮੀ ਅਸਲੇ ਦਾ ਸ਼ਬਦ ਹੈ ਜਿਸ ਦਾ ਧਾਤੂ 'ਸ਼ਕ' ਹੈ। ਸ਼ਕ ਵਿਚ ਲਿਪਟਣਾ, ਲੱਗਣਾ, ਚੁੰਬੜਨਾ ਪਿਆਰਨਾ ਜਿਹੇ ਭਾਵ ਨਿਹਿਤ ਹਨ। ਅਰਬੀ ਵਿਚ ਇਕ ਦਰਖਤ ਤੇ ਚੜ੍ਹਨ ਵਾਲੀ ਵੇਲ ਨੂੰ 'ਆਸ਼ਿਕਾ' ਕਿਹਾ ਜਾਂਦਾ ਹੈ ਜੋ ਕਿ ਇਸੇ ਧਾਤੂ ਤੋਂ ਬਣਿਆ ਹੈ। ਇਕ ਦੂਜੇ ਦੇ ਲਿਪਟਣ ਦੇ ਭਾਵ ਤੋਂ ਹੀ ਇਸ਼ਕ ਸ਼ਬਦ ਬਣਿਆ ਕਿਉਂਕਿ ਇਸ਼ਕ ਵਿਚ ਵੀ ਦੋ ਪ੍ਰੇਮੀ ਇਕ ਦੂਜੇ ਨਾਲ ਰੂਹਾਨੀ ਤੌਰ 'ਤੇ ਜੁੜ ਜਾਂਦੇ ਹਨ ਭਾਵੇਂ ਇਸ



ਸਥਿਤੀ ਦੀ ਕਲਪਨਾ ਇਸ ਦੇ ਸਰੀਰਕ ਬਿੰਬ ਵਿਚ ਹੀ ਕੀਤੀ ਜਾ ਸਕਦੀ ਹੈ। ਇਸੇ ਤੋਂ ਅੱਗੇ ਆਸਕ ਸ਼ਬਦ ਬਣਿਆ ਅਰਥਾਤ ਪ੍ਰੇਮ ਕਰਨ ਵਾਲਾ। ਸ਼ੱਕ ਧਾਤੂ ਦੇ ਅੱਗੇ 'ਮਾ' ਅਗੇਤਰ ਲੱਗ ਕੇ ਮਾਸ਼ੂਕਾ ਸ਼ਬਦ ਬਣ ਗਿਆ। ਮਾਸ਼ੂਕਾ ਹੁੰਦੀ ਹੈ ਜਿਸ ਨਾਲ ਇਸ਼ਕ ਕੀਤਾ ਜਾਵੇ। ਇਸ਼ਕ ਲਈ ਹੀ ਇਕ ਸ਼ਬਦ ਬਣਿਆ ਮੁਆਸ਼ਕਾ ਅਰਥਾਤ ਇਸਤਰੀ ਨਾਲ ਪ੍ਰੇਮ। ਆਸ਼ਕ ਤੋਂ ਉਰਦੂ ਵਿਚ ਆਸ਼ਕਾਨਾ ਵਿਸ਼ੇਸ਼ਣ ਬਣ ਗਿਆ। ਉਂਜ ਪੰਜਾਬੀ ਵਿਚ ਆਸ਼ਕ ਸ਼ਬਦ ਦੇ ਅਰਥਾਂ ਵਿਚ ਕੁਝ ਦੁਰਗਤੀ ਵੀ ਹੋਈ ਹੈ। ਜੋ ਆਦਤਨ ਕੁੜੀਆਂ ਦੇ ਮਗਰ ਫਿਰਦਾ ਰਹੇ, ਉਸ ਨੂੰ ਵੀ ਆਸ਼ਕ ਕਹਿ ਦਿੱਤਾ ਜਾਂਦਾ ਹੈ। ਵਾਹਰ ਅਜਿਹੇ ਆਸ਼ਕ-ਫਾਸ਼ਕ ਤੇ ਇਸ਼ਕੀ ਪੱਠੇ ਦੀ ਆਸ਼ਕੀ ਦਾ ਭੂਤ ਬੜੀ ਨਿਰਦੈਤਾ ਨਾਲ ਉਤਾਰਦੀ ਹੈ। ਇਸ਼ਕ, ਮੁਸ਼ਕ ਤੇ ਖੰਘ ਕਹਿੰਦੇ ਛੁਪਦੇ ਨਹੀਂ ਇਸ ਲਈ ਇਨ੍ਹਾਂ ਦਾ ਭੋਗੀ ਨਤੀਜੇ ਭੁਗਤਦਾ ਹੈ। ਇਸ਼ਕ ਤੋਂ ਹੀ ਫਾਰਸੀ ਸ਼ਬਦ ਇਸ਼ਕ ਪੇਚਾ ਬਣਿਆ ਜੋ ਇਕ ਪ੍ਰਕਾਰ ਦੀ ਵੇਲ ਹੁੰਦੀ ਹੈ ਤੇ ਦੂਜੇ ਬੂਟੇ 'ਤੇ ਚੜ੍ਹਦੀ ਹੈ। ਕਣਕ ਦੀ ਫਸਲ ਵਿਚ ਵੀ ਇਕ ਵੇਲ ਨੂੰ ਇਸ਼ਕ ਪੇਚਾ ਆਖਦੇ ਹਨ। ਭਾਈ ਵੀਰ ਸਿੰਘ ਦੀ ਕੇਲੋਂ ਦੇ ਗਲ ਵੀ ਅਜਿਹੀ ਹੀ ਵੇਲ ਲਿਪਟੀ ਹੈ ਤੇ ਭਾਈ ਸਾਹਿਬ ਵਿਚਾਰ ਵੀ ਉਹੋ ਹੀ ਪੇਸ਼ ਕਰ ਰਹੇ ਹਨ। ਇਕ ਵਹਿਮ ਹੈ ਕਿ ਇਸ਼ਕ-ਪੇਚੇ ਦੀ ਵੇਲ ਬੁਰਾਈ ਤੋਂ ਰੱਖਿਆ ਕਰਦੀ ਹੈ। ਇਸ਼ਕ-ਪੇਚਾ ਪੈਣਾ ਦੋ ਵਿਪਰੀਤ-ਲਿੰਗੀ ਜਣਿਆਂ ਦੇ ਤੀਬਰ ਪਿਆਰ ਹੋਣ ਦੀ ਸਥਿਤੀ ਨੂੰ ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸਾਡੀ ਜ਼ੁਬਾਨ ਵਿਚ ਇਸ਼ਕ ਦਾ ਮਾਰਗ ਅਰਬੀ ਤੋਂ ਫਾਰਸੀ ਤੇ ਪੰਜਾਬੀ ਬਣਦਾ ਹੈ।

ਦਿਲਚਸਪ ਗੱਲ ਹੈ ਕਿ ਇਸ਼ਕ ਸ਼ਬਦ ਦੀ ਵਿਆਖਿਆ ਇਸ ਦੇ ਭਾਰੋਪੀ ਮੂਲ ਵਜੋਂ ਵੀ ਬੜੀ ਤਾਰਕਿਕ ਢੰਗ ਨਾਲ ਕੀਤੀ ਗਈ ਹੈ। ਹੈਦਰੀ ਮਲਯੇਰੀ ਨਾਂ ਦਾ ਇਕ ਉਚਕੋਟੀ ਦਾ ਤਾਰਾ-ਵਿਗਿਆਨੀ ਹੈ ਜੋ ਮੂਲੋਂ ਇਰਾਨੀ ਹੈ ਪਰ ਫਰਾਂਸ ਵਿਚ ਵਸਿਆ ਹੋਇਆ ਹੈ। ਉਹ ਪੈਰਿਸ ਦੀ ਇਕ ਤਾਰਾ-ਨਿਰੀਖਣਸ਼ਾਲਾ ਵਿਚ ਲੱਗਾ ਵੱਡਾ ਸਾਇੰਸਦਾਨ ਹੈ। ਹੈਦਰੀ ਸਾਹਿਬ ਵਿਗਿਆਨੀ ਤਾਂ ਹਨ ਹੀ ਨਾਲ ਦੀ ਨਾਲ ਫਾਰਸੀ, ਅਰਬੀ ਤੇ ਹੋਰ ਸਾਮੀ ਭਾਸ਼ਾਵਾਂ ਦੇ ਵੀ ਗਿਆਤਾ ਹਨ। ਉਹ ਸ਼ਬਦਾਂ ਨੂੰ ਵੀ ਆਪਣੀ ਦੂਰਬੀਨ ਦੀ ਮਾਰ ਹੇਠ ਲਿਆਉਂਦੇ ਹਨ ਅਰਥਾਤ ਨਿਰੁਕਤਕਾਰੀ, ਕੋਸ਼ਕਾਰੀ ਉਨ੍ਹਾਂ ਦਾ ਇਕ ਹੋਰ ਅਧਿਐਨ ਵਿਸ਼ਾ ਹੈ। ਉਨ੍ਹਾਂ ਇਕ ਪਰਚੇ ਵਿਚ ਇਸ਼ਕ ਸ਼ਬਦ ਨੂੰ ਭਾਰੋਪੀ ਮੂਲ ਦਾ ਸਾਬਿਤ ਕੀਤਾ ਹੈ। ਉਨ੍ਹਾਂ ਨੇ ਇਸ ਸ਼ਬਦ ਨੂੰ ਅਵੇਸਤਨ 'ਇਸ਼' ਨਾਲ ਜੋੜਿਆ ਹੈ ਜਿਸ ਦਾ ਅਰਥ ਚਾਹੁਣਾ ਇੱਛਾ ਕਰਨਾ, ਤਲਾਸ਼ਣਾ, ਢੂੰਡਣਾ ਹੈ। ਇਸ ਤੋਂ ਬਣੇ 'ਇਸ਼ਤ' ਦਾ ਮਤਲਬ ਜਿਸ ਦੀ ਚਾਹਨਾ ਕੀਤੀ ਜਾਵੇ, ਚਹੇਤਾ/ਚਹੇਤੀ। ਇਹ ਸ਼ਬਦ ਸੰਸਕ੍ਰਿਤ ਇੱਛਾ ਦਾ ਸੁਜਾਤੀ ਹੈ। ਇਹ ਸ਼ਬਦ ਪੰਜਾਬੀ ਵਿਚ ਵੀ ਵਰਤਿਆ ਜਾਂਦਾ ਹੈ। ਅਵੇਸਤਨ 'ਇਸ਼' ਦੇ ਪਿਛੇ 'ਕਾ' ਪਿਛੇਤਰ ਲੱਗ ਕੇ ਇਸ਼ਕ ਸ਼ਬਦ ਬਣ ਗਿਆ। ਅਵੇਸਤਨ/ਫਾਰਸੀ ਵਿਚ 'ਕ' ਪਿਛੇਤਰ ਆਮ ਹੀ ਲਗਦਾ ਹੈ ਜਿਵੇਂ ਮਹਰਕ (ਮੌਤ), ਖੁਸ਼ਕ (ਸੁੱਕਾ), ਪਸੁਕ (ਪਸ਼ੂ) ਆਦਿ। ਅਵੇਸਤਨ ਅਤੇ ਸੰਸਕ੍ਰਿਤ ਦੇ ਦੋਨੋਂ ਸ਼ਬਦ ਭਾਰੋਪੀ ਮੂਲ 'ਆਇਸ' ਤੋਂ ਨਿਕਲੇ ਹਨ ਜਿਸ ਦਾ ਅਰਥ ਵੀ ਚਾਹੁਣਾ, ਇੱਛਾ ਕਰਨਾ ਹੁੰਦਾ ਹੈ। ਇਸ ਤੋਂ ਪ੍ਰਾਚੀਨ ਚਰਚ ਸਲਾਵਿਕ, ਰੂਸੀ, ਲਿਥੂਏਨੀਅਨ, ਲਾਤਵੀਅਨ, ਆਰਮੀਨੀਅਨ, ਲਾਤੀਨੀ ਆਦਿ ਭਾਸ਼ਾਵਾਂ ਦੇ ਇਸ ਨਾਲ ਮਿਲਦੇ-ਜੁਲਦੇ ਸ਼ਬਦ ਤੇ ਉਨ੍ਹਾਂ ਦੇ ਅਰਥ ਉਪਲਭਦ ਹਨ। ਅੰਗਰੇਜ਼ੀ ਸ਼ਬਦ ਆਸਕ (ASK) ਵੀ ਇਸੇ ਨਾਲ ਜੁੜਦਾ ਹੈ। ਮਲਯੇਰੀ ਨੇ ਆਪਣੇ ਦਾਅਵੇ ਦੇ ਪੱਖ ਵਿਚ ਕਈ ਨੁਕਤੇ ਪੇਸ਼ ਕੀਤੇ ਹਨ। ਉਨ੍ਹਾਂ ਅਨੁਸਾਰ ਜੇ ਇਸ਼ਕ ਸ਼ਬਦ ਸਾਮੀ ਭਾਸ਼ਾ ਪਰਿਵਾਰ ਨਾਲ ਸਬੰਧ ਰਖਦਾ ਹੁੰਦਾ ਤਾਂ ਇਸ ਦੇ ਹੋਰ ਸਾਮੀ ਭਾਸ਼ਾਵਾਂ ਵਿਚ ਵੀ ਸੁਜਾਤੀ ਸ਼ਬਦ ਮਿਲਣੇ ਚਾਹੀਦੇ ਸਨ ਪਰ ਅਜਿਹਾ ਨਹੀਂ ਹੈ। ਮਿਸਾਲ ਵਜੋਂ ਪਿਆਰ ਲਈ ਹਿਬਰੂ ਵਿਚ ਸ਼ਬਦ 'ਅਹਵ' ਹੈ ਜੋ ਅਰਬੀ 'ਹਬ' ਦਾ ਸੁਜਾਤੀ ਹੈ (ਜਿਸ ਤੋਂ ਮੁਹੱਬਤ, ਹਿਬਾ ਆਦਿ ਸ਼ਬਦ ਬਣੇ)। ਕੁਰਾਨ ਵਿਚ ਵੀ ਇਸ਼ਕ ਦੀ ਥਾਂ ਤੇ ਹਿਬ ਸ਼ਬਦ ਆਇਆ ਹੈ।

ਉਪਰੋਕਤ ਤੋਂ ਇਲਾਵਾ ਇਕ ਹੋਰ ਨੁਕਤਾ ਹੈ। ਦਸਵੀਂ ਸਦੀ ਦੀ ਮਹਾਨ ਫਾਰਸੀ ਕਾਵਿ-ਕ੍ਰਿਤ 'ਸ਼ਾਹਨਾਮਾ' ਦਾ ਲੇਖਕ ਫਿਰਦੌਸੀ ਆਪਣੀ ਭਾਸ਼ਾ ਨੂੰ ਬਹੁਤ ਪਿਆਰ ਕਰਦਾ ਸੀ। ਉਹ ਸ਼ੁਧ ਫਾਰਸੀ ਵਰਤਦਾ ਸੀ ਤੇ ਵਾਹ ਲਗਦੀ ਨੂੰ ਅਰਬੀ ਵਰਤਣ ਤੋਂ ਸੰਕੋਚ ਕਰਦਾ ਸੀ। ਉਸ ਨੇ ਇਸ਼ਕ ਸ਼ਬਦ ਨੂੰ ਫਾਰਸੀ ਦਾ ਸਮਝਦੇ ਹੋਏ ਆਪਣੇ ਕਲਾਮ ਵਿਚ ਇਸ ਦੀ ਕਈ ਵਾਰ ਵਰਤੋਂ ਕੀਤੀ ਹੈ। ਉਸ ਨੇ ਹਬ ਸ਼ਬਦ ਦੀ ਕਿਉਂ ਨਾ ਵਰਤੋਂ ਕੀਤੀ? ਹੈਦਰੀ ਮਲਯੇਰੀ ਨੇ ਲੱਖਣ ਲਾਇਆ ਹੈ ਕਿ ਫਾਰਸੀ ਕੋਸ਼ਕਾਰਾਂ ਤੇ ਵਿਦਵਾਨਾਂ ਰਾਹੀਂ ਇਹ ਸ਼ਬਦ ਅਰਬੀ ਵਿਚ ਗਿਆ ਹੋਵੇਗਾ ਤੇ ਉਥੇ ਇਸ ਸ਼ਬਦ ਨੂੰ ਲਿਪਟਣ, ਚਿੰਬੜਨ ਦੇ ਅਰਥਾਂ ਵਾਲੇ ਅਰਬੀ ਇਸ਼ਕ ਨਾਲ ਖਲਤ-ਮਲਤ ਕਰ ਲਿਆ ਗਿਆ ਹੋਵੇਗਾ ਤੇ ਇਸ ਤਰ੍ਹਾਂ ਇਸ ਵਿਚ ਪਿਆਰ ਦੇ ਭਾਵ ਸਮਾ ਗਏ। ਇਸ ਅਰਥ ਵਿਚ ਇਹ ਸ਼ਬਦ ਮੁੜ ਫਾਰਸੀ ਵਿਚ ਦਾਖਲ ਹੋ ਗਿਆ ਤੇ ਅੱਗੋਂ ਭਾਰਤੀ ਭਾਸ਼ਾਵਾਂ ਵਿਚ ਸੂਫੀਆਂ ਰਾਹੀਂ ਆ ਵੜਿਆ। ਇਹ ਬਹੁਤ ਵਿਦਵਤਾ ਭਰਪੂਰ ਵਿਵੇਚਨ ਹੈ ਪਰ ਹਾਲ ਦੀ ਘੜੀ ਇਸ ਬਾਰੇ ਦੋ-ਟੁੱਕ ਫੈਸਲਾ ਨਹੀਂ ਕੀਤਾ ਜਾ ਸਕਦਾ।

# ਹੁਣ ਅੱਬੂ ਸਲੇਮ ਦੇ ਲਿਖੇ ਗੀਤ ਗਾਏਗਾ ਸੁੱਖਾ ਦਿੱਲੀ ਵਾਲਾ

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਨਿੱਕੇ ਹੁੰਦਿਆਂ ਜਦੋਂ ਮੈਂ ਸ਼ਰਾਰਤ ਕਰਦਿਆਂ ਕੋਈ ਕੰਮ ਵਿਗਾੜ ਦੇਣਾ ਤਾਂ ਨਾਨੇ ਨੇ ਕਹਿਣਾ, 'ਹੋਰ ਕਿਹੜਾ ਕਮਲਿਆਂ ਦੇ ਸਿੰਗ ਲੱਗੇ ਹੁੰਦੇ ਆ।' ਉਦੋਂ ਇਹ ਗੱਲ ਕਹਿਣ ਦੇ ਕਾਰਨ ਦਾ ਨਹੀਂ ਸੀ ਪਤਾ, ਪਰ ਜਿਉਂ-ਜਿਉਂ ਵੱਡਾ ਹੋਇਆ ਤਾਂ ਗੱਲ ਦੀ ਰਮਜ਼ ਸਮਝ ਆਉਂਦੀ ਗਈ। ਹੁਣ ਜਦੋਂ ਕਲਾਕਾਰਾਂ ਨੂੰ ਯਭਲੀਆਂ ਮਾਰਦੇ ਦੇਖਦਾ ਹਾਂ ਤਾਂ ਨਾਨੇ ਦੀ ਕਹੀ ਗੱਲ ਵਾਰ-ਵਾਰ ਚੇਤੇ ਆਉਂਦੀ ਏ ਕਿ ਸੱਚੀਂ ਕਮਲਿਆਂ ਦੇ ਸਿੰਗ ਥੋੜ੍ਹੀ ਹੁੰਦੇ ਨੇ।

ਪਿਛਲੇ ਹਫ਼ਤੇ ਕਮਲਿਆਂ ਦੇ ਸਿੰਗਾਂ ਵਾਲੀ ਗੱਲ ਗਾਇਕ ਸੁੱਖਾ ਦਿੱਲੀ ਵਾਲਾ ਨੇ ਕੀਤੀ। ਉਹੀ ਸੁੱਖਾ ਜਿਹੜਾ ਕਿਸੇ ਵੇਲੇ 'ਜੁੱਤੀ ਝਾੜ ਕੇ ਚੜ੍ਹੀਂ ਮੁਟਿਆਰੇ, ਗੱਡੀ ਐ ਸ਼ੌਕੀਨ ਜੱਟ ਦੀ' ਗੀਤ ਗਾ ਕੇ ਚਰਚਾ 'ਚ ਆਇਆ ਸੀ। ਵੈਸੇ ਇਹੀ ਗੀਤ ਇਕ ਫਰੀਦਕੋਟੀਏ ਕਲਾਕਾਰ ਪੰਮਾ ਸਾਹਿਰ ਨੇ ਵੀ ਗਾਇਆ ਸੀ, ਜਿਸ ਦੀ ਉਨ੍ਹੀਂ ਦਿਨੀਂ ਪੂਰੀ ਚੜ੍ਹਤ ਹੋ ਗਈ ਸੀ। ਪਰ ਸੁੱਖੇ ਦੀ ਗੱਲ ਕੁਝ ਹੋਰ ਸੀ, ਉਹਨੂੰ ਜਦੋਂ ਵੀ ਦੇਖਿਆ, ਉਹ ਹਮੇਸ਼ਾ ਸ਼ਾਰਟਕੱਟ ਦੇ ਚੱਕਰ 'ਚ ਸੀ। ਕਦੇ ਕੋਈ ਅਵੱਲੀ ਜਿਹੀ ਗੱਲ ਕਰ ਦੇਣੀ, ਕਦੇ ਕੋਈ ਨਵਾਂ ਸ਼ੋਸ਼ਾ ਛੱਡ ਦੇਣਾ। ਕਈ ਸਾਲ ਤਾਂ ਉਹ ਏਸੇ ਗੱਲ ਦਾ ਪ੍ਰਚਾਰ ਕਰਦਾ ਰਿਹਾ ਕਿ ਮੀਕਾ ਤੇ ਮੈਂ ਭਰਾ ਬਣੇ ਹਾਂ ਤੇ ਉਹ ਮੀਕੇ ਨਾਲ ਖਿਚਵਾਈ ਆਪਣੀ ਤਸਵੀਰ ਅਖ਼ਬਾਰਾਂ 'ਚ ਛਪਵਾ-ਛਪਵਾ ਸਮਝਦਾ ਰਿਹਾ ਕਿ ਸ਼ਾਇਦ ਇੰਜ ਹੀ ਗਾਇਕੀ 'ਚ ਉਹਦਾ ਜੁਗਾੜ ਲੱਗ ਜਾਏਗਾ।

ਫੇਰ ਸੁੱਖਾ ਕਬੂਤਰਬਾਜ਼ੀ ਦੇ ਕੇਸ ਵਿਚ ਉਲਝ ਗਿਆ। ਉਨ੍ਹੀਂ ਦਿਨੀਂ ਕਈ ਹੋਰ ਕਲਾਕਾਰ ਵੀ ਉਲਝੇ ਸਨ, ਦਲੇਰ ਮਹਿੰਦੀ ਵੀ, ਸੁਖਵਿੰਦਰ ਪੰਛੀ ਵੀ। ਸੁੱਖੇ ਬਾਰੇ ਚੌਥੇ ਕੁ ਦਿਨ ਨਵੀਂ ਖ਼ਬਰ ਆ ਜਾਂਦੀ ਕਿ ਪੁਲਿਸ ਨੇ ਉਹਨੂੰ ਅਦਾਲਤ ਵਿਚ ਪੇਸ਼ ਕੀਤੈ, ਪੁਲਿਸ ਉਹਨੂੰ ਲੈ ਕੇ ਫੇਰ ਜੇਲ੍ਹ ਪਹੁੰਚੀ ਵਗੈਰਾ-ਵਗੈਰਾ। ਇਕ ਵਾਰ ਸੁੱਖੇ ਨੇ ਜੇਲ੍ਹ ਵਿਚੋਂ ਹੀ ਕੁਝ ਪੱਤਰਕਾਰਾਂ ਨੂੰ ਫੋਨ ਕੀਤੇ ਸਨ ਕਿ ਤੁਸੀਂ ਮੇਰੀ ਪੇਸ਼ੀ ਵਾਲੀ ਉਹ ਫੋਟੋ ਫਰੰਟ 'ਤੇ ਲਾਇਆ ਕਰੋ ਜੋ ਸੋਹਣੇ ਐਕਸ਼ਨ ਵਾਲੀ ਹੋਵੇ,



*ਸੁੱਖਾ ਦਿੱਲੀ ਵਾਲਾ*

ਮੇਰੇ ਹੱਥਕੜੀ ਲੱਗੀ ਹੋਵੇ, ਨਜ਼ਰਾਂ ਡਰਾਉਣੀਆਂ ਹੋਣ ਤਾਂ ਜੁ ਮੈਂ ਖਲਨਾਇਕਾਂ ਵਰਗਾ ਜਾਪਾਂ।

ਸਾਨੂੰ ਉਦੋਂ ਜਾਪਣ ਲੱਗਾ ਸੀ ਕਿ ਉਹ ਡਰਾਮੇਬਾਜ਼ ਵੱਧ ਤੇ ਕਲਾਕਾਰ ਘੱਟ ਏ। ਫੇਰ ਉਹਦੀ ਗਾਇਕੀ ਦਾ ਭੋਗ ਪੈ ਗਿਆ ਤੇ ਉਹ ਜਾ ਪਹੁੰਚਿਆ ਤਿਹਾੜ ਜੇਲ੍ਹ, ਜਿੱਥੋਂ ਉਸ ਦੀ ਕੋਈ ਖ਼ਬਰ ਨਾ ਆਈ। ਪਰ ਹੁਣ ਉਹਨੇ ਜੇਲ੍ਹੋਂ ਬਾਹਰ ਆਉਂਦਿਆਂ ਹੀ ਜਲੰਧਰ 'ਚ ਪ੍ਰੈਸ ਕਾਨਫਰੰਸ ਕਰਕੇ ਇਕ ਅਵੱਲੀ ਗੱਲ ਕਰ ਛੱਡੀ ਏ। ਉਹਨੇ ਕਿਹੈ ਕਿ ਤਿਹਾੜ ਵਿਚ ਅੰਡਰਵਰਲਡ ਡੌਨ ਅੱਬੂ ਸਲੇਮ ਨੂੰ ਮੈਂ ਕਈ ਵਾਰ ਮਿਲਿਆ ਹਾਂ। ਅੱਬੂ ਨੂੰ ਗੀਤ ਲਿਖਣ ਦਾ ਬੜਾ ਸ਼ੌਕ ਏ ਤੇ ਹੁਣ ਆਪਣੀ ਜਿਹੜੀ ਐਲਬਮ ਨੂੰ ਡੇਢ-ਦੋ ਮਹੀਨੇ ਬਾਅਦ ਰਿਲੀਜ਼ ਕਰਨ ਜਾ ਰਿਹਾਂ, ਉਹਦਾ ਟਾਈਟਲ ਗੀਤ 'ਸ਼ਰਾਬੀ' ਅੱਬੂ ਦਾ ਹੀ ਲਿਖਿਆ ਹੋਇਐ। ਇਹ ਐਲਬਮ ਬਹੁਤ ਵੱਡੀ ਹੋਏਗੀ, ਜਿਸ ਦੇ ਵੀਡੀਓ ਵਿਚ ਸਵਰਗੀ ਪਹਿਲਵਾਨ ਦਾਰਾ ਸਿੰਘ ਦਾ ਪੁੱਤ ਵਿੰਦੂ ਦਾਰਾ ਸਿੰਘ, ਮਰਹੂਮ ਮੰਤਰੀ ਪ੍ਰਮੋਦ ਮਹਾਜਨ ਦਾ ਪੁੱਤ ਰਾਹੁਲ ਮਹਾਜਨ ਤੇ ਰਾਜਾ ਚੌਧਰੀ ਅਦਾਕਾਰੀ ਕਰਨਗੇ। ਉਹਨੇ ਕਿਹੈ ਕਿ ਇਸ ਐਲਬਮ 'ਤੇ ਦੋ ਕਰੋੜ ਰੁਪਏ ਖਰਚ ਆਵੇਗਾ, ਭਾਵ ਹੁਣ ਤੱਕ ਦੀ ਸਭ ਤੋਂ ਮਹਿੰਗੀ ਐਲਬਮ।

ਇਹ ਤਾਂ ਪਤਾ ਨਹੀਂ ਕਿ ਸੁੱਖੇ ਨੇ ਇਹ ਨਵੀਂ ਛੁਰਲੀ ਛੱਡੀ ਹੈ ਜਾਂ ਸੱਚ ਏ, ਪਰ ਉਸ ਦੀਆਂ ਗੱਲਾਂ ਨੇ ਕਈ ਸਵਾਲ ਪੈਦਾ ਕਰ ਦਿੱਤੇ ਨੇ ਕਿ ਕੀ ਅੱਬੂ ਸਲੇਮ ਤਿਹਾੜ ਜੇਲ੍ਹ ਦਾ 'ਦੇਵ ਥਰੀਕਿਆਂ ਵਾਲਾ' ਏ। ਉਸ ਨੂੰ ਪੰਜਾਬ ਦਾ ਕੋਈ ਹੋਰ ਗੀਤਕਾਰ ਏਨਾ ਕਾਬਲ ਲੱਗਾ ਹੀ ਨਹੀਂ, ਜਿੰਨਾ ਕਿ ਅੱਬੂ। ਦੂਜੀ ਗੱਲ, ਕਲਾਕਾਰ ਤਾਂ ਪ੍ਰੈਸ ਕਾਨਫਰੰਸ ਐਲਬਮ ਰਿਲੀਜ਼ ਮੌਕੇ ਕਰਦੇ ਨੇ, ਪਰ ਉਹਨੇ ਡੇਢ-ਦੋ ਮਹੀਨੇ ਪਹਿਲਾਂ ਹੀ ਇਹ ਸਾਰੀ ਜਾਣਕਾਰੀ ਦੇਣ ਲਈ ਕਰ ਦਿੱਤੀ, ਕਾਰਨ? ਤੀਜਾ ਇਹ ਕਿ ਉਸ ਦੇ ਗੀਤਾਂ 'ਚ ਐਕਟਿੰਗ ਵੀ ਉਹ ਕਰਨਗੇ, ਜਿਹੜੇ ਝੰਡੇ ਹੇਠਲੇ ਨੇ। ਪ੍ਰਮੋਦ ਮਹਾਜਨ ਦਾ ਪੁੱਤ ਰਾਹੁਲ ਮਹਾਜਨ ਇਕ ਵਾਰ ਨਸ਼ਿਆਂ ਦੇ ਸੇਵਨ ਦੀਆਂ ਖ਼ਬਰਾਂ ਕਰਕੇ ਖੂਬ ਬਦਨਾਮ ਹੋਇਆ ਸੀ ਤੇ ਵਿੰਦੂ ਦਾਰਾ ਸਿੰਘ ਨੇ ਆਈ.ਪੀ.ਐਲ. ਸਪਾਟ ਫਿਕਸਿੰਗ ਦੇ ਦੋਸ਼ਾਂ ਨਾਲ ਆਪਣੀ ਮਿੱਟੀ ਤਾਂ ਪੁੱਟੀ ਹੀ, ਆਪਣੇ ਸਤਿਕਾਰਤ ਬਾਪ ਦੀ ਵੀ ਪੁੱਟ ਛੱਡੀ।

ਜੇ ਸੁੱਖੇ ਦੀ ਐਲਬਮ ਦਾ ਬਜਟ ਦੋ ਕਰੋੜ ਏ ਤਾਂ ਫੇਰ ਉਹ ਪ੍ਰੈਸ ਕਾਨਫਰੰਸ ਵਿਚ ਇਕ ਗੱਲ ਕਹਿਣੀ ਭੁੱਲ ਗਿਐ ਕਿ ਉਹਦਾ ਮੇਲ ਏ. ਰਾਜਾ ਨਾਲ ਵੀ ਹੋਇਆ ਹੋਣੈ। ਤਿਹਾੜ ਜੇਲ੍ਹ 'ਚ ਸਾਬਕਾ ਟੈਲੀਕਾਮ ਮੰਤਰੀ ਏ. ਰਾਜਾ ਵੀ ਬੈਠੈ ਤੇ ਉਸ ਦੀ ਆਰਥਿਕ ਕ੍ਰਿਪਾ ਬਿਨਾਂ ਤਾਂ ਕਿਸੇ ਦੀ ਐਲਬਮ 'ਤੇ ਦੋ ਕਰੋੜ ਖਰਚ ਹੋ ਨਹੀਂ ਸਕਦਾ। ਜੇ ਸੁੱਖਾ ਇਕ ਛੋਟੀ ਜਿਹੀ ਖੇਚਲ ਹੋਰ ਕਰੇ ਤਾਂ ਜ਼ਿਆਦਾ ਵਧੀਆ ਗੱਲ ਰਹੇਗੀ। ਉਹਨੂੰ ਆਪਣੇ ਗੀਤਾਂ 'ਤੇ ਠੁਮਕੇ ਲਾਉਣ ਲਈ ਮੋਨਿਕਾ ਬੇਦੀ ਵੀ ਬੁਲਾ ਲੈਣੀ ਚਾਹੀਦੀ ਏ, ਜੋ ਅੱਬੂ ਦੀ ਸਾਬਕਾ ਸਹੇਲੀ ਹੈ ਤੇ ਜਦੋਂ ਇਹ ਪੂਰੀ ਜੁੰਡਲੀ ਇਕ ਐਲਬਮ ਨਾਲ ਜੁੜੀ ਹੋਏਗੀ ਤਾਂ ਲੋਕਾਂ ਮੂੰਹੋਂ ਆਪ ਮੁਹਾਰੇ ਨਿਕਲੇਗਾ ਕਿ ਸੱਚੀਂ ਪੰਜਾਬੀ ਗਾਇਕੀ ਬਹੁਤ ਅੱਗੇ ਨਿਕਲ ਗਈ ਏ।

ਸੁੱਖੇ ਦੀਆਂ ਪਹਿਲਾਂ ਤੇ ਹੁਣ ਵਾਲੀਆਂ ਗੱਲਾਂ ਲਗਭਗ ਇਕੋ ਜਿਹੀਆਂ ਹੀ ਨੇ। ਉਦੋਂ ਉਹ 'ਮਿੱਤਰਾਂ ਨੇ ਠੇਕਾ ਲੈ ਲਿਆ ਨੀਂ ਤੇਰੇ ਕਾਲਜ ਦੀ ਕੰਟੀਨ ਦਾ' ਗੀਤ ਗਾਉਂਦਾ ਹੁੰਦਾ ਸੀ, ਪਰ ਹੁਣ ਇੰਜ ਜਾਪਦੈ ਜਿਵੇਂ ਉਸ ਨੇ ਗੱਪਾਂ ਦਾ ਠੇਕਾ ਵੀ ਲੈ ਲਿਆ ਹੋਵੇ।

### ਦਲੇਰ ਦੀ ਮਹਿੰਦੀ ਦਾ ਰੰਗ 'ਪੰਜੇ' 'ਤੇ

ਦਲੇਰ ਮਹਿੰਦੀ ਜਦੋਂ ਦਾ ਗਾਉਣ ਲੱਗੈ, ਨਵੇਂ-ਨਵੇਂ ਵਿਸ਼ੇ ਕੱਢ ਲਿਆਉਂਦੈ। ਕਦੇ ਗੱਡੇ ਗਡੀਰੇ 'ਤੇ ਨਾ ਚੜ੍ਹਨ ਵਾਲੇ ਗੀਤ, ਕਦੇ ਗੁੱਡੀ ਹੋ ਗਈ ਬੋ-ਬੋ-ਬੋ ਤੇ ਕਦੇ ਇਹੋ ਜਿਹਾ ਹੀ ਕੋਈ ਹੋਰ। ਉਸ ਦੀ ਵਡਿਆਈ ਕਰਨ ਵਾਲੇ ਕਹਿੰਦੇ ਨੇ ਕਿ ਉਹਨੇ ਸਰਦਾਰੀ ਰੂਪ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਪੁਚਾਇਆ ਤੇ ਕਈ ਕਹਿੰਦੇ ਨੇ ਕਿ ਉਹਨੇ ਪੱਗ ਦੀ ਮਰਿਆਦਾ ਨੂੰ ਢਾਹ ਲਾਈ ਏ।

ਦਲੇਰ ਦੀ ਬਦਨਾਮੀ ਕਰਾਉਣ 'ਚ ਕਬੂਤਰਬਾਜ਼ੀ ਦੇ ਦੋਸ਼ਾਂ ਨੇ ਅਹਿਮ ਯੋਗਦਾਨ ਪਾਇਐ। ਇਕ ਵਾਰ ਉਸ ਨੇ ਦੋਸ਼ ਲਾਇਆ ਸੀ ਕਿ ਪੁਲਿਸ ਵਾਲਿਆਂ ਕਿਵੇਂ ਉਸ ਨਾਲ ਬਦਸਲੂਕੀ ਕੀਤੀ, ਜਿਸ ਦੀ ਚਰਚਾ ਅੱਜ ਵੀ ਹੁੰਦੀ ਰਹਿੰਦੀ ਏ। ਪਰ ਹੁਣ ਉਹ ਰਾਜਨੀਤਕ ਪੌੜੀ ਚੜ੍ਹਨ ਬਾਬਤ ਸੋਚ ਰਿਹੈ ਤੇ ਉਹ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਿਐ। ਉਹ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦੇ ਕਾਫੀ ਨੇੜੇ ਏ ਤੇ ਉਮੀਦ ਕੀਤੀ ਜਾ

(ਬਾਕੀ ਅਗਲੇ ਸਫੇ 'ਤੇ)

# ਵੰਡਾਓ ਵੇ ਕੋਈ ਦਰਦ ਧੀਆਂ ਦੇ ਦਰਦ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

"ਮੈਂ ਕਿਹਾ ਸੁਣੋ ਜੀ! ਸ਼ਾਮ ਨੂੰ ਥੋੜ੍ਹਾ ਜਲਦੀ ਘਰ ਆ ਜਾਇਓ, ਖੰਨੇ ਵਾਲਿਆਂ ਨੇ ਆਪਣੇ ਘਰ ਆਉਣੈ।" ਸਹਿਜ ਕੌਰ ਨੇ ਸਹਿਜ ਨਾਲ ਆਪਣੇ ਪਤੀ ਰਾਮ ਸਿੰਘ ਨੂੰ ਕਿਹਾ।

"ਉਹ ਪੰਜਾਬੋਂ ਮੁੜ ਆਏ?" ਰਾਮ ਸਿੰਘ ਨੇ ਪੈਰਾਂ ਨੂੰ ਰੋਕਦਿਆਂ ਪੁੱਛਿਆ।

"ਹਾਂ ਜੀ, ਪਿਛਲੇ ਐਤਵਾਰ ਹੀ ਆਏ ਨੇ।" ਸਹਿਜ ਕੌਰ ਨੇ ਰੋਟੀ ਵਾਲਾ ਬੈਗ ਫੜਾਉਂਦਿਆਂ ਕਿਹਾ।

"ਚੰਗਾ, ਆ ਜਾਊਂਗਾ", ਕਹਿ ਕੇ ਰਾਮ ਸਿੰਘ ਕੰਮ 'ਤੇ ਤੁਰ ਗਿਆ ਤੇ ਸਹਿਜ ਕੌਰ ਘਰ ਦੀ ਸਫ਼ਾਈ ਕਰਨ ਵਿਚ ਰੁੱਝ ਗਈ।

ਸ਼ਾਮ ਨੂੰ ਦਰਵਾਜ਼ੇ ਦੀ ਘੰਟੀ ਵੱਜਣ ਨਾਲ ਹੀ ਦੋਵਾਂ ਪਾਸਿਆਂ ਤੋਂ 'ਵਧਾਈਆਂ ਜੀ ਵਧਾਈਆਂ' ਹੋਣ ਲੱਗ ਗਈਆਂ। ਤਰਸੇਮ ਸਿੰਘ ਆਪਣੀ ਪਤਨੀ ਜੀਵਨ ਕੌਰ ਨਾਲ ਪਹੁੰਚ ਗਿਆ ਸੀ।

"ਹੋਰ ਸੁਣਾਓ ਤਰਸੇਮ ਸਿਆਂ, ਕਿਵੇਂ ਰਿਹਾ ਪੰਜਾਬ ਦਾ ਗੇੜਾ ਤੇ ਸ਼ਰਨੀ ਦਾ ਵਿਆਹ?" ਰਾਮ ਸਿੰਘ ਨੇ ਬੈਠਦਿਆਂ ਹੀ ਪੁੱਛ ਲਿਆ।

"ਬਾਈ ਜੀ! ਗੇੜਾ ਵੀ ਵਧੀਆ ਰਿਹਾ ਤੇ ਵਿਆਹ ਵੀ ਬਹੁਤ ਵਧੀਆ ਹੋ ਗਿਆ।" ਤਰਸੇਮ ਸਿੰਘ ਨੇ ਪਾਣੀ ਦਾ ਗਲਾਸ ਫੜਦਿਆਂ ਉਤਰ ਦਿੱਤਾ।

"ਭਾਜੀ! ਐਤਕੀਂ ਤਾਂ ਸਾਡਾ ਆਉਣ ਨੂੰ ਦਿਲ ਹੀ ਨਹੀਂ ਸੀ ਕਰਦਾ।" ਜੀਵਨ ਕੌਰ ਨੇ ਆਪਣੇ ਦਿਲ ਦੀ ਕਹਿ ਦਿੱਤੀ।

"ਸੱਚੀਂ ਭੈਣ ਜੀ!" ਸਹਿਜ ਕੌਰ ਨੇ ਰਸੋਈ ਵਿਚੋਂ ਹਾਜ਼ਰੀ ਲਵਾਈ।

"ਹੋਰ ਸੁਣਾਓ, ਸ਼ਰਨੀ ਦੇ ਸਹੁਰਿਆਂ ਬਾਰੇ। ਜਵਾਈ ਰਾਜਾ ਕੀ ਕਰਦੈ?" ਰਾਮ ਸਿੰਘ ਨੇ ਪੁੱਛਿਆ।

"ਜਵਾਈ ਰਾਜਾ ਬੀ.ਏ. ਦੇ ਆਖਰੀ ਸਾਲ ਵਿਚ ਪੜ੍ਹਦੈ। ਵੱਡਾ ਭਰਾ ਨੇਵੀ ਵਿਚ ਭਰਤੀ ਹੋਇਆ ਹੈ। ਇਕ ਭੈਣ ਐ, ਉਹ ਵੀ ਪੰਜਾਬ ਹੀ ਵਿਆਹੀ ਹੋਈ ਹੈ। ਛੋਟਾ ਪਰਿਵਾਰ ਹੈ।" ਤਰਸੇਮ ਸਿੰਘ ਨੇ ਦੱਸਿਆ।

"ਬਾਈ ਜੀ! ਸ਼ਰਨੀ ਦਾ ਰਿਸ਼ਤਾ ਇਥੋਂ ਕਿਸੇ ਨੇ ਕਰਵਾਇਆ ਹੈ ਜਾਂ ਕਿਸੇ ਨੇ ਪੰਜਾਬੋਂ ਹੀ?" ਰਾਮ ਸਿੰਘ ਨੇ ਫਿਰ ਪੁੱਛਿਆ।

"ਬਾਈ ਜੀ! ਸਾਡੇ ਪਿੰਡੇ ਦੇ ਪਰਜਾਪਤ ਖੱਚਰ ਰੇੜ੍ਹਿਆ 'ਤੇ ਸੌਦਾ-ਪੱਤਾ ਰੱਖ ਕੇ ਪਿੰਡਾਂ ਵਿਚ ਵੇਚਣ ਜਾਂਦੇ ਨੇ। ਇਨ੍ਹਾਂ ਸਾਰਿਆਂ ਨੇ ਆਪਸ ਵਿਚ ਪਿੰਡ ਵੰਡੇ ਹੋਏ ਨੇ ਤੇ ਇਹ ਇਕ-ਦੂਜੇ ਦੇ ਪਿੰਡ ਸੌਦਾ ਵੇਚਣ ਨਹੀਂ ਜਾਂਦੇ। ਸਾਰਾ ਸਾਮਾਨ ਮੰਡੀਉਂ ਥੋਕ ਦੇ ਭਾਅ ਮੰਗਾ ਲੈਂਦੇ ਆ। ਫਿਰ ਇਹ ਪਿੰਡ ਦੀਆਂ ਦੁਕਾਨਾਂ ਨਾਲੋਂ ਵੀ ਸੌਦਾ ਸਸਤਾ ਵੇਚਦੇ ਆ। ਪਿੰਡ ਵਿਚਲੇ ਘਰਾਂ ਨਾਲ ਇਨ੍ਹਾਂ ਦਾ ਨਕਦ-ਉਧਾਰ ਦਾ ਪੱਕਾ ਰਿਸ਼ਤਾ ਬਣਿਆ ਹੋਇਐ। 'ਪਹਿਲਾ ਉਧਾਰ ਮੋੜ ਕੇ ਦੁਬਾਰਾ ਸੌਦਾ ਲੈ ਲਵੋ' ਵਾਲੀ ਇਨ੍ਹਾਂ ਦੇ ਵਪਾਰ ਦੀ ਪਹਿਲੀ ਸ਼ਰਤ ਹੈ। ਲੋਕ ਇੰਜ ਕਰ ਕੇ ਵੀ ਖੁਸ਼ ਹੋ ਜਾਂਦੇ ਹਨ। ਇਨ੍ਹਾਂ ਨੂੰ ਹਰ ਘਰ ਦੀ ਆਰਥਕ ਮੰਦਹਾਲੀ ਦਾ ਵੀ ਪਤਾ ਹੁੰਦਾ ਤੇ ਸਰਦੇ-ਪੁੱਜਦੇ ਘਰਾਂ ਦਾ ਗੂੜ੍ਹਾ ਗਿਆਨ ਵੀ। ਪਿਛਲੇ ਸਾਲ ਜਦੋਂ ਅਸੀਂ ਪਿੰਡ ਗਏ, ਤਾਂ ਅਸੀਂ ਅਖੰਡ ਪਾਠ ਵਾਸਤੇ ਸਾਰਾ ਸੌਦਾ-ਪੱਤਾ, ਸਬਜ਼ੀਆਂ ਵਗੈਰਾ ਤੇ ਹੋਰ ਸਾਮਾਨ ਪਿੰਡ ਦੇ ਜਿੰਦੂ ਪਰਜਾਪਤ ਤੋਂ ਮੰਗਾਇਆ ਸੀ। ਜਿੰਦੂ ਘਰ ਆਉਂਦਾ-ਜਾਂਦਾ ਰਹਿੰਦਾ ਸੀ। ਫਿਰ ਇਕ ਦਿਨ ਮੈਂ ਕਿਹਾ, "ਜਿੰਦਰਾ! ਕੋਈ ਮੁੰਡਾ ਦੱਸ ਆਪਣੀ ਸ਼ਰਨ ਕੌਰ ਵਾਸਤੇ।"

"ਤਾਇਆ ਜੀ, ਮੁੰਡਾ ਤਾਂ ਹੈ ਮੇਰੀ ਨਿਗ੍ਹਾ ਵਿਚ ਜੇ ਉਹ ਵਿਆਹ ਕਰਨ ਵਾਸਤੇ ਰਾਜ਼ੀ ਹੋਣ ਤਾਂ ...।" ਜਿੰਦੂ ਨੇ ਥੋੜ੍ਹਾ ਸੋਚਦਿਆਂ ਹੋਇਆਂ ਦੱਸਿਆ।

"ਜਿੰਦਰਾ! ਤੂੰ ਪਤਾ ਕਰ ਕੇ ਜ਼ਰੂਰੀ ਦੱਸੀ", ਮੈਂ ਕਿਹਾ।

ਆਪਣੀ ਗੱਲ ਜਾਰੀ ਰੱਖਦਿਆਂ ਤਰਸੇਮ ਸਿੰਘ ਨੇ ਦੱਸਿਆ, "ਫਿਰ ਦੋ-ਤਿੰਨ ਦਿਨਾਂ ਬਾਅਦ ਜਿੰਦੂ ਨੇ ਮੁੰਡੇ ਤੇ ਘਰਦਿਆਂ ਬਾਰੇ ਸਾਰੀ ਜਾਣਕਾਰੀ ਲਿਆ ਦਿੱਤੀ। ਦੋ ਭਰਾ ਨੇ, ਇਕ ਭੈਣ ਹੈ। ਇਹ ਮੁੰਡਾ ਇਕੱਲਾ ਵਿਆਹੁਣ ਵਾਲਾ ਰਹਿੰਦਾ ਹੈ। ਬਾਰਾਂ ਕਿੱਲੇ ਜ਼ਮੀਨ ਆਉਂਦੀ ਹੈ। ਮੁੰਡੇ ਦਾ ਬਾਪ ਆਪ ਦੋ ਸਾਂਝੀ ਰੱਖ ਕੇ ਤੀਹ ਕਿੱਲੇ ਦੀ ਖੇਤੀ ਕਰਦਾ ਹੈ। ਦਸ ਮੱਝਾਂ ਤੇ ਪੰਜ ਗਾਂਵਾਂ ਰੱਖੀਆਂ ਹਨ। ਦੋ ਵਕਤ ਦੁੱਧ ਪਾਉਂਦੇ ਹਨ। ਮੁੰਡੇ ਦੀ ਮਾਂ ਘਰੇ ਹੀ ਕੰਮ-ਕਾਜ ਕਰਦੀ ਹੈ। ਪਿੰਡ ਵਿਚ ਕਿਸੇ ਨਾਲ ਕੋਈ ਲੜਾਈ ਝਗੜਾ ਨਹੀਂ; ਵੱਡੀ ਗੱਲ ਘਰ ਵਿਚ ਕੋਈ ਨਸ਼ਾ-ਪੱਤਾ ਵੀ ਨਹੀਂ ਕਰਦਾ। ਮੁੰਡਾ ਸੋਹਣਾ-ਸੁਨੱਖਾ ਹੈ। ਹਲਕੀ ਜਿਹੀ ਦਾੜ੍ਹੀ ਰੱਖਦਾ ਤੇ ਸੋਹਣੀ ਪੱਗ ਬੰਨ੍ਹਦਾ। ਰੰਗ ਦਾ ਗੋਰਾ ਹੈ।... ਜਿੰਦੂ ਨੇ ਜੋ ਕੁਝ ਦੱਸਿਆ, ਸਾਡੇ ਲਈ ਕਾਫੀ ਸੀ। ਜੀਵਨ ਕੌਰ ਨਾਲ ਰਾਏ ਲਾ ਕੇ ਆਪਣੇ ਸਾਂਢੂ ਤੇ ਸਾਲੇ ਨੂੰ ਨਾਲ ਲੈ ਕੇ ਅਸੀਂ ਮੁੰਡਾ ਦੇਖਣ ਚਲੇ ਗਏ। ਜੋ ਕੁਝ ਜਿੰਦੂ ਨੇ ਦੱਸਿਆ ਸੀ, ਉਸੇ ਤਰ੍ਹਾਂ ਹੀ ਮੁੰਡੇ ਦੇ ਬਾਪ ਨੇ ਦੱਸਿਆ। ਰਹਿਣ ਲਈ ਕੋਠੀ ਵੱਖਰੀ ਪਾਈ ਹੋਈ ਸੀ ਤੇ ਪਸ਼ੂਆਂ ਲਈ ਥਾਂ ਵੱਖਰਾ। ਪਰਿਵਾਰ ਦੀ ਸਾਦਗੀ ਤੇ ਮਾਹੌਲ ਦੇਖ ਕੇ ਮੈਂ ਹੈਰਾਨ ਹੋ ਗਿਆ। ਮੁੰਡਾ ਸਾਂਝੀ ਨਾਲ ਮੱਝਾਂ ਨੁਹਾ ਰਿਹਾ ਸੀ। ਮੱਝਾਂ ਤੇ ਗਾਂਵਾਂ ਦੀ ਸਾਂਭ-ਸੰਭਾਲ ਦੇਖ ਕੇ ਪਤਾ ਲੱਗ ਗਿਆ ਕਿ ਪਰਿਵਾਰ ਹੱਥੀਂ ਮਿਹਨਤ ਕਰਨ ਵਿਚ ਯਕੀਨ ਰੱਖਦਾ ਹੈ। ਮੁੰਡੇ ਨਾਲ ਚਾਰ ਗੱਲਾਂ ਕਰ ਕੇ ਅਸੀਂ ਸਾਰਿਆਂ ਨੇ ਰਾਏ ਲਾਈ ਕਿ ਗੱਲ ਅਗਾਂਹ ਤੋਰੀ ਜਾਵੇ।

ਫਿਰ ਇਕ ਦਿਨ ਅਸੀਂ ਮੁੰਡੇ ਤੇ ਸ਼ਰਨ ਕੌਰ ਨੂੰ ਮਿਲਾ ਦਿੱਤਾ। ਇਨ੍ਹਾਂ ਨੇ ਆਪਸ ਵਿਚ ਗੱਲਬਾਤ ਕੀਤੀ। ਦੋਵਾਂ ਦੀ 'ਹਾਂ' ਤੋਂ ਬਾਅਦ ਅਸੀਂ ਸ਼ਗਨ ਦਾ ਦਿਨ ਤੈਅ ਕਰ ਲਿਆ। ਪੁਰਾਣੇ ਰੀਤੀ-ਰਿਵਾਜ਼ਾਂ ਮੁਤਾਬਕ ਉਨ੍ਹਾਂ ਨੇ ਮੰਗਣੇ ਦਾ ਪ੍ਰੋਗਰਾਮ ਘਰ ਹੀ ਰੱਖਿਆ। ਲਫਾਫਿਆਂ ਵਿਚ ਪਤਾਸੇ ਤੇ ਲੱਡੂ ਪਾ ਕੇ ਵੰਡੇ। ਮੰਗਣੇ 'ਤੇ ਸਿਰਫ਼ ਇਕ ਰੁਪਏ ਲਿਆ। ਕਿਸੇ ਨੂੰ ਕੋਈ ਵੀ ਛਾਪ ਜਾਂ ਟੂਮ-ਛੱਲਾ ਨਹੀਂ ਪੁਆਇਆ। ਪੂਰੇ ਸ਼ਗਨਾਂ ਨਾਲ ਸਾਦਾ ਮੰਗਣਾ ਕਰ ਕੇ ਅਸੀਂ ਵਾਪਸ ਆ ਗਏ। ਫਿਰ ਐਤਕੀਂ ਜਿੰਦੂ ਨੇ ਉਨ੍ਹਾਂ ਨਾਲ ਰਾਏ ਲਾ ਕੇ ਵਿਆਹ ਦੇ ਦਿਨ ਪੱਕੇ ਕਰ ਦਿੱਤੇ ਤੇ ਹੁਣ ਅਸੀਂ ਜਾ ਕੇ ਵਿਆਹ ਕਰ ਆਏ ਹਾਂ।"

"ਭਾਜੀ! ਵਿਆਹ ਵੀ ਸਾਦਾ ਕੀਤਾ ਕਿ ਨਵੇਂ ਜ਼ਮਾਨੇ ਵਰਗਾ?" ਸਹਿਜ ਕੌਰ ਨੇ ਚਾਹ ਵਾਲੇ ਗਲਾਸ ਚੁੱਕਦਿਆਂ ਪੁੱਛਿਆ।

"ਭੈਣ ਜੀ! ਸਾਰਾ ਮੇਲ ਘਰ ਸੱਦਿਆ, ਦੋ ਦਿਨ ਸਭ ਨੂੰ ਰੱਖਿਆ। ਨਿਆਈਂ ਵਾਲੇ ਖੇਤ ਵਿਚ ਚਾਨਣੀਆਂ, ਕਨਾਤਾਂ ਲਾ ਕੇ ਸਾਰਾ ਕਾਰਜ ਉਥੇ ਹੀ ਸੰਪੂਰਨ ਕੀਤਾ। ਸਾਰੇ ਪੁਰਾਣੇ ਰਿਵਾਜ਼ ਦੁਹਰਾ ਦਿੱਤੇ। ਨਵੇਂ ਜ਼ਮਾਨੇ ਦੇ ਮੁੰਡੇ-ਕੁੜੀਆਂ ਦੇਖ ਕੇ ਹੈਰਾਨ ਹੁੰਦੇ ਕਹਿੰਦੇ ਕਿ 'ਅਸੀਂ ਵੀ ਆਪਣੇ ਵਿਆਹ ਇੰਜ ਹੀ ਕਰਵਾਉਣੇ ਨੇ।' ਤੁਸੀਂ ਸੱਚ ਜਾਣਿਓਂ! ਜਿੰਨਾ ਪੈਸਾ ਇਕੱਲੇ ਮੈਰਿਜ ਪੈਲੇਸ 'ਤੇ ਲੱਗਣਾ ਸੀ, ਉਨੇ ਪੈਸਿਆਂ ਨਾਲ ਸਾਰਾ ਵਿਆਹ ਹੋ ਗਿਆ। ਸ਼ਰਨ ਕੌਰ ਤੇ ਉਦੈ ਸਿੰਘ (ਜਵਾਈ ਰਾਜਾ) ਦੋਵੇਂ ਪੂਰੇ ਖੁਸ਼। ਅਸੀਂ ਤਾਂ ਪੁਰਾਣੇ ਜ਼ਮਾਨੇ ਵਾਂਗ ਵਿਆਹ ਦੇ ਦਿਨ ਵੀ ਪਰਜਾਪਤ ਰਾਹੀਂ ਰੱਖੇ ਸਨ। ਆਹ ਪਿਛਲੇ ਵੀਹ ਦਿਨ ਅਸੀਂ ਸ਼ਰਨ ਕੌਰ ਦੇ ਸਹੁਰੀਂ ਰਹੇ। ਸ਼ਰਨੀ ਦੀ ਸੱਸ ਸਵੇਰੇ ਉਠ ਕੇ ਦੁੱਧ ਰਿੜਕਦੀ। ਤਾਜ਼ੀ ਮੱਖਣੀ ਤਾਜ਼ੀ ਲੱਸੀ। ਸਵੇਰਿਉਂ ਵੇਸਣ ਵਾਲੀਆਂ ਰੋਟੀਆਂ। ਘਰ ਦੀ ਤਾਜ਼ਾ ਸਬਜ਼ੀ। ਦੋ ਵੇਲੇ ਜਾਨਵਰਾਂ ਨੂੰ ਵਿਹੜੇ 'ਚ ਦਾਣੇ ਪਾਉਂਦੇ ਨੇ। ਹਰ ਤਰ੍ਹਾਂ ਦਾ ਪੰਛੀ ਵਿਹੜੇ ਵਿਚ ਦਾਣਾ ਚੁਗ ਕੇ ਜਾਂਦਾ ਹੈ। ਦੋਵੇਂ ਵੇਲੇ ਹੀ ਜਨਵਾਰਾਂ ਲਈ ਤਾਜ਼ਾ ਪਾਣੀ ਪਾ ਕੇ ਰੱਖਿਆ ਜਾਂਦਾ ਹੈ। ਜੇ ਕੋਈ ਕਹੇ, ਮੈਂ ਰੱਬ ਦਾ ਵਾਸਾ ਦੇਖਣਾ ਹੈ; ਉਹ ਸ਼ਰਨ ਕੌਰ ਦੇ ਸਹੁਰੀਂ ਦੇਖ ਸਕਦੈ।" ਜੀਵਨ ਕੌਰ ਨੇ ਖੁਸ਼ੀ-ਖੁਸ਼ੀ ਵਿਆਹ ਤੇ ਸਹੁਰਿਆਂ ਦੀ ਸਾਰੀ ਮੂਵੀ ਬੋਲ ਕੇ ਸੁਣਾ ਦਿੱਤੀ।

"ਤਰਸੇਮ ਸਿਆਂ! ਚੰਗੇ ਮੁੰਡੇ ਤੇ ਚੰਗੇ ਖਾਨਦਾਨ ਨਹੀਂ ਲੱਭਦੇ।... ਤੇ ਮਾੜੇ ਲੱਭਣ ਦੀ ਲੋੜ ਨਹੀਂ ਪੈਂਦੀ। ਉਹ ਆਪ ਘੇਰ ਕੇ ਆਉਂਦੇ ਨੇ।" ਰਾਮ ਸਿੰਘ ਨੇ ਆਪਣੀ ਦਿਲ ਦੀ ਚੀਸ ਬੁੱਲ੍ਹਾਂ ਵਿਚ ਘੁੱਟਦਿਆਂ ਮਸਾਂ ਗੱਲ ਸਿਰੇ ਲਾਈ।

"ਭਾਜੀ! ਘਰ-ਬਾਰ ਵੀ ਕਰਮਾਂ ਨਾਲ ਮਿਲਦੇ ਆ। ਆਹ ਸਾਡੇ ਵੱਲ ਦੇਖ ਲਵੋ। ਕਰਮੀ ਨੂੰ ਬਥੇਰਾ ਕਿਹਾ ਸੀ ਕਿ ਚੱਲ ਤੇਰਾ ਵਿਆਹ ਇੰਡੀਆ ਜਾ ਕੇ ਕਰ ਆਉਂਦੇ ਹਾਂ, ਪਰ ਇਹ ਨਾ ਮੰਨੀ। ਮੁੜ-ਮੁੜ ਕਹੇ, ਮੈਂ ਵਿਆਹ ਇਥੇ ਹੀ ਕਰਵਾਉਣਾ।" ਸਹਿਜ ਕੌਰ ਨੇ ਆਪਣੀ ਧੀ ਦੀ ਦਰਦਾਂ ਭਰੀ ਗੰਢ ਖੋਲ੍ਹਦਿਆਂ ਕਿਹਾ।

"ਭੈਣ ਜੀ! ਹੁਣ ਉਹ ਕੀ ਕਹਿੰਦੈ।" ਜੀਵਨ ਕੌਰ ਦਾ ਇਸ਼ਾਰਾ ਕਰਮੀ ਦੇ ਘਰ ਵਾਲੇ ਗੈਰੀ ਵੱਲ ਸੀ।

"ਭੈਣ ਜੀ, ਉਹਨੂੰ ਤਾਂ ਗਰੀਨ ਕਾਰਡ ਚਾਹੀਦਾ ਸੀ, ਉਹ ਉਹਨੂੰ ਮਿਲ ਗਿਆ... ਤੇ ਕਰਮੀ ਨੂੰ ਛੱਡ ਗਿਆ।" ਸਹਿਜ ਕੌਰ ਨੇ ਧੀ ਨਾਲ ਹੋਏ ਧੋਖੇ ਬਾਰੇ ਦੱਸਿਆ।

"ਭੈਣ ਜੀ, ਤੁਸੀਂ ਕਰਮੀ ਦੇ ਵਿਚੋਲੇ ਨਾਲ ਗੱਲ ਕਰੋ।" ਤਰਸੇਮ ਸਿੰਘ ਨੇ ਕਿਹਾ।

"ਭਾਜੀ! ਝੱਗਾ ਚੁੱਕਿਆਂ ਆਪਣਾ ਢਿੱਡ ਹੀ ਨੰਗਾ ਹੁੰਦਾ। ਦਰਅਸਲ ਗੈਰੀ ਆਪਣੀ ਕਰਮੀ ਨਾਲ ਹੀ ਪੜ੍ਹਦਾ ਸੀ। ਇੰਡੀਆ ਤੋਂ ਪੜ੍ਹਾਈ ਵਾਲਾ ਵੀਜ਼ਾ ਲੈ ਕੇ ਆਇਆ ਸੀ। ਇਸ ਕਮਲੀ ਕਰਮੀ ਨੂੰ ਉਸ ਦੀ ਚਾਲ ਸਮਝ ਨਾ ਆਈ। ਇਥੇ ਦੇ ਜੰਮੇ-ਪਲੇ ਬੱਚਿਆਂ ਨੂੰ ਬਹੁਤੀ ਚੁਸਤੀ-ਚਲਾਕੀ ਨਹੀਂ ਆਉਂਦੀ। ਦਿਲ ਦੇ ਸਾਫ਼ ਹੋਣ ਕਰ ਕੇ ਇੰਡੀਆ ਵਾਲੇ ਇਨ੍ਹਾਂ ਦਾ ਗਲਤ ਫਾਇਦਾ ਉਠਾ ਜਾਂਦੇ ਆ। ਇਸੇ ਤਰ੍ਹਾਂ ਹੀ ਕਰਮੀ ਨਾਲ ਹੋਈ। ਉਹ ਉਸ ਦੀਆਂ ਮਿੱਠੀਆਂ ਤੇ ਚਾਲਪੂਸ ਗੱਲਾਂ ਨੂੰ ਪਿਆਰ ਸਮਝ ਬੈਠੀ। ਕਰਮੀ ਚੌਵੀ ਸਾਲ ਦੀ ਹੋਈ ਤਾਂ ਅਸੀਂ ਇੰਡੀਆ ਮੁੰਡਾ ਲੱਭਣ ਲਈ ਆਪਣੇ ਭਰਾਵਾਂ ਨੂੰ ਕਿਹਾ। ਉਨ੍ਹਾਂ ਨੇ ਕਈ ਥਾਂਈਂ ਦੱਸ ਵੀ ਪਾਈ, ਪਰ ਇਹ ਨਾ ਮੰਨੀ। ਅਖੀਰ ਕੱਛ 'ਚੋਂ ਮੂੰਗਲਾ ਕੱਢ ਕੇ ਸਾਡੇ ਸਿਰ ਵਿਚ ਮਾਰਿਆ ਕਿ 'ਮੈਂ ਤਾਂ ਗੈਰੀ ਨਾਲ ਹੀ ਵਿਆਹ ਕਰਵਾਉਣਾ।' ਅਸੀਂ ਪਹਿਲਾਂ ਤਾਂ ਮੰਨੇ ਨਾ, ਫਿਰ ਇਹਨੂੰ ਅਸੀਂ ਕਿਹਾ ਕਿ ਮੁੰਡੇ ਦਾ ਅੱਗਾ-ਪਿੱਛਾ ਦੇਖ ਲਈਏ। ਅਸੀਂ ਗੈਰੀ ਦੇ ਪਿੰਡੋਂ ਸਾਰਾ ਕੁਝ ਪਤਾ ਕੀਤਾ। ਸਾਨੂੰ ਚੰਗੀਆਂ ਖ਼ਬਰਾਂ ਨਾ ਮਿਲੀਆਂ। ਗੈਰੀ ਦਾ ਪਿਉ ਦਾਦਾ ਘਰ ਦੀ ਸ਼ਰਾਬ ਕੱਢ ਕੇ ਵੇਚਦੇ ਸੀ। ਥਾਣੇ ਕੋਰਟ-ਕਚਿਹਰੀਆਂ ਤਾਂ ਉਨ੍ਹਾਂ ਲਈ ਛਪਾਰ ਦੇ ਮੇਲੇ ਬਰਾਬਰ ਸਨ। ਗੈਰੀ ਦੇ ਬਾਪ ਦਾ ਤਾਂ ਵਿਆਹ ਵੀ ਨਹੀਂ ਸੀ ਹੋਇਆ, ਉਹ ਗੈਰੀ ਦੀ ਮਾਂ ਨੂੰ ਕੱਢ ਕੇ ਲਿਆਇਆ ਸੀ। ਦਾਦਾ ਪਾਪਾਂ ਦਾ ਭਰਿਆ ਜੀਵਨ, ਖੁਦਕਸ਼ੀ ਕਰ ਕੇ ਪੂਰਾ ਕਰ ਗਿਆ ਸੀ। ਗੈਰੀ ਦੇ ਬਾਪ ਨੇ ਆਪਣੇ ਧੰਦੇ ਨੂੰ ਫਿਰ ਠੇਕਿਆਂ ਵਿਚ ਬਦਲ ਲਿਆ। ਲੋਕਾਂ ਦੇ ਪੁੱਤ ਨਸ਼ਿਆਂ ਦੇ ਆਦੀ ਬਣਾ ਕੇ ਆਪਣੇ ਪੁੱਤ ਨੂੰ ਇਸ ਦਲਦਲ ਤੋਂ ਬਚਾਉਣ ਲਈ ਪੜ੍ਹਾਈ ਵਾਲੇ ਵੀਜ਼ੇ 'ਤੇ ਇਥੇ ਭੇਜ ਦਿੱਤਾ। ਨਸ਼ਿਆਂ ਦੀ ਖੱਟੀ 'ਚੋਂ ਗੈਰੀ ਨੂੰ ਖਰਚਾ ਭੇਜਦਾ ਰਿਹਾ। ਕਰਮੀ, ਗੈਰੀ ਦੀ ਚਮਕ-ਦਮਕ ਤੇ ਫਿਰ ਜਾਲ ਵਿਚ ਫਸ ਗਈ।"

ਅੱਖਾਂ ਵਿਚ ਆਏ ਅੱਥਰੂ ਪੱਲੇ ਨਾਲ ਪੂੰਝਦਿਆਂ ਸਹਿਜ ਕੌਰ ਦੱਸਣ ਲੱਗੀ, "ਗੈਰੀ ਦੇ ਪਿੰਡੋਂ ਮਿਲੀਆਂ ਖ਼ਬਰਾਂ ਜਦ ਕਰਮੀ ਨੂੰ ਸੁਣਾਈਆਂ ਤਾਂ ਉਹ ਵੀ ਟੱਸ ਤੋਂ ਮੱਸ ਨਾ ਹੋਈ। ਉਹ ਕਹਿੰਦੀ, 'ਮੈਨੂੰ ਗੈਰੀ ਪਸੰਦ ਹੈ, ਉਹਦੇ ਨਾਲ ਹੀ ਵਿਆਹ ਕਰਵਾਉਣਾ। ਮੈਨੂੰ ਉਹਦੇ ਖਾਨਦਾਨ ਨਾਲ ਕੋਈ ਫਰਕ ਨਹੀਂ ਪੈਂਦਾ ...।' ਕੁੜੀ ਆਪਣੀ ਜ਼ਿਦ 'ਤੇ ਅੜੀ ਰਹੀ। ਅਸੀਂ ਆਪਣੀ ਜ਼ਿਦ ਪੁਗਾਉਣੀ ਚਾਹੀ, ਪਰ ਕਰਮੀ ਵੀਹ ਕਦਮ ਅੱਗੇ ਨਿਕਲ ਗਈ। ਉਸ ਨੇ ਕਹਿ ਦਿੱਤਾ ਕਿ 'ਮੈਂ ਤਾਂ ਦੋ ਮਹੀਨੇ ਦੀ ਗਰਭਵਤੀ ਹਾਂ, ਗੈਰੀ ਦੇ ਬੱਚੇ ਨੂੰ ਜਨਮ ਦੇਣਾ ਹੈ।' ਕਰਮੀ ਦੇ ਮੂੰਹੋਂ ਇਹ ਸੁਣ ਕੇ ਮੈਂ ਤਾਂ ਬਰਫ ਬਣ ਗਈ। ਇਨ੍ਹਾਂ ਨੂੰ ਦੱਸਿਆ, ਇਹ ਕਹਿਣ, 'ਮੈਂ ਇਹਨੂੰ ਮਾਰ ਦੇਣਾ।' ਮਸਾਂ ਜਾ ਕੇ ਇਨ੍ਹਾਂ ਨੂੰ ਟਿਕਾਇਆ। ਫਿਰ ਗੈਰੀ ਨੂੰ ਘਰ ਸੱਦ ਕੇ ਗੱਲ ਕੀਤੀ। ਇਕ ਹਫ਼ਤੇ ਦਾ ਵਿਆਹ ਰੱਖ ਦਿੱਤਾ। ਤਾਹੀਉਂ ਤਾਂ ਜ਼ਿਆਦਾ ਇਕੱਠ ਨਹੀਂ ਸੀ ਕੀਤਾ।... ਫਿਰ ਜਦੋਂ ਕਰਮੀ ਨੇ ਵਿਆਹ ਤੋਂ ਸੱਤਵੇਂ ਮਹੀਨੇ ਕੁੜੀ ਜੰਮੀ ਤਾਂ ਅਸੀਂ ਆਪਣੀ ਧੀ ਦੀ ਕਰਤੂਤ 'ਤੇ ਪਰਦਾ ਪਾਇਆ ਕਿ ਕੁੜੀ ਸਤਮਾਹੀਂ ਹੋਈ ਹੈ।" "ਫਿਰ ਤੁਸੀਂ ਗੈਰੀ ਦੇ ਬਾਪ ਨਾਲ ਗੱਲ ਕਰਨੀ ਸੀ।" ਤਰਸੇਮ ਸਿੰਘ ਨੇ ਕਿਹਾ।

"ਬਾਈ ਜੀ! ਉਸ ਨਾਲ ਵੀ ਗੱਲ ਕੀਤੀ ਸੀ, ਉਹ ਅੱਗਿਉਂ ਕਹਿੰਦਾ ਕਿ ਅਮਰੀਕਾ ਵਿਚ ਵਿਆਹ ਤੇ ਤਲਾਕ ਕੋਈ ਵੱਡੀ ਗੱਲ ਨਹੀਂ। ਤੁਸੀਂ ਵੀ ਤਲਾਕ ਲੈ ਲਵੋ, ਜੇ ਕੁੜੀ ਮੁੰਡੇ ਦੀ ਨਹੀਂ ਬਣਦੀ।"

"ਹੁਣ ਗੈਰੀ ਕਿੱਥੇ ਰਹਿੰਦੈ?" ਜੀਵਨ ਕੌਰ ਨੇ ਪੁੱਛਿਆ।

"ਭੈਣ ਜੀ! ਕਰਮੀ ਤੇ ਉਸ ਦੀ ਧੀ ਸਾਡੇ ਕੋਲ ਰਹਿੰਦੀਆਂ ਨੇ, ਤੇ ਗੈਰੀ ਦਾ ਕੋਈ ਪਤਾ ਨਹੀਂ। ਕਰਮਾਂ ਮਾਰੀ ਦੀ ਪੜ੍ਹਾਈ ਦੀ ਲੜੀ ਵੀ ਵਿਚਕਾਰੋਂ ਟੁੱਟ ਗਈ ਸੀ। ਗ੍ਰਿਹਸਥੀ ਦੀ ਗੱਡੀ ਵੀ ਲੀਹੋਂ ਉਤਰ ਗਈ। ਜਿਸ ਪੇਟੋਂ ਜਨਮੀ ਸੀ, ਉਸ ਨਾਲ ਹੀ ਲੱਗ ਕੇ ਰੋਂਦੀ ਰਹਿੰਦੀ ਹੈ। ਧੀਆਂ ਜੰਮਣੀਆਂ ਤੇ ਵਿਆਹੁਣੀਆਂ ਔਖੀਆਂ ਨਹੀਂ, ਪਰ ਧੀਆਂ ਦੇ ਆਹ ਦੁੱਖ ਝੱਲਣੇ ਬੜੇ ਔਖੇ ਨੇ। ਮੈਂ ਤਾਂ ਕਹਿੰਨੀ ਆਂ ਕਿ ਵਾਹਿਗੁਰੂ ਧੀ ਦੇਈਂ, ਪਰ ਨਾਲ ਨਸੀਬ ਵੀ ਚੰਗੇ ਲਿਖ ਦੇਈਂ।" ਸਹਿਜ ਕੌਰ ਦੇ ਅੱਥਰੂ ਸਾਉਣ ਦੀ ਝੜੀ ਬਣ ਗਏ ਸਨ।

"ਭੈਣ ਜੀ! ਚਲੋ ਮਨ ਨਾ ਖਰਾਬ ਕਰੋ, ਜੇ ਗੱਲ ਮੁੱਕਦੀ ਐ ਤਾਂ ਮੁਕਾ ਲਵੋ। ਆਪਾਂ ਫਿਰ ਕੋਈ ਹੋਰ ਮੁੰਡਾ ਲੱਭ ਕੇ ਕਰਮੀ ਨੂੰ ਤੋਰ ਦੇਵਾਂਗੇ।" ਜੀਵਨ ਕੌਰ ਨੇ ਦਿਲਾਸਾ ਦਿੱਤਾ।

"ਬਾਈ ਜੀ! ਜਿਹੜੀ ਔਲਾਦ ਮਾਪਿਆਂ ਦੀ ਪੈੜ ਵਿਚ ਪੈਰ ਰੱਖਦੀ ਹੈ, ਉਹ ਆਪਣੀ ਮੰਜ਼ਿਲ ਤੋਂ ਭਟਕਦੀ ਨਹੀਂ; ਸਗੋਂ ਮੰਜ਼ਿਲ 'ਤੇ ਪਹੁੰਚ ਕੇ ਖੁਸ਼ੀਆਂ ਦੇ ਜੈਕਾਰੇ ਲਾਉਂਦੀ ਹੈ।" ਤਰਸੇਮ ਸਿੰਘ ਨੇ ਉਠਦਿਆਂ ਫਤਿਹ ਬੁਲਾਈ।

## ਸੁੱਖਾ ਦਿੱਲੀ ਵਾਲਾ

ਰਹੀ ਏ ਕਿ ਉਹ ਇਸੇ ਸਾਲ ਦਿੱਲੀ 'ਚ ਹੋਣ ਵਾਲੀਆਂ ਵਿਧਾਨ ਸਭਾ ਜਾਂ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਲੜੇਗਾ ਤੇ ਜੇ ਉਹ ਚੋਣ ਲੜਦਾ ਏ ਤਾਂ ਭਵਿੱਖੀ ਨਤੀਜਾ ਕੀ ਹੋਵੇਗਾ, ਇਸ ਪ੍ਰਸੰਗ ਵਿਚ ਨਾ ਵੀ ਜਾਈਏ ਤਾਂ ਵੀ ਕਈ ਸਵਾਲ ਜ਼ਿਹਨ 'ਚ ਆ ਜਾਂਦੇ ਨੇ। ਦਿੱਲੀ ਪਿਛਲੇ ਕੁਝ ਸਮੇਂ ਬਲਾਤਕਾਰਾਰੀਆਂ ਦੀ ਨਗਰੀ ਵਜੋਂ ਚਰਚਾ 'ਚ ਹੈ ਤੇ ਇਥੋਂ ਦੀ ਲੀਡਰਸ਼ਿਪ 'ਤੇ ਇਹੀ ਇਲਜ਼ਾਮ ਲੱਗਦੇ ਨੇ ਕਿ ਇਹਦੇ ਵੱਲੋਂ ਔਰਤਾਂ ਦੀ ਸੁਰੱਖਿਆ ਲਈ ਕੋਈ ਕਦਮ ਨਹੀਂ ਚੁੱਕੇ ਜਾ ਰਹੇ। ਸੜਕਾਂ ਤੋਂ ਸੰਸਦ ਤੱਕ ਰੌਲਾ ਰੱਪਾ ਬਥੇਰਾ ਪੈਂਦੈ, ਪਰ ਮਾਮਲਾ ਉਥੇ ਦਾ ਉਥੇ ਹੀ ਖੜ੍ਹੈ। ਇਸ ਹਾਲਤ ਵਿਚ ਜੇ ਦਲੇਰ ਵਰਗਾ ਬੰਦਾ ਜਿੱਤ ਵੀ ਜਾਂਦੈ ਤਾਂ ਔਰਤਾਂ ਦੀ ਸੁਰੱਖਿਆ ਲਈ ਕਿਹੋ ਜਿਹੀ ਸੋਚ ਰੱਖੇਗਾ, ਇਹ ਗੱਲ ਸਵਾਲ ਪੈਦਾ ਕਰਦੀ ਏ।

ਜਿਹੜਾ ਬੰਦਾ ਖੁਦ 'ਸ਼ੀਲਾ ਹੋ ਜਾਂ ਮੁੰਨੀ, ਹਮ ਤੋ ਲੇਂਗੇ ਚੁੰਮੀ' ਵਰਗੇ ਗੀਤ ਗਾਉਂਦਾ ਰਿਹਾ ਹੋਵੇ, ਜਿਸ ਪਿੱਛੇ ਨੱਚਦੀਆਂ ਮਾਡਲ ਕੁੜੀਆਂ ਦੇ ਡੇਢ-ਡੇਢ ਗਿੱਠ ਕੱਪੜੇ ਪਹਿਨੇ ਹੋਣ, ਉਹ ਜਿੱਤਣ ਮਗਰੋਂ ਸੂਬੇ ਵਿਚ ਔਰਤਾਂ ਦੇ ਹੱਕਾਂ ਦੀ ਰਾਖੀ ਤੇ ਇਨ੍ਹਾਂ ਦੀ ਸੁਰੱਖਿਆ ਲਈ ਵਚਨਬੱਧਤਾ ਲਈ ਭਲਾਂ ਕੀ ਕਰੇਗਾ?

ਇਹ ਉਹ ਗਾਇਕ ਨੇ, ਜਿਹੜੇ ਕਹਿੰਦੇ ਨੇ ਕਿ ਅੰਤਰਰਾਸ਼ਟਰੀ ਹੋਣ ਲਈ ਬਹੁਤ ਕੁਝ ਕਰਨਾ ਪੈਂਦੈ ਤੇ ਕਿਤੇ ਇਹ ਦਿੱਲੀ ਦਾ ਕੌਮਾਂਤਰੀਕਰਨ ਏਨਾ ਜ਼ਿਆਦਾ ਵੀ ਨਾ ਕਰ ਦੇਣ ਕਿ ਸਵਾਲ 'ਤੇ ਸਵਾਲ ਪੈਦਾ ਹੋਣ ਲੱਗਣ। ਨਾਲੇ ਗਲੈਮਰ ਦੀ ਦੁਨੀਆਂ ਨਾਲ ਜੁੜੇ ਜਿੰਨੇ ਵੀ ਲੋਕ ਰਾਜਨੀਤਕ ਪਾਰੀ ਵਿਚ ਸਫ਼ਲ ਹੋਏ ਨੇ, ਉਨ੍ਹਾਂ ਵੋਟਰਾਂ ਨੂੰ ਨਿਰਾਸ਼ ਹੀ ਕੀਤਾ ਏ, ਕਿਉਂਕਿ ਇਨ੍ਹਾਂ ਦੇ ਤਾਂ ਆਪਣੇ ਝਮੇਲੇ ਖਤਮ ਨਹੀਂ ਹੁੰਦੇ, ਲੋਕਾਂ ਦੇ ਕਿੱਥੇ ਖਤਮ ਕਰਨਗੇ।

ਨਵਜੋਤ ਸਿੰਘ ਸਿੱਧੂ ਦੀ ਗੁੰਮਸ਼ੁਦਗੀ ਬਾਬਤ ਪਿਛਲੇ ਹਫ਼ਤੇ ਹੀ ਅੰਮ੍ਰਿਤਸਰ ਦੀਆਂ ਕੰਧਾਂ 'ਤੇ ਪੋਸਟਰ ਲੱਗੇ ਨੇ। ਜਦੋਂ ਵਿਨੋਦ ਖੰਨਾ ਗੁਰਦਾਸਪੁਰ ਤੋਂ ਸੰਸਦ ਮੈਂਬਰ ਹੁੰਦਾ ਸੀ, ਉਦੋਂ ਲੋਕਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਸੀ ਕਿ ਅਸੀਂ ਦੋ-ਚਾਰ ਵਾਰ ਉਹਨੂੰ ਨੇੜਿਓਂ ਦੇਖਣ ਲਈ 5 ਸਾਲ ਵੰਝ 'ਤੇ ਟੰਗੇ ਗਏ ਹਾਂ। ਇਹੀ ਗੱਲਾਂ ਕਿਸੇ ਵੇਲੇ ਬੀਕਾਨੇਰ ਦੇ ਲੋਕਾਂ ਮੂੰਹੋਂ ਨਿਕਲੀਆਂ ਸਨ, ਜਿਨ੍ਹਾਂ ਧਰਮਿੰਦਰ ਨੂੰ ਜਿਤਾਇਆ ਸੀ ਤੇ ਕਿਤੇ ਇਹੋ ਕੁਝ ਦਲੇਰ ਨੂੰ ਜਿਤਾ ਕੇ ਮੂੰਹੋਂ ਨਾ ਨਿਕਲੇ।

ਵੈਸੇ ਭਵਿੱਖ 'ਚ ਸਿਆਸੀ ਪਾਰਟੀਆਂ ਇਹੋ ਜਿਹੇ ਦਾਅ ਹੀ ਚੱਲਿਆ ਕਰਨਗੀਆਂ ਕਿਉਂਕਿ ਇਹ ਜਾਣਦੀਆਂ ਨੇ ਕਿ ਸਾਡੇ ਕਿਸੇ ਉਮੀਦਵਾਰ ਦੇ ਚਿਹਰੇ ਦਾ ਏਨਾ ਮੁੱਲ ਨਹੀਂ ਕਿ ਲੋਕਾਂ ਨੂੰ ਰੈਲੀਆਂ ਵੱਲ ਖਿੱਚਿਆ ਜਾ ਸਕੇ ਤੇ ਇਹ ਕੰਮ ਕਲਾਕਾਰ ਬਨਾਮ ਅਦਾਕਾਰ ਹੀ ਕਰ ਸਕਦੇ ਨੇ। ਦਲੇਰ ਬਾਰੇ ਤਾਂ ਲੋਕ ਇਹ ਵੀ ਕਹਿੰਦੇ ਨੇ ਕਿ ਇਹ ਚੰਗਾ ਸਕੀਮੀ ਨਿਕਲਿਆ। ਕੁੜਮਚਾਰੀ ਦਾ ਇਕ ਪੱਖ (ਹੰਸ ਰਾਜ ਹੰਸ ਵਾਲੇ ਪਾਸਿਓਂ) ਅਕਾਲੀ ਦਲ ਨਾਲ ਜੁੜਿਆ ਹੋਇਐ ਤੇ ਆਪ ਇਹ ਕਾਂਗਰਸ ਦੀ ਬੁੱਕਲ ਵਿਚ ਜਾ ਬੈਠਿਐ।

## ਕਾਵਿ-ਜਗਤ

### ਸਮੇਂ ਦੀ ਆਵਾਜ਼

ਮੇਰੀ ਕਲਮ ਜੋ ਹੈ ਲਿਖ ਰਹੀ,
ਉਹ ਵਕਤ ਦੀ ਆਵਾਜ਼ ਹੈ।
ਮੈਂ ਗੀਤ ਜਿਸ 'ਤੇ ਗਾਵਣਾ,
ਉਹ ਵਕਤ ਦਾ ਹੀ ਸਾਜ਼ ਹੈ।

ਮੈਂ ਰੋਜ਼ ਜਿਸ ਨੂੰ ਵੇਖਦੀ,
ਕੁੱਲੀ ਹੈ ਉਹ ਗਰੀਬ ਦੀ,
ਪਰ ਉਸ ਕੁੱਲੀ ਦੇ ਉਤੇ,
ਉਡਦਾ ਪਿਆ ਇਕ ਬਾਜ਼ ਹੈ।

ਗੰਦੀ ਜਿਹੀ ਬਸਤੀ ਹੈ ਇਕ,
ਮਾਸੂਮ ਭੁੱਖੇ ਵਿਲਕ ਰਹੇ,
ਮਹਿਲਾਂ ਦੇ ਵਿਚ ਜੋ ਸੌਂ ਰਿਹਾ,
ਮੇਰੇ ਦੇਸ਼ ਦਾ ਹਮਰਾਜ ਹੈ।

ਪੰਜਾਬੀ ਸਾਡੀ ਬੋਲੀ ਹੈ,
ਪੁੱਤਰ ਅਸੀਂ ਪੰਜਾਬ ਦੇ,
ਪਰ ਅੰਗਰੇਜ਼ੀ ਵਿਚ ਹੋ ਰਿਹਾ,
ਪੰਜਾਬ ਦਾ ਕੰਮ ਕਾਜ ਹੈ।

ਪੰਜਾਬ ਦੇ ਦਰਿਆਵਾਂ ਵਿਚ,
ਨਸ਼ਿਆਂ ਦੇ ਹੜ੍ਹ ਨੇ ਆ ਗਏ,
ਇਨਸਾਨ ਬੈਠੇ ਰੋ ਰਹੇ,
ਸ਼ੈਤਾਨ ਦੇ ਸਿਰ ਤਾਜ ਹੈ।

ਅਸੀਂ ਧਰਮ ਖਾ ਲਏ ਵੇਚ ਕੇ,
ਸ਼ਰਮਾਂ ਨੇ ਲਾਹ ਕੇ ਸੁੱਟੀਆਂ।
ਅੰਜਾਮ ਕੀ ਹੈ ਹੋਵਣਾ,
ਰੋਂਦਾ ਪਿਆ ਆਗਾਜ਼ ਹੈ।

ਗਲੀਆਂ ਦੇ ਵਿਚ ਪਿਸ਼ਾਚ ਨੇ,
ਹਰ ਥਾਂ 'ਤੇ ਤਾਂਡਵ ਕਰ ਰਹੇ,
ਹਰ ਪਿੰਡ ਵਿਚ ਹਰ ਸ਼ਹਿਰ ਵਿਚ,
ਹੁਣ ਗੁੰਡਿਆਂ ਦਾ ਰਾਜ ਹੈ।

ਨਿੱਤ ਨੰਨ੍ਹੀਆਂ ਛਾਂਵਾਂ ਦੀਆਂ,
ਇੱਜ਼ਤਾਂ ਨੇ ਲੁੱਟੀਆਂ ਜਾ ਰਹੀਆਂ।
ਪਰ ਸਾਡੇ ਹਾਕਮਾਂ ਨੂੰ,
ਫਿਰ ਵੀ ਬੜਾ ਹੀ ਨਾਜ਼ ਹੈ।

ਜਾਗੋ ਵੇ ਕਲਮਾਂ ਵਾਲਿਓ!
ਕਲਮਾਂ ਦੁਹਾਈਆਂ ਦੇ ਰਹੀਆਂ,
ਕਲਮਾਂ ਦਾ ਬਣ ਕੇ ਕਾਫ਼ਲਾ,
ਹੁਣ ਬਦਲਣਾ ਸਮਾਜ ਹੈ।

ਹੁਣ ਗਫਲਤਾਂ ਨੂੰ ਛੱਡ ਦਿਓ!
ਕਲਮਾਂ ਨੂੰ ਕਰ ਲਓ ਤਿੱਖੀਆਂ,
'ਸੁਰਜੀਤ' ਹੁਣ ਅਸਮਾਨ ਤੱਕ,
ਭਰਨੀ ਅਸੀਂ ਪਰਵਾਜ਼ ਹੈ।

*-ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

### ਕੁੜੀਆਂ ਚਿੜੀਆਂ

ਇਕ ਚਿੜੀ ਨੇ ਕੁੜੀ ਨੂੰ ਪੁਛਿਆ,
ਤੇਰੇ ਨਾਲ ਮੇਰਾ ਨਾਂਓਂ ਕਿਉਂ ਲਾਉਂਦੇ ਨੇ?

ਮੈਂ ਤਾਂ ਉਡਦੀ ਵਿਚ ਅਸਮਾਨੀਂ
ਤੇਰੇ ਬੰਧਨ ਲਾਉਂਦੇ ਨੇ।

ਮੇਰੇ ਗੀਤ ਤਾਂ ਮਿੱਠੇ ਮਿੱਠੇ
ਤੇਰੇ ਦੁੱਖ ਕਿਉਂ ਗਾਉਂਦੇ ਨੇ?



ਮੇਰੇ ਖੰਭ ਤਾਂ ਭੂਰੇ ਕੂਲੇ
ਤੇਰੇ ਕੁਤਰ ਦਬਾਉਂਦੇ ਨੇ।

ਐਨੀ ਜ਼ਾਲਮ ਤੇਰੀ ਦੁਨੀਆਂ
ਪਰ ਤੈਨੂੰ ਮੇਰੇ ਨਾਲ ਮਿਲਾਉਂਦੇ ਨੇ।

ਇਕ ਚਿੜੀ ਨੇ ਕੁੜੀ ਨੂੰ ਪੁਛਿਆ,
ਤੇਰੇ ਨਾਲ ਮੇਰਾ ਨਾਂਓਂ ਕਿਉਂ ਲਾਉਂਦੇ ਨੇ?

*-ਜਨਮੇਜਾ ਸਿੰਘ ਜੌਹਲ*

## ਸੁਰਿੰਦਰ ਨੀਰ ਦੀ 'ਮਾਇਆ' ਬਨਾਮ ਜ਼ਿੰਦਗੀ ਦਾ ਜਸ਼ਨ (5)

# ਕੁਦਰਤ ਦੇ ਕ੍ਰਿਸ਼ਮਿਆਂ ਦੀ ਲੜੀ

*ਜੰਮੂ ਵੱਸਦੀ ਪੰਜਾਬੀ ਸਾਹਿਤਕਾਰ ਸੁਰਿੰਦਰ ਨੀਰ ਦੇ ਵੱਡ-ਅਕਾਰੀ ਨਾਵਲ 'ਮਾਇਆ' ਨੇ ਪੰਜਾਬੀ ਸਾਹਿਤ ਜਗਤ ਵਿਚ ਚੋਖੀ ਹਲਚਲ ਕੀਤੀ ਹੈ। ਹਰ ਬੁੱਧੀਜੀਵੀ ਅਤੇ ਪਾਠਕ ਨੇ ਇਸ ਨਾਵਲ ਦੇ ਟੈਕਸਟ ਦੇ ਵੱਖ-ਵੱਖ ਅਰਥ ਸਿਰਜਣ ਦਾ ਯਤਨ ਕੀਤਾ ਹੈ। ਸਾਹਿਤ ਜਗਤ ਵਿਚ ਚਿਰਾਂ ਬਾਅਦ ਅਜਿਹੀ ਰਚਨਾ ਸਾਹਮਣੇ ਆਈ ਹੈ ਜਿਸ ਬਾਰੇ ਇਸ ਤਰ੍ਹਾਂ ਦੀ ਚਰਚਾ ਅਰੰਭ ਹੋਈ ਹੈ। ਮੋਟੇ ਤੌਰ 'ਤੇ ਤਾਂ ਇਸ ਰਚਨਾ ਦਾ ਸਵਾਗਤ ਹੀ ਹੋਇਆ ਹੈ, ਪਰ ਕੁਝ ਪਾਠਕਾਂ/ਬੁੱਧੀਜੀਵੀਆਂ ਨੇ ਇਸ ਨਾਵਲ ਦੀ ਤਿੱਖੀ ਨੁਕਤਾਚੀਨੀ ਵੀ ਕੀਤੀ ਹੈ। ਇਸ ਨਾਵਲ ਬਾਰੇ 'ਪੰਜਾਬ ਟਾਈਮਜ਼' ਦੇ ਖੈਰ-ਖਵਾਹ ਅਤੇ ਮਿੱਤਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਨਿਰਾ-ਪੁਰਾ ਇਸ ਨਾਵਲ ਬਾਰੇ ਹੀ ਨਹੀਂ, ਬਲਕਿ ਇਸ ਵਿਚ ਸੰਸਾਰ ਸਾਹਿਤ ਦੀਆਂ ਉਹ ਗੱਲਾਂ ਸਾਂਝੀਆਂ ਕੀਤੀਆਂ ਗਈਆਂ ਹਨ ਜਿਹੜੀਆਂ ਜ਼ਿੰਦਗੀ ਨੂੰ ਸਮਝਣ/ਸਮਝਾਉਣ ਲਈ ਕਹਿੰਦੇ-ਕਹਾਉਂਦੇ ਲੇਖਕਾਂ ਨੇ ਵੱਖ-ਵੱਖ ਸਮਿਆਂ ਵਿਚ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਈਆਂ ਸਨ। -ਸੰਪਾਦਕ*



ਗੁਰਦਿਆਲ ਸਿੰਘ ਬੱਲ

ਨਾਵਲ 'ਮਾਇਆ' ਦੀ ਮੁੱਖ ਪਾਤਰ ਬਲਬੀਰ ਦੇ ਘਰੋਂ ਭੱਜਣ ਪਿਛੋਂ ਦਿੱਲੀ ਵਿਖੇ ਰਘੂਨਾਥ ਵਾਲੇ ਭਿਆਨਕ ਤਜਰਬੇ ਤੋਂ ਬਾਅਦ ਉਸ ਦੇ ਸਫਰ ਦਾ ਪਹਿਲਾ ਅਸਲ ਪੜਾਅ ਚੰਡੀਗੜ੍ਹ ਵਿਚ ਸਮੀਰ ਆਰਟ ਸਟੂਡੀਓ ਦੇ ਮਾਲਕ ਸਮੀਰ ਨਾਲ ਸੰਪਰਕ ਜੁੜਨ ਅਤੇ ਇਸ ਰਿਸ਼ਤੇ ਦੇ ਬਹੁਤ ਕਰੂਰ ਅੰਦਾਜ਼ ਵਿਚ ਮੋਹ-ਭੰਗ ਹੋਣ ਨਾਲ ਮੁਕੰਮਲ ਹੁੰਦਾ ਹੈ। ਸਮੀਰ ਦੀ ਮਾਇਆ ਦੀ ਸ਼ਖਸੀਅਤ ਪ੍ਰਤੀ ਇਕਪਾਸੜ ਮੁਹੱਬਤੀ ਖਿੱਚ ਦੀ ਸ਼ਿੱਦਤ ਸੁਰਿੰਦਰ ਨੀਰ ਨੇ ਬੜੇ ਸੰਜਮੀ ਅੰਦਾਜ਼ ਵਿਚ ਉਜਾਗਰ ਕੀਤੀ ਹੈ, ਪਰ ਸਮੀਰ ਬਲਬੀਰ ਦੀ ਸ਼ਖਸੀਅਤ ਦੇ ਜਾਦੂ ਨੂੰ ਨਮੋ ਕਿੰਜ ਕਰਦਾ ਹੈ, ਇਸ ਬਾਰੇ ਨਾਵਲ ਦੇ ਪੰਨਾ 150 'ਤੇ ਬਿਰਤਾਂਤ ਦੇਖੋ,

"ਬਿੱਲੀ ... ਇਹ ਖਾਮੋਸ਼ੀ ਅਤੇ ਕੁਦਰਤ ਦੀ ਖੂਬਸੂਰਤੀ ਨੂੰ ਸਿਰਫ ਅਤੇ ਸਿਰਫ ਤੇਰੇ ਨਾਲ ਹੀ ਮਾਣਿਆ ਤੇ ਮਹਿਸੂਸਿਆ ਜਾ ਸਕਦਾ ਹੈ; ਕਿਉਂਕਿ ਤੂੰ ਆਪ ਕੁਦਰਤ ਵਾਂਗ ਸੁੰਦਰ ਹੈ ਜੋ ਇਸ ਸੁੰਦਰਤਾ ਦਾ ਹਿੱਸਾ ਬਣ ਕੇ ਇਸ ਨੂੰ ਕੰਪਲੀਮੈਂਟ ਕਰਦੀ ਹੈ। ਇਸੇ ਕਰ ਕੇ ਮੈਂ ਪਤਝੜ ਦੇ ਸੁੱਕੇ ਪੱਤਿਆਂ ਉਤੇ ਤੇਰੇ ਕਦਮਾਂ ਨਾਲ ਕਦਮ ਮਿਲਾ ਕੇ ਤੁਰਨਾ ਚਾਹੁੰਦਾ ਹਾਂ। ਕੋਸੀਆਂ ਧੁੱਪਾਂ ਵਿਚ ਤੇਰੇ ਅਹਿਸਾਸ ਦਾ ਨਿੱਘ ਮਾਣਨਾ ਮੈਨੂੰ ਚੰਗਾ ਲੱਗਦਾ ਹੈ।"

ਇਸ ਬਿਰਤਾਂਤ 'ਚੋਂ ਲੰਘਦਿਆਂ ਮੈਨੂੰ ਮੁੜ ਆਈਸਾ ਡੋਰਾ ਡੰਕਨ ਦੀ ਯਾਦ ਆ ਗਈ ਹੈ। ਡੰਕਨ ਦੱਸਦੀ ਹੈ ਕਿ ਡੀ ਐਨਨਜੀਓ ਜਦੋਂ ਮੁਹੱਬਤ ਕਰਦਾ ਸੀ ਤਾਂ ਉਹ ਸਬੰਧਤ ਔਰਤ ਨੂੰ ਇਹ ਮਹਿਸੂਸ ਕਰਨ ਲਗਾ ਦਿੰਦਾ ਸੀ ਜਿਵੇਂ ਉਹ ਹੀ ਪੂਰੀ ਕਾਇਨਾਤ ਦਾ ਧੁਰਾ ਹੋਵੇ। ਉਹ ਦੱਸਦੀ ਹੈ ਕਿ ਕਿਸੇ ਸ਼ਾਮ ਕਿਧਰੇ ਇਕੱਲੇ ਸੈਰ ਕਰਦਿਆਂ ਡੀ ਐਨਨਜੀਓ ਨੇ ਅਚਾਨਕ ਹੀ ਉਸ ਨੂੰ ਮੁਖਾਤਬ ਹੁੰਦਿਆਂ ਇਉਂ ਪੁਕਾਰਨਾ ਸ਼ੁਰੂ ਕਰ ਦਿੱਤਾ,

"ਓ ਆਈਸਾ ਡੋਰਾ! ਕੁਦਰਤ ਦਾ ਅਜਿਹਾ ਅਲੋਕਾਰ ਜਲਵਾ ਕੇਵਲ ਅਤੇ ਕੇਵਲ ਤੇਰੀ ਸੰਗਤ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ। ਦੁਨੀਆਂ ਦੀ ਹੋਰ ਕੋਈ ਵੀ ਔਰਤ ਇਸ ਅਨੂਠੇ ਲੈਂਡਸਕੇਪ ਦੇ ਹੁਸਨ ਨੂੰ ਬਰਬਾਦ ਕਰ ਦੇਵੇ। (ਭਲਾ ਕੋਈ ਵੀ ਔਰਤ ਅਜਿਹੀ ਵਡਿਆਈ 'ਤੇ ਨੱਕ ਚੜ੍ਹਾਉਣ ਦੀ ਹਿਮਾਕਤ ਕਰੇਗੀ?) ਤੂੰ ਫੁੱਲਾਂ ਦਾ, ਪੌਦਿਆਂ ਦਾ, ਵਿਰਾਟ ਅਸਮਾਨ ਦਾ ਅਨਿੱਖੜ ਅੰਗ ਹੈ; ਤੂੰ ਨਿਰਸੰਦੇਹ ਕੁਦਰਤ ਦੀ ਸ਼ਾਹਾਨਾ ਦੇਵੀ ਹੈਂ!!"

ਆਈਸਾ ਡੋਰਾ ਡੰਕਨ ਦਾ ਡੀ ਐਨਨਜੀਓ ਨਾਲ ਕੋਈ ਜ਼ਿਆਦਾ ਲੰਮਾ-ਚੌੜਾ ਨੇੜ ਨਹੀਂ ਸੀ। ਫਿਰ ਵੀ ਉਸ ਦਾ ਜ਼ਿਕਰ ਉਹ ਕਿੰਨੇ ਪਿਆਰੇ ਅੰਦਾਜ਼ ਵਿਚ ਕਰ ਰਹੀ ਹੈ!

ਸਮੀਰ ਬਲਬੀਰ ਦਾ ਸਤਿਕਾਰ ਕਰਦਾ ਹੈ; ਉਸ ਦੀ ਸ਼ਖਸੀਅਤ ਦੇ ਜਾਦੂ ਤੋਂ ਪ੍ਰਭਾਵਿਤ ਹੈ। ਫਿਰ ਦਿੱਲੀ ਜਾ ਕੇ ਰਘੂਦੇਵ ਮਹਾਜਨ ਜਿਸ ਕਿਸਮ ਦਾ ਕੌਤਕ ਕਰਦਾ ਹੈ, ਉਸ ਤਰ੍ਹਾਂ ਕਰ ਸਕਣਾ ਖਾਲਾ ਜੀ ਦੀ ਖੇਡ ਨਹੀਂ ਹੁੰਦੀ।

ਬਲਬੀਰ ਆਪਣੀ ਜਗ੍ਹਾ 'ਤੇ ਠੀਕ ਹੈ। ਉਸ ਨੂੰ ਅਹਿਸਾਸ ਹੈ ਕਿ ਉਸ ਦੀ ਸ਼ਖਸੀਅਤ ਦੀ ਕੈਮਿਸਟਰੀ ਸਮੀਰ ਨਾਲ ਮੇਲ ਖਾ ਨਹੀਂ ਸਕੇਗੀ; ਵਰਨਾ ਗੱਲ ਕੇਵਲ ਇੰਨੀ ਨਹੀਂ ਹੈ ਕਿ ਸਮੀਰ ਚਾਣ-ਚੱਕ ਹੀ ਪੋਜੈਸਿਵ ਜ਼ਿਆਦਾ ਹੋ ਗਿਆ ਹੈ। ਮੈਨੂੰ ਇਹ ਇਕਪਾਸੜ ਮੁਹੱਬਤ ਦਾ ਮਾਰੂ ਰਾਗ ਲੱਗਦਾ ਹੈ ਜੋ ਬਹੁਤ ਜ਼ਿਆਦਾ ਘਾਤਕ ਹੁੰਦਾ ਹੈ। ਇਕ ਵਾਰ ਅੰਮ੍ਰਿਤਾ ਪ੍ਰੀਤਮ ਨੇ ਪਾਲ ਪਾਟਸ ਨਾਂ ਦੇ ਲੇਖਕ ਦੇ ਹਵਾਲੇ ਨਾਲ ਪਾਠਕਾਂ ਨੂੰ ਇਹ ਰਾਗ ਸੁਣਾਉਣ ਦਾ ਸੰਕੇਤ ਦਿੱਤਾ ਸੀ।

ਉਂਜ ਇਸ ਇਕਪਾਸੜ ਮੁਹੱਬਤ ਨੂੰ ਜਿਸ ਬਰੀਕੀ ਨਾਲ ਫਿਓਦੋਰ ਦਾਸਤੋਵਸਕੀ ਦੇ 'ਦਿ ਇਡੀਅਟ' ਨਾਵਲ ਵਿਚ ਇਨਵੈਸਟੀਗੇਟ ਕੀਤਾ ਗਿਆ ਹੈ, ਉਸ ਕਿਸਮ ਦੀ ਇਨਕੁਐਰੀ ਬਾਅਦ ਵਿਚ ਸਮੁੱਚੇ ਸੰਸਾਰ ਸਾਹਿਤ ਵਿਚ ਹੋਰ ਕਿਧਰੇ ਵੇਖਣ ਨੂੰ ਨਹੀਂ ਆਈ। ਹਾਂ, ਫਰਾਂਜ ਕਾਫਕਾ ਦੇ ਆਪਣੀ ਪਹਿਲੀ ਮਹਿਬੂਬ ਨੂੰ ਲਿਖੇ ਖਤਾਂ 'ਤੇ ਆਧਾਰਤ 'ਲੈਟਰਜ਼ ਟੂ ਫੈਲਿਸ' ਨਾਂ ਦੀ ਵੱਡ-ਅਕਾਰੀ ਪੁਸਤਕ ਵਿਚ ਜ਼ਰੂਰ ਅਜਿਹਾ ਜਲਵਾ ਤੱਕਿਆ ਜਾ ਸਕਦਾ ਹੈ। ਕਾਫਕਾ ਦੇ ਪੱਤਰਾਂ ਦੇ ਇਸ ਸੰਗ੍ਰਹਿ ਦੀ ਨੋਬਲ ਇਨਾਮ ਵਿਜੇਤਾ ਏਲੀਆਸ ਕਾਨੇਟੀ ਨੇ 'ਕਾਫਕਾਜ਼ ਅਦਰ ਟਰਾਇਲ' ਸਿਰਲੇਖ ਹੇਠ 100 ਕੁ ਪੰਨਿਆਂ 'ਤੇ ਫੈਲੀ ਹੋਈ ਜੋ ਭੂਮਿਕਾ ਲਿਖੀ ਹੈ, ਉਹ ਹੀ ਕਾਫੀ ਹੈ। ਮੁਹੱਬਤ ਦੇ ਮਾਰੂ ਰਾਗ ਦੇ ਵਿਰੋਧਾਭਾਸਾਂ ਦੇ ਵਰਣਨ 'ਚੋਂ ਗੁਜ਼ਰਦਿਆਂ ਆਦਮੀ ਦੀ ਜਾਨ ਨਿਕਲ ਜਾਂਦੀ ਹੈ, ਪਸੀਨੇ ਛੁੱਟ ਜਾਂਦੇ ਹਨ।

---

ਖੈਰ! ਬਲਬੀਰ ਦੀ ਤਲਾਸ਼ ਦੇ ਅਗਲਾ ਪੜਾਅ ਦੀ ਗੱਲ ਕਰੀਏ ਜੋ ਨਵੀਂ ਦਿੱਲੀ ਵਿਚ ਸ਼ਿਵ ਮੈਨਿਨ ਨਾਲ ਉਸ ਦੇ 'ਕਾਰੋਬਾਰੀ' ਰਿਸ਼ਤੇ ਦੇ ਵਰਣਨ ਨਾਲ ਸਾਹਮਣੇ ਆਵੇਗਾ। ਇਹ ਆਦਮੀ ਖੱਚ ਕਿਸਮ ਦੇ ਪਦਾਰਥਵਾਦੀ ਰੁਝਾਨ ਦੇ ਹਰ ਚੰਗੇ ਮਾੜੇ ਪਹਿਲੂ ਦਾ ਪ੍ਰਤੀਕ ਹੈ। ਲੇਖਿਕਾ ਦੀ ਇਸ ਹਿੱਸੇ ਦੀ ਟਰੀਟਮੈਂਟ ਇਕ ਵਾਰ ਮੁੜ ਕਾਫੀ ਸੰਤੋਖਜਨਕ ਹੈ। ਖਾਸ ਕਰ ਕੇ ਇਸ ਲਈ ਵੀ ਕਿ ਇਸ ਫੇਜ਼ ਵਿਚ ਨਾਵਲ ਦੀ ਨਾਇਕਾ ਆਪਣੀ ਸ਼ਖਸੀਅਤ ਨੂੰ ਨਵੇਂ ਆਯਾਮ ਦੇਣ ਲਈ ਪਹਿਲਾਂ ਤਾਬਿੰਦਾ ਅਤੇ ਫਿਰ ਸੂਖਮ ਦੇ ਰੂਪ ਵਿਚ ਦੋ ਬਹੁਤ ਹੀ ਆਕਰਸ਼ਕ 'ਕਵਿਤਾਵਾਂ' ਡਿਸਕਵਰ ਕਰਨ ਵਿਚ ਸਫਲ ਹੁੰਦੀ ਹੈ।

ਸੁਰਿੰਦਰ ਨੀਰ ਨੇ ਆਪਣੀ 'ਧੀ' ਤਾਬਿੰਦਾ ਦੇ ਪਿਆਰ ਦੀ ਟਾਈ ਕਾਰਗਿਲ ਦੀ ਧਰਤੀ ਤੋਂ ਆਏ ਅੰਜ਼ੁਮ ਕਾਜਮੀ ਨਾਲ ਜਿਸ ਦਿਲਕਸ਼ ਅੰਦਾਜ਼ ਵਿਚ ਪਵਾਈ ਹੈ, ਉਸ ਦਾ ਜ਼ਿਕਰ ਪਾਠਕਾਂ ਨਾਲ ਸਾਂਝਾ ਕਰੇ ਬਗੈਰ ਅੱਗੇ ਤੁਰਿਆ ਨਹੀਂ ਜਾ ਸਕਦਾ। ਇਸ ਬਹੁਤ ਹੀ ਪਿਆਰੀ ਜੋੜੀ ਨੂੰ ਤਸੱਵਰ ਵਿਚ ਲਿਆਉਂਦਿਆਂ ਮਨ ਇਕ ਵਾਰ ਮੁੜ ਧੰਨ-ਧੰਨ ਕਰ ਉਠਿਆ ਹੈ। ਇਸ ਦੇ ਨਾਲ ਹੀ ਲਾਲੀ ਬਾਬੇ ਦੇ ਸਾਰਤਰ, ਸੀਮੋਨ ਅਤੇ ਲੋਰਕਾ ਦੇ ਨਾਟਕਾਂ ਤੋਂ ਬਾਅਦ ਸਭ ਤੋਂ ਵੱਧ ਮਨਭਾਉਂਦੇ ਯੂਨਾਨੀ ਲੇਖਕ ਨਿਕੋਸ ਕਜ਼ਾਨਜੈਕਿਸ ਦੇ 'ਜ਼ੋਰਬਾ ਦਿ ਗਰੀਕ' ਨਾਵਲ ਦੇ ਜ਼ੋਰਬਾ ਨਾਂ ਦੇ ਮੁੱਖ ਕਿਰਦਾਰ ਬਾਰੇ ਹਵਾਲੇ ਮਨ ਅੰਦਰ ਉਭਰ ਆਏ ਹਨ।




*ਇਕਪਾਸੜ ਮੁਹੱਬਤ ਨੂੰ ਜਿਸ ਬਰੀਕੀ ਨਾਲ ਫਿਓਦਰੋ ਦਾਸਤੋਵਸਕੀ ਦੇ 'ਦਿ ਇਡੀਅਟ' ਨਾਵਲ ਵਿਚ ਇਨਵੈਸਟੀਗੇਟ ਕੀਤਾ ਗਿਆ ਹੈ, ਉਸ ਕਿਸਮ ਦੀ ਇਨਕੁਐਰੀ ਬਾਅਦ ਵਿਚ ਸਮੁੱਚੇ ਸੰਸਾਰ ਸਾਹਿਤ ਵਿਚ ਹੋਰ ਕਿਧਰੇ ਵੇਖਣ ਨੂੰ ਨਹੀਂ ਆਈ। ਹਾਂ, ਫਰਾਂਜ ਕਾਫਕਾ ਦੇ ਆਪਣੀ ਪਹਿਲੀ ਮਹਿਬੂਬ ਨੂੰ ਲਿਖੇ ਖਤਾਂ 'ਤੇ ਆਧਾਰਤ 'ਲੈਟਰਜ਼ ਟੂ ਫੈਲਿਸ' ਨਾਂ ਦੀ ਵੱਡ-ਅਕਾਰੀ ਪੁਸਤਕ ਵਿਚ ਜ਼ਰੂਰ ਅਜਿਹਾ ਜਲਵਾ ਤੱਕਿਆ ਜਾ ਸਕਦਾ ਹੈ। ਕਾਫਕਾ ਦੇ ਪੱਤਰਾਂ ਦੇ ਇਸ ਸੰਗ੍ਰਹਿ ਦੀ ਨੋਬੇਲ ਇਨਾਮ ਵਿਜੇਤਾ ਏਲੀਆਸ ਕਾਨੇਟੀ ਨੇ 'ਕਾਫਕਾਜ਼ ਅਦਰ ਟਰਾਇਲ' ਸਿਰਲੇਖ ਹੇਠ 100 ਕੁ ਪੰਨਿਆਂ 'ਤੇ ਫੈਲੀ ਹੋਈ ਜੋ ਭੂਮਿਕਾ ਲਿਖੀ ਹੈ, ਉਹ ਹੀ ਕਾਫੀ ਹੈ।*




ਜ਼ੋਰਬਾ ਬਾਰੇ ਗੱਲ ਕਰਨ ਤੋਂ ਪਹਿਲਾਂ ਜ਼ਰਾ ਵੇਖੀਏ ਬਲਬੀਰ ਪਿਆਰੀ ਤਾਬਿੰਦਾ ਦੀ ਮਾਂ ਯਾਸਮੀਨ ਨਾਂ ਦੀ ਭਿਖਾਰਨ ਦੇ ਸੰਪਰਕ ਵਿਚ ਕਿੰਜ ਆਉਂਦੀ ਹੈ ਅਤੇ ਉਨ੍ਹਾਂ ਵਿਚਾਲੇ ਆਪਸੀ ਸੰਵਾਦ ਦੀ ਸ਼ੁਰੂਆਤ ਕਿਸ ਰੂਪ ਵਿਚ ਸ਼ੁਰੂ ਹੁੰਦੀ ਹੈ। 'ਮਾਇਆ' ਨਾਵਲ ਦੇ ਪੰਨਾ 272-73 ਉਪਰ ਬਲਬੀਰ ਕਨਾਟ ਪਲੇਸ ਵਿਚ ਸ਼ਿਵ ਮੈਨਿਨ ਨੂੰ ਗਲੋਂ ਲਾਹ ਕੇ ਕਿਤੇ ਵਿਕੋਲਿਤਰੀ ਜਿਹੀ ਜਗ੍ਹਾ 'ਤੇ ਬੈਠੀ ਲੋਕਾਂ ਦੀ ਭੀੜ ਨੂੰ ਨਿਹਾਰ ਰਹੀ ਹੈ। ਅਚਾਨਕ ਉਸ ਦੇ ਕੰਨੀਂ ਸ਼ਬਦ ਪੈਂਦੇ ਹਨ, "ਮੇਮ ਸਾਹਿਬ, ਕੁਛ ਠੰਢਾ ਪਿਲਾ ਦੀਜੀਏ, ਬਹੁਤ ਪਿਆਸ ਲਗੀ ਹੈ।" ਮਾਇਆ ਨੇ ਆਪਣੇ ਸਾਹਮਣੇ ਫੁੱਲੇ ਹੋਏ ਢਿੱਡ ਵਾਲੀ ਭਿਖਾਰਨ ਵੱਲ ਤ੍ਰਭਕ ਕੇ ਵੇਖਿਆ ਜਿਸ ਦੇ ਬੁੱਲ੍ਹ ਸੁੱਕੇ ਹੋਏ ਸਨ। "ਬਹੁਤ ਪਿਆਸ ਲਗੀ ਹੈ ਮੇਮ ਸਾਬ੍ਹ", ਸੁਣਦਿਆਂ ਮਾਇਆ ਹੈਰਾਨ ਹੋ ਗਈ। ਅੱਜ ਤੱਕ ਭਿਖਾਰੀਆਂ ਨੂੰ ਭੁੱਖ ਲੱਗੀ ਹੈ; 'ਕੁਝ ਖਾਨੇ ਕੋ ਦੋ' ਕਹਿੰਦਿਆਂ ਤਾਂ ਸੁਣਿਆ ਸੀ, ਪਰ ਪਹਿਲੀ ਵਾਰ ਕਿਸੇ ਦੇ ਮੂੰਹੋਂ 'ਭੁੱਖ' ਦੀ ਥਾਂ 'ਪਿਆਸ' ਦੀ ਤਲਬ ਦਾ ਜ਼ਿਕਰ ਸੁਣ ਕੇ ਉਸ ਨੇ ਗੌਰ ਨਾਲ ਭਿਖਾਰਨ ਵੱਲ ਵੇਖਿਆ। ਮਾਇਆ ਨੂੰ ਲੱਗਾ ਜਿਵੇਂ ਇਹ ਕੋਈ ਸਾਧਾਰਨ ਭਿਖਾਰਨ ਨਹੀਂ, ਸਗੋਂ ਇਸ ਦੇ ਪਾਣੀ ਮੰਗਣ ਦੀ ਅਦਾ ਤੋਂ ਲੈ ਕੇ ਉਭਰੇ ਪੇਟ ਅਤੇ ਪੱਕੇ ਕਾਲੇ ਰੰਗ ਵਿਚੋਂ ਝਾਕਦੀਆਂ ਅੱਖਾਂ ਵਿਚ ਜੋ ਬੋਲ ਰਿਹਾ ਹੈ, ਉਸ ਵਿਚ ਆਮ ਭਿਖਾਰੀਆਂ ਦੀਆਂ ਲਿਲਕੜੀਆਂ ਨਹੀਂ, ਬਲਕਿ ਅਜੀਬ ਜਿਹਾ ਕੋਈ ਹੱਕ ਵਾਲਾ ਲਹਿਜ਼ਾ ਹੈ। ਫਿਰ ਨਾਵਲੀ ਕਥਾ ਇਉਂ ਹੈ: ਔਰਤ ਜੂਸ ਇਸ ਤਰ੍ਹਾਂ ਪੀ ਰਹੀ ਸੀ ਜਿਵੇਂ ਪਿਆਸ ਦੀ ਇਤਨੀ ਸ਼ਿੱਦਤ ਦੇ ਬਾਵਜੂਦ ਇਕ ਘੁੱਟ ਦਾ ਮਜ਼ਾ ਲੈਂਦਿਆਂ ਤ੍ਰਿਪਤੀ ਦਾ ਅਹਿਸਾਸ ਧੁਰ ਅੰਦਰ ਤੱਕ ਉਤਾਰ ਰਹੀ ਹੋਵੇ।

ਤੇ ਬੱਸ ਇਹ ਵਿੰਹਦਿਆਂ ਹੀ ਰਿਸ਼ਤੇ ਦੀ ਬੁਨਿਆਦ ਧਰੀ ਜਾਵੇਗੀ ਜੋ ਕੁਝ ਦਿਨਾਂ ਪਿਛੋਂ ਯਾਸਮੀਨ ਦੀ ਮੌਤ ਦੇ ਬਾਵਜੂਦ ਬਲਬੀਰ ਨੂੰ ਤਾਬਿੰਦਾ ਤੱਕ ਪਹੁੰਚਾ ਦੇਵੇਗਾ!!

ਨਾਵਲ ਦੇ 66ਵੇਂ ਕਾਂਡ ਵਿਚ ਬਲਬੀਰ ਦੇ ਭਾਈ ਸੰਦੀਪ ਦਾ ਸ਼ੇਰੇ ਉਪਰ ਮਾਰੂ ਹਮਲੇ ਵਿਚ ਸ਼ਾਮਲ ਹੋਣ ਦਾ ਸੰਕੇਤ ਹੈ। ਇਹ ਵਾਰਦਾਤ ਬਲਬੀਰ ਦੀ ਪਿਆਰੀ ਮਾਂ ਰੂਕੋ ਦੀ ਜਾਨ ਲੈ ਲਵੇਗੀ। ਸਾਹਿਬਜੀਤ ਅਤੇ ਸਪੱਰਸ਼ ਦੀ ਜ਼ਿੰਦਗੀ ਵਿਚ ਨਵੀਆਂ ਬਿਪਤਾਵਾਂ ਦੇ ਪਹਾੜ ਟੁੱਟ ਪੈਣਗੇ। ਨਾਵਲੀ ਕਹਾਣੀ ਵਿਚ ਦੁੱਖ ਅਤੇ ਸੁੱਖ ਜਾਂ ਦਰਿੰਦਗੀ ਅਤੇ ਇਨਸਾਨੀ ਸੁਹੱਪਣ ਕਿੰਜ ਨਾਲੋ-ਨਾਲ ਚੱਲ ਰਹੇ ਹਨ, ਇਸ ਮੋੜ 'ਤੇ ਸੁਰਿੰਦਰ ਨੇ ਚਲਦੇ-ਚਲਦੇ ਬੜੇ ਸਹਿਜ ਭਾਅ ਨਾਲ ਸਾਨੂੰ ਜ਼ਿੰਦਗੀ ਦੇ ਮੇਲੇ ਦਾ ਭਿਆਨਕ ਨਜ਼ਾਰਾ ਵੀ ਦਿਖਾ ਜਾਣਾ ਹੈ। ਉਂਜ ਇਸ ਵਕਤ ਸਾਹਿਬਜੀਤ ਅਤੇ ਤਾਬਿੰਦਾ, ਬਲਬੀਰ ਨੂੰ ਮਿਲਣ ਲਈ ਰਾਣੀਖੇਤ ਗਏ ਹੋਏ ਹਨ। ਉਥੇ ਹੀ ਅਚਾਨਕ ਇਕ ਸਵੇਰ ਤਾਬਿੰਦਾ ਦੀ ਮੁਲਾਕਾਤ ਅੰਜ਼ੁਮ ਕਾਜਮੀ ਨਾਲ ਹੁੰਦੀ ਹੈ ਜਿਸ ਦਾ ਵਰਣਨ ਬਲਬੀਰ ਨੇ ਨਾਵਲ ਦੇ ਪੰਨਾ 483-84 'ਤੇ ਇਸ ਪ੍ਰਕਾਰ ਕੀਤਾ ਹੈ,

ਤਾਬਿੰਦਾ ਸਵੇਰੇ ਉਠੀ ਤਾਂ ਅਲਸਾਈ ਹੋਈ, ਪਹਿਲਾਂ ਚਾਹ ਲਈ ਕਿਸੇ ਨੂੰ ਢੂੰਡਣ ਲੱਗੀ। ਤਦੇ ਲੰਮੇ ਵਾਲਾਂ ਵਾਲੇ ਇਕ ਨੌਜਵਾਨ 'ਤੇ ਉਸ ਦੀ ਨਜ਼ਰ ਪਈ, "ਭਾਈ ਸਾਹਿਬ...।"

ਉਸ ਸ਼ਖਸ ਨੇ ਤ੍ਰਭਕ ਕੇ ਪਿਛੇ ਮੁੜ ਕੇ ਵੇਖਿਆ ਤਾਂ ਉਸ ਨੂੰ ਲੱਗਾ ਜਿਵੇਂ ਇਹ ਆਵਾਜ਼ ਸੁਣੀ ਹੋਈ ਹੈ।

"ਦੇਖੋ ਮੁਹਤਰਮਾ, ਮੇਰਾ ਨਾਂ ਭਾਈ ਸਾਹਿਬ ਨਹੀਂ, ਬਲਕਿ ਅੰਜ਼ੁਮ ਕਾਜਮੀ ਹੈ। ਤੁਸੀਂ ਮੈਨੂੰ ਅੰਜ਼ੁਮ ਜਾਂ ਕਾਜਮੀ ਬੁਲਾ ਸਕਦੇ ਹੋ, ਪਰ ਖੁਦਾ ਦੇ ਵਾਸਤੇ ਮੈਨੂੰ ਭਾਈ ਸਾਹਿਬ ਵਰਗਾ ਪੱਥਰ ਨਾ ਮਾਰੋ, ਪਲੀਜ਼...।"

ਤਾਬਿੰਦਾ ਸਿਰ ਫੜ ਕੇ ਬਹਿ ਗਈ। ਤੌਬਾ! ਤੌਬਾ!! ਸਵੇਰੇ ਸਵੇਰੇ ਇਤਨਾ ਭਿਆਨਕ ਟਕਰਾਓ। ਪਤਾ ਨਹੀਂ ਅੱਗੇ ਕੀ ਹੋਵੇਗਾ। ਮਾਇਆ ਵੀ ਤਾਂ ਕਿਧਰੇ ਨਜ਼ਰ ਨਈਂ ਸੀ ਆ ਰਹੀ।

---

"ਲਓ ਮੈਡਮ ਚਾਹ।"

"ਹੁਣ ਦੱਸੋ, ਤੁਸੀਂ ਕੌਣ ਹੋ? ਕਿਥੋਂ ਆਏ ਹੋ? ਤੇ ਕਿਸ ਸਿਲਸਿਲੇ ਵਿਚ ਆਏ ਹੋ? ਵੈਸੇ ਇਹ ਸਭ ਮੈਨੂੰ ਪੁੱਛਣ ਦਾ ਅਧਿਕਾਰ ਬਿਲਕੁਲ ਨਾ ਹੁੰਦਾ, ਅਗਰ ਤੁਸੀਂ ਮੈਨੂੰ ਮੇਜ਼ਬਾਨੀ ਦਾ ਸ਼ਰਫ ਨਾ ਬਖਸ਼ਦੇ ਤਾਂ।"

ਤਾਬਿੰਦਾ ਠਹਾਕਾ ਮਾਰ ਕੇ ਹੱਸ ਪਈ। ਨਿੱਕੀ ਨਿੱਕੀ ਦਾੜ੍ਹੀ ਵਾਲੇ ਇਸ ਪਤਲੇ, ਲੰਮੇ ਜਿਹੇ ਬੰਦੇ ਦੀਆਂ ਨਾਨ ਸਟਾਪ ਗੱਲਾਂ ਨੇ ਤਾਂ ਤਾਬਿੰਦਾ ਨੂੰ ਵੀ ਮਾਤ ਦੇ ਦਿੱਤੀ ਸੀ। ਹਾਲਾਂਕਿ ਜਸਬੀਰ ਉਸ ਨੂੰ ਆਖਦੀ ਸੀ ਕਿ ਉਹ ਗੱਲਾਂ ਕਰਦਿਆਂ ਟਰੇਨ ਦੀ ਤਰ੍ਹਾਂ ਬਿਨਾਂ ਰੁਕੇ ਦੌੜਦੀ ਰਹਿੰਦੀ ਹੈ, ਪਰ ਇਹ ਬੰਦਾ...। ਤਾਬਿੰਦਾ ਮੁਸਕਰਾ ਰਹੀ ਸੀ।

---

ਜ਼ਿੰਦਗੀ ਵਿਚ ਦੁੱਖ ਅਤੇ ਸੁੱਖ ਦੀਆਂ ਅਨੰਤ ਸੰਭਾਵਨਾਵਾਂ ਹਨ। ਜ਼ਿੰਦਗੀ ਬਹੁਤ ਸੋਹਣੀ, ਬਹੁਤ ਸੋਹਣੀ ਹੈ। ਤੇ ਕੈਸਾ ਹੁਸੀਨ ਵਰਣਨ ਹੈ-ਸੁਰਿੰਦਰ ਨੀਰ ਦੀ ਕਲਮ ਤੋਂ ਇਸ ਸੁਹੱਪਣ ਦਾ; ਸਾਡੇ ਪਾਠਕ ਜਦੋਂ 'ਜ਼ੋਰਬਾ ਦਿ ਗਰੀਕ' ਪੜ੍ਹਨਗੇ ਤਾਂ ਜ਼ੋਰਬਾ ਨੂੰ ਸੰਤੂਰੀ ਸੁਣ ਕੇ ਲਾਜ਼ਮੀ ਤਾਬਿੰਦਾ ਦਾ ਇਹ ਬਹੁਤ ਹੀ ਪਿਆਰਾ ਹਾਸਾ ਵਾਰ-ਵਾਰ ਯਾਦ ਆਵੇਗਾ ਅਤੇ ਸੁਰਿੰਦਰ ਨੀਰ ਦੀ ਧੰਨ-ਧੰਨ ਕਰਨ ਨੂੰ ਜੀਅ ਵਾਰ-ਵਾਰ ਕਰੇਗਾ।

'ਜ਼ੋਰਬਾ ਦਿ ਗਰੀਕ' ਨਾਵਲ ਦੀ ਕਥਾ ਅਨੁਸਾਰ 30-35 ਵਰ੍ਹਿਆਂ ਦੀ ਉਮਰ ਦਾ ਲੇਖਕ ਆਪਣੇ ਵਤਨ ਯੂਨਾਨ ਦੇ ਕਰੀਟ ਜ਼ੰਜੀਰੇ ਵੱਲ ਕੋਇਲੇ ਦੀਆਂ ਖਾਨਾਂ ਦਾ ਕੋਈ ਪ੍ਰੋਜੈਕਟ ਸ਼ੁਰੂ ਕਰਨ ਜਾ ਰਿਹਾ ਹੈ। ਜਹਾਜ਼ ਉਪਰ ਉਹ ਅਚਾਨਕ 60-65 ਵਰ੍ਹਿਆਂ ਦੀ ਉਮਰ ਦੇ ਖਸਤਾ ਹਾਲ ਜਿਹੇ ਨਜ਼ਰ ਆਉਂਦੇ ਜ਼ੋਰਬਾ ਨਾਂ ਦੇ ਮਜ਼ਦੂਰ ਦੇ ਸੰਪਰਕ ਵਿਚ ਆ ਜਾਂਦਾ ਹੈ ਜਿਸ ਨੇ ਸੰਤੂਰੀ ਨਾਂ ਦਾ ਸੰਗੀਤ ਵਜਾਉਣ ਵਾਲਾ ਕੋਈ ਸਾਜ਼ ਗਠੜੀ ਵਿਚ ਲਪੇਟ ਕੇ ਕੱਛੇ ਮਾਰਿਆ ਹੋਇਆ ਹੈ। ਇਹ ਸਾਧਾਰਨ ਜਿਹਾ ਮਜ਼ਦੂਰ ਸਵੈ-ਮਾਣ ਨਾਲ ਭਰਿਆ ਹੋਇਆ ਹੈ ਅਤੇ ਬਹੁਤ ਨਿਝੱਕ ਅੰਦਾਜ਼ ਵਿਚ ਆਪਣੇ ਆਪ ਨੂੰ ਲੇਖਕ ਦੇ ਸਾਥੀ ਵਜੋਂ ਉਸ ਦੇ ਨਾਲ ਜਾਣ ਦੀ ਪੇਸ਼ਕਸ਼ ਕਰ ਰਿਹਾ ਹੈ।

ਜ਼ੋਰਬਾ ਅਤੇ ਤਾਬਿੰਦਾ ਦੀ ਮਾਂ ਯਾਸਮੀਨ ਵਿਚ ਬਾਹਲਾ ਕੁਝ ਸਾਂਝਾ ਨਹੀਂ ਹੈ, ਪਰ ਆਤਮ-ਸਨਮਾਨ ਦੀ ਕੋਈ ਭਾਵਨਾ ਹੈ ਜੋ ਦੋਵਾਂ ਨੂੰ ਐਕਸਿਜ਼ 'ਤੇ ਲੈ ਆਉਂਦੀ ਹੈ। ਤਾਬਿੰਦਾ ਅਤੇ ਜ਼ੋਰਬਾ ਦੀਆਂ ਉਮਰਾਂ ਵਿਚ ਵੱਡਾ ਅੰਤਰ ਹੈ, ਪਰ ਜ਼ੋਰਬਾ ਦੀ ਜਾਨ ਜਿਸ ਤਰ੍ਹਾਂ ਉਸ ਦੀ ਸੰਤੂਰੀ ਵਿਚ ਹੈ, ਤਾਬਿੰਦਾ ਨੂੰ ਉਸੇ ਤਰ੍ਹਾਂ ਹੀ ਆਪਣੀ ਆਤਮਾ ਅੰਦਰਲੇ ਗੀਤ ਦੀ ਤਾਕਤ 'ਤੇ ਮਾਣ ਹੈ।

ਬਲੂ ਸਟਾਰ ਤੋਂ ਸਾਲ ਕੁ ਪਿਛੋਂ, 28 ਕੁ ਵਰ੍ਹੇ ਪੁਰਾਣੀ ਗੱਲ ਹੈ। ਸਾਡੇ ਵੱਡੇ ਭਰਾਵਾਂ ਵਰਗੇ ਮਿੱਤਰ ਅਤੇ 'ਨੇੜਿਓਂ ਤੱਕਿਆ ਭਿੰਡਰਾਂਵਾਲਾ' ਪੁਸਤਕ ਦੇ ਲੇਖਕ ਭਾਅ ਜੀ ਦਲਬੀਰ ਸਿੰਘ, ਯੂਨੀਵਰਸਿਟੀ ਵਿਚ ਮੇਰੇ ਕੋਲ ਆਏ ਹੋਏ ਸਨ। ਲਾਲੀ ਬਾਬਾ ਨਾਲ ਉਨ੍ਹਾਂ ਦੀ ਉਦੋਂ ਤੱਕ ਕੋਈ ਜਾਣ-ਪਛਾਣ ਨਹੀਂ ਸੀ। ਲਾਲੀ ਸਾਨੂੰ ਅਚਾਨਕ ਟੱਕਰ ਗਏ ਅਤੇ ਮੈਂ ਉਨ੍ਹਾਂ ਦੋਵਾਂ ਨੂੰ ਗਰਮੀਆਂ ਦੀ ਉਸ ਸ਼ਾਮ ਅਰਬਨ ਅਸਟੇਟ ਬਾਬਾ (ਡਾ.) ਕਿਹਰ ਸਿੰਘ ਦੇ ਘਰੇ ਲੈ ਆਇਆ। ਡਾ. ਬਲਕਾਰ ਸਿੰਘ ਪਹਿਲਾਂ ਹੀ ਉਥੇ ਮੌਜੂਦ ਸਨ। ਇਕ ਦੋ ਹੋਰ ਸੱਜਣ ਵੀ ਸਨ। ਭਾਅ ਜੀ ਦਲਬੀਰ ਸਿੰਘ ਦਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਬਹੁਤ ਨੇੜੇ ਦਾ ਯਾਰਾਨਾ ਸੀ ਅਤੇ ਉਨ੍ਹੀਂ ਦਿਨੀਂ ਮਾਈਕ ਅਕਸਰ ਉਨ੍ਹਾਂ ਦੇ ਹੱਥ ਹੁੰਦਾ ਸੀ। ਉਹ ਸੰਤਾਂ ਬਾਰੇ ਅਨੇਕਾਂ ਵੇਰਵੇ ਬੜੇ ਜਜ਼ਬੇ ਨਾਲ ਸੁਣਾਉਂਦੇ ਸਨ। ਕਥਾ ਰਸ ਉਨ੍ਹਾਂ ਦੇ ਪ੍ਰਵਚਨ ਵਿਚ ਵੀ ਬੜਾ ਹੁੰਦਾ ਸੀ ਅਤੇ ਉਨ੍ਹਾਂ ਨੂੰ ਟੋਕਣ ਦੀ ਜਾਂ ਉਨ੍ਹਾਂ ਦੀ ਹਾਜ਼ਰੀ ਵਿਚ ਬੋਲਣ ਦੀ ਕਦੀ ਕਿਸੇ ਨੇ 'ਹਿਮਾਕਤ' ਵੀ ਘੱਟ ਹੀ ਕੀਤੀ ਸੀ, ਪਰ ਇਸ ਦਿਨ ਤਾਂ ਕਹਾਣੀ ਹੀ ਉਲਟ ਹੋ ਗਈ ਸੀ। ਲਾਲੀ ਬਾਬੇ ਨੇ ਸ਼ਾਮ ਦੇ 5 ਕੁ ਵਜੇ ਨਿਕੋਸ ਕਜ਼ਾਨਜੈਕਿਸ ਦੇ ਮਹਾਂਕਾਵਿ ਬਾਰੇ ਪ੍ਰਵਚਨ ਸ਼ੁਰੂ ਕਰ ਲਿਆ ਅਤੇ ਉਹ 3-4 ਘੰਟੇ ਨਿਰੰਤਰ ਉਸ ਅੰਦਰ ਕਈ ਖੰਡਾਂ ਵਿਚ ਦਰਸਾਈਆਂ ਸਦੀਆਂ ਦੌਰਾਨ ਮਨੁੱਖੀ ਸਪਿਰਟ ਦੀ ਯਾਤਰਾ ਦੇ ਵੱਖ-ਵੱਖ ਪਹਿਲੂਆਂ ਬਾਰੇ ਪੂਰੀ ਸ਼ਿੱਦਤ ਨਾਲ ਬੋਲੀ ਗਏ।

ਮੈਨੂੰ ਅੱਜ ਤੱਕ ਯਾਦ ਹੈ ਕਿ ਮਾਡਰਨ ਉਡੀਸੀ ਮਹਾਂਕਾਵਿ ਅੰਦਰ ਮਹਾਤਮਾ ਬੁੱਧ ਦੇ ਚਿੰਤਨ ਵਾਲੇ ਹਿੱਸੇ ਬਾਰੇ ਲਾਲੀ ਬਾਬਾ ਜਦੋਂ ਬੋਲ ਰਿਹਾ ਸੀ ਤਾਂ ਦਲਬੀਰ ਸਿੰਘ ਵਰਗੇ ਖੁਸ਼ਕ/ਸੰਜੀਦਾ ਬੰਦੇ ਨੇ ਵਾਹ-ਵਾਹ ਕਹਿੰਦਿਆਂ ਖੜ੍ਹੇ ਹੋ ਕੇ ਗਿੱਧਾ ਪਾਉਣਾ ਸ਼ੁਰੂ ਕਰ ਦਿੱਤਾ ਸੀ। ਬਾਅਦ ਦੇ ਸਾਲਾਂ ਦੌਰਾਨ ਉਹ ਜਦੋਂ ਕਦੀ ਵੀ ਸਾਡੇ ਕੋਲ ਆਏ, ਜਾਂ ਮੈਂ ਗੰਨਾ ਪਿੰਡ ਵਾਲੇ ਫਾਰਮ ਹਾਊਸ 'ਤੇ ਉਨ੍ਹਾਂ ਨੂੰ ਮਿਲਣ ਗਿਆ, ਉਹ ਹਮੇਸ਼ਾ ਹੀ ਕਹਿੰਦੇ ਰਹੇ ਸਨ ਕਿ ਉਸ 'ਕਲੰਦਰ' ਨੇ ਤਾਂ ਯਾਰ ਉਸ ਦਿਨ ਕਮਾਲ ਕਰ ਦਿੱਤੀ ਸੀ।

ਨਿਕੋਸ ਕਜ਼ਾਨਜੈਕਿਸ ਦਾ 'ਦਿ ਲਾਸਟ ਟੈਂਪਟੇਸ਼ਨ ਆਫ ਕਰਾਈਸਟ' ਨਾਂ ਦਾ ਨਾਵਲ ਵੀ ਵੱਡੀ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਇਸ ਨਾਵਲ ਵਿਚ ਈਸਾ ਮਿਸ਼ਨ ਨੂੰ ਆਮ ਦੁਨਿਆਵੀ ਮਨੁੱਖਾਂ ਦੇ ਦੁੱਖਾਂ-ਸੁੱਖਾਂ ਦੇ ਹਵਾਲਿਆਂ ਨਾਲ ਵਿਲੱਖਣ ਅੰਦਾਜ਼ ਵਿਚ ਸਿਰਜਿਆ ਗਿਆ ਹੈ। ਇਹ ਵਿਵਾਦਪੂਰਨ ਨਾਵਲ ਲਿਖਣ ਕਰ ਕੇ ਕਜ਼ਾਨਜੈਕਿਸ ਰੋਮਨ ਕੈਥੋਲਿਕ ਚਰਚ ਦੇ ਭਾਰੀ ਕ੍ਰੋਧ ਦਾ ਸ਼ਿਕਾਰ ਹੋ ਗਿਆ ਸੀ ਅਤੇ ਚਰਚ ਨੇ ਉਸ ਨੂੰ ਆਪਣੇ 'ਪੰਥ' ਵਿਚੋਂ ਖਾਰਜ ਕਰ ਦਿੱਤਾ ਸੀ।

(ਚਲਦਾ)

## ਕਹਾਣੀ

# ਭਾਈਆਂ ਬਾਝ

***ਕਹਾਣੀਕਾਰ ਨਵਤੇਜ ਸਿੰਘ (8 ਜਨਵਰੀ 1925-12 ਅਗਸਤ 1981) ਦੀ ਰਚਨਾ 'ਭਾਈਆਂ ਬਾਝ' ਅਸਲ ਵਿਚ 1947 ਦੀ ਵੰਡ ਵੇਲੇ ਭੱਜੀਆਂ ਬਾਂਹਾਂ ਦੀ ਬਾਤ ਹੈ। ਉਰਦੂ ਅਫਸਾਨਾਨਿਗਾਰ ਸਆਦਤ ਹਸਨ ਮੰਟੋ ਨੇ ਵੰਡ ਬਾਰੇ ਬੜੀ ਉਮਦਾ ਕਹਾਣੀ ਲਿਖੀ ਸੀ-ਟੋਭਾ ਟੇਕ ਸਿੰਘ। ਇਸ ਕਹਾਣੀ ਵਿਚ ਮੰਟੋ ਨੇ ਆਜ਼ਾਦੀ ਮੌਕੇ ਹੋਈ ਅਖੌਤੀ ਵੰਡ ਉਤੇ ਤਿੱਖਾ ਵਿਅੰਗ ਕੱਸਿਆ ਸੀ। ਨਵਤੇਜ ਸਿੰਘ ਦੀ ਕਹਾਣੀ 'ਭਾਈਆਂ ਬਾਝ' ਉਸ ਤੋਂ ਬਾਅਦ ਦੀ ਕਥਾ ਹੈ ਜਦੋਂ ਵੰਡ ਵੇਲੇ ਦੇ ਕਹਿਰ ਦਾ ਮਾਰਿਆ ਪਾਤਰ ਆਪਣੇ ਵਿਛੜੇ ਯਾਰ ਦੇ ਭੁਲੇਖੇ ਪਾਕਿਸਤਾਨ ਜਾ ਵੜਦਾ ਹੈ ਅਤੇ ਉਥੇ ਜਸੂਸ ਸਮਝੇ ਜਾਣ 'ਤੇ ਤਸ਼ੱਦਦ ਦਾ ਸ਼ਿਕਾਰ ਬਣਦਾ ਹੈ। ਇਹ ਕਹਾਣੀ 'ਆਵਾਮ ਲਈ ਲਿਆਂਦੀ' ਆਜ਼ਾਦੀ ਉਤੇ ਵਿਅੰਗ ਹੈ। -ਸੰਪਾਦਕ***

### ਨਵਤੇਜ ਸਿੰਘ

ਉਹ ਡੌਰ-ਭੌਰ ਖੜ੍ਹਾ ਸੀ। ਉਹਦੇ ਪੁੱਤਰ, ਨੂੰਹਾਂ, ਧੀਆਂ, ਜਵਾਈ, ਉਹਦੀ ਵਹੁਟੀ, ਉਹਦੇ ਪਿੰਡ ਦੇ ਲੋਕ, ਸਭ ਉਹਦੇ ਸਾਹਮਣੇ ਖੜੋਤੇ ਹੋਏ ਸਨ।

ਹੁਣ ਉਹਦੇ ਪੈਰੀਂ ਬੇੜੀਆਂ ਨਹੀਂ ਸਨ, ਹੱਥਕੜੀਆਂ ਵੀ ਨਹੀਂ। ਨਾ ਹੀ ਉਹਦੇ ਗਲ ਫ਼ਾਂਟਾਂ ਵਾਲੀ ਉਹ ਕਮੀਜ਼ ਤੇ ਪਜਾਮਾ ਸੀ। ਹੁਣ ਉਹਦੇ ਤੇੜ ਉਹੀ ਰੇਸ਼ਮੀ ਸਲੇਟੀ ਚਾਦਰਾ ਤੇ ਉਹੀ ਮਿੱਟੀ ਰੰਗਾ ਕੁੜਤਾ ਸੀ ਜਿਹੜਾ ਅੱਜ ਤੋਂ ਨੌਂ ਮਹੀਨੇ ਪਹਿਲਾਂ ਉਸ ਰਾਤ ਉਸ ਨੇ ਪਾਇਆ ਹੋਇਆ ਸੀ।

ਅੱਜ ਤੋਂ ਨੌਂ ਮਹੀਨੇ ਪਹਿਲਾਂ ਇਕ ਰਾਤ ਆਪਣੀ ਪੈਲੀ ਵਿਚ ਪਾਣੀ ਲਾਂਦਿਆਂ ਉਹਨੂੰ ਦੁਰੇਡਿਉਂ ਕੋਈ ਅਲੋਕਾਰ ਵਾਜ ਸੁਣਾਈ ਦਿੱਤੀ ਸੀ,

ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ,
ਅਤੇ ਭਾਈਆਂ ਬਾਝ ਬਹਾਰ ਨਾਹੀਂ।

ਪਤਾ ਨਹੀਂ ਕਿਹੋ ਜਿਹਾ ਵਜਦ ਉਹਦੇ ਉਤੇ ਤਾਰੀ ਹੋ ਗਿਆ ਸੀ ਤੇ ਉਹ ਇਸ ਵਾਜ ਦੀ ਸੂਹ ਪਿਛੇ ਲੱਗ ਤੁਰਿਆ ਸੀ। ਅੱਧ-ਚਾਨਣੀ, ਅੱਧ-ਹਨੇਰੀ ਰਾਤ ਸੀ, ਜਿਵੇਂ ਉਹ ਕਿਸੇ ਸੁਪਨੇ ਦੇ ਘੁਸਮੁਸੇ ਵਿਚ ਵਹਿ ਰਿਹਾ ਹੋਵੇ ਤੇ ਦੂਰ ਉਹਦੀ ਭਰ-ਜਵਾਨੀ ਵੇਲੇ ਦਾ ਯਾਰ ਗੌਂ ਰਿਹਾ ਹੋਵੇ,

... ਅਤੇ ਭਾਈਆਂ ਬਾਝ ਬਹਾਰ ਨਾਹੀਂ। ਉਹ ਇਥੇ ਕਿਥੋਂ? ਉਹ ਤੇ ਦੇਸ ਦੀ ਵੰਡ ਵੇਲੇ ਮਾਰਿਆ ਗਿਆ ਸੀ। ਉਹਦਾ ਹੋਰ ਕੋਈ ਵੀ ਨਹੀਂ ਸੀ। ਸਿਰਫ਼ ਉਹੀ ਸੀ, ਉਹਦਾ ਜਾਨੀ ਯਾਰ ਤੇ ਉਹਦੀ ਅਲੋਕਾਰ ਵਾਜ ਸੀ ਜਿਸ ਨਾਲ ਉਨ੍ਹਾਂ ਦੋਵਾਂ ਦੀ ਜਿੰਦ ਗੂੰਜਦੀ ਸੀ ਤੇ ਵੰਡ ਦੀ ਨਾਗ ਲੀਕ ਦੇ ਪਾਰ ਜਾਣ ਦੀ ਥਾਂ ਉਹ ਆਪਣੇ ਜਾਨੀ ਯਾਰ ਦੇ ਘਰ ਆ ਗਿਆ ਸੀ। ਵੰਡ ਦੀ ਨਾਗ ਲੀਕ ਉਨ੍ਹਾਂ ਦੇ ਪਿੰਡ ਦੀ ਅਖੀਰਲੀ ਪੈਲੀ ਦੀ ਵੱਟ ਦੇ ਨਾਲ ਸੀ, ਪਰ ਉਹਨੇ ਉਧਰ ਮੂੰਹ ਹੀ ਨਹੀਂ ਸੀ ਕੀਤਾ।

ਤੇ ਧਾੜਵੀਆਂ ਨੇ ਉਹਦੇ ਹੱਥਾਂ ਵਿਚੋਂ ਖੋਹ ਕੇ ਉਦੋਂ ਉਹਨੂੰ ਉਥੇ ਹੀ ਗੋਲੀ ਮਾਰ ਦਿੱਤੀ ਸੀ, ਪਰ ਅੱਜ ਇਹ ਵਾਜ ਕਿਥੋਂ,

... ਭਾਈ ਮਰਨ ਤਾਂ ਪੌਂਦੀਆਂ ਭੱਜ ਬਾਹਾਂ...।

ਉਹਦੀ ਹੀ ਤਾਂ ਵਾਜ ਸੀ ਇਹ! ਜਹਾਨ ਸਾਰੇ ਵਿਚ ਹੋਰ ਕੋਈ ਵੀ ਇੰਨ-ਬਿੰਨ ਇਵੇਂ ਨਹੀਂ ਸੀ ਗੌਂ ਸਕਦਾ। ਇਹ ਉਹੀ ਸੀ, ਉਹਦਾ ਯਾਰ... ਇਹ ਉਹੀ ਸੀ...।

ਬਿਨਾਂ ਭਾਈਆਂ ਪਰ੍ਹੇ ਪਰਵਾਰ ਨਾਹੀਂ...।

ਜੇ ਉਹਦਾ ਸਰੀਰ ਨਹੀਂ, ਤਾਂ ਇਹ ਜ਼ਰੂਰ ਉਹਦੀ ਰੂਹ ਸੀ। ਉਹਦੀ ਰੂਹ ਸੀ। ਉਹਦੀ ਹੀ ਰੂਹ ਸੀ। ਮੇਰੇ ਜਾਨੀ ਯਾਰ ਦੀ ਰੂਹ। ਤੇ ਉਹ ਕੁਰਲਾ ਰਹੀ ਸੀ,

... ਲੱਖ ਓਟ ਹੈ ਭਾਈਆਂ ਵਸਦਿਆਂ ਦੀ
ਭਾਈਆਂ ਜੀਂਵਦਿਆਂ ਦੇ ਕਾਈ ਹਾਰ ਨਾਹੀਂ।

ਤੇ ਉਹ ਇਸ ਵਾਜ ਦੇ ਸੇਧੇ ਤੁਰਦਾ ਗਿਆ, ਤੁਰਦਾ ਹੀ ਗਿਆ। ਪਿੰਡ ਦੀ ਅਖੀਰਲੀ ਪੈਲੀ ਦੀ ਵੱਟ ਆ ਗਈ, ਪਰ ਇਸ ਵੱਟ ਦੇ ਕੋਲ ਉਹ ਨਾਗ ਲੀਕ ਉਹਨੂੰ ਨਾ ਦਿਸੀ ਜਿਹੜੀ ਅੱਜ ਤੋਂ ਪੂਰੇ 24 ਵਰ੍ਹੇ ਤੇ ਕੁਝ ਮਹੀਨੇ ਪਹਿਲਾਂ ਇੱਥੇ ਖਿੱਚੀ ਗਈ ਸੀ। ਉਨ੍ਹਾਂ ਦੇ ਪਿੰਡ ਤੋਂ ਅਗਲੇ ਪਿੰਡ ਦਾ ਬਾਗ ਵਾਲਾ ਖੂਹ ਦਿੱਸਣ ਲੱਗ ਪਿਆ ਸੀ। ਉਹੀ ਬਾਗ ਜਿੱਥੇ ਚਵ੍ਹੀ ਵਰ੍ਹੇ ਪਹਿਲਾਂ ਕਈ ਵਾਰੀ ਰਾਤਾਂ ਨੂੰ ਉਹ ਮਹਿਫ਼ਲਾਂ ਲਾਂਦੇ ਹੁੰਦੇ ਸਨ ਤੇ ਉਹਦਾ ਯਾਰ ਸਾਰੀ ਸਾਰੀ ਰਾਤ ਗੌਂਦਾ ਹੁੰਦਾ ਸੀ।

ਬਾਗ ਵਿਚ ਮਹਿਫ਼ਲ ਵੀ ਜੁੜੀ ਜਾਪਦੀ ਸੀ ਤੇ ਕੋਈ ਗੌਂ ਰਿਹਾ ਸੀ,

...ਭਾਈ ਢਾਹੁੰਦੇ, ਭਾਈ ਉਸਾਰਦੇ ਨੇ,
ਵਾਰਿਸ ਭਾਈਆਂ ਬਾਝੋਂ ਬੇਲੀ ਯਾਰ ਨਾਹੀਂ।

ਕੀ ਮੇਰੇ ਯਾਰ ਦੀ ਵਾਜ ਇਸ ਗਲੇ ਵਿਚ ਆਣ ਵਸੀ ਸੀ?

... ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ
ਤੇ ਭਾਈਆਂ ਬਾਝ ਬਾਹਰ ਨਾਹੀਂ...।

ਉਹ ਮਹਿਫ਼ਲ ਤੋਂ ਬੜੀ ਦੂਰ ਖੜ੍ਹੋ ਕੇ ਬਿੰਦ ਦੀ ਬਿੰਦ ਇਹ ਵਾਜ ਸੁਣਨਾ ਚਾਹੁੰਦਾ ਸੀ। ਚਾਣ-ਚੱਕ ਉਹਨੂੰ ਉਹ ਨਾਗ ਲੀਕ ਚੇਤੇ ਆ ਗਈ ਜਿਸ ਸਦਕਾ ਉਹ ਆਪਣੇ ਗੁਆਂਢੀ ਪਿੰਡ ਦੀ ਜੂਹ ਲਈ, ਆਪਣੀਆਂ ਮਹਿਫ਼ਲਾਂ ਵਾਲੇ ਬਾਗ ਲਈ ਪਰਦੇਸੀ ਹੋ ਗਿਆ ਸੀ। ਉਹ ਬਿੰਦ ਦੀ ਬਿੰਦ ਹੀ ਸੁਣੇਗਾ ਤੇ ਫੇਰ ਅਛੋਪਲੇ ਹੀ ਪਿਛਲੇ ਪੈਰੀਂ ਪਰਤ ਜਾਏਗਾ। ਕਿਤੇ ਇਹ ਨਾਗ ਲੀਕ ਉਹ ਨੂੰ ਡਸ ਨਾ ਜਾਏ!

"ਕਿਹੜਾ ਏ ਬਈ?" ਤੇ ਕੁਝ ਬੰਦੇ ਉਹਦੇ ਕੋਲ ਆਣ ਖੜੋਤੇ ਸਨ। ਕੁਝ ਚਿਰ ਪਿਛੋਂ ਨੇੜੇ ਦੀ ਚੌਕੀ ਤੋਂ ਦੋ ਸਿਪਾਹੀ ਵੀ ਆ ਗਏ। ਉਹ ਵਾਜ ਹੁਣ ਬੰਦ ਹੋ ਗਈ। ਨਾਗ ਲੀਕ ਨੇ ਉਹ ਨੂੰ ਡੱਸ ਲਿਆ ਸੀ।

ਸਿਪਾਹੀਆਂ ਨੇ ਉਹਦੀਆਂ ਅੱਖਾਂ 'ਤੇ ਪੱਟੀਆਂ ਬੰਨ੍ਹ ਕੇ ਉਹਨੂੰ ਜੀਪ ਵਿਚ ਬਿਠਾ ਦਿੱਤਾ। ਜੀਪ ਸ਼ੂਕਦੀ ਜਾ ਰਹੀ ਸੀ। "ਜਸੂਸ... ਜਸੂਸ... ", ਸਾਰੀ ਜੀਪ ਵਿਚ ਜਿਵੇਂ ਬਦਬੂ ਹੋਵੇ। ਉਹਨੂੰ ਜਾਪਿਆ, ਜੀਪ ਜਿਸ ਰਾਹ 'ਤੇ ਜਾ ਰਹੀ ਸੀ, ਉਹ ਉਹਦੇ ਸਹੁਰਿਆਂ ਦੇ ਪਿੰਡ ਵੱਲ ਜਾਂਦਾ ਸੀ।

ਅੱਜ ਤੋਂ ਤੀਹ ਵਰ੍ਹੇ ਪਹਿਲਾਂ ਉਹ ਸਿਹਰੇ ਬੰਨ੍ਹ ਕੇ ਇਸੇ ਰਾਹ ਉਤੋਂ ਲੰਘਿਆ ਸੀ। ਉਦੋਂ ਉਹਦਾ ਯਾਰ ਵੀ ਉਹਦੇ ਨਾਲ ਸੀ। ਤੇ ਉਹ ਸਾਰੀ ਵਾਟ ਗੌਂਦਾ ਰਿਹਾ ਸੀ, ਵੰਨ-ਸੁਵੰਨੀਆਂ ਬੋਲੀਆਂ ਤੇ ਹੀਰ,

ਨਾਲ ਅਜਬ ਬਹਾਰ ਦੇ ਸ਼ਿਅਰ ਕਹਿ ਕੇ
ਰਾਂਝੇ ਹੀਰ ਦਾ ਮੇਲ ਮਿਲਾਈਏ ਜੀ।
ਯਾਰਾਂ ਨਾਲ ਮਜਲਸਾਂ ਵਿਚ ਬਹਿ ਕੇ
ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ।

ਵਿਚ ਵਿਚ ਉਹ ਉਹਦੇ ਕੋਲ ਜਾ ਕੇ ਉਹਨੂੰ ਛੇੜਦਾ ਸੀ, ਆਪਣੀ ਭਾਬੀ ਬਾਰੇ ਬੋਲੀਆਂ ਜੋੜ-ਜੋੜ ਕੇ ਸੁਣਾਂਦਾ ਸੀ। ਉਦੋਂ ਉਹਨੇ ਆਪਣੇ ਯਾਰ ਨੂੰ ਕਿਹਾ ਸੀ, "ਤੈਨੂੰ ਵੀ ਹੁਣ ਮੈਂ ਛੜਿਆਂ ਨਹੀਂ ਰਹਿਣ ਦੇਣਾ। ਆਪਣੀ ਭਾਬੀ ਵੀ ਮੈਂ ਝਬਦੇ ਹੀ ਲੱਭ ਲਿਆਣੀ ਏ।"

ਇਸ ਵੇਲੇ ਉਹਦੇ ਅੰਦਰ ਇਕ ਤਾਂਘ ਬੜੀ ਪ੍ਰਬਲ ਸੀ ਕਿ ਇਹ ਸਿਪਾਹੀ ਉਹਦੀਆਂ ਅੱਖਾਂ ਖੋਲ੍ਹ ਦੇਣ, ਭਾਵੇਂ ਬਿੰਦ ਦੀ ਬਿੰਦ ਲਈ ਹੀ, ਉਹ ਇਸ ਰਾਹ ਨੂੰ ਰੱਜ ਕੇ ਵੇਖ ਸਕੇ। ਵੰਡ ਤੋਂ ਪਿਛੋਂ ਇਥੇ ਦੇ ਪੈਲੀ ਬੰਨੇ ਕਿਹੋ ਜਿਹੇ ਹੋ ਗਏ ਹਨ। ਤੇ ਇਥੋਂ ਦੇ ਰੁੱਖ ਤੇ ਪੰਛੀ! ਤੇ ਰਾਹੀਆਂ ਦੇ ਕੱਪੜੇ ਕਿਹੋ ਜਿਹੇ ਸਨ। ਪਹਿਲੀਆਂ ਨਾਲੋਂ ਤਾਂ ਸਭ ਕੁਝ ਕਿਤੇ ਚੰਗਾ ਹੋਏਗਾ, ਜਿਵੇਂ ਉਨ੍ਹਾਂ ਵਾਲੇ ਪਾਸੇ ਹੋ ਗਿਆ ਸੀ। ਬੱਸ ਸਿਰਫ਼ ਉਹਦਾ ਯਾਰ ਹੀ ਜਿਉਂਦਾ ਨਹੀਂ ਸੀ ਰਿਹਾ ਤੇ ਇਹ ਨਾਗ ਲੀਕ ਵਹਿ ਗਈ ਸੀ।

ਉਹਦੇ ਹੱਥ ਉਹਦੀਆਂ ਅੱਖਾਂ ਉਤੇ ਬੱਧੀ ਪੱਟੀ ਵੱਲ ਜਾਣਾ ਚਾਹੁੰਦੇ ਸਨ, ਪਰ ਹੱਥ ਤਾਂ ਹੱਥਕੜੀ ਵਿਚ ਜਕੜੇ ਹੋਏ ਸਨ। ਤੇ ਉਹਦੀਆਂ ਅੱਖਾਂ ਤੋਂ ਪੱਟੀ ਉਕਾ ਨਹੀਂ ਸੀ ਸਰਕ ਰਹੀ ਤੇ ਉਹਦੇ ਸਾਹਮਣੇ, ਉਹਦੇ ਪਿਛੇ ਉਹੀ ਰਾਹ ਸੀ ਜਿਸ 'ਤੇ ਤੀਹ ਵਰ੍ਹੇ ਪਹਿਲਾਂ ਉਹ ਸਿਹਰੇ ਬੰਨ੍ਹ ਕੇ ਲੰਘਿਆ ਸੀ ਤੇ ਉਦੋਂ ਉਹਦਾ ਯਾਰ ਵੀ ਉਹਦੇ ਨਾਲ ਸੀ ਤੇ ਗੌਂ ਰਿਹਾ ਸੀ,

ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ
ਇਸ਼ਕ ਹੀਰ ਦਾ ਨਵਾਂ ਬਣਾਈਏ ਜੀ।
ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ
ਜੀਭਾ ਸੁਹਣੀ ਨਾਲ ਸੁਣਾਈਏ ਜੀ।

—

ਉਹ ਅਲਫ਼ ਨੰਗਾ ਸੀ। ਮੱਘਰ ਦਾ ਅੱਧ ਸੀ। ਉਹਦੇ ਥੱਲੇ ਬਰਫ਼ ਦੀ ਸਿੱਲ ਸੀ।

"ਤੂੰ ਏਧਰ ਬਿਨਾਂ ਪਾਸਪੋਰਟ ਕਿਉਂ ਆਇਆ?"

"ਉਹ ਕੀ ਹੁੰਦੀ ਏ ਜੀ?"

"ਏਡਾ ਭੋਲਾ ਬਣਦਾ ਏ। ਜ਼ਰਾ ਇਹਦੀ ਖਾਤਰ ਕਰੋ ਜਵਾਨੋ।"

ਤੇ ਜਵਾਨਾਂ ਨੇ ਫ਼ੇਰ ਉਸ ਦੇ ਪਿੰਡੇ ਉਤੇ ਡਾਂਗਾਂ ਵਰ੍ਹਾਣੀਆਂ ਸ਼ੁਰੂ ਕਰ ਦਿੱਤੀਆਂ।

"ਹੁਣ ਦੱਸ, ਤੈਨੂੰ ਲੜਾਈ ਲੱਗਣ ਤੋਂ ਤਿੰਨ ਦਿਨ ਪਹਿਲਾਂ ਕਿਸ ਨੇ ਇਧਰ ਜਸੂਸੀ ਕਰਨ ਲਈ ਭੇਜਿਆ? ਸੱਚ ਸੱਚ ਦੱਸ, ਨਹੀਂ ਤਾਂ ਤੇਰੀ ਚਮੜੀ ਉਧੇੜ ਦਿਆਂਗੇ।" ਉਨ੍ਹਾਂ ਉਹਨੂੰ ਬਰਫ਼ ਤੋਂ ਉਠਾਇਆ ਤੇ ਉਹਦੇ ਲਾਹੇ ਕੱਪੜਿਆਂ ਵਿਚੋਂ ਚਾਦਰ ਉਹਨੂੰ ਬੰਨ੍ਹਣ ਲਈ ਦਿੱਤੀ।

"ਮੈਨੂੰ ਕਿਸੇ ਨਹੀਂ ਭੇਜਿਆ। ਮੈਂ ਕੋਈ ਜਸੂਸ ਨਹੀਂ। ਮੈਨੂੰ ਤਾਂ ਆਪਣੀ ਪੈਲੀ ਵਿਚ ਪਾਣੀ ਲਾਂਦਿਆਂ ਏਧਰੋਂ ਕੋਈ ਅਲੋਕਾਰ ਵਾਜ ਸੁਣਾਈ ਦਿੱਤੀ ਸੀ।"

"ਕਾਹਦੀ ਵਾਜ?"

"ਗੌਣ ਦੀ ਵਾਜ, ਜਿਵੇਂ ਮੇਰਾ ਯਾਰ ਗੌਂ ਰਿਹਾ ਹੋਵੇ।"

"ਕੀ ਪਿਆ ਬਕਨੈਂ! ਗੌਣ ਦੀ ਵਾਜ? ਕਿਹੜਾ ਏ ਤੇਰਾ ਯਾਰ? ਕੋਈ ਸਮੱਗਲਰ ਹੋਣੈ।"

"ਨਹੀਂ ਜੀ, ਉਹਨੂੰ ਤਾਂ ਦੇਸ ਦੀ ਵੰਡ ਵੇਲੇ ਹੋਏ ਫ਼ਸਾਦਾਂ ਵਿਚ ਧਾੜਵੀਆਂ ਨੇ ਮਾਰ ਦਿੱਤਾ ਸੀ, ਪਰ ਉਸ ਰਾਤੀਂ ਏਧਰੋਂ ਇੰਨ-ਬਿੰਨ ਮੈਨੂੰ ਉਹਦੀ ਵਾਜ ਸੁਣਾਈ ਦਿੱਤੀ ਸੀ।"

"ਇਸ ਮਾਂ ਦੇ ਯਾਰ ਨੂੰ ਫੇਰ ਨੰਗਿਆ ਕਰੋ ਤੇ ਲਿਟਾਓ ਬਰਫ਼ ਦੀ ਸਿੱਲ 'ਤੇ। ਮੈਂ ਤਾਂ ਬੜੇ ਬੜੇ ਨਾਮੀ ਡਾਕੂਆਂ ਨੂੰ ਸਿੱਧਾ ਕੀਤਾ ਹੋਇਐ, ਇਹ ਕਿਸ ਬਾਗ ਦੀ ਮੂਲੀ ਏ। ਜਵਾਨੋਂ, ਜ਼ਰਾ ਇਹਦੀ ਖਾਤਰ ਫੇਰ ਕਰੋ।"

ਤੇ ਜਵਾਨਾਂ ਨੇ ਫ਼ੇਰ ਉਹਦੇ ਅਲਫ਼ ਨੰਗੇ ਪਿੰਡੇ ਉਤੇ ਡਾਂਗਾਂ ਵਰ੍ਹਾਣੀਆਂ ਸ਼ੁਰੂ ਕਰ ਦਿੱਤੀਆਂ।

ਇਹ ਹੋਰ ਕੋਈ ਥਾਂ ਸੀ। ਹੁਣ ਉਹ ਪੁਲਸੀ ਵਰਦੀ ਵਾਲੇ ਅਫ਼ਸਰ ਸਾਹਮਣੇ ਨਹੀਂ, ਫੌਜੀ ਵਰਦੀ ਵਾਲੇ ਅਫ਼ਸਰ ਸਾਹਮਣੇ ਖੜ੍ਹਾ ਸੀ। "ਤੂੰ ਸ਼ੁਦਾਈ ਦਾ ਮਕਰ ਕਰ ਕੇ ਸਾਡੇ ਕੋਲੋਂ ਜਾਨ ਨਹੀਂ ਬਚਾ ਸਕਦਾ। ਸੱਚ ਸੱਚ ਦੱਸ, ਤੁਹਾਡੇ ਪਿੰਡ ਤੋਂ ਕਿੰਨੀ ਕੁ ਦੂਰ ਤੁਹਾਡੀਆਂ ਫੌਜਾਂ ਨੇ ਤੇ ਕਿਹੜੇ ਪਾਸੇ? ਕੀ ਉਥੇ ਟੈਂਕ ਵੀ ਨੇ? ਇਹ ਨਕਸ਼ਾ ਵੇਖ। ਉਥੇ ਤੁਹਾਡੇ ਨੇੜੇ ਬੰਕਰ ਕਿਥੇ ਕਿਥੇ ਨੇ?"



"ਮੈਨੂੰ ਕੁਝ ਪਤਾ ਨਹੀਂ ਸਾਹਬ ਜੀ, ਉਥੇ ਤਾਂ ਕੁਝ ਵੀ ਨਹੀਂ। ਤੇ ਇਹ ਬੰਕਰ ਕੀ ਹੁੰਦੇ ਨੇ, ਸਾਹਬ ਜੀ?"

"ਫੇਰ ਤੂੰ ਉਸੇ ਤਰ੍ਹਾਂ ਬਕੀ ਜਾ ਰਿਹੈ। ਇਹ ਪੁਲਿਸ ਨਹੀਂ ਜਿਹੜੀ ਤੇਰੇ ਖੇਖਣ ਵੇਖ ਕੇ ਤੈਨੂੰ ਆਰਾਮ ਕਰਨ ਦਏਗੀ। ਇਹ ਫੌਜ ਏ ਫੌਜ। ਅਸੀਂ ਤੈਨੂੰ ਗੋਲੀ ਮਾਰ ਦਿਆਂਗੇ।"

"ਹਾਂ, ਉਨ੍ਹਾਂ ਉਦੋਂ ਮੇਰੇ ਹੱਥਾਂ ਵਿਚੋਂ ਖੋਹ ਕੇ ਮੇਰੇ ਯਾਰ ਨੂੰ ਗੋਲੀ ਮਾਰ ਦਿੱਤੀ ਸੀ। ਤੇ ਮੈਂ ਕੁਝ ਵੀ ਨਹੀਂ ਸੀ ਕਰ ਸਕਿਆ। ਮੈਨੂੰ ਉਦੋਂ ਧਰਤੀ ਨੇ ਵੀ ਵਿਹਲ ਨਹੀਂ ਸੀ ਦਿੱਤੀ ਤੇ ਕਿੱਡਾ ਸੋਹਣਾ ਉਹ ਗੌਂਦਾ ਹੁੰਦਾ ਸੀ। ... ਭਾਈ ਮਰਨ ਤਾਂ ਪੌਂਦੀਆਂ ਭੱਜ ਬਾਂਹਾਂ... ਸੱਚ ਜਾਣੋਂ, ਜਿਸ ਦਿਨ ਦਾ ਉਹ ਮਰ ਗਿਆ ਏ, ਮੇਰੀਆਂ ਬਾਂਹਾਂ ਹੀ ਭੱਜ ਗਈਆਂ ਨੇ ਤੇ ਮੈਂ ਉਹਦੀ ਵਾਜ ਸੁਣ ਕੇ ਹੀ ਇੱਧਰ ਆਇਆ ਸਾਂ। ਸਾਹਬ ਜੀ, ਮੈਨੂੰ ਕਿਸੇ ਭੇਜਿਆ ਨਹੀਂ। ਮੈਂ ਜਸੂਸ ਨਹੀਂ। ਮੈਂ ਤਾਂ ਉਹਦਾ ਯਾਰ ਆਂ।"

"ਓਏ ਭੈਣ ਦਿਆ ਯਾਰਾ, ਬਾਂਹਾਂ ਉਦੋਂ ਤੇਰੀਆਂ ਕਿਥੋਂ ਭੱਜੀਆਂ ਸਨ। ਤੇਰੀਆਂ ਬਾਂਹਾਂ ਬਣਾ ਕੇ ਭੰਨਾਂਗੇ ਹੁਣ ਅਸੀਂ। ਤੇਰੀ ਇਹ ਕਹਾਣੀ ਸੁਣ ਸੁਣ ਕੇ ਤਾਂ ਸਾਡੇ ਕੰਨ ਪੱਕ ਚੁੱਕੇ ਨੇ। ਤੂੰ ਕਹਿਨਾ ਏ, ਮੈਂ ਉਹਦੀ ਵਾਜ ਸੁਣ ਕੇ ਹੀ ਇੱਧਰ ਆਇਆ ਸਾਂ। ਕਿੰਨੀ ਬੇਵਕੂਫ਼ ਕੌਮ ਏ ਤੁਹਾਡੀ, ਆਪਣੇ ਜਸੂਸਾਂ ਨੂੰ ਕੋਈ ਚੱਜ ਦਾ ਬਹਾਨਾ ਵੀ ਨਹੀਂ ਸਿਖਾ ਸਕੀ। ਹੋਰ ਤੇ ਹੋਰ ਤੇਰਾ ਭੇਸ ਵੀ ਨਹੀਂ ਠੀਕ ਬਦਲਾਇਆ ਉਨ੍ਹਾਂ ਕੰਜਰਾਂ ਨੇ।" ਤੇ ਫੇਰ ਉਹ ਆਪਣੇ ਸਿਪਾਹੀਆਂ ਨੂੰ ਦੱਸਣ ਲੱਗਾ, "ਅਸੀਂ ਜਿਹੜੇ ਜਸੂਸ ਭੇਜਦੇ ਹਾਂ ਉਧਰ, ਸਭ ਫ਼ਸਟ ਕਲਾਸ। ਐਨ ਇਨ੍ਹਾਂ ਵਰਗਾ ਭੇਸ ਤੇ ਬਿਲਕੁਲ ਬਾ-ਇਤਬਾਰ ਕਹਾਣੀ ਸਿਖਾਂਦੇ ਹਾਂ। ਅਸੀਂ ਇਨ੍ਹਾਂ ਵਾਂਗ ਕੋਈ ਬੇਵਕੂਫ ਥੋੜ੍ਹੇ ਆਂ। ਬੇਵਕੂਫ਼ ਤੇ ਬੁਜ਼ਦਿਲ ਸਹੁਰੇ।"

ਤੇ ਫੇਰ ਜਦੋਂ ਉਹ ਹੋਰ ਕੁਝ ਵੀ ਉਨ੍ਹਾਂ ਨੂੰ ਦੱਸ ਨਾ ਸਕਿਆ, ਤਾਂ ਅਫਸਰ ਨੇ ਆਪਣੇ ਜਵਾਨਾਂ ਨੂੰ ਕਿਹਾ, "ਇਹਨੂੰ ਬਿਜਲੀ ਦਾ ਸ਼ਾਕ ਦਿਓ।" ਜਵਾਨ ਬਾਹਰ ਵੱਲ ਗਏ। ਅਫ਼ਸਰ ਸਿਗਰਟ ਪੀਂਦਾ-ਪੀਂਦਾ ਅੰਦਰ ਚਲਿਆ ਗਿਆ। ਤੇ ਉਹ ਕੱਲਾ ਉਥੇ ਖੜੋਤਾ ਰਿਹਾ।

ਉਹਨੂੰ ਚੇਤੇ ਆਇਆ, ਬੜੇ ਜਫ਼ਰ ਜਾਲ ਕੇ ਉਹਨੇ ਕੁਝ ਚਿਰ ਹੀ ਹੋਇਆ ਸੀ, ਆਪਣੇ ਘਰ ਬਿਜਲੀ ਲੁਆਈ ਸੀ। ਤੇ ਹਾਲੇ ਉਹਦਾ ਚਾਨਣ ਵੀ ਉਹਨੇ ਰੱਜ ਕੇ ਨਹੀਂ ਸੀ ਮਾਣਿਆ ਕਿ ਉਹ ਆਪਣੇ ਯਾਰ ਦੀ ਵਾਜ ਦੀ ਸੂਹ ਪਿਛੇ ਏਧਰ ਆ ਗਿਆ ਸੀ। ਤੇ ਇਹ ਬਿਜਲੀ ਦੇ ਸ਼ਾਕ ਕੀ ਹੁੰਦੇ ਹਨ!

ਜਵਾਨ ਇਕ ਜੰਤਰ ਜਿਹਾ ਲੈ ਆਏ। ਕਮਰੇ ਦੀ ਕੰਧ ਨਾਲ ਲਗੇ ਡੱਬੇ ਜਿਹੇ ਨਾਲ ਉਨ੍ਹਾਂ ਤਾਰ ਲਾਈ, ਤੇ ਫ਼ੇਰ ਉਹ ਉਹਦੇ ਦੁਆਲੇ ਹੋ ਕੇ ਇਹ ਤਾਰਾਂ ਉਹਨੂੰ ਛੁਹਾਣ ਲੱਗੇ। ਉਹਦੀਆਂ ਚਾਂਗਰਾਂ ਨਿਕਲ ਗਈਆਂ। ਉਹ ਤ੍ਰਭਕ-ਤ੍ਰਭਕ ਪੈਂਦਾ। ਉਹਦੇ ਅੰਦਰ ਅੱਗ ਦੀ ਇਕ ਲੀਕ ਬਹੁਤ ਤੇਜ਼ ਦੌੜਦੀ, ਉਹਦੇ ਪੈਰਾਂ ਵਿਚੋਂ ਧਰਤੀ ਵੱਲ ਜਾਣਾ ਚਾਹੁੰਦੀ ਤੇ ਉਹਨੂੰ ਪਟਕਾ-ਪਟਕਾ ਕੇ ਮਾਰਦੀ।... ਨਿੱਕੇ ਹੁੰਦਿਆਂ ਉਹ ਤੇ ਉਹਦਾ ਯਾਰ ਪਿੰਡੋਂ ਦੂਰ ਆਪਣੇ ਡੰਗਰ ਚਾਰ ਰਹੇ ਸਨ। ਅਚਾਨਕ ਝੱਖੜ ਝੁੱਲ ਪਿਆ ਸੀ ਤੇ ਬਿਜਲੀ ਕੜਕਣ ਲੱਗ ਪਈ ਸੀ। ਉਹ ਝੱਟਪਟ ਆਪਣੇ ਡੰਗਰ ਇਕੱਠੇ ਕਰ ਕੇ ਵੱਡੇ ਸਾਰੇ ਬੋਹੜ ਦੀ ਓਟ ਵਿਚ ਆਣ ਖੜੋਤੇ ਸਨ। ਇਕ ਕੱਟੀ ਸਾਰੇ ਵੱਗ ਤੋਂ ਕੁਝ ਦੂਰ ਵੱਖਰੀ ਰਹਿ ਗਈ ਸੀ ਤੇ ਅਚਾਨਕ ਬਿਜਲੀ ਪਰਲੋ ਵਾਂਗ ਕੜਕੀ ਸੀ ਤੇ ਉਨ੍ਹਾਂ ਦੇ ਸਾਹਮਣੇ ਉਹ ਕੱਟੀ ਤੜਫ਼-ਤੜਫ਼ ਕੇ ਮੂਧੀ ਜਾ ਪਈ ਸੀ।

—

ਹੁਣ ਉਹ ਉਨ੍ਹਾਂ ਦੀ ਜੇਲ੍ਹ ਵਿਚ ਸੀ। ਇੱਥੇ ਉਹਨੂੰ ਕਿਸੇ ਦਿਨ ਚਵ੍ਹੀ ਘੰਟੇ ਪਾਣੀ ਦੀ ਬੂੰਦ ਵੀ ਨਹੀਂ ਸੀ ਦਿੱਤੀ ਜਾਂਦੀ ਤੇ ਕਿਸੇ ਦਿਨ ਜ਼ਬਰਦਸਤੀ ਨਲਕੇ ਦੀ ਟੂਟੀ ਥੱਲੇ ਲਿਟਾ ਕੇ ਪਾਣੀ ਨਾਲ ਅਫ਼ਰਾ ਦਿੱਤਾ ਜਾਂਦੀ ਸੀ। ਕਦੇ ਪੂਰਾ ਦਿਨ ਰਾਤ ਉਹਨੂੰ ਰੋਟੀ ਨਹੀਂ ਸੀ ਦਿੱਤੀ ਜਾਂਦੀ। ਫ਼ੇਰ ਇਕ ਬਿੰਦ ਲਈ ਵੀ ਸੌਣ ਨਹੀਂ ਸੀ ਦਿੱਤਾ ਜਾਂਦਾ ਤੇ ਉਹਦੀ ਕੋਠੜੀ ਵਿਚ ਹਰ ਵੇਲੇ ਤੇਜ਼ ਬੱਤੀ ਬਲਦੀ ਰੱਖੀ ਜਾਂਦੀ ਸੀ।

ਇਥੇ ਵੀ ਕਦੇ-ਕਦੇ ਉਹਨੂੰ ਭਾਂਤ-ਭਾਂਤ ਦੇ ਅਫ਼ਸਰਾਂ ਕੋਲ ਲਿਜਾਇਆ ਜਾਂਦਾ ਸੀ, ਤੇ ਉਹੀ ਸਵਾਲ, "ਤੂੰ ਇਧਰ ਕਿਉਂ ਆਇਆ ਸੈਂ? ਤੈਨੂੰ ਏਧਰ ਕਿਨ੍ਹੇ ਭੇਜਿਆ ਸੀ? ਤੁਹਾਡੀ ਫੌਜ ਕਿਥੇ ਸੀ? ਤੇ ਟੈਂਕ? ਤੇ ਬੰਕਰ?"

ਇਸ ਜੇਲ੍ਹ ਦੇ ਕੁਝ ਕੈਦੀ ਉਸ 'ਤੇ ਰਬ-ਤਰਸੀ ਵੀ ਕਰਦੇ ਸਨ। ਪਰ ਬਹੁਤੇ 'ਪਾਗਲ ਓਏ... ਪਾਗਲ ਓਏ...' ਕਹਿ ਕੇ ਉਹਦੀ ਖਿੱਲੀ ਵੀ ਉਡਾਂਦੇ ਸਨ। ਹਾਂ, ਇਕ ਸੀ ਇਨ੍ਹਾਂ ਵਿਚੋਂ। ਉਹ ਭਾਵੇਂ ਏਥੋਂ ਦਾ ਹੀ ਸੀ, ਪਰ ਉਹ ਉਹਨੂੰ ਬੜਾ ਹੀ ਪਿਆਰ ਕਰਦਾ ਸੀ। ਕੈਦੀਆਂ ਨੇ ਉਹਨੂੰ ਦੱਸਿਆ ਸੀ ਕਿ ਉਹ ਏਸ ਦੇਸ਼ ਦਾ ਬੜਾ ਮਸ਼ਹੂਰ ਸ਼ਾਇਰ ਸੀ। ਉਹਨੇ ਕੋਈ ਬਾਗੀ ਬੰਦ ਲਿਖੇ ਸਨ ਜਿਨ੍ਹਾਂ ਕਰ ਕੇ ਏਥੋਂ ਦੀ ਹਕੂਮਤ ਕਹਿਰ ਵਿਚ ਆ ਗਈ ਸੀ ਤੇ ਉਹਨੂੰ ਏਥੇ ਡਾਕੂਆਂ, ਕਾਤਲਾਂ, ਚੋਰਾਂ, ਜ਼ਨਾਹੀਆਂ, ਖੀਸੇ ਕਤਰਿਆਂ ਤੇ ਜਵਾਰੀਆਂ ਦੇ ਨਾਲ ਡੱਕ ਦਿੱਤਾ ਗਿਆ ਸੀ। ਉਸ ਸ਼ਾਇਰ ਨੇ ਆਪਣੇ ਬਾਗੀ ਬੰਦਾਂ ਵਿਚੋਂ ਕੁਝ ਉਹਨੂੰ ਸੁਣਾਏ ਸਨ,

ਪਰਦੇਸੀਓ ਅੱਗ ਟੁਰੀ ਜੇ,
ਹੋਰ ਟੁਰੇ, ਹੋਰ ਟੁਰੇ, ਹੋਰ ਟੁਰੇ
ਸੀਸ ਕਟਾਏ ਨੇ ਤਾਂ ਹੋਰ ਕਟਾਓ
ਵਧਦੇ ਵੰਝੋ, ਰਾਹਵਾਂ ਦੀ ਤ੍ਰੇਹ ਮਿਟਾਓ
ਕਾਲੀ ਹਨੇਰੀ ਝੁੱਲੀ ਏ
ਇਹਦੇ ਅੱਗੇ ਤੁਹਾਡੀ ਤੀਲੀਆਂ ਦੀ ਕੁੱਲੀ ਏ।

ਹਨੇਰੀਆਂ ਨਾਲ ਭਿੜੇ ਉਹ,
ਹੋਰ ਭਿੜੋ, ਹੋਰ ਭਿੜੋ
ਤੀਲਾ ਤੀਲਾ ਝੰਡਾ ਉਚਾ ਚਾਓ।

ਕਈ ਵਾਰੀ ਦੂਜਿਆਂ ਤੋਂ ਲੁਕ ਕੇ ਉਹ ਸ਼ਾਇਰ ਉਹਦੇ ਜ਼ਖ਼ਮਾਂ ਉਤੇ ਮਲ੍ਹਮ ਲਾਂਦਾ, ਉਹਦੇ ਸਰੀਰ ਨੂੰ ਘੁਟਦਾ ਤੇ ਫ਼ੇਰ ਉਹ ਪੀੜ ਨਾਲ ਤ੍ਰਿਪ-ਤ੍ਰਿਪ ਰੋ ਪੈਂਦਾ ਸੀ। ਅਜਿਹੇ ਪਲਾਂ ਵਿਚ ਉਹ ਉਹਨੂੰ ਇੰਨ-ਬਿੰਨ ਆਪਣੇ ਉਸ ਯਾਰ ਵਰਗਾ ਲਗਦਾ ਸੀ ਜਿਸ ਨੂੰ ਉਹਦੇ ਹੱਥਾਂ ਵਿਚੋਂ ਖੋਹ ਕੇ ਧਾੜਵੀਆਂ ਨੇ ਉਦੋਂ ਗੋਲੀ ਮਾਰ ਦਿੱਤੀ ਸੀ, ਤੇ ਜਿਹਦੀ ਵਾਜ ਦੀ ਸੂਹ ਲੈਂਦਾ ਉਹ ਏਧਰ ਫਾਥਾ ਸੀ। ਤੇ ਕਈ ਵਾਰੀ ਉਹ ਸ਼ਾਇਰ ਉਹ ਨੂੰ ਹੀਰ ਸੁਣਾਂਦਾ ਹੁੰਦਾ ਸੀ,

... ਭਾਈ ਢਾਹੁੰਦੇ ਭਾਈ ਉਸਾਰਦੇ ਨੇ।
ਵਾਰਸ ਭਾਈਆਂ ਬਾਝੋਂ ਬੇਲੀ ਯਾਰ ਨਾਹੀਂ!

ਅਜਿਹੀਂ ਪਲੀਂ ਉਹਨੂੰ ਉਸ ਕੈਦੀ ਸ਼ਾਇਰ ਦੀ ਨੁਹਾਰ ਵਿਚੋਂ ਕਦੇ-ਕਦੇ ਵਾਰਸ ਸ਼ਾਹ ਦਾ ਝਾਉਲਾ ਪੈਂਦਾ ਸੀ।

ਉਹਨੇ ਵਾਰਸ ਸ਼ਾਹ ਦੀ ਮੂਰਤ ਤਾਂ ਨਹੀਂ ਸੀ ਵੇਖੀ, ਫੇਰ ਵੀ ਉਹਨੂੰ ਅਜਿਹੀਂ ਪਲੀਂ ਜਾਪਦਾ ਸੀ ਕਿ ਵਾਰਸ ਸ਼ਾਹ ਜ਼ਰੂਰ ਇੰਨ-ਬਿੰਨ ਇਹਦੇ ਵਰਗਾ ਹੀ ਹੋਵੇਗਾ।

ਫ਼ੇਰ ਇਕ ਦਿਨ ਉਹਦੇ ਨਾਲ ਦੇ ਕੈਦੀਆਂ ਵਿਚੋਂ ਇਕ ਨੇ ਦੱਸਿਆ, "ਗੋਲੀਬੰਦੀ ਹੋ ਗਈ ਏ।"

ਉਹਨੇ ਡੌਰ-ਭੌਰ ਉਨ੍ਹਾਂ ਨੂੰ ਪੁੱਛਿਆ, "ਫੇਰ ਕੀ ਮੇਰਾ ਯਾਰ ਗੋਲੀਓਂ ਬਚ ਕੇ ਪਰਤ ਆਏਗਾ?"

ਕੁਝ ਨੇ ਉਹਦੀ ਖਿੱਲੀ ਉਡਾਈ, ਤੇ 'ਪਾਗਲ ਓਏ... ਪਾਗਲ ਓਏ' ਦੇ ਆਵਾਜ਼ੇ ਕੱਸੇ। ਉਹ ਬਾਗੀ ਸ਼ਾਇਰ ਉਨ੍ਹਾਂ ਸਭ ਨੂੰ ਕੜਕ ਕੇ ਪਿਆ ਤੇ ਉਨ੍ਹਾਂ ਵਿਚੋਂ ਵੱਖ ਕਰ ਕੇ ਉਹਨੂੰ ਆਪਣੇ ਨਾਲ ਉਥੋਂ ਕੁਝ ਦੂਰ ਲੈ ਗਿਆ। ਉਹ ਦੋਵੇਂ ਬੜਾ ਚਿਰ ਇਕ-ਦੂਜੇ ਨੂੰ ਜੱਫੀ ਪਾਈ ਜੇਲ੍ਹ ਦੇ ਅਹਾਤੇ ਵਿਚ ਉਗੇ ਰੁੱਖ ਥੱਲੇ ਬੈਠੇ ਰਹੇ। ਫ਼ੇਰ ਉਹ ਸਿਸਕ ਕੇ ਰੋ ਪਿਆ ਤੇ ਸ਼ਾਇਰ ਦਾ ਮੂੰਹ ਆਪਣੇ ਹੱਥਾਂ ਵਿਚ ਫੜ ਕੇ ਕਹਿਣ ਲੱਗਾ, "ਤੂੰ ਮੇਰਾ ਯਾਰ, ਤੂੰ ਗੋਲੀਓਂ ਬਚ ਕੇ ਪਰਤ ਆਇਐਂ। ਗੋਲੀਬੰਦੀ ਹੋ ਗਈ ਏ। ਹੁਣ ਗੋਲੀ ਨਹੀਂ ਨਾ ਚੱਲੇਗੀ? ਹੁਣ ਉਹ ਫੇਰ ਡਾਂਗਾਂ ਨਹੀਂ ਨਾ ਮਾਰਨਗੇ? ਬਰਫ਼ ਉਤੇ ਨਹੀਂ ਨਾ ਬਿਠਾਣਗੇ? ਬਿਜਲੀ ਨਹੀਂ ਨਾ ਲਾਣਗੇ?" ਤੇ ਅਖੀਰ ਉਹ ਬੇਸੁਰਤ ਹੋ ਕੇ ਸ਼ਾਇਰ ਦੀ ਝੋਲੀ ਵਿਚ ਡਿੱਗ ਪਿਆ।

ਇਕ ਦਿਨ ਉਹਨੇ ਸੁਣਿਆ ਕਿ ਦੋਵਾਂ ਦੇਸਾਂ ਵਿਚਾਲੇ ਕੋਈ ਸਮਝੌਤਾ ਹੋ ਗਿਆ ਸੀ। ਕੁਝ ਮਹੀਨਿਆਂ ਬਾਅਦ ਸਿਪਾਹੀ ਉਹਨੂੰ ਨਾਗ ਲੀਕ ਦੇ ਇਸ ਪਾਰ ਛੱਡ ਗਏ। ਉਹ ਡੌਰ-ਭੌਰ ਖੜ੍ਹਾ ਸੀ। ਉਹਦੇ ਪੁੱਤਰ, ਨੂੰਹਾਂ, ਧੀਆਂ, ਜਵਾਈ, ਉਹਦੀ ਵਹੁਟੀ, ਉਹਦੇ ਪਿੰਡ ਦੇ ਲੋਕ, ਸਭ ਉਹਦੇ ਸਾਹਮਣੇ ਖੜੋਤੇ ਹੋਏ ਸਨ, ਪਰ ਅਲੋਕਾਰ ਵਾਜ ਵਾਲਾ ਉਹਦਾ ਯਾਰ ਉਥੇ ਕਿਤੇ ਨਹੀਂ ਸੀ। ਤੇ ਉਹ ਬਾਗੀ ਸ਼ਾਇਰ ਉਥੇ ਕਿਤੇ ਨਹੀਂ ਸੀ।

# ਨਾਬਰਾਂ (ਅਨਾਰਕਿਸਟਾਂ) ਦਾ ਸਿਨੇਮਾ




ਜਤਿੰਦਰ ਮੌਹਰ
+91-97799-34747

'ਅਨਾਰਕਿਜ਼ਮ' ਸ਼ਬਦ ਨੂੰ ਪੰਜਾਬੀ ਜਾਂ ਹਿੰਦੀ ਵਿਚ ਇੰਨ-ਬਿੰਨ 'ਅਰਾਜਕਤਾਵਾਦੀ' ਸ਼ਬਦ ਦੇ ਰੂਪ 'ਚ ਉਲਥਾਇਆ ਗਿਆ ਹੈ। ਇਸ ਸ਼ਬਦ ਤੋਂ ਸਾਡੇ ਦਿਮਾਗ 'ਚ ਅੰਨ੍ਹੀ ਭੰਨ-ਤੋੜ ਅਤੇ ਖ਼ੂਨ ਖਰਾਬਾ ਕਰਨ ਵਾਲੀ ਵਿਚਾਰਧਾਰਾ ਦਾ ਬਿੰਬ ਉਭਰਦਾ ਹੈ। ਇਸੇ ਕਰ ਕੇ ਇਸ ਸ਼ਬਦ ਨੂੰ ਲੁੰਪਨ ਸ਼ਬਦ ਦੇ ਨਾਲ ਵੀ ਵਰਤ ਲਿਆ ਜਾਂਦਾ ਹੈ। ਇਹ ਗਲਤ ਪ੍ਰਸੰਗ 'ਚ ਪੜ੍ਹਿਆ ਜਾਣ ਵਾਲਾ ਸ਼ਬਦ ਹੈ। ਪੰਜਾਬੀ ਵਿਚ 'ਨਾਬਰ' ਸ਼ਬਦ 'ਅਨਾਰਕਿਸਟ' ਦੇ ਨੇੜੇ ਦਾ ਸ਼ਬਦ ਹੋ ਸਕਦਾ ਹੈ ਭਾਵੇਂ ਇਹ ਕੋਈ ਅੰਤਮ ਨਾਮ ਨਹੀਂ ਹੈ। ਨਾਬਰ ਅਤੇ ਇਨਕਲਾਬੀ ਹੋਣ ਵਿਚ ਫਰਕ ਹੈ। ਨਾਬਰ ਪਰਿਵਾਰ ਤੋਂ ਲੈ ਕੇ ਰਾਜ ਤੱਕ ਦੇ ਹਰ ਗ਼ਲਬੇ ਨੂੰ ਚੁਣੌਤੀ ਦਿੰਦਾ ਹੈ ਅਤੇ ਉਸ ਦੇ ਖ਼ਿਲਾਫ਼ ਲੜਦਾ ਹੈ ਪਰ ਇਨਕਲਾਬੀ ਬਦਲਵਾਂ ਪ੍ਰਬੰਧ ਪੇਸ਼ ਕਰਦਾ ਹੈ। ਜੇ ਨਾਬਰਾਂ ਦੇ ਪੇਸ਼ ਕੀਤੇ ਬਦਲਵੇਂ ਪ੍ਰਬੰਧ 'ਤੇ ਵਿਚਾਰ ਕੀਤੀ ਜਾਵੇ ਤਾਂ ਉਹ ਸਿਰੇ ਦਾ ਯੂਟੋਪੀਆ ਸਿਰਜਦੇ ਹਨ ਜਿੱਥੇ ਰਾਜ-ਰਹਿਤ ਸਮਾਜ ਦੀ ਗੱਲ ਕਰਦੇ ਹਨ। ਇਸ ਸਮਾਜ 'ਚ ਬੰਦੇ ਦਾ ਬੰਦੇ ਨਾਲ ਸਾਂਝੀਵਾਲਤਾ ਵਾਲਾ ਰਿਸ਼ਤਾ ਆਪਸੀ ਵਿਹਾਰ 'ਚੋਂ ਪੈਦਾ ਹੋਵੇਗਾ। ਇਸ ਵਿਹਾਰ ਨੂੰ ਕੋਈ ਪਰਿਵਾਰ, ਪਾਰਟੀ, ਪੁਲਿਸ-ਫ਼ੌਜ ਜਾਂ ਰਾਜਤੰਤਰ ਤੈਅ ਨਹੀਂ ਕਰੇਗਾ। ਕਮਿਉਨਿਜ਼ਮ ਸਮਾਜਵਾਦ ਦੇ ਅਗਲੇਰੇ ਪੜਾਅ ਸਾਮਵਾਦ 'ਚ ਰਾਜ ਦੇ ਗਾਇਬ ਹੋਣ ਦੀ ਗੱਲ ਕਰਦਾ ਹੈ। ਜਦੋਂ ਇੱਕ ਹੀ ਜਮਾਤ ਹੋਵੇਗੀ ਤਾਂ ਰਾਜ ਦੀ ਲੋੜ ਨਹੀਂ ਰਹੇਗੀ। ਕਈ ਸਿਆਸੀ-ਪੜਚੋਲੀਏ ਨਾਬਰੀ ਨੂੰ ਕਮਿਉਨਿਜ਼ਮ ਦਾ ਹਿੱਸਾ ਮੰਨਦੇ ਹਨ। ਆਲਮੀ ਪੱਧਰ 'ਤੇ ਨਾਬਰਾਂ ਅਤੇ ਇਨਕਲਾਬੀਆਂ ਦੀ ਆਪਸੀ ਲੰਬੀ ਬਹਿਸ ਰਹੀ ਹੈ ਜਿਨ੍ਹਾਂ 'ਚ ਮਸ਼ਹੂਰ ਨਾਬਰ ਬਾਕੂਨਿਨ ਅਤੇ ਕਾਰਲ ਮਾਰਕਸ ਦੀ ਆਪਸੀ ਬਹਿਸ ਵੀ ਸ਼ਾਮਲ ਹੈ ਜਿੱਥੇ ਉਹ ਕਮਿਉਨਿਸਟਾਂ ਦੇ 'ਪ੍ਰੋਲੇਤਾਰੀਆਂ ਦੀ ਤਾਨਾਸ਼ਾਹੀ' ਦੇ ਵਿਚਾਰ ਨੂੰ ਚੁਣੌਤੀ ਦਿੰਦਾ ਹੈ। ਪੰਜਾਬ ਦਾ ਸਿਰਮੌਰ ਸ਼ਹੀਦ ਭਗਤ ਸਿੰਘ ਮੁੱਢਲੇ ਸਿਆਸੀ ਜੀਵਨ 'ਚ ਨਾਬਰ ਬਾਕੂਨਿਨ ਨਾਲ ਸਾਂਝ ਪਾਉਂਦਾ ਹੈ। ਭਗਤ ਸਿੰਘ ਨਾਬਰੀ ਦੇ ਅਰਥਾਂ ਅਤੇ ਨਿਸ਼ਾਨਿਆਂ ਬਾਰੇ ਵਿਸਤਾਰ ਨਾਲ ਲਿਖਦਾ ਹੈ। ਉਹ ਇਸ ਨੂੰ ਗਲਤ ਅਰਥਾਂ 'ਚ ਪੇਸ਼ ਕੀਤੇ ਜਾਣ ਦੀ ਲੰਬੀ ਤਫ਼ਸੀਲ ਦਿੰਦਾ ਹੈ (ਕਿਤਾਬ-ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀਆਂ ਲਿਖਤਾਂ)। ਉਹ ਲਿਖਦਾ ਹੈ, "ਅਨਾਰਕਿਜ਼ਮ ਯੂਨਾਨੀ ਬੋਲੀ ਦੇ ਦੋ ਸ਼ਬਦਾਂ ਓਨ (ਟੌ) ਅਤੇ ਓਰਚਹਏ (ਲਏ) ਤੋਂ ਬਣਿਆਂ ਹੈ ਜਿਸ ਦਾ ਅਰਥ ਹੈ 'ਕੋਈ ਸੱਤਾ ਨਾ ਹੋਣਾ', ਮਤਲਬ ਮਨੁੱਖ ਦੀ ਪੂਰਨ ਆਜ਼ਾਦੀ। ਅਸੀਂ ਇਹ ਸ਼ਬਦ ਸੁਣ ਕੇ ਡਰ ਜਾਂਦੇ ਹਾਂ ਕਿ ਇਹ ਅਸੰਭਵ ਅਤੇ ਖਤਰਨਾਕ ਹੈ। ਅਨਾਰਕਿਜ਼ਮ 'ਚ ਜਿਸ ਆਦਰਸ਼ ਆਜ਼ਾਦੀ ਦੀ ਗੱਲ ਕੀਤੀ ਗਈ ਹੈ, ਉਹ ਪੂਰਨ ਆਜ਼ਾਦੀ ਹੈ; ਜਿੱਥੇ ਮਨੁੱਖ ਨੂੰ ਹਰ ਭੈਅ, ਮਾਇਆ, ਦੌਲਤ ਦੇ ਲਾਲਚ ਜਾਂ ਖ਼ਬਤ ਤੋਂ ਆਜ਼ਾਦੀ ਮਿਲੇਗੀ ਪਰ ਆਜ਼ਾਦੀ ਦੇ ਨਾਮ 'ਤੇ ਉਸ ਦਾ ਸਰੀਰ ਕਿਸੇ ਸਰਕਾਰ ਜਾਂ ਪ੍ਰਬੰਧ ਦਾ ਗ਼ੁਲਾਮ ਨਹੀਂ ਹੋਵੇਗਾ।" ਬਾਕੂਨਿਨ ਰਾਹੀਂ ਭਗਤ ਸਿੰਘ ਦਾ ਸਿਆਸੀ ਸਫ਼ਰ ਉਸ ਨੂੰ ਬਾਬੇ ਮਾਰਕਸ ਦੀ ਵਿਚਾਰਧਾਰਾ ਵੱਲ ਲੈ ਤੁਰਦਾ ਹੈ।


ਫਿਲਮ 'ਲੈਂਡ ਐਂਡ ਫਰੀਡਮ' ਦੀ ਝਲਕ।

ਵਲੈਤ, ਰੂਸ, ਜਰਮਨ, ਫ਼ਰਾਂਸ, ਇਟਲੀ ਅਤੇ ਸਪੇਨ ਵਿਚ ਨਾਬਰਾਂ ਦਾ ਲੰਬਾ ਇਤਿਹਾਸ ਰਿਹਾ ਹੈ। ਸੰਨ੍ਹ ਉੱਨ੍ਹੀ ਸੌ ਦਸ ਤੋਂ ਬਾਅਦ ਇਸ ਵਿਚਾਰਧਾਰਾ ਨੂੰ ਮੰਨਣ ਵਾਲੇ ਦੁਨੀਆਂ ਦੇ ਕਈ ਮੁਲਕਾਂ 'ਚ ਫੈਲ ਗਏ। ਏਸ਼ੀਆ 'ਚ ਜਪਾਨ, ਕੋਰੀਆ ਅਤੇ ਚੀਨ ਦੇ ਇਤਿਹਾਸ ਵਿਚ ਨਾਬਰਾਂ ਦੀਆਂ ਕਾਰਵਾਈਆਂ ਦਾ ਜ਼ਿਕਰ ਮਿਲਦਾ ਹੈ। ਬ੍ਰਾਜ਼ੀਲ ਅਤੇ ਅਰਜਨਟੀਨਾ ਵਿਚ ਇਸ ਵਿਚਾਰਧਾਰਾ ਨੂੰ ਇਟਲੀ, ਜਰਮਨ ਅਤੇ ਯੂਰਪ ਤੋਂ ਆਏ ਪਰਵਾਸੀਆਂ ਨੇ ਪ੍ਰਚਾਰਿਆ। ਸੰਨ੍ਹ ਉੱਨ੍ਹੀ ਸੌ ਤੀਹ ਤੱਕ ਬ੍ਰਾਜ਼ੀਲ ਦੇ ਸਿਆਸੀ ਇਤਿਹਾਸ 'ਚ ਨਾਬਰਾਂ ਦੀ ਵਾਹਵਾ ਚਰਚਾ ਰਹੀ ਹੈ। ਮਜ਼ਦੂਰਾਂ ਦੇ ਹੱਕ ਦੀ ਗੱਲ ਇਨ੍ਹਾਂ ਲਾਤੀਨੀ ਮੁਲਕਾਂ 'ਚ ਨਾਬਰਾਂ ਨੇ ਕਰਨੀ ਸ਼ੁਰੂ ਕੀਤੀ। ਬ੍ਰਾਜ਼ੀਲ 'ਚ ਇਨ੍ਹਾਂ ਦੇ ਇਕ ਗੁੱਟ ਨੇ ਬ੍ਰਾਜ਼ੀਲੀ ਕਮਿਉਨਿਸਟ ਪਾਰਟੀ ਦੀ ਸਥਾਪਨਾ ਕੀਤੀ। ਸੰਨ੍ਹ ਉੱਨ੍ਹੀ ਸੌ ਤੀਹ 'ਚ ਸੱਤਾ 'ਚ ਆਏ ਫ਼ੌਜੀ ਨਿਜ਼ਾਮ ਨੇ ਨਾਬਰਾਂ ਨੂੰ ਵੱਡੀ ਸੱਟ ਮਾਰੀ ਅਤੇ ਉਹ ਮੁੜ ਪੈਰਾਂ ਸਿਰ ਨਹੀਂ ਹੋ ਸਕੇ। ਨਾਬਰਾਂ ਦੀ ਵੱਡੀ ਗਿਣਤੀ ਕਮਿਉਨਿਸਟ ਪਾਰਟੀ 'ਚ ਸ਼ਾਮਲ ਹੋ ਗਈ। ਕਮਿਉਨਿਸਟਾਂ ਅਤੇ ਨਾਬਰਾਂ ਦੀ ਆਪਸੀ ਬਹਿਸ ਅਤੇ ਮਿਲ ਕੇ ਕੰਮ ਕਰਨ ਦਾ ਆਪਣਾ ਇਤਿਹਾਸ ਹੈ। ਬਰਾਬਰੀ ਦਾ ਅਤੇ ਦਾਬੇ ਰਹਿਤ ਸਮਾਜ ਸਿਰਜਣਾ ਦੋਹਾਂ ਦੀ ਸਾਂਝੀ ਪਹੁੰਚ ਹੈ, ਪਰ ਨਾਬਰਾਂ ਦੇ ਉਲਟ ਕਮਿਉਨਿਸਟ ਵੱਡੀ ਜੱਥੇਬੰਦ ਤਾਕਤ ਰਹੇ ਹਨ।

ਨਾਬਰਾਂ ਦਾ ਸਿਨੇਮਾ ਧਾਰਨਾ ਦੇ ਰੂਪ 'ਚ ਸਥਾਪਿਤ ਸ਼ੈਅ ਨਹੀਂ ਹੈ। ਮੂਲ ਰੂਪ 'ਚ ਨਾਬਰਾਂ ਦੇ ਇਤਿਹਾਸ 'ਤੇ ਬਣੀਆਂ ਫ਼ਿਲਮਾਂ ਜਾਂ ਜਿਨ੍ਹਾਂ ਫ਼ਿਲਮਾਂ 'ਚ ਉਨ੍ਹਾਂ ਦਾ ਪ੍ਰਸੰਗ ਆਉਂਦਾ ਹੈ। ਉਨ੍ਹਾਂ ਨੂੰ ਚਲੰਤ ਬੋਲੀ ਵਿਚ ਨਾਬਰਾਂ ਦਾ ਸਿਨੇਮਾ ਕਹਿ ਲਿਆ ਜਾਂਦਾ ਹੈ। ਵਿਚਾਰਧਾਰਾ ਅਤੇ ਗ਼ਲਬੇ ਦੀਆਂ ਸੂਖ਼ਮ ਤਹਿਆਂ ਨੂੰ ਵੱਖਰੇ ਵੱਖਰੇ ਤਰੀਕੇ ਨਾਲ ਪਰਦਾਪੇਸ਼ ਕੀਤਾ ਗਿਆ ਹੈ ਜਿਨ੍ਹਾਂ 'ਚੋਂ ਪਛਾਣਨਾ ਹੁੰਦਾ ਹੈ ਕਿ ਕਿਹੜੀ ਗੱਲ ਸਮਾਜਵਾਦ, ਮਨੁੱਖਤਾਵਾਦ, ਆਦਰਸ਼ਵਾਦ, ਕਮਿਉਨਿਜ਼ਮ ਜਾਂ ਨਾਬਰੀ ਦੇ ਪੈਂਤੜੇ ਤੋਂ ਹੋ ਰਹੀ ਹੈ। ਮੋਟੇ ਰੂਪ 'ਚ ਇਹ ਕਿਹਾ ਜਾਂਦਾ ਹੈ ਕਿ ਨਾਬਰੀ ਦੇ ਪੈਂਤੜੇ ਤੋਂ ਫ਼ਿਲਮਾਂ ਬਣਾਉਣ ਦਾ ਰੁਝਾਨ ਸਿਨੇਮੇ ਦੇ ਮੁੱਢਲੇ ਦਿਨਾਂ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਸੰਨ੍ਹ ਉੱਨ੍ਹੀ ਸੌ ਤੇਤੀ ਵਿਚ ਬਣੀ ਫ਼ਿਲਮ 'ਜ਼ੀਰੋ ਫਾਰ ਕੰਡਕਟ' ਉਨ੍ਹਾਂ ਮੁੱਢਲੀਆਂ ਫ਼ਿਲਮਾਂ 'ਚੋਂ ਇੱਕ ਹੈ ਜੋ ਫ਼ਰਾਂਸ 'ਚ ਸੰਨ੍ਹ ਉੱਨ੍ਹੀ ਸੌ ਛਿਆਲੀ ਤੱਕ ਪਾਬੰਦੀ ਦਾ ਸ਼ਿਕਾਰ ਰਹੀ। ਬਹੁਤ ਬਾਅਦ ਬਣੀਆਂ ਕਈ ਫ਼ਿਲਮਾਂ 'ਤੇ ਇਸ ਫ਼ਿਲਮ ਦਾ ਅਸਰ ਦੱਸਿਆ ਜਾਂਦਾ ਹੈ ਜਿਵੇਂ 'ਦਿ 400 ਬਲੋਜ਼' ਵਗੈਰਾ। ਇਸ ਫ਼ਿਲਮ ਵਿਚ ਚਾਰ ਮੁੰਡੇ ਸਕੂਲ ਦੇ ਗ਼ਲਬੇ ਖ਼ਿਲਾਫ਼ ਪੈਂਤੜਾ ਮੱਲਦੇ ਹਨ। ਕਈ ਪੜਚੋਲੀਏ ਇਸ ਫ਼ਿਲਮ 'ਚ ਪੇਸ਼ ਹੋਏ ਬਾਲਗਾਂ ਅਤੇ ਨਾਬਾਲਗਾਂ ਦੇ ਆਪਸੀ ਵਿਰੋਧ ਨੂੰ ਜਮਾਤੀ ਸੰਘਰਸ਼ ਵਜੋਂ ਪੇਸ਼ ਕਰਦੇ ਹਨ ਅਤੇ ਕਈ ਸਿੱਖਿਆ ਢਾਂਚੇ ਨੂੰ ਗ਼ਲਬੇ ਦੇ ਰੂਪ 'ਚ ਪੇਸ਼ ਕਰਦੇ ਹਨ।



ਫਿਲਮ 'ਜ਼ੀਰੋ ਫਾਰ ਕੰਡਕਟ' ਦਾ ਇਕ ਪੋਸਟਰ।

ਕਈ ਮੌਜੂਦਾ ਪੱਛਮੀ ਫ਼ਿਲਮਾਂ 'ਚ ਨਾਬਰਾਂ ਦੀ ਪੇਸ਼ਕਾਰੀ ਜੋਕਰਾਂ, ਆਪਹੁਦਰਿਆਂ ਜਾਂ ਵਿਚਾਰਧਾਰਾ ਦੇ ਨਾਮ 'ਤੇ ਕੱਚਘਰੜ ਕਿਸਮ ਦੇ ਪਾਤਰਾਂ ਅਤੇ ਖਰੂਦੀ ਤੱਤਾਂ ਵਜੋਂ ਹੋ ਰਹੀ ਹੈ। ਇਨ੍ਹਾਂ ਫ਼ਿਲਮਾਂ ਦੇ ਬਹਾਨੇ, ਗ਼ਲਬੇ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਭੰਡਿਆ ਜਾਂਦਾ ਹੈ। ਹਰ ਤਰ੍ਹਾਂ ਦੇ ਵਿਰੋਧ ਨੂੰ ਅਮਨ-ਕਨੂੰਨ ਦਾ ਮਸਲਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਅੰਨ੍ਹੀ ਭੰਨ-ਤੋੜ ਅਤੇ ਕਤਲਾਂ 'ਚ ਲੱਗੇ ਲੋਕਾਂ ਨੂੰ 'ਨਾਬਰ' ਨਾਮ ਨਾਲ ਪ੍ਰਚਾਰਿਆ ਜਾਂਦਾ ਹੈ। ਇਹ ਸ਼ਬਦ ਫ਼ਿਲਮ ਦੀ ਇਸ਼ਤਿਹਾਰਬਾਜ਼ੀ ਵਿਚ ਉਘੜਵੇਂ ਰੂਪ 'ਚ ਵਰਤਿਆ ਜਾਂਦਾ ਹੈ। ਜਰਮਨ ਫ਼ਿਲਮਾਂ ਇਸ ਰੁਝਾਨ ਦੀਆਂ ਨੁਮਾਇੰਦਾ ਫ਼ਿਲਮਾਂ ਹਨ ਜਿਸ ਖਿੱਤੇ 'ਚ ਨਾਬਰਾਂ ਦਾ ਲੰਬਾ ਇਤਿਹਾਸ ਹੈ। ਫ਼ਰਾਂਸ ਦੇ ਮਸ਼ਹੂਰ ਨਾਬਰ-ਚਿੰਤਕ ਜੀਨ ਪਾਲ ਸਾਰਤਰ ਦਾ ਕਹਿਣਾ ਹੈ, "ਨਾਬਰੀ ਨੈਤਿਕਤਾ ਮੁਖੀ ਹੋਣੀ ਚਾਹੀਦੀ ਹੈ।" ਇਸ ਪ੍ਰਸੰਗ ਵਿਚ ਕਈ ਗੌਲਣਯੋਗ ਫ਼ਿਲਮਾਂ ਪਰਦਾਪੇਸ਼ ਹੋਈਆਂ ਹਨ। ਇਨ੍ਹਾਂ 'ਚੋਂ ਬਹੁਤੀਆਂ ਫ਼ਿਲਮਾਂ ਸਪੇਨੀ ਘਰੇਲੂ-ਜੰਗ ਨਾਲ ਸਬੰਧਤ ਹਨ ਜਿਸ ਵਿਚ ਨਾਬਰਾਂ ਦਾ ਅਹਿਮ ਹਿੱਸਾ ਸੀ। ਜ਼ੀਰੋ ਫਾਰ ਕੰਡਕਟ, ਬਟਰਫਲਾਈ, ਦਿ ਅਨਾਰਕਿਸਟ (ਕੋਰੀਅਨ ਫ਼ਿਲਮ), ਲੈਂਡ ਐਂਡ ਫਰੀਡਮ, ਲਿਬਰੇਟਰਜ਼, ਸੈਕੋ ਐਂਡ ਵੈਨਜ਼ੈਟੀ, ਐਜੂਕੇਟਰਜ਼ ਅਤੇ ਹੋਰ ਕਈ ਫ਼ਿਲਮਾਂ ਨੂੰ ਇਸ ਲੜੀ 'ਚ ਰੱਖਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ 'ਬਟਰਫਲਾਈ' ਸ਼ਾਹਕਾਰ ਫ਼ਿਲਮ ਦੇ ਤੌਰ 'ਤੇ ਜਾਣੀ ਜਾਂਦੀ ਹੈ। ਇਨ੍ਹਾਂ ਫ਼ਿਲਮਾਂ ਬਾਰੇ ਲਿਖਣਾ ਲੰਬੇ ਲੇਖ ਦੀ ਮੰਗ ਕਰਦਾ ਹੈ। ਆਉਣ ਵਾਲੇ ਸਮੇਂ 'ਚ ਇਨ੍ਹਾਂ ਖ਼ਾਸ ਫ਼ਿਲਮਾਂ 'ਤੇ ਚਰਚਾ ਕਰਦੇ ਰਹਾਂਗੇ।


ਨਾਬਰਾਂ ਬਾਰੇ ਬਣੀ ਫਿਲਮ 'ਅਜੁਕੇਟਰ' ਦਾ ਦ੍ਰਿਸ਼।

# ਨਰਗਿਸ ਫਾਖ਼ਰੀ ਦਾ ਫ਼ਖ਼ਰ



ਨਰਗਿਸ ਫਾਖ਼ਰੀ ਦੀ ਨਵੀਂ ਫਿਲਮ 'ਮਦਰਾਸ ਕੈਫੇ' ਵਿਚ ਉਸ ਦੇ ਕੰਮ ਦੀ ਵਾਹ-ਵਾਹ ਤਾਰੀਫ਼ ਹੋਈ ਹੈ। ਇਸ ਫਿਲਮ ਵਿਚ ਉਸ ਦਾ ਹੀਰੋ ਜੌਹਨ ਇਬਰਾਹੀਮ ਹੈ ਅਤੇ ਇਹ ਫਿਲਮ ਸ੍ਰੀਲੰਕਾ ਦੀ ਖਾਨਾਜੰਗੀ ਉਤੇ ਆਧਾਰਤ ਹੈ। ਇਸ ਫਿਲਮ ਵਿਚ ਨਰਗਿਸ ਨੇ ਬ੍ਰਿਟਿਸ਼ ਪੱਤਰਕਾਰ ਦਾ ਕਿਰਦਾਰ ਨਿਭਾਇਆ ਹੈ। ਉਸ ਮੁਤਾਬਕ ਫ਼ਿਲਮ ਵਿਚ ਉਸ ਦਾ ਰੋਲ ਬੜਾ ਕੁਦਰਤੀ ਕਿਸਮ ਦਾ ਹੈ। ਇਸ ਪੱਤਰਕਾਰ ਦਾ ਜੀਵਨ ਬੜਾ ਸਾਦ-ਮੁਰਾਦਾ ਹੈ। ਸਭ ਤੋਂ ਵੱਡੀ ਗੱਲ ਇਹ ਕਿ ਇਸ ਫਿਲਮ ਵਿਚ ਉਸ ਨੇ ਆਪ ਹਿੰਦੀ ਬੋਲੀ ਹੈ। ਆਪਣੀ ਪਹਿਲੀ ਫਿਲਮ 'ਰੌਕ ਸਟਾਰ' ਵਿਚ ਉਸ ਨੂੰ ਇਸ ਪੱਖੋਂ ਬੜੀ ਦਿੱਕਤ ਆਈ ਸੀ। ਉਦੋਂ ਉਸ ਨੂੰ ਬਹੁਤੀ ਹਿੰਦੀ ਨਹੀਂ ਸੀ ਆਉਂਦੀ ਅਤੇ ਫਿਲਮ ਨਿਰਮਾਤਾ ਵੱਲੋਂ ਉਸ ਦੀ ਸਾਰੀ ਆਵਾਜ਼ ਡੱਬ ਕਰਵਾਈ ਗਈ ਸੀ। ਇਸ ਕਮੀ ਦਾ ਉਸ ਨੂੰ ਬੇਹੱਦ ਝੋਰਾ ਸੀ। ਹਿੰਦੀ ਤਾਂ ਹੁਣ ਵੀ ਉਸ ਦੀ ਠੀਕ-ਠਾਕ ਜਿਹੀ ਹੀ ਹੈ, ਪਰ 'ਮਦਰਾਸ ਕੈਫੇ' ਵਾਲਿਆਂ ਨੇ ਉਸ ਦਾ ਬੜਾ ਹੌਸਲਾ ਵਧਾਇਆ ਅਤੇ ਡਬਿੰਗ ਉਸ ਤੋਂ ਹੀ ਕਰਵਾਈ। ਇਹ ਫਿਲਮ 23 ਅਗਸਤ ਨੂੰ ਰਿਲੀਜ਼ ਹੋਈ ਸੀ ਅਤੇ ਰਿਕਾਰਡ ਤੋੜੂ ਫਿਲਮ 'ਚੇਨਈ ਐਕਸਪ੍ਰੈਸ' ਅਤੇ 'ਵਨਸ ਅਪੌਨ ਏ ਟਾਈਮ ਇਨ ਮੁੰਬਈ ਦੁਬਾਰਾ' ਨਾਲ ਜ਼ਬਰਦਸਤ ਮੁਕਾਬਲੇ ਦੇ ਬਾਵਜੂਦ ਇਸ ਫਿਲਮ ਨੇ ਪਹਿਲੇ ਹਫ਼ਤੇ 33.81 ਕਰੋੜ ਰੁਪਏ ਕਮਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਫਿਲਮ ਨਾਲ ਪਾਕਿਸਤਾਨੀ ਮੂਲ ਦੀ ਅਤੇ ਨਿਊਯਾਰਕ (ਅਮਰੀਕਾ) ਵੱਸਦੀ ਇਸ ਖ਼ੂਬਸੂਰਤ ਅਦਾਕਾਰਾ ਦੇ ਕਰੀਅਰ ਨੂੰ ਤਕੜਾ ਹੁਲਾਰਾ ਮਿਲਿਆ ਹੈ। ਉਂਝ ਉਸ ਦਾ ਕਹਿਣਾ ਹੈ ਕਿ ਉਸ ਨੂੰ ਕੰਮ ਦੀ ਕਦੀ ਤੋਟ ਨਹੀਂ ਰਹੀ। ਉਸ ਦੇ ਤਾਂ ਮਾਡਲਿੰਗ ਦੇ ਹੀ ਰੁਝੇਵੇਂ ਨਹੀਂ ਮੁੱਕਦੇ। ਹਾਂ, ਉਸ ਨੂੰ ਫਿਲਮਾਂ ਦਾ ਖ਼ੁਦ ਬਹੁਤ ਸ਼ੌਕ ਹੈ। ਜਦੋਂ ਉਹ ਅਜੇ ਫਿਲਮੀ ਦੁਨੀਆਂ ਵਿਚ ਨਹੀਂ ਸੀ ਆਈ, ਉਹ ਹਿੰਦੀ ਫਿਲਮਾਂ ਦੱਬ ਕੇ ਦੇਖਦੀ ਸੀ। ਉਸ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਕਿਸੇ ਦਿਨ ਉਹ ਖ਼ੁਦ ਹਿੰਦੀ ਫਿਲਮਾਂ ਵਿਚ ਕੰਮ ਕਰੇਗੀ ਅਤੇ ਲੋਕ ਉਸ ਦੀਆਂ ਫਿਲਮਾਂ ਦੇਖਿਆ ਕਰਨਗੇ।




# ਸਤਿਆਗ੍ਰਹਿ ਦੀ ਗੱਲ ਨਹੀਂ ਬਣੀ



ਪ੍ਰਕਾਸ਼ ਝਾਅ ਦੀ ਨਵੀਂ ਫਿਲਮ 'ਸਤਿਆਗ੍ਰਹਿ' ਜਿਸ ਵਿਚ ਅਮਿਤਾਭ ਬਚਨ, ਅਜੈ ਦੇਵਗਨ, ਕਰੀਨਾ ਕਪੂਰ, ਅਰਜੁਨ ਰਾਮਪਾਲ, ਵਿਨੋਦ ਵਾਜਪਾਈ, ਅੰਮ੍ਰਿਤਾ ਰਾਓ ਅਤੇ ਵਿਪਨ ਸ਼ਰਮਾ ਵਰਗੇ ਅਦਾਕਾਰ ਹਨ ਬਹੁਤਾ ਪ੍ਰਭਾਵ ਛੱਡਣ ਵਿਚ ਅਸਫਲ ਰਹੀ ਹੈ। ਬਾਕਸ ਆਫ਼ਿਸ ਉਤੇ ਵੀ ਇਸ ਫਿਲਮ ਦੀ ਕਮਾਈ ਠੀਕ-ਠਾਕ ਹੀ ਰਹੀ ਹੈ। ਪ੍ਰਕਾਸ਼ ਝਾਅ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਸਿਆਸਤ ਉਤੇ ਆਧਾਰਤ ਫਿਲਮਾਂ ਬਣਾ ਰਹੇ ਹਨ ਜਿਨ੍ਹਾਂ ਵਿਚ ਰਾਜਨੀਤੀ, ਅਕਾਰਸ਼ਨ ਅਤੇ ਚੱਕਰਵਿਊ ਮੁੱਖ ਹਨ। ਇਸੋ ਤੋਂ ਪਹਿਲਾਂ ਉਨ੍ਹਾਂ ਮ੍ਰਿਤੂਦੰਡ, ਗੰਗਾਜਲ ਅਤੇ ਅਪਹਰਨ ਵਰਗੀਆਂ ਅਪਰਾਧ ਆਧਾਰਤ ਫਿਲਮਾਂ ਵੀ ਬਣਾਈਆਂ, ਪਰ ਉਨ੍ਹਾਂ ਨੇ 1984 ਵਿਚ ਜਿਹੜੀ ਫਿਲਮ 'ਦਾਮੁਲ' ਬਣਾਈ ਸੀ, ਉਸ ਉਚਾਈ ਤੱਕ ਉਹ ਅੱਜ ਤੱਕ ਪੁੱਜ ਨਹੀਂ ਸਕੇ। ਉਨ੍ਹਾਂ ਨੇ ਸਾਰਥਕ ਸਿਨੇਮਾ ਅਤੇ ਮੁੱਖ ਧਾਰਾ ਵਾਲੇ ਸਿਨਮੇ ਦਾ ਸੁਮੇਲ ਕਰਨ ਦਾ ਯਤਨ ਤਾਂ ਕੀਤਾ ਅਤੇ ਉਨ੍ਹਾਂ ਦੀਆਂ ਕੁਝ ਫਿਲਮਾਂ ਦੀ ਪ੍ਰਸੰਸਾ ਵੀ ਹੋਈ, ਪਰ 'ਦਾਮੁਲ' ਵਾਲਾ ਰੰਗ ਨਹੀਂ ਬੱਝ ਸਕਿਆ।

## ਗੋਲਡਨ ਪੰਜਾਬ ਕਲੱਬ ਵਲੋਂ ਪੇਸ਼ ਹੈ

# ਰੂਪ ਪੰਜਾਬਣ ਦਾ

Golden Punjab Club

**Oct. 19th, 2013** (3pm to 7pm)

@ 31600 Union Blvd., Union City, CA 94587

**Tickets: $10**

- ਕੇਵਲ ਬੱਚੀਆਂ, ਮੁਟਿਆਰਾਂ ਅਤੇ ਔਰਤਾਂ ਲਈ
- ਗੀਤ-ਸੰਗੀਤ, ਗਿੱਧਾ, ਬੋਲੀਆਂ ਅਤੇ ਡੀ.ਜੇ.
- ਪੰਜਾਬੀ ਸੂਟਾਂ ਵਿਚ ਸਜੀਆਂ ਤਿੰਨ ਪੰਜਾਬਣਾਂ ਦੀ ਚੋਣ
- ਖਾਣ-ਪੀਣ ਦੇ ਨਾਲ ਨਾਲ ਜਿਊਲਰੀ, ਮਹਿੰਦੀ ਅਤੇ ਔਰਤਾਂ ਦੇ ਮਨਭਾਉਂਦੇ ਹਰ ਤਰ੍ਹਾਂ ਦੇ ਸਟਾਲ ਲਗਾਏ ਜਾਣਗੇ






*Stage Host: Neelam Saini*



*Dr. Baljit Jammu*







**For More Info., Contact: Neelam Saini, Ph: 510-502-0551 or Dr. Baljit Jammu, Ph: 510-343-4162**



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF **MARK COHEN**

**ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ**

***"I take your accident personally"***

**Free initial consultation. No fee if no recovery.**

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information

**www.markcohenlaw.com** or call us at **510.792.4008**

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ, ਕਿਤੇ ਵੇਖ ਕੇ ਨਾ ਘਬਰਾ ਜਾਣਾ।

## ਜੁਗ ਪਲਟਾਊ ਗਦਰੀ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## ਐਤਵਾਰ, 22 ਸਤੰਬਰ 2013

(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

**ਸਥਾਨ: ਐਸ.ਈ.ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਕੈਲੀਫੋਰਨੀਆ - 95624

*ਸਮਾਂ ਆਵਸੀ ਅੱਖੀਆਂ ਵੇਖ ਲੈਸਨ, ਭਾਰਤ ਇਨ੍ਹਾਂ ਨੂੰ ਕਰੂ ਪ੍ਰਵਾਨ ਕਿਉਂ ਨਾ!*


ਬਾਬਾ ਸੋਹਣ ਸਿੰਘ ਭਕਨਾ


ਲਾਲਾ ਹਰਦਿਆਲ


ਕਰਤਾਰ ਸਿੰਘ ਸਰਾਭਾ


ਭਾਈ ਭਗਵਾਨ ਸਿੰਘ


ਕਾਸ਼ੀ ਰਾਮ ਮੜੌਲੀ


ਬਾਬਾ ਰਾਮ ਸਿੰਘ

ਸਤਿਕਾਰਯੋਗ ਭੈਣੋ ਤੇ ਭਰਾਵੋ, ਭਾਰਤ ਦੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਸਾਡੇ ਲਹੂ ਸਿੰਜੇ ਵਿਰਸੇ ਦੀ ਬੀਰ ਗਾਥਾ ਹੈ। ਬਰਤਾਨਵੀ ਸਾਮਰਾਜੀਆਂ ਤੋਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਪੂਰੀ ਇਕ ਸਦੀ, ਲਹੂ ਵੀਟਵੇਂ ਕੁਰਬਾਨੀਆਂ ਭਰੇ ਸੰਘਰਸ਼ ਦੀ ਲੰਮੀ ਫਹਿਰਿਸਤ ਹੈ। ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਕੂਕੇ ਸੂਰਮੇ ਤੋਪਾਂ ਅੱਗੇ ਹਿੱਕਾਂ ਡਾਹ ਕੇ ਤੂੰਬਾ ਤੂੰਬਾ ਹੋ ਗਏ। ਕੂਕਿਆਂ ਨੇ ਸ਼ਹਾਦਤਾਂ ਦੀ ਅਜਿਹੀ ਝੜੀ ਲਾਈ ਜੋ ਬਾਕੀ ਲਹਿਰਾਂ ਲਈ ਰਾਹ ਦਸੇਰਾ ਹੋ ਨਿਬੜੀ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਲਹੂ ਨਾਲ ਸੂਹਾ ਹੋਇਆ ਸੀ ਬਜਬਜ ਘਾਟ ਦਾ ਪਾਣੀ। ਗਦਰੀ ਬਾਬਿਆਂ ਅਥਾਹ ਕੁਰਬਾਨੀਆਂ ਕਰਕੇ ਲਹੂ ਦੇ ਭਾਅ ਆਜ਼ਾਦੀ ਲਈ। ਅਖੌਤੀ ਬੁਧੀਜੀਵੀ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਰਹੇ ਹਨ। ਵਕਤ ਦੀਆਂ ਸਰਕਾਰਾਂ ਨੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਜੱਗ ਜਾਹਰ ਹੀ ਨਾ ਹੋਣ ਦਿੱਤਾ। ਆਓ, ਉਨ੍ਹਾਂ ਮਹਾਨ ਗਦਰੀ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਸਜਦਾ ਕਰਨ ਲਈ ਮੇਲੇ ਵਿਚ ਹੁਮ-ਹੁਮਾ ਕੇ ਪਹੁੰਚੀਏ। ਭਰਾਤਰੀ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਹੈ ਕਿ ਉਹ ਇਸ ਸ਼ਤਾਬਦੀ ਵਿਚ ਜ਼ਰੂਰ ਪਹੁੰਚਣ।


Singers: Sarbjit Cheema
Jeeta Gill

**ਮੇਲੇ ਵਿਚ ਪਹੁੰਚ ਰਹੇ ਕਲਾਕਰ**
ਸੁਲਤਾਨ ਅਖਤਰ, ਪੂਨਮ ਮਲਹੋਤਰਾ, ਪੰਮੀ ਮਾਨ, ਸੰਨੀ ਬੱਬਰ, ਦਿਲਬੀਰ ਸਿੰਘ ਬੇਕਰਜ਼ਫੀਲਡ, ਜੀਵਨ ਰੱਤੂ
ਢਾਡੀ ਜਥਾ ਸ਼ਹੀਦਾਂ ਦੀ ਯਾਦ ਵਿਚ ਬੀਰ ਰਸੀ ਵਾਰਾਂ ਪੇਸ਼ ਕਰੇਗਾ

**ਪੁੱਜ ਰਹੀਆਂ ਸ਼ਖ਼ਸੀਅਤਾਂ**
ਗਦਰੀ ਬਾਬਾ ਭਾਈ ਭਗਵਾਨ ਸਿੰਘ ਦਾ ਦੋਹਤਾ ਐਸ ਪੀ ਸਿੰਘ, ਜਗਦੀਸ਼ ਖੰਗੂੜਾ, ਕਿਰਪਾਲ ਸਿੰਘ ਸੰਧੂ, ਦਲਵਿੰਦਰ ਸਿੰਘ ਧੂਤ।

**ਭੰਗੜਾ ਤੇ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।**
**ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ**

*ਫੋਟੋਗ੍ਰਾਫੀ ਅਤੇ ਵੀਡੀਓ: ਓਮਨੀ ਵੀਡੀਓ*

| | | | |
|---|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਨਾਮਧਾਰੀ ਸੰਗਤ: | ਸਮਿਤਰ ਸਿੰਘ ਉਪਲ | ਪਰਮਜੀਤ ਸਿੰਘ ਸੰਧੂ |
| 916-420-2390 | ਬਲਦੇਵ ਸਿੰਘ 408-390-5577 | 530-695-1716 | 510-387-6997 |
| ਸਕੱਤਰ: ਬਜਿੰਦਰ ਸਿੰਘ ਭੱਟੀ | ਸ਼ੰਗਾਰਾ ਸਿੰਘ ਬੋਪਾਰਾਏ | ਕਰਮਜੀਤ ਕੰਗ | ਬਲਵੰਤ ਬਾਂਕਾ |
| 209-480-2275 | 916-685-0430 | 661-205-5214 | 916-271-4216 |

**ਪ੍ਰਬੰਧਕ:** ਸਮਿਤਰ ਉਪਲ, ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਵਰਨ ਸਿੰਘ ਸਿੱਧੂ, ਕੇਵਲ ਬੋਲੀਨਾ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਜਗਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਧੂ-ਕਬੱਡੀ ਕੋਚ, ਜੁਝਾਰ ਸਿੰਘ ਗਿੱਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਫਰੈਂਕ ਜੌਹਨਸਨ, ਰਾਕੇਸ਼, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਹਰਪਾਲ ਸਿੰਘ ਸੰਘਾ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਮੱਖਣ ਸਿੰਘ ਦੌਲਤਪੁਰੀ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ ਲੋਡਾਈ, ਰਛਪਾਲ ਸਿੰਘ ਫਰਵਾਲਾ।

**ਸਪਾਂਸਰ:** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜ ਭਗਵੰਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਡੀ ਜੇ ਏ ਜੇ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ (ਪਾਵਰਮਾਰਟ), ਧੀਰਾ ਨਿੱਜਰ, ਗੁਲਿੰਦਰ ਗਿੱਲ, ਗੁਰਦੀਪ ਗਿੱਲ, ਜਨਕ ਰਾਜ ਸਿਧਰਾ ਤੇ ਬਲਵਿੰਦਰ ਡੁਲਕੂ।